Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

Ad Space Available
Call: 847-359-0746

ਸਸਤੀ ਅਤੇ ਵਧੀਆ
ਹੈਲਥ ਇੰਸ਼ੋਰੈਂਸ
Quality Health Care
Including MEDI-CAL
COVERED CALIFORNIA
Manjit Gill
Certified Insurance Agent
CA. Lic#0B23990
Ph:510-888-1180
209-524-4008
Gill Financial & Insurance Services
27165 Mission Blvd, Hayward CA 94544
www.gillfinancial.com

Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 15, Issue 6, February 8, 2014 | 20451 N Plum Grove Rd., Palatine, IL 60074 | Ph:847-359-0746, Fax:847-705-9388

# ਪੰਜਾਬ ਵਿਚ ਸਾਂਝੇ ਮੋਰਚੇ ਦੀਆਂ ਚੂਲਾਂ ਹਿੱਲੀਆਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਸਾਂਝੇ ਮੋਰਚਾ ਦੀਆਂ ਚੂਲਾਂ ਹਿੱਲਣੀਆਂ ਸ਼ੁਰੂ ਹੋ ਗਈਆਂ ਹਨ। ਇਸ ਮੋਰਚੇ ਵਿਚ ਪੀ.ਪੀ.ਪੀ., ਸੀ.ਪੀ.ਆਈ., ਸੀ.ਪੀ.ਐਮ. ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਸ਼ਾਮਲ ਹਨ। ਸਾਂਝੇ ਮੋਰਚੇ ਦੇ ਸਰਪ੍ਰਸਤ ਸੁਰਜੀਤ ਸਿੰਘ ਬਰਨਾਲਾ ਨੇ ਦਾਅਵਾ ਕੀਤਾ ਹੈ ਕਿ ਲੋਕ ਸਭਾ ਚੋਣਾਂ ਜਿੱਤਣ ਲਈ ਜੇ ਜ਼ਰੂਰਤ ਪਈ ਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨਾਲ ਵੀ ਗਠਜੋੜ ਕੀਤਾ ਜਾ ਸਕਦਾ ਹੈ। ਇਸ ਬਾਰੇ ਦੋਵਾਂ ਪਾਰਟੀਆਂ ਵਿਚਾਲੇ ਗੱਲਬਾਤ ਜਾਰੀ ਹੈ ਜਿਸ ਦੇ ਨਤੀਜੇ ਛੇਤੀ ਹੀ ਸਾਹਮਣੇ ਆਉਣਗੇ।

ਸ. ਬਰਨਾਲਾ ਦੇ ਇਸ ਬਿਆਨ ਨਾਲ ਮੋਰਚੇ ਵਿਚਲੀਆਂ ਪਾਰਟੀਆਂ ਦਰਮਿਆਨ ਖਿੱਚੋਤਾਣ ਵਧ ਗਈ ਹੈ। ਪੀਪਲਜ਼ ਪਾਰਟੀ ਆਫ਼ ਪੰਜਾਬ (ਪੀ.ਪੀ.ਪੀ.) ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਸ. ਬਰਨਾਲਾ ਦੇ ਬਿਆਨ ਦਾ ਤੁਰੰਤ ਖੰਡਨ ਕਰਦਿਆਂ ਕਿਹਾ ਹੈ ਕਿ ਸਾਂਝੇ ਮੋਰਚੇ ਦਾ ਅਕਾਲੀ ਦਲ ਨਾਲ ਕੋਈ ਚੋਣ ਸਮਝੌਤਾ ਨਹੀਂ ਹੋਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਸਾਂਝੇ ਮੋਰਚੇ ਵੱਲੋਂ ਪੰਜਾਬ ਵਿਚ 13 ਲੋਕ ਸਭਾ ਸੀਟਾਂ 'ਤੇ ਚੋਣ ਲੜੀ ਜਾਵੇਗੀ ਅਤੇ ਮਾਰਚ ਦੇ ਪਹਿਲੇ ਹਫ਼ਤੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਜਾਵੇਗਾ। ਬਠਿੰਡਾ ਤੋਂ ਕੋਈ ਮਜ਼ਬੂਤ ਉਮੀਦਵਾਰ ਮੈਦਾਨ ਵਿਚ ਉਤਾਰਿਆ ਜਾਵੇਗਾ।

ਇਸ ਦੇ ਨਾਲ ਹੀ ਸ. ਮਨਪ੍ਰੀਤ ਬਾਦਲ ਨੇ ਕਾਂਗਰਸ ਨਾਲ ਚੋਣ ਸਮਝੌਤੇ ਬਾਰੇ ਦੁਚਿਤੀ ਜ਼ਾਹਿਰ ਕੀਤੀ ਹੈ ਅਤੇ ਕਿਹਾ ਕਿ ਕਾਂਗਰਸ ਨਾਲ ਸਮਝੌਤਾ ਹੋ ਵੀ ਸਕਦਾ ਹੈ। ਆਮ ਆਦਮੀ ਪਾਰਟੀ ਨਾਲ ਇਸ ਕਰ ਕੇ ਚੋਣ ਸਮਝੌਤਾ ਨਹੀਂ ਹੋ ਸਕਿਆ, ਕਿਉਂਕਿ ਆਮ ਆਦਮੀ ਦੇਸ਼ ਵਿਚ ਇਕੱਲੇ ਤੌਰ 'ਤੇ ਹੀ ਚੋਣ ਲੜਨ ਦੀ ਇੱਛੁਕ ਹੈ। ਅਸਲ ਵਿਚ ਸਾਂਝੇ ਮੋਰਚੇ ਨੂੰ ਇਸ ਗੱਲ ਦਾ ਚਾਨਣ ਹੋ ਗਿਆ ਹੈ ਕਿ ਉਹ ਇਕੱਲੇ ਤੌਰ 'ਤੇ ਬਹੁਤਾ ਕੁਝ ਨਹੀਂ ਕਰ ਸਕਦੇ ਅਤੇ ਇਸ ਲਈ ਕਿਸੇ ਵੱਡੀ ਧਿਰ ਦਾ ਪੱਲਾ ਫੜਨਾ ਹੀ ਪੈਣਾ ਹੈ।

ਉਧਰ, ਸੀ.ਪੀ.ਐਮ. ਦੇ ਸੂਬਾ ਸਕੱਤਰ

(ਬਾਕੀ ਸਫਾ 6 'ਤੇ)

## ਬਰਨਾਲਾ ਬਾਦਲ ਨਾਲ ਜਾਣ ਲਈ ਤਿਆਰ





## ਦੋ ਲੀਡਰਾਂ ਪਿੱਛੇ ਬੇਵਫਾਈ?

ਸਿਆਸੀ ਹਲਕਿਆਂ ਵਿਚ ਚਰਚਾ ਹੈ ਕਿ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਬਿਨਾਂ ਕਿਸੇ ਸ਼ਰਤ ਪ੍ਰਕਾਸ਼ ਸਿੰਘ ਬਾਦਲ ਦੀ ਸਰਪ੍ਰਸਤੀ ਵਾਲੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਦੇ ਇੱਛੁਕ ਹਨ ਅਤੇ ਇਸ ਬਾਰੇ ਉਹ ਆਪਣੇ ਸਾਥੀਆਂ ਤੇ ਪੁਰਾਣੇ ਅਕਾਲੀਆਂ ਨਾਲ ਗੱਲਬਾਤ ਵੀ ਕਰਦੇ ਰਹਿੰਦੇ ਹਨ। ਕਈ ਮਹੀਨੇ ਪਹਿਲਾਂ ਉਨ੍ਹਾਂ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪਣੇ ਆਪ ਇਸ ਬਾਰੇ ਖੁੱਲ੍ਹਾ ਪ੍ਰਗਟਾਵਾ ਵੀ ਕੀਤਾ ਸੀ ਪਰ ਉਦੋਂ ਸ. ਪ੍ਰਕਾਸ਼ ਸਿੰਘ ਬਾਦਲ ਨੇ ਗੱਲ ਆਈ ਗਈ ਕਰ ਦਿੱਤੀ ਸੀ। ਸੂਤਰਾਂ ਅਨੁਸਾਰ ਸ. ਬਰਨਾਲਾ ਦੀ ਇੱਛਾ ਹੈ ਕਿ ਰਾਜਨੀਤੀ ਵਿਚ ਉਨ੍ਹਾਂ ਦੇ ਸਿਆਸਤਦਾਨ ਬੇਟੇ ਗਗਨਜੀਤ ਸਿੰਘ ਬਰਨਾਲਾ ਤੇ ਬਲਦੇਵ ਸਿੰਘ ਮਾਨ ਨੂੰ ਸ. ਬਾਦਲ, ਵਿਸ਼ੇਸ਼ ਕਰ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਭਵਿੱਖ ਵਿਚ ਕਿਤੇ ਨਾ ਕਿਤੇ ਸਿਆਸੀ ਤੌਰ 'ਤੇ ਐਡਜਸਟ ਕਰਨ ਲਈ ਸਹਿਮਤ ਹੋ ਜਾਣ ਤਾਂ ਗੱਲ ਸਿਰੇ ਲੱਗ ਸਕਦੀ ਹੈ। ਉਂਜ ਇਹ ਗੱਲ ਵੱਖਰੀ ਹੈ ਕਿ ਸ. ਬਾਦਲ ਪਹਿਲਾਂ ਹੀ ਖੁੱਲ੍ਹੇਆਮ ਕਹਿ ਚੁੱਕੇ ਹਨ ਕਿ ਸੰਗਰੂਰ ਲੋਕ ਸਭਾ ਸੀਟ ਤੋਂ ਸ. ਸੁਖਦੇਵ ਸਿੰਘ ਢੀਂਡਸਾ ਹੀ ਅਕਾਲੀ-ਭਾਜਪਾ ਦੇ ਉਮੀਦਵਾਰ ਹੋਣਗੇ।

ਅਸਲ ਵਿਚ ਸ. ਬਰਨਾਲਾ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਪਰਿਵਾਰ ਦੀ ਸਿਆਸੀ

(ਬਾਕੀ ਸਫਾ 6 'ਤੇ)

## ਸਾਕਾ ਨੀਲਾ ਤਾਰਾ ਬਾਰੇ ਸੀਮਤ ਜਿਹੀ ਸੀ ਬਰਤਾਨੀਆ ਦੀ ਮਦਦ

**ਲੰਡਨ (ਪੰਜਾਬ ਟਾਈਮਜ਼ ਬਿਊਰੋ):** ਸਾਲ 1984 ਵਿਚ ਵਾਪਰੇ ਸਾਕਾ ਨੀਲਾ ਤਾਰਾ ਬਾਰੇ ਬਰਤਾਨਵੀ ਫੌਜੀ ਮਹਿਰਾਂ ਨੇ ਭਾਰਤ ਨੂੰ ਬਾਕਾਇਦਾ ਸਲਾਹ ਦਿੱਤੀ ਸੀ ਅਤੇ ਇਸ ਮਕਸਦ ਲਈ ਬਰਤਾਨਵੀ ਫੌਜੀ ਸਲਾਹਕਾਰ ਭਾਰਤ ਗਿਆ ਸੀ। ਇਹ ਤੱਥ ਇਸ ਕੇਸ ਦੀ ਜਾਂਚ ਰਿਪੋਰਟ ਵਿਚ ਸਾਹਮਣੇ ਆਇਆ ਹੈ ਜਿਸ ਅਨੁਸਾਰ ਬਰਤਾਨਵੀ ਮਦਦ ਬਹੁਤ ਹੀ ਸੀਮਤ ਸੀ।

ਬਰਤਾਨੀਆ ਦੇ ਇਸ ਖੁਲਾਸੇ ਨਾਲ ਕਾਂਗਰਸ ਦੀ ਹਾਲਤ ਹੋਰ ਕਸੂਤੀ ਬਣ ਗਈ ਹੈ। ਇਸ ਤੋਂ ਪਹਿਲਾਂ ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਸਿੱਖ ਕਤਲੇਆਮ ਬਾਰੇ ਬਿਆਨ ਦਾਗ ਕੇ ਮੁਸੀਬਤ ਸਹੇੜ ਲਈ ਸੀ ਅਤੇ ਸ਼ੋਮਣੀ ਅਕਾਲੀ ਦਲ ਲੋਕ ਸਭਾ ਚੋਣਾਂ ਵਿਚ ਇਸ ਮਾਮਲੇ ਦਾ ਲਾਹਾ ਲੈਣ ਦੀ ਪੂਰੀ ਰਣਨੀਤੀ ਤਿਆਰ ਕਰ ਰਿਹਾ ਹੈ।

ਬਰਤਾਨੀਆ ਦੇ ਵਿਦੇਸ਼ ਸਕੱਤਰ ਵਿਲੀਅਮ ਹੇਗ ਨੇ ਪਾਰਲੀਮੈਂਟ ਨੂੰ ਦੱਸਿਆ ਕਿ 1984 ਦੇ ਸਾਕਾ ਨੀਲਾ ਤਾਰਾ ਵਿਚ ਬਰਤਾਨਵੀ ਫੌਜ ਦੀ ਭੂਮਿਕਾ ਰਹੀ ਸੀ ਪਰ ਇਹ ਸੀਮਤ ਸਲਾਹ ਤੱਕ ਹੀ ਸੀਮਤ ਸੀ। ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਈ ਕਾਰਵਾਈ ਵਿਚ ਬਰਤਾਨੀਆ ਨੇ ਕੋਈ ਫੌਜੀ ਭੂਮਿਕਾ ਨਹੀਂ ਨਿਭਾਈ। ਇਹ ਸਲਾਹ ਦਰਬਾਰ ਸਾਹਿਬ ਕੰਪਲੈਕਸ ਵਿਚ ਫੌਜੀ ਕਾਰਵਾਈ ਤੋਂ ਤਿੰਨ ਮਹੀਨੇ ਪਹਿਲਾਂ ਦਿੱਤੀ ਗਈ। ਫੌਜੀ ਕਾਰਵਾਈ ਦੌਰਾਨ ਦਰਬਾਰ ਸਾਹਿਬ ਸਮੂਹ ਵਿਚ ਜੋ ਦੁਖਾਂਤ ਵਾਪਰੇ, ਉਨ੍ਹਾਂ ਨਾਲ ਬ੍ਰਿਟੇਨ ਦਾ ਕੋਈ ਸਿੱਧਾ ਸਬੰਧ ਨਹੀਂ ਸੀ।

ਤਤਕਾਲੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਵੱਲੋਂ ਕੀਤੀ ਮਦਦ ਬਾਰੇ ਜਾਂਚ ਰਿਪੋਰਟ ਸਬੰਧੀ ਜਾਰੀ ਇਸ ਬਿਆਨ ਵਿਚ ਸ੍ਰੀ ਹੇਗ ਨੇ ਕਿਹਾ ਕਿ ਰਿਪੋਰਟ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਬਰਤਾਨੀਆ ਵੱਲੋਂ ਕੀਤੀ ਮਦਦ ਸਿਰਫ ਸਲਾਹ ਦੇਣ ਤਕ ਸੀਮਤ ਸੀ ਅਤੇ ਭਾਰਤ ਸਰਕਾਰ ਨੂੰ ਇਹ ਸਲਾਹ ਯੋਜਨਾ ਦੇ ਸ਼ੁਰੂਆਤੀ ਪੜਾਅ ਦੌਰਾਨ ਹੀ ਦਿੱਤੀ ਗਈ ਸੀ। ਕਰੀਬ 200 ਫਾਈਲਾਂ ਅਤੇ 23000 ਦਸਤਾਵੇਜ਼ਾਂ ਦੇ ਵਿਸ਼ਲੇਸ਼ਣ ਤੋਂ ਪੁਸ਼ਟੀ ਹੋਈ ਹੈ ਕਿ ਸਿਰਫ ਇਕ ਬਰਤਾਨਵੀ ਫੌਜੀ ਸਲਾਹਕਾਰ 8 ਤੋਂ 19 ਫਰਵਰੀ 1984 ਦੌਰਾਨ ਭਾਰਤ ਗਿਆ ਸੀ। ਇਹ ਅਧਿਕਾਰੀ ਭਾਰਤੀ ਖੁਫੀਆ ਸੇਵਾਵਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਬੈਠੇ ਹਥਿਆਰਬੰਦ ਖਾੜਕੂਆਂ ਖਿਲਾਫ ਕਾਰਵਾਈ ਲਈ ਤਿਆਰ ਕੀਤੀ ਜਾ ਰਹੀ ਸੰਭਾਵੀ ਯੋਜਨਾ

(ਬਾਕੀ ਸਫਾ 6 'ਤੇ)

REAL ESTATE & HOME LOANS
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
209.918.6464
ahundal@c21mm.com



Raja SWEETS & CATERING
Toll Free 1-866-FOR-RAJA
www.rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faluda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਸਿੱਖ ਪੰਚਾਇਤ ਵਲੋਂ ਨਵੀਂ ਸੁਪਰੀਮ ਕੌਂਸਲ ਲਈ ਪੰਜ ਉਮੀਦਵਾਰ ਨਾਮਜ਼ਦ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਲਈ ਹੋਣ ਵਾਲੀ ਦੋ ਸਾਲਾ ਚੋਣ ਲਈ ਸਿੱਖ ਪੰਚਾਇਤ ਨੇ ਗੁਰਮਤੇ ਅਨੁਸਾਰ ਸੁਪਰੀਮ ਕੌਂਸਲ ਲਈ ਕੁੱਲ 18 ਉਮੀਦਵਾਰਾਂ ਨੇ ਆਪਣੇ ਨਾਂ ਦਿਤੇ ਜਿਨ੍ਹਾਂ ਵਿਚੋਂ ਤਿੰਨਾਂ ਨੇ ਆਪਣੇ ਨਾਂ ਵਾਪਸ ਲੈ ਲਏ। ਸਾਰੇ 15



*ਹਰਜੀਤ ਸਿੰਘ ਜਸਦੇਵ ਸਿੰਘ ਗੁਰਿੰਦਰ ਸਿੰਘ ਲਖਬੀਰ ਸਿੰਘ ਤਰਸੇਮ ਸਿੰਘ*

ਅਨੁਸਾਰ ਪੰਜ ਉਮੀਦਵਾਰਾਂ ਦੀ ਚੋਣ ਕਰ ਲਈ ਹੈ। ਚੁਣੇ ਗਏ ਉਮੀਦਵਾਰਾਂ ਵਿਚ ਭਾਈ ਤਰਸੇਮ ਸਿੰਘ, ਭਾਈ ਹਰਜੀਤ ਸਿੰਘ, ਭਾਈ ਲਖਬੀਰ ਸਿੰਘ, ਭਾਈ ਗੁਰਿੰਦਰ ਸਿੰਘ ਅਤੇ ਭਾਈ ਜਸਦੇਵ ਸਿੰਘ ਸ਼ਾਮਲ ਹਨ। ਦੋ ਸਾਲ ਪਹਿਲਾਂ ਵੀ ਸਿੱਖ ਪੰਚਾਇਤ ਨੇ ਗੁਰਮਤੇ ਅਨੁਸਾਰ ਪੰਜ ਸਿੰਘ ਚੁਣੇ ਸਨ।

ਸਿੱਖ ਪੰਚਾਇਤ ਵਲੋਂ ਜਾਰੀ ਇਕ ਬਿਆਨ ਗੁਰਸਿੱਖ ਇਕ ਵੱਖਰੇ ਕਮਰੇ ਵਿਚ ਗਏ ਜਿਥੇ ਗੁਰੂ ਮਹਾਰਾਜ ਦਾ ਪ੍ਰਕਾਸ਼ ਹੋਇਆ ਸੀ। ਵਿਚਾਰ-ਵਟਾਂਦਰੇ ਪਿਛੋਂ ਪੰਜ ਸਿੰਘ ਛਾਂਟ ਕੇ ਮਨੋਨੀਤ ਕੀਤੇ। ਮਨੋਨੀਤ ਉਮੀਦਵਾਰਾਂ ਵਿਚੋਂ ਤਿੰਨ ਭਾਈ ਤਰਸੇਮ ਸਿੰਘ, ਭਾਈ ਹਰਜੀਤ ਸਿੰਘ ਤੇ ਭਾਈ ਲਖਬੀਰ ਸਿੰਘ ਪਿਛਲੀ ਸੁਪਰੀਮ ਕੌਂਸਲ ਦੇ ਵੀ ਮੈਂਬਰ ਸਨ ਪਰ ਨਵੀਂ ਸੁਪਰੀਮ ਕੌਂਸਲ ਲਈ ਸਭ ਨੂੰ ਗੁਰਮਤੇ ਦੀ ਵਿਧੀ 'ਚੋਂ ਨਿਕਲਣਾ ਪਿਆ।

## ਸੱਤਿਆ ਨਾਡੇਲਾ ਬਣੇ ਮਾਈਕਰੋਸੌਫਟ ਦੇ ਮੁਖੀ

**ਵਾਸ਼ਿੰਗਟਨ:** ਮਾਈਕਰੋਸੌਫਟ ਨੇ ਹੈਦਰਾਬਾਦ (ਭਾਰਤ) ਵਿਚ ਜਨਮੇ ਸੱਤਿਆ ਨਾਡੇਲਾ ਨੂੰ ਆਪਣਾ ਸੀ.ਈ.ਓ. ਬਣਾ ਲਿਆ ਹੈ। ਉਹ ਸਟੀਵ ਬਾਲਮਰ ਦੀ ਥਾਂ ਲੈਣਗੇ। ਕੰਪਨੀ ਦੇ ਚਾਰ ਦਹਾਕਿਆਂ ਦੇ ਇਤਿਹਾਸ ਵਿਚ ਸ੍ਰੀ ਨਾਡੇਲਾ ਤੀਜੇ ਸੀ.ਈ.ਓ. ਬਣੇ ਹਨ। ਕਦੇ ਇਹ ਅਹੁਦਾ ਬਿਲ ਗੇਟਸ ਨੇ ਸੰਭਾਲਿਆ ਸੀ।

ਸ੍ਰੀ ਗੇਟਸ ਨੇ ਕਿਹਾ ਕਿ ਉਹ ਸ੍ਰੀ ਨਾਡੇਲਾ ਦੀ ਨਿਯੁਕਤੀ ਤੋਂ ਬੇਹੱਦ ਖੁਸ਼ ਤੇ ਉਤਸ਼ਾਹਤ ਹਨ ਕਿਉਂਕਿ ਉਨ੍ਹਾਂ ਅੰਦਰ ਲੀਡਰਸ਼ਿਪ ਦੇ ਬਿਹਤਰੀਨ ਗੁਣ ਹਨ। ਕੰਪਨੀ ਨੂੰ ਬੇਹੱਦ ਢੁੱਕਵਾਂ ਅਧਿਕਾਰੀ ਮਿਲਿਆ ਹੈ।



# ਗੁਰਦੁਆਰਾ ਪ੍ਰਬੰਧ ਵਿਧਾਨ ਅਨੁਸਾਰ ਚਲਾਵਾਂਗੇ-ਧਾਮੀ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਲਈ 9 ਮਾਰਚ ਨੂੰ ਹੋ ਰਹੀਆਂ ਚੋਣਾਂ ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਅਵਤਾਰ ਸਿੰਘ ਧਾਮੀ ਦੀ ਅਗਵਾਈ ਹੇਠ ਲੜੇਗੀ। ਇਹ ਐਲਾਨ ਅਲਾਇੰਸ ਵਲੋਂ ਕੀਤਾ ਗਿਆ ਹੈ।



*ਅਵਤਾਰ ਸਿੰਘ*

ਅਲਾਇੰਸ ਵਲੋਂ ਚੋਣਾਂ ਦੀ ਵਾਗਡੋਰ ਸੰਭਾਲਦਿਆਂ ਸ. ਧਾਮੀ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਚੋਣਾਂ ਜਿੱਤਣ ਦੀ ਸੂਰਤ ਵਿਚ ਅਸੀਂ ਗੁਰੂ ਘਰ ਦਾ ਪ੍ਰਬੰਧ ਇਸ ਦੇ ਸੰਵਿਧਾਨ ਮੁਤਾਬਕ ਚਲਾਵਾਂਗੇ ਅਤੇ ਲਟਕ ਰਹੇ ਪ੍ਰਾਜੈਕਟ ਜਲਦੀ ਤੋਂ ਜਲਦੀ ਮੁਕੰਮਲ ਕਰਨ ਦਾ ਯਤਨ ਕਰਾਂਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਦੌਰਾਨ ਅਲਾਇੰਸ ਵਲੋਂ ਚੋਣ ਪ੍ਰਚਾਰ ਸ਼ਾਇਸਤਗੀ ਦੀਆਂ ਹੱਦਾਂ ਵਿਚ ਰਹਿ ਕੇ ਕੀਤਾ ਜਾਵੇਗਾ ਅਤੇ ਕਿਸੇ ਵੀ ਤਰ੍ਹਾਂ ਦੇ ਚਿੱਕੜ ਉਛਾਲੀ ਚੋਣ ਪ੍ਰਚਾਰ ਵਿਚ ਨਹੀਂ ਪਵਾਂਗੇ। ਉਨ੍ਹਾਂ ਗੁਰਦੁਆਰਾ ਫਰੀਮਾਂਟ ਦੀ ਸੰਗਤ ਨੂੰ ਇਨ੍ਹਾਂ ਚੋਣਾਂ ਵਿਚ ਅਲਾਇੰਸ ਨੂੰ ਸੇਵਾ ਦਾ ਮੌਕਾ ਦੇਣ ਦੀ ਅਪੀਲ ਕੀਤੀ।

# ਕੇਂਦਰ ਵੱਲੋਂ ਰਾਜੀਵ ਗਾਂਧੀ ਦੇ ਕਾਤਲਾਂ ਦੀ ਸਜ਼ਾ ਮੁਆਫ਼ ਕਰਨ ਦਾ ਵਿਰੋਧ

**ਨਵੀਂ ਦਿੱਲੀ:** ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਹੱਤਿਆ ਲਈ ਜ਼ਿੰਮੇਵਾਰ ਦੋਸ਼ੀਆਂ ਵੱਲੋਂ ਆਪਣੀ ਰਹਿਮ ਦੀ ਅਪੀਲ 'ਤੇ ਫ਼ੈਸਲੇ ਵਿਚ ਦੇਰੀ ਦੇ ਆਧਾਰ 'ਤੇ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਲਈ ਦਾਇਰ ਪਟੀਸ਼ਨ ਦਾ ਕੇਂਦਰ ਸਰਕਾਰ ਨੇ ਵਿਰੋਧ ਕੀਤਾ ਹੈ।

ਚੀਫ ਜਸਟਿਸ ਪੀ. ਸਦਾਸ਼ਿਵਮ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਸਾਹਮਣੇ ਮੌਤ ਦੀ ਸਜ਼ਾ ਯਾਫ਼ਤਾ ਤਿੰਨ ਦੋਸ਼ੀਆਂ ਸੰਥਨ, ਮੁਰੂਗਨ ਅਤੇ ਪੇਰਾਰੀਵਲਨ ਦੀ ਅਪੀਲ ਦਾ ਵਿਰੋਧ ਕਰਦਿਆਂ ਕੇਂਦਰ ਸਰਕਾਰ ਦੇ ਨੁਮਾਇੰਦੇ ਅਟਾਰਨੀ ਜਨਰਲ ਜੀ.ਈ. ਵਾਹਨਵਤੀ ਨੇ ਕਿਹਾ ਕਿ ਦੋਸ਼ੀਆਂ ਨੂੰ ਆਪਣੀਆਂ ਰਹਿਮ ਦੀਆਂ ਅਪੀਲਾਂ ਦੇ ਲਟਕਦੇ ਰਹਿਣ ਦੌਰਾਨ ਕਿਸੇ ਤਸ਼ੱਦਦ ਅਤੇ ਅਮਾਨਵੀ ਸਥਿਤੀ ਦਾ ਸਾਹਮਣਾ ਨਹੀਂ ਕਰਨਾ ਪਿਆ। ਰਹਿਮ ਦੀਆਂ ਅਪੀਲਾਂ 'ਤੇ ਫ਼ੈਸਲਾ ਕਰਨ ਵਿਚ ਦੇਰੀ ਹੋਈ ਹੈ, ਪਰ ਮੌਤ ਦੀ ਸਜ਼ਾ ਮੁਆਫ ਕਰਨ ਲਈ ਇਹ ਦੇਰੀ ਅਢੁਕਵੇਂ ਢੰਗ ਨਾਲ ਨਹੀਂ ਹੋਈ। ਵਕੀਲ ਨੇ ਕਿਹਾ ਕਿ ਮੌਤ ਦੀ ਸਜ਼ਾ ਮੁਆਫ ਕਰਨ ਦਾ ਇਹ ਸਹੀ ਮਾਮਲਾ ਨਹੀਂ।

ਦੋਸ਼ੀਆਂ ਵਲੋਂ ਪੇਸ਼ ਹੋਏ ਵਕੀਲ ਨੇ ਸ੍ਰੀ ਵਾਹਨਵਤੀ ਦੀਆਂ ਦਲੀਲਾਂ ਦਾ ਵਿਰੋਧ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸਰਕਾਰ ਵਲੋਂ ਰਹਿਮ ਦੀਆਂ ਅਪੀਲਾਂ 'ਤੇ ਫ਼ੈਸਲਾ ਕਰਨ 'ਚ ਦੇਰੀ ਕਾਰਨ ਮਾਨਸਿਕ ਪੀੜਾ ਸਹਿਣੀ ਪਈ ਹੈ, ਇਸ ਲਈ ਸੁਪਰੀਮ ਕੋਰਟ ਨੂੰ ਮਾਮਲੇ 'ਚ ਦਖਲ ਦਿੰਦਿਆਂ ਉਨ੍ਹਾਂ ਦੀ ਮੌਤ ਦੀ ਸਜ਼ਾ ਮੁਆਫ ਕਰਨੀ ਚਾਹੀਦੀ ਹੈ। ਉਨ੍ਹਾਂ ਆਪਣੀ ਪਟੀਸ਼ਨ ਵਿਚ ਕਿਹਾ ਕਿ ਮੌਤ ਦੀ ਸਜ਼ਾ ਯਾਫ਼ਤਾ ਦੂਜੇ ਦੋਸ਼ੀਆਂ ਜਿਨ੍ਹਾਂ ਨੇ ਰਹਿਮ ਦੀਆਂ ਅਪੀਲਾਂ ਉਨ੍ਹਾਂ ਤੋਂ ਬਾਅਦ ਦਾਇਰ ਕੀਤੀਆਂ 'ਤੇ ਸਰਕਾਰ ਨੇ ਫ਼ੈਸਲਾ ਕਰ ਦਿੱਤਾ ਪਰ ਉਨ੍ਹਾਂ ਦੀ ਅਪੀਲਾਂ ਵਿਚਾਰ ਅਧੀਨ ਹੀ ਰੱਖੀਆਂ। ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਪਿੱਛੋਂ ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਹੈ। f

ਪਛਲੇ ਹਫਤੇ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਇਸ ਮਾਮਲੇ ਵਿਚ ਦੋਸ਼ੀ ਠਹਿਰਾਏ ਕੈਦੀ ਮੌਤ ਦੀ ਸਜ਼ਾ ਦੇ ਹੱਕਦਾਰ ਹਨ ਅਤੇ ਅਦਾਲਤ ਨੇ ਉਨ੍ਹਾਂ ਦੀਆਂ ਦਲੀਲਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਮਈ 2012 ਨੂੰ ਸੁਪਰੀਮ ਕੋਰਟ ਨੇ ਰਾਜੀਵ ਗਾਂਧੀ ਦੇ ਕਾਤਲਾਂ ਦੀਆਂ ਅਪੀਲਾਂ ਖੁਦ ਸੁਣਨ ਦਾ ਫ਼ੈਸਲਾ ਕੀਤਾ ਸੀ ਅਤੇ ਮਦਰਾਸ ਹਾਈ ਕੋਰਟ ਨੂੰ ਹਦਾਇਤ ਕੀਤੀ ਸੀ ਕਿ ਉਹ ਉਨ੍ਹਾਂ ਦੀਆਂ ਅਪੀਲਾਂ ਉਸ ਕੋਲ ਭੇਜ ਦੇਵੇ।

# ਕੈਨੇਡਾ ਨੇ ਮਲਟੀਪਲ ਵੀਜ਼ਾ ਫੀਸ ਘਟਾਈ

**ਟੋਰਾਂਟੋ:** ਕੈਨੇਡਾ ਨੇ ਇਕਹਿਰੇ ਜਾਂ ਬਹੁ-ਦਾਖਲਾ ਵੀਜ਼ੇ ਵਾਸਤੇ ਆਰਜ਼ੀ ਰਿਹਾਇਸ਼ੀ ਵੀਜ਼ਾ ਫੀਸ 150 ਡਾਲਰ ਤੋਂ ਘਟਾ ਕੇ 100 ਡਾਲਰ ਕਰ ਦਿੱਤੀ ਹੈ। ਇਸ ਦੇ ਨਾਲ ਹੀ ਇਕ ਵਾਰ ਕੈਨੇਡਾ ਆਉਣ ਵਾਲਾ ਸੈਲਾਨੀ ਖੁਦ-ਬ-ਖੁਦ ਮਲਟੀਪਲ ਐਂਟਰੀ ਵੀਜ਼ਾ ਦੇ ਯੋਗ ਸਮਝਿਆ ਜਾਏਗਾ।

ਆਵਾਸ ਮੰਤਰਾਲੇ ਦੀ ਸੂਚਨਾ ਮੁਤਾਬਕ ਇਹ ਹੁਕਮ 6 ਫਰਵਰੀ 2014 ਤੋਂ ਲਾਗੂ ਹੋ ਜਾਣਗੇ। ਬਹੁ-ਦਾਖਲਾ ਵੀਜ਼ਾ ਹਾਸਲ ਕਰਨ ਵਾਲਾ ਸੈਲਾਨੀ ਇਕ ਵਾਰ ਛੇ ਮਹੀਨਿਆਂ ਤੋਂ ਲੈ ਕੇ 10 ਸਾਲਾਂ ਤੱਕ ਕੈਨੇਡਾ ਆ ਜਾ ਸਕੇਗਾ। ਭਾਰਤ, ਚੀਨ ਅਤੇ ਮੈਕਸਿਕੋ ਦੇ ਜਿਨ੍ਹਾਂ ਲੋਕਾਂ ਕੋਲ 10 ਸਾਲਾ ਪਾਸਪੋਰਟ ਹੈ, ਉਹ 10 ਸਾਲਾ ਵੀਜ਼ਾ ਲਈ ਅਪਲਾਈ ਕਰ ਸਕਦੇ ਹਨ। ਇਸੇ ਦੌਰਾਨ ਨਾਗਰਿਕਤਾ ਅਤੇ ਆਵਾਸ ਮਹਿਕਮਾ ਆਰਜ਼ੀ ਰੈਜ਼ੀਡੈਂਟ ਪ੍ਰੋਗਰਾਮ ਤਹਿਤ ਕੁਝ ਹੋਰ ਕੈਟੇਗਰੀਆਂ ਦੀਆਂ ਫੀਸਾਂ 6 ਫਰਵਰੀ ਤੋਂ ਵਧਾ ਰਿਹਾ ਹੈ। ਸਟੱਡੀ ਪਰਮਿਟ ਅਤੇ ਰੀਨਿਊਅਲ ਫੀਸ 25 ਡਾਲਰ, ਵਰਕ ਪਰਮਿਟ 5 ਡਾਲਰ, ਵਿਜ਼ਟਰ ਵੀਜ਼ੇ ਦੀ ਮਿਆਦ ਵਧਾਉਣ ਦੀ ਫੀਸ 25 ਡਾਲਰ, ਪੂਰੇ ਟੱਬਰ ਦੇ ਆਰਜ਼ੀ ਨਾਗਰਿਕ ਵੀਜ਼ੇ ਦੀ ਫੀਸ 100 ਡਾਲਰ ਵਧਾਈ ਗਈ ਹੈ।

## ਤੈਰਾਕੀ ਤਲਾਅ 'ਚ ਬੇਹੋਸ਼ ਭਾਰਤੀ ਜੋੜਾ ਮਿਲਿਆ

**ਮੈਲਬਰਨ:** ਇਥੋਂ ਦੇ ਤੈਰਾਕੀ ਤਲਾਅ ਵਿਚ ਭਾਰਤ ਦੇ ਦੋ ਆਈ.ਟੀ. ਵਿਦਿਆਰਥੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਜਿਨ੍ਹਾਂ ਬਾਰੇ ਸ਼ੱਕ ਹੈ ਕਿ ਪਾਣੀ ਵਿਚ ਕੁੱਦਦਿਆਂ ਉਨ੍ਹਾਂ ਦੇ ਸਿਰ ਇਕ ਦੂਜੇ ਨਾਲ ਵੱਜੇ ਸਨ।

ਵਿਕਟੋਰੀਆ ਪੁਲਿਸ ਮੁਤਾਬਕ, ਸੰਭਵ ਹੈ ਕਿ 23 ਸਾਲਾ ਔਰਤ ਡੁੱਬ ਰਹੇ ਆਪਣੇ ਦੋਸਤ ਲੜਕੇ ਨੂੰ ਬਚਾਉਣ ਲਈ ਪਾਣੀ ਵਿਚ ਕੁੱਦੀ ਹੋਵੇ। ਹੁਣ ਦੋਵੇਂ ਹਸਪਤਾਲ ਵਿਚ ਦਾਖ਼ਲ ਹਨ। ਇਹ ਜੋੜਾ ਦੋ ਸਾਲ ਪਹਿਲਾਂ ਆਸਟਰੇਲੀਆ ਆਇਆ ਸੀ ਅਤੇ ਪ੍ਰੈਸਟਨ ਇਲਾਕੇ ਵਿਚ ਰਹਿ ਰਿਹਾ ਸੀ।



# ਪੰਜਾਬ ਟਾਈਮਜ਼

## ਵਿਗਿਆਪਕਾਂ ਦੇ ਧਿਆਨਯੋਗ

ਅਸੀਂ ਉਨ੍ਹਾਂ ਵਿਗਿਆਪਕਾਂ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਧਿਆਨ ਦਿਵਾਏ ਜਾਣ ਉਪਰੰਤ ਆਪਣੇ ਬਕਾਏ ਚੁਕਤਾ ਕਰ ਦਿੱਤੇ ਹਨ। ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਕੁਝ ਅਜਿਹੇ ਵਿਗਿਆਪਕ ਵੀ ਹਨ ਜਿਨ੍ਹਾਂ ਨੇ ਸਾਡੀ ਬੇਨਤੀ ਵੱਲ ਉਕਾ ਹੀ ਕੋਈ ਧਿਆਨ ਨਹੀਂ ਦਿੱਤਾ। ਮਜਬੂਰੀਵੱਸ ਸਾਨੂੰ ਉਨ੍ਹਾਂ ਦੇ ਨਾਂ ਆਪਣੇ ਪਾਠਕਾਂ ਨਾਲ ਸਾਂਝੇ ਕਰਨੇ ਪੈ ਰਹੇ ਹਨ:

1. ਪ੍ਰਬੰਧਕ, ਗੁਰਦੁਆਰਾ ਸਟਾਕਟਨ
2. ਜੋਬਨਜੀਤ ਸਿੰਘ ਬੌਬੀ-ਐਨ ਆਰ ਆਈ ਸਭਾ, ਅਮਰੀਕਾ
3. ਬੌਬੀ ਜੌਹਲ-ਤਾਜ ਲਿਮੋਜ਼ੀਨ

*-ਅਦਾਰਾ ਪੰਜਾਬ ਟਾਈਮਜ਼*

# ਸਿੱਖ ਕਤਲੇਆਮ ਰੋਕਣ 'ਚ ਸਰਕਾਰ ਨਾਕਾਮ ਰਹੀ: ਹਬੀਬੁੱਲਾ

**ਨਵੀਂ ਦਿੱਲੀ:** ਕੌਮੀ ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜਾਹਤ ਹਬੀਬੁੱਲਾ ਨੇ ਕਿਹਾ ਕਿ 1984 ਵਿਚ ਸਿੱਖ ਕਤਲੇਆਮ ਰੋਕਣ ਵਿਚ ਸਰਕਾਰ ਨਾਕਾਮ ਸਾਬਤ ਹੋਈ ਸੀ ਪਰ ਉਨ੍ਹਾਂ ਨੇ ਇਨ੍ਹਾਂ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਕਿ ਕਾਂਗਰਸ ਸਰਕਾਰ ਹਿੰਸਾ ਵਿਚ ਸ਼ਾਮਲ ਸੀ।

ਵਜਾਹਤ ਹਬੀਬੁੱਲਾ ਮੁਤਾਬਕ ਉਹ ਕਤਲੇਆਮ ਦੇ ਸਮੇਂ ਪ੍ਰਧਾਨ ਮੰਤਰੀ ਦਫ਼ਤਰ (ਪੀ.ਐਮ.ਓ.) ਵਿਚ ਬਤੌਰ ਅਧਿਕਾਰੀ ਡਿਊਟੀ ਨਿਭਾ ਰਹੇ ਸਨ। ਉਨ੍ਹਾਂ ਕਿਹਾ ਕਿ 1984 ਵਿਚ ਭਾਰਤ ਸਰਕਾਰ ਕਤਲੇਆਮ ਰੋਕਣ ਵਿਚ ਨਾਕਾਮ ਹੋ ਗਈ ਸੀ ਪਰ ਅਜਿਹਾ ਨਹੀਂ ਹੈ ਕਿ ਸਿੱਖਾਂ ਦੀ ਹੱਤਿਆ ਲਈ ਕੋਈ ਸਾਜ਼ਿਸ਼ ਰਚੀ ਗਈ ਹੋਵੇ।

ਹਬੀਬੁੱਲਾ ਨੇ ਕਿਹਾ ਕਿ ਇੰਦਰਾ ਗਾਂਧੀ ਦੀ ਹੱਤਿਆ ਦੇ ਬਾਅਦ ਕੇਂਦਰ ਸਰਕਾਰ ਇਸ ਤਰ੍ਹਾਂ ਅਸਥਿਰ ਸੀ ਕਿ ਉਹ ਪ੍ਰਧਾਨ ਮੰਤਰੀ ਦਫਤਰ ਵਿਚ ਸਭ ਤੋਂ ਸੀਨੀਅਰ ਅਧਿਕਾਰੀ ਦੇ ਤੌਰ 'ਤੇ ਰਹਿ ਗਏ ਸਨ ਕਿਉਂਕਿ ਦੂਜੇ ਅਧਿਕਾਰੀ ਅੰਤਿਮ ਸੰਸਕਾਰ ਦੀਆਂ ਤਿਆਰੀਆਂ ਵਿਚ ਲੱਗੇ ਹੋਏ ਸਨ। ਉਨ੍ਹਾਂ ਕਿਹਾ ਕਿ ਉਸ ਵਕਤ ਕੁਝ ਲੋਕਾਂ ਨੇ ਕਾਨੂੰਨ ਦੀ ਉਲੰਘਣਾ ਕੀਤੀ ਪਰ ਇਸ ਵਿਚ ਸਰਕਾਰ ਦੀ ਕੋਈ ਸਾਜ਼ਿਸ਼ ਜਾਂ ਹੱਥ ਨਹੀਂ ਸੀ। ਉਨ੍ਹਾਂ ਕਿਹਾ ਕਿ ਸਰਕਾਰ ਵਿਚ ਬੈਠੇ ਕੁਝ ਲੋਕ ਹੀ ਰਾਜਧਾਨੀ ਵਿਚ ਦੰਗੇ ਭੜਕਣ ਦੀ ਸੰਭਾਵਨਾ ਨੂੰ ਸਮਝ ਸਕੇ ਸਨ।


ਵਾਜਬ ਭਾਅ ਉਤੇ ਵਧੀਆ ਹੈਲਥ ਇੰਸ਼ੋਰੈਂਸ ਲੈਣ ਲਈ

COVERED CALIFORNIA

YOUR DESTINATION FOR
AFFORDABLE
QUALITY HEALTH CARE
INCLUDING MEDI-CAL

CERTIFIED INSURANCE AGENT
GURCHARAN SINGH MANN
License # 0C70672

(510) 797-7989
2450 PERALTA BLVD, SUITE 203
FREMONT CA 94536



Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?



ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*

Medicare & Most Private Insurances Accepted



*Contact:*
Dr. Baljit Jammu
*Doctor of Chiropractic*
Ph: 510-940-8236
1090 La Playa Dr.,
Hayward CA 94545



DHL GLOBALmail

Do More With Your Mail For Less

DHL Global Mail is dedicated to helping high-volume mailers save on shipping costs without sacrificing delivery performance or enhanced services like tracking.

Extensive Domestic & International Mail Services

DHL Global Mail connects you to customers in the U.S. and over 220 other countries and territories. With this reach and our robust selection of domestic and international mail services, we provide customized delivery solutions nobody else can match. What are your mailing needs?



Bigger Network, Larger Volume & More Postal Discounts

DHL Global Mail operates one of the world's largest domestic and international delivery networks..



*Amit Datta*
Direct: (510)-404-0087
Cell: (209) 915-9735
adatta@dhlglobalmail.com

*Tom Veit, Regional Sales Manager*
Direct: (916) 983-3183
Cell: (916) 847-3997
tveit@dhlglobalmail.com



Pinnacle Carriers Inc., San Jose, CA

Now Hiring Company Drivers

Team and Solo (With Two Yr Experience )

Owner Operators

Specialize in Reefer & Dry Loads.
Run All 48 States



*Trailer rentals
*Get paid weekly on time.
*Fuel advance
*Also provide fuel cards

We have late model trucks and brand new refers.

ਕੰਪਨੀ ਡਰਾਈਵਰਾਂ

*ਟੀਮ ਅਤੇ ਸੋਲੋ (ਘੱਟੋ ਘੱਟ ਦੋ ਸਾਲ ਦਾ ਤਜ਼ਰਬਾ)*

ਓਨਰ ਅਪਰੇਟਰਾਂ ਦੀ ਲੋੜ ਹੈ

*ਰੀਫਰ ਅਤੇ ਡਰਾਈ ਲੋਡ *ਸਾਰੀਆਂ 48 ਸਟੇਟਾਂ ਦੇ ਗੇੜੇ *ਕਿਰਾਏ ਦੇ ਟਰੇਲਰ ਉਪਲਬਧ
*ਹਰ ਹਫਤੇ ਸਮੇਂ ਸਿਰ ਅਦਾਇਗੀ *ਫਿਊਲ ਐਡਵਾਂਸ ਅਤੇ ਫਿਊਲ ਕਾਰਡ

Sharanbeer Atwal: 408-373-4168
Manpreet and Preet: 408-835-3007
www.pinnaclecarriers.com

51-6

# ਹਰਿਮੰਦਰ ਸਾਹਿਬ ਦੀ ਕੰਧ ਕਲਾ ਦਾ ਪੁਰਾਤਨ ਸਰੂਪ ਕਾਇਮ ਰਹੇਗਾ

## ਦੂਜੇ ਪੜਾਅ ਵਿਚ ਹੋਵੇਗੀ ਸੋਨੇ ਦੀ ਸੇਵਾ



**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਅੰਦਰ ਸੱਚਖੰਡ ਵਿਖੇ ਤਕਨੀਕੀ ਮਾਹਰਾਂ ਵੱਲੋਂ ਕੰਧ ਕਲਾ ਦੀ ਸਾਂਭ ਸੰਭਾਲ ਲਈ ਸ਼ੁਰੂ ਕੀਤੇ ਕੰਮ ਨੇ ਤੇਜ਼ੀ ਫੜ ਲਈ ਹੈ ਤੇ ਇਸ ਕੰਮ ਦੇ ਸਾਰਥਿਕ ਸਿੱਟੇ ਵੀ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਮਾਹਰਾਂ ਵੱਲੋਂ ਇਥੇ ਸਾਂਭ ਸੰਭਾਲ ਦੇ ਕਾਰਜ ਦੌਰਾਨ ਨਵਾਂ ਕੁਝ ਕਰਨ ਦੀ ਥਾਂ ਕੰਧ ਕਲਾ ਦੇ ਪੁਰਾਤਨ ਸਰੂਪ ਨੂੰ ਹੀ ਕਾਇਮ ਰੱਖਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

ਮਾਹਿਰਾਂ ਦੀ ਸੱਤ ਮੈਂਬਰੀ ਟੀਮ ਵੱਲੋਂ ਇਥੇ ਪਹਿਲੇ ਪੜਾਅ ਵਿਚ ਖਰਾਬ ਹੋਈ ਕੰਧ ਕਲਾ ਨੂੰ ਸਾਫ਼ ਕਰਨ ਤੇ ਠੀਕ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਮਾਹਰਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਪਹਿਲੀ ਮੰਜ਼ਲ ਦੀ ਛੱਤ ਨੂੰ ਦੂਜੀ ਵਾਰ ਬਾਰੀਕੀ ਨਾਲ ਸਾਫ਼ ਕੀਤਾ ਜਾ ਰਿਹਾ ਹੈ। ਇਸ ਸਫ਼ਾਈ ਦੌਰਾਨ ਕੁਝ ਰਸਾਇਣਾਂ ਦੀ ਵਰਤੋਂ ਕੀਤੀ ਗਈ ਹੈ ਤੇ ਸਾਫ਼ ਹੋਣ ਮਗਰੋਂ ਕੰਧ ਕਲਾ ਦੀ ਪੁਰਾਤਨ ਚਮਕ ਵਾਪਸ ਆ ਗਈ ਹੈ।

ਇਸੇ ਤਰ੍ਹਾਂ ਕੰਧਾਂ 'ਤੇ ਸਫਾਈ ਕਰਨ ਮਗਰੋਂ ਹੋਏ ਨੁਕਸਾਨ ਨੂੰ ਠੀਕ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ, ਜਿਨ੍ਹਾਂ ਥਾਵਾਂ ਤੋਂ ਕੰਧ ਕਲਾ ਦਾ ਕੁਝ ਹਿੱਸਾ ਪੂਰੀ ਤਰ੍ਹਾਂ ਗਾਇਬ ਹੈ, ਸਿਰਫ ਉਨੇ ਹਿੱਸੇ ਨੂੰ ਹੀ ਠੀਕ ਕੀਤਾ ਜਾ ਰਿਹਾ ਹੈ। ਇਸ ਕਾਰਵਾਈ ਦੌਰਾਨ ਪਹਿਲਾਂ ਕੰਧ ਕਲਾ ਦੇ ਹੇਠਲੇ ਹਿੱਸੇ ਨੂੰ ਮੁਰੰਮਤ ਕਰਕੇ ਇਸ ਦੇ ਉਪਰ ਰੰਗਾਂ ਦੀ ਵਰਤੋਂ ਨਾਲ ਮੁਰੰਮਤ ਕੀਤੀ ਜਾ ਰਹੀ ਹੈ। ਕਈ ਥਾਵਾਂ ਤੋਂ ਸਿਰਫ਼ ਰੰਗ ਫਿੱਕੇ ਹੋਏ ਹਨ ਤੇ ਸਿਰਫ਼ ਰੰਗਾਂ ਦੀ ਵਰਤੋਂ ਨਾਲ ਕੰਧ ਕਲਾ ਨੂੰ ਮੁੜ ਪੁਰਾਤਨ ਸਰੂਪ ਵਿਚ ਕਾਇਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਇਸ ਵੇਲੇ ਮਾਹਿਰਾਂ ਵੱਲੋਂ ਕੁਝ ਕੰਧਾਂ ਤੇ ਛੱਤ 'ਤੇ ਸਾਂਭ ਸੰਭਾਲ ਦਾ ਕੰਮ ਕੀਤਾ ਹੈ, ਜਿਥੇ ਇਸ ਪੁਰਾਤਨ ਕੰਧ ਕਲਾ ਦੀ ਚਮਕ ਵਾਪਸ ਪਰਤ ਆਈ ਹੈ। ਇਹ ਚਮਕ ਖਰਾਬ ਹੋਏ ਹਿੱਸੇ ਨੂੰ ਦੇਖਣ ਮਗਰੋਂ ਸਪਸ਼ਟ ਨਜ਼ਰ ਆਉਂਦੀ ਹੈ। ਪਹਿਲੀ ਮੰਜ਼ਿਲ 'ਤੇ ਇਹ ਮੁਰੰਮਤ ਕਾਰਜ ਖਤਮ ਹੋਣ ਮਗਰੋਂ ਸੋਨੇ ਦੇ ਕੰਮ ਨੂੰ ਦੂਜੇ ਪੜਾਅ ਵਿਚ ਸ਼ੁਰੂ ਕੀਤਾ ਜਾਵੇਗਾ।

ਨੈਸ਼ਨਲ ਮਿਊਜ਼ੀਅਮ ਦੇ ਸਾਬਕਾ ਡਾਇਰੈਕਟਰ ਐਸ.ਪੀ.ਸਿੰਘ ਨੇ ਦੱਸਿਆ ਕਿ ਮਾਹਿਰਾਂ ਦੀ ਟੀਮ ਵੱਲੋਂ ਸਾਂਭ ਸੰਭਾਲ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਇਥੇ ਹੋਈ ਕੰਧ ਕਲਾ ਦੀ ਮੁਕੰਮਲ ਰਿਪੋਰਟ ਤਿਆਰ ਕੀਤੀ ਗਈ ਸੀ ਜਿਸ ਵਿਚ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਗਿਆ ਸੀ। ਇਸ ਤੋਂ ਇਲਾਵਾ ਇਸ ਦੀ ਕਿਸ ਵਿਧੀ ਨਾਲ ਮੁਰੰਮਤ ਕੀਤੀ ਜਾ ਸਕਦੀ ਹੈ ਤੇ ਕਿਹੜੇ ਰੰਗਾਂ ਦੀ ਵਰਤੋਂ ਹੋਵੇਗੀ ਆਦਿ ਦੀ ਜਾਣਕਾਰੀ ਸ਼ਾਮਲ ਸੀ। ਉਨ੍ਹਾਂ ਆਖਿਆ ਕਿ ਇਹ ਬਾਰੀਕੀ ਦਾ ਕੰਮ ਹੈ ਤੇ ਇਸ ਨੂੰ ਬੜੇ ਧਿਆਨ ਨਾਲ ਕੀਤਾ ਜਾ ਰਿਹਾ ਹੈ।

ਇਸ ਲਈ ਵਿਸ਼ੇਸ਼ ਤੌਰ 'ਤੇ ਕੁਦਰਤੀ ਰੰਗਾਂ ਦੀ ਵਰਤੋਂ ਕੀਤੀ ਜਾ ਰਹੀ ਹੈ ਜੋ ਵਿਦੇਸ਼ ਤੋਂ ਮੰਗਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸੋਨੇ ਦੇ ਕੰਮ ਦੀ ਸ਼ੁਰੂਆਤ ਤੋਂ ਪਹਿਲਾਂ ਇਸ ਦੀ ਵੀ ਮੁਕੰਮਲ ਰਿਪੋਰਟ ਤਿਆਰ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕਿ ਇਥੇ ਚੱਲ ਰਹੇ ਸਾਂਭ ਸੰਭਾਲ ਦੇ ਕੰਮ ਦੌਰਾਨ ਪੁਰਾਤਨ ਸਰੂਪ ਨੂੰ ਹੀ ਮੁੜ ਸੁਰਜੀਤ ਕਰਨ ਦਾ ਯਤਨ ਕੀਤਾ ਜਾਵੇਗਾ। ਇਸ ਵਿਚ ਕੁਝ ਵੀ ਨਵਾਂ ਸ਼ਾਮਲ ਨਹੀਂ ਹੋਵੇਗਾ।

ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਹੀ ਸਪਸ਼ਟ ਕੀਤਾ ਜਾ ਚੁੱਕਾ ਹੈ ਕਿ ਇਸ ਪੁਰਾਤਨ ਕੰਧ ਕਲਾ ਤੇ ਸੋਨੇ ਦੇ ਹੋਏ ਕੰਮ ਨੂੰ ਪੁਰਾਤਨ ਸਰੂਪ ਵਿਚ ਹੀ ਸੰਭਾਲਣ ਦਾ ਯਤਨ ਕੀਤਾ ਜਾਵੇਗਾ। ਸਿਰਫ ਉਨ੍ਹਾਂ ਥਾਵਾਂ 'ਤੇ ਨਵਾਂ ਕੰਮ ਕੀਤਾ ਜਾਵੇਗਾ ਜਿਥੇ ਵਧੇਰੇ ਨੁਕਸਾਨ ਹੋ ਚੁੱਕਾ ਹੈ ਤੇ ਹੁਣ ਹੋਰ ਹੱਲ ਨਹੀਂ ਹੈ। ਯਤਨ ਕੀਤਾ ਜਾ ਰਿਹਾ ਹੈ ਕਿ ਪੁਰਾਤਨ ਕਲਾ ਨੂੰ ਕਿਸੇ ਵੀ ਕਿਸਮ ਦੀ ਠੇਸ ਨਾ ਪੁੱਜੇ। ਇਸ ਬਾਰੇ ਸਾਰੇ ਪੱਖਾਂ ਨੂੰ ਵਿਚਾਰ ਕੇ ਹੀ ਇਹ ਕੰਮ ਸ਼ੁਰੂ ਕੀਤਾ ਗਿਆ ਹੈ।

## ਵਧ ਰਹੇ ਪ੍ਰਦੂਸ਼ਣ ਦਾ ਹੋ ਰਿਹਾ ਹੈ ਅਸਰ

ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਵਧ ਰਹੇ ਪ੍ਰਦੂਸ਼ਣ ਕਾਰਨ ਇਹ ਬਹੁਮੁੱਲੀ ਕੰਧ ਕਲਾ, ਸੋਨੇ ਦਾ ਕੰਮ, ਸੰਗਮਰਮਰ ਦੇ ਪੱਥਰ 'ਤੇ ਹੋਇਆ ਟੁਕੜੀ ਵਰਕ ਆਦਿ ਪ੍ਰਭਾਵਿਤ ਹੋਇਆ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕਈ ਥਾਵਾਂ ਤੋਂ ਕੰਧ ਕਲਾ ਖਰਾਬ ਹੋ ਚੁੱਕੀ ਹੈ।

ਇਸੇ ਤਰ੍ਹਾਂ ਕਈ ਥਾਵਾਂ ਤੋਂ ਸੋਨੇ ਦੇ ਪੱਤਰੇ ਉਖੜ ਚੁੱਕੇ ਹਨ। ਖਾਸ ਕਰਕੇ ਪਹਿਲੀ ਮੰਜ਼ਲ ਨੂੰ ਜਾਣ ਵਾਲੀਆਂ ਪੌੜੀਆਂ ਵਿਚ ਹੋਈ ਕੰਧ ਕਲਾ ਤਾਂ ਸ਼ਰਧਾਲੂਆਂ ਦੇ ਹੱਥ ਲੱਗਣ ਕਾਰਨ ਪੂਰੀ ਤਰ੍ਹਾਂ ਖਤਮ ਹੋ ਚੁੱਕੀ ਹੈ ਜਦਕਿ ਪਹਿਲੀ ਮੰਜ਼ਲ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਇਥੇ ਸ਼ੀਸ਼ੇ ਲਵਾ ਦਿੱਤੇ ਗਏ ਸਨ। ਹੁਣ ਇਨ੍ਹਾਂ ਸ਼ੀਸ਼ਿਆਂ ਨੂੰ ਹਟਾ ਕੇ ਹੇਠਾਂ ਖਰਾਬ ਹੋਈ ਕੰਧ ਕਲਾ ਨੂੰ ਠੀਕ ਕੀਤਾ ਜਾ ਰਿਹਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੂਨੀ ਹਿੱਸੇ ਵਿਚ ਸਾਂਭ ਸੰਭਾਲ ਦਾ ਕੰਮ ਪਹਿਲੀ ਵਾਰ ਹੋ ਰਿਹਾ ਹੈ ਜਦੋਂਕਿ ਇਸ ਦੀਆਂ ਬਾਹਰਲੀਆਂ ਕੰਧਾਂ 'ਤੇ ਲੱਗੇ ਸੋਨੇ ਦੀ ਸੇਵਾ ਦਾ ਕੰਮ ਇਕ ਵਾਰ ਹੋ ਚੁੱਕਾ ਹੈ। ਇਹ ਕੰਮ 1995 ਵਿਚ ਇੰਗਲੈਂਡ ਦੇ ਨਿਸ਼ਕਾਮ ਸੇਵਕ ਜਥੇ ਵੱਲੋਂ ਕੀਤਾ ਗਿਆ ਸੀ। ਉਨ੍ਹਾਂ ਇਹ ਕੰਮ ਚਾਰ ਸਾਲਾਂ ਵਿਚ ਮੁਕੰਮਲ ਕੀਤਾ ਸੀ। ਭਾਵੇਂ ਉਨ੍ਹਾਂ ਵੱਲੋਂ ਵੀ ਸੋਨੇ ਦੇ ਮਾਹਿਰਾਂ ਦੀਆਂ ਸੇਵਾਵਾਂ ਲਈਆਂ ਗਈਆਂ ਸਨ ਪਰ ਕੁਝ ਖਾਮੀਆਂ ਰਹਿਣ ਕਾਰਨ ਹੁਣ ਇਹ ਸੋਨੇ ਦਾ ਰੰਗ ਲਾਲ ਹੋ ਜਾਂਦਾ ਹੈ ਜਿਸ ਨੂੰ ਠੀਕ ਕਰਨ ਲਈ ਹਰ ਸਾਲ ਇਸ ਦੀ ਧੁਆਈ ਕੀਤੀ ਜਾਂਦੀ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਸੋਨੇ ਤੇ ਕੰਧ ਕਲਾ ਸਮੇਤ ਸੰਗਮਰਮਰ ਵਿਚ ਟੁਕੜੀ, ਮੋਹਰਾ ਕਸ਼ੀ ਤੇ ਗੱਚ ਦਾ ਕੰਮ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ 1830 ਵਿਚ ਹੋਇਆ ਸੀ। ਉਸ ਵੇਲੇ ਅਨੁਮਾਨ ਮੁਤਾਬਕ ਲਗਪਗ 65 ਲੱਖ ਰੁਪਏ ਖਰਚ ਹੋਏ ਸਨ।

# ਭੁੱਲਰ ਨੂੰ ਸੁਪਰੀਮ ਕੋਰਟ ਤੋਂ ਰਾਹਤ ਦੀ ਆਸ ਬੱਝੀ

**ਚੰਡੀਗੜ੍ਹ:** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਰਾਹਤ ਮਿਲਣ ਦੀ ਆਸ ਬੱਝ ਗਈ ਹੈ। ਸੁਪਰੀਮ ਕੋਰਟ ਨੇ ਉਨ੍ਹਾਂ ਦੀ ਸਜ਼ਾ-ਏ-ਮੌਤ 'ਤੇ ਰੋਕ ਲਾ ਦਿੱਤੀ ਤੇ ਨਾਲ ਹੀ ਆਪਣੇ ਉਸ ਫੈਸਲੇ 'ਤੇ ਨਜ਼ਰਸਾਨੀ ਕਰਨ ਲਈ ਸਹਿਮਤੀ ਪ੍ਰਗਟਾ ਦਿੱਤੀ ਜਿਸ ਵਿਚ ਉਸ ਨੇ 1993 ਵਿਚ ਦਿੱਲੀ ਵਿਚ ਹੋਏ ਬੰਬ ਧਮਾਕੇ ਦੇ ਮਾਮਲੇ ਵਿਚ ਭੁੱਲਰ ਦੀ ਸਜ਼ਾ-ਏ-ਮੌਤ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦੀ ਅਪੀਲ ਖਾਰਜ ਕਰ ਦਿੱਤੀ ਸੀ।

ਚੀਫ ਜਸਟਿਸ ਪੀ. ਸਦਾਸ਼ਿਵਮ ਦੀ ਅਗਵਾਈ ਹੇਠਲੇ ਬੈਂਚ ਨੇ ਭੁੱਲਰ ਦੀ ਪਤਨੀ ਬੀਬੀ ਨਵਨੀਤ ਕੌਰ ਵੱਲੋਂ ਪਾਈ ਦਰੁਸਤੀ ਪਟੀਸ਼ਨ 'ਤੇ ਕੇਂਦਰ ਤੇ ਦਿੱਲੀ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗੇ ਹਨ। ਇਸ ਤੋਂ ਇਲਾਵਾ ਇੰਸਟੀਚਿਊਟ ਆਫ ਹਿਊਮਨ ਬਿਹੇਵੀਅਰ ਐਂਡ ਅਲਾਈਡ ਸਾਇੰਸਜ਼ (ਆਈ.ਐਚ.ਬੀ.ਏ.ਐਸ.) ਜਿਥੋਂ ਪ੍ਰੋ. ਭੁੱਲਰ ਦੇ ਮਨੋਰੋਗ ਦਾ ਸਾਲ 2010 ਤੋਂ ਇਲਾਜ ਚੱਲ ਰਿਹਾ ਹੈ, ਉਸ ਦੀ ਸਿਹਤ ਬਾਰੇ ਰਿਪੋਰਟ ਹਫਤੇ ਵਿਚ ਪੇਸ਼ ਕਰਨ ਲਈ ਕਿਹਾ ਹੈ।

ਪਟੀਸ਼ਨ ਵਿਚ ਬੀਬੀ ਨਵਨੀਤ ਕੌਰ ਨੇ ਕਿਹਾ ਹੈ ਉਸ ਦੇ ਪਤੀ ਦੀ ਹਾਲਤ ਬੇਹੱਦ ਖਰਾਬ ਹੈ। ਉਹ ਉਸ ਨੂੰ ਵੀ ਨਹੀਂ ਪਛਾਣਦੇ ਤੇ ਆਪਣੇ-ਆਪ ਦਾ ਧਿਆਨ ਰੱਖਣਾ ਦੂਰ ਦੀ ਗੱਲ ਹੈ। ਉਹ 6065 ਦਿਨਾਂ ਤੋਂ ਨਿੱਤ ਮੌਤ ਨੂੰ ਉਡੀਕਦੇ-ਉਡੀਕਦੇ ਦਿਮਾਗੀ ਤਵਾਜ਼ਨ ਗੁਆ ਚੁੱਕੇ ਹਨ। ਇਸ ਤੋਂ ਇਲਾਵਾ ਪਤੀ ਦੀ ਰਹਿਮ ਦੀ ਅਪੀਲ ਰਾਸ਼ਟਰਪਤੀ ਕੋਲ ਪਈ ਰਹੀ ਤੇ ਅੱਠ ਸਾਲਾਂ ਤੋਂ ਵੱਧ ਸਮੇਂ ਮਗਰੋਂ ਉਸ 'ਤੇ ਵਿਚਾਰ ਕੀਤਾ ਗਿਆ। ਇਸ ਕਾਰਨ ਵੀ ਉਨ੍ਹਾਂ ਦੀ ਸਜ਼ਾ-ਏ-ਮੌਤ ਨੂੰ ਉਮਰ ਕੈਦ ਵਿਚ ਬਦਲਿਆ ਜਾਵੇ।

ਜਸਟਿਸ ਆਰ.ਐਮ. ਲੋਢਾ, ਐਚ.ਐਲ. ਦਾਤੂ ਤੇ ਐਸ.ਜੇ. ਮੁਖੋਪਾਧਿਆਏ ਦੇ ਅਧਾਰਤ ਬੈਂਚ ਨੇ ਮੀਡੀਆ ਦੀਆਂ ਉਨ੍ਹਾਂ ਰਿਪੋਰਟਾਂ ਦਾ ਵੀ ਨੋਟਿਸ ਲਿਆ ਜਿਨ੍ਹਾਂ ਵਿਚ ਪ੍ਰੋ. ਭੁੱਲਰ ਦੇ ਵਕੀਲ ਨੇ ਕਿਹਾ ਹੈ ਕਿ ਮੁਵੱਕਿਲ ਨੂੰ ਫਾਂਸੀ ਦੇਣੀ ਮਨੁੱਖਤਾ ਦੀ ਘਾਣ ਹੈ। ਅਡੀਸ਼ਨਲ ਸੋਲਿਸਟਰ ਜਨਰਲ ਇੰਦਰਾ ਜੈ ਸਿੰਘ ਨੇ ਕੇਂਦਰ ਵੱਲੋਂ ਤੇ ਏਐਸਜੀ ਸਿਧਾਰਥ ਲੂਥਰਾ ਨੇ ਦਿੱਲੀ ਸਰਕਾਰ ਵੱਲੋਂ ਸੁਪਰੀਮ ਕੋਰਟ ਦੇ ਨੋਟਿਸ ਲਏ। ਪ੍ਰੋ. ਭੁੱਲਰ ਦੀ ਪਤਨੀ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕੇ.ਟੀ.ਐਸ. ਤੁਲਸੀ ਨੇ ਬੈਂਚ ਤੋਂ ਮੰਗ ਕੀਤੀ ਕਿ ਉਹ ਕੇਂਦਰ ਤੇ ਦਿੱਲੀ ਸਰਕਾਰਾਂ ਨੂੰ ਨੋਟਿਸ ਦਾ ਜਵਾਬ ਮਾਮਲੇ ਦੀ 19 ਫਰਵਰੀ ਨੂੰ ਹੋਣ ਵਾਲੀ ਸੁਣਵਾਈ ਤੋਂ ਦੋ ਦਿਨ ਪਹਿਲਾਂ ਦੇਣ ਲਈ ਨਿਰਦੇਸ਼ ਦੇਣ। ਬੈਂਚ ਨੇ ਸਪਸ਼ਟ ਕੀਤਾ ਕਿ ਪਹਿਲਾਂ ਇਹ ਵਿਚਾਰ ਕੀਤਾ ਜਾਵੇਗਾ ਕਿ ਕੀ ਮੁਆਫੀ ਪਟੀਸ਼ਨ ਉਪਰ ਫੈਸਲੇ ਵਿਚ ਦੇਰੀ ਦੇ ਆਧਾਰ 'ਤੇ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਬਾਰੇ ਫੈਸਲਾ ਇਸ 'ਤੇ ਲਾਗੂ ਹੋ ਸਕਦਾ ਹੈ ਜਾਂ ਨਹੀਂ।



ਅਦਾਲਤ ਪ੍ਰੋ. ਭੁੱਲਰ ਦੀ ਮੌਜੂਦਾ ਹਾਲਤ ਬਾਰੇ ਵੀ ਜਾਣਨਾ ਚਾਹੁੰਦੀ ਹੈ। ਉਧਰ, ਕੇਂਦਰ ਸਰਕਾਰ ਰਹਿਮ ਦੀ ਅਪੀਲ ਦੇ ਨਬੇੜੇ ਵਿਚ ਦੇਰੀ ਤੇ ਕੁਝ ਹੋਰ ਕਾਰਨਾਂ ਦੇ ਆਧਾਰ 'ਤੇ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਕੈਦੀਆਂ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਬਾਰੇ ਸੁਪਰੀਮ ਕੋਰਟ ਵੱਲੋਂ ਦਿੱਤੇ ਹਾਲੀਆ ਫੈਸਲੇ ਦਾ ਅਧਿਐਨ ਕਰ ਰਹੀ ਹੈ ਤੇ ਉਸ ਨੇ ਇਸ ਬਾਰੇ ਰੀਵਿਊ ਪਟੀਸ਼ਨ ਪਾਉਣ ਦਾ ਇਸ਼ਾਰਾ ਦਿੱਤਾ ਹੈ।

ਐਡੀਸ਼ਨਲ ਸਾਲਿਸਟਰ ਜਨਰਲ ਸਿਧਾਰਥ ਲੂਥਰਾ ਜੋ ਰਾਜੀਵ ਗਾਂਧੀ ਹੱਤਿਆ ਕੇਸ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਤਿੰਨ ਕੈਦੀਆਂ ਦਾ ਮਾਮਲਾ ਅਗਲੇ ਹਫ਼ਤੇ ਪਾਉਣ ਬਾਰੇ ਇਕ ਬੈਂਚ ਅੱਗੇ ਪੇਸ਼ ਹੋਏ ਸਨ, ਨੇ ਦੱਸਿਆ ਕਿ ਇਸ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।

# 'ਹਿਸਟਰੀ ਆਫ਼ ਦਾ ਸਿੱਖਸ' ਕਿਤਾਬ ਦੇ ਪ੍ਰਕਾਸ਼ਕ ਨੇ ਮੁਆਫ਼ੀ ਮੰਗੀ

**ਅੰਮ੍ਰਿਤਸਰ:** ਅੰਗਰੇਜ਼ ਲੇਖਕ ਡਬਲਯੂ. ਐਲ. ਮੈਗਰੇਗਰ ਵੱਲੋਂ ਲਿਖੀ ਪੁਸਤਕ 'ਹਿਸਟਰੀ ਆਫ਼ ਦਾ ਸਿੱਖਸ' ਦੇ ਪ੍ਰਕਾਸ਼ਕ ਆਰ.ਕੇ. ਮਹਿਰਾ ਨੇ ਇਸ ਵਿਚਲੇ ਇਤਰਾਜ਼ਯੋਗ ਤੱਥਾਂ ਲਈ ਸਮੁੱਚੇ ਖਾਲਸਾ ਪੰਥ ਤੋਂ ਮੁਆਫੀ ਮੰਗੀ ਹੈ।

ਇਸ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਪੁੱਜੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਇਸ ਪੁਸਤਕ ਦੇ ਪ੍ਰਕਾਸ਼ਕ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਤਾੜਨਾ ਕੀਤੀ ਸੀ ਤੇ ਇਸ ਪੁਸਤਕ ਬਾਰੇ ਪ੍ਰਸਿੱਧ ਵਿਦਵਾਨ ਪ੍ਰੋਫ਼ੈਸਰ ਪ੍ਰਿਥੀਪਾਲ ਸਿੰਘ ਕਪੂਰ, ਡਾਕਟਰ ਬਲਵੰਤ ਸਿੰਘ ਢਿੱਲੋਂ (ਗੁਰੂ ਨਾਨਕ ਦੇਵ ਯੂਨੀਵਰਸਿਟੀ), ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ, ਐਡਵੋਕੇਟ ਮਹਿੰਦਰ ਸਿੰਘ ਗਿੱਲ ਤੇ ਪ੍ਰੀਤਪਾਲ ਸਿੰਘ 'ਤੇ ਅਧਾਰਤ ਸਬ-ਕਮੇਟੀ ਬਣਾਈ ਗਈ ਸੀ। ਇਸ ਦੇ ਕੋਆਰਡੀਨੇਟਰ ਮੀਤ ਸਕੱਤਰ ਜਗਜੀਤ ਸਿੰਘ ਹਨ। ਇਸ ਪੁਸਤਕ ਵਿਚ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ, ਹੋਰ ਗੁਰੂ ਸਾਹਿਬਾਨ ਬਾਰੇ ਤੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਸੀ। ਰੂਪਾ ਪਬਲੀਕੇਸ਼ਨਜ਼ ਨਵੀਂ ਦਿੱਲੀ ਦੇ ਪ੍ਰਕਾਸ਼ਕ ਆਰ.ਕੇ. ਮਹਿਰਾ ਦੇ ਦਸਤਖ਼ਤਾਂ ਹੇਠ ਇਸ ਬਾਰੇ ਪੱਤਰ ਸ਼੍ਰੋਮਣੀ ਕਮੇਟੀ ਕੋਲ ਪੁੱਜਿਆ ਹੈ। ਉਨ੍ਹਾਂ ਲਿਖਿਆ ਹੈ ਕਿ 1846 ਵਿਚ ਯੂਨੀਵਰਸਿਟੀ ਆਫ਼ ਕੈਲੀਫੋਰਨੀਆਂ ਵੱਲੋਂ ਪ੍ਰਕਾਸ਼ਿਤ ਪੁਸਤਕ ਉਨ੍ਹਾਂ ਦੁਬਾਰਾ ਛਾਪੀ ਸੀ ਪਰ ਕਿਤਾਬ ਵਿਚ ਮੌਜੂਦ ਗਲਤੀਆਂ ਨੋਟ ਕਰਵਾਉਣ ਬਾਅਦ ਕਿਤਾਬ ਦੀ ਪ੍ਰਕਾਸ਼ਨਾ ਰੱਦ ਕਰ ਦਿੱਤੀ ਗਈ ਹੈ। ਉਨ੍ਹਾਂ ਵੱਲੋਂ ਬਿਨ੍ਹਾਂ ਸ਼ਰਤ ਸਮੁੱਚੇ ਖਾਲਸਾ ਪੰਥ ਤੋਂ ਮੁਆਫ਼ੀ ਮੰਗੀ ਗਈ ਹੈ।

# ਸੰਸਾਰ ਦੇ ਧਰਮਾਂ ਦਾ ਦੁਰਲੱਭ ਰੂਹਾਨੀ ਸੰਗੀਤ ਇਕ ਥਾਂ ਮੁਹੱਈਆ

## ਵਿਰਾਸਤ-ਏ-ਖਾਲਸਾ ਵਿਚ ਡਿਜੀਟਲ ਲਾਇਬਰੇਰੀ ਕਾਇਮ



**ਚੰਡੀਗੜ੍ਹ:** ਵਿਰਾਸਤ-ਏ-ਖਾਲਸਾ ਆਨੰਦਪੁਰ ਸਾਹਿਬ ਸਰਬ ਧਰਮ ਦਾ ਇਕ ਅਜਿਹਾ ਨਿਵੇਕਲਾ ਸਥਾਨ ਬਣ ਗਿਆ ਹੈ ਜਿਥੇ ਵਿਸ਼ਵ ਭਰ ਦੇ ਸੈਲਾਨੀ ਆਪਣੇ ਧਰਮ ਦੇ ਦੁਰਲੱਭ ਰੂਹਾਨੀ ਸੰਗੀਤ ਦਾ ਆਨੰਦ ਮਾਣ ਸਕਣਗੇ। ਵਿਰਾਸਤ-ਏ-ਖਾਲਸਾ ਵਿਚ ਸੰਸਾਰ ਦੀ ਪਹਿਲੀ ਅਜਿਹੀ ਡਿਜੀਟਲ ਲਾਇਬਰੇਰੀ ਬਣਾਈ ਗਈ ਹੈ ਜਿਸ ਵਿਚ ਸੰਸਾਰ ਭਰ ਦੇ ਧਰਮਾਂ ਦਾ ਦੁਰਲੱਭ ਰੂਹਾਨੀ ਸੰਗੀਤ ਮੁਹੱਈਆ ਕਰਾਇਆ ਗਿਆ ਹੈ।

ਇਸ ਸਰਬ ਧਰਮ ਡਿਜੀਟਲ ਲਾਇਬਰੇਰੀ ਵਿਚ ਵਿਸ਼ਵ ਦੀਆਂ ਵੱਖ-ਵੱਖ ਭਾਸ਼ਾਵਾਂ ਦੇ ਅੱਠ ਹਜ਼ਾਰ ਤੋਂ ਵੱਧ ਟਰੈਕ ਵਾਲਾ ਸਾਫਟਵੇਅਰ ਚਾਲੂ ਹੋ ਚੁੱਕਾ ਹੈ। ਆਨੰਦਪੁਰ ਸਾਹਿਬ ਫਾਊਂਡੇਸ਼ਨ ਵੱਲੋਂ ਇਸ ਪ੍ਰਾਜੈਕਟ 'ਤੇ 75 ਲੱਖ ਰੁਪਏ ਤੋਂ ਵੱਧ ਖਰਚ ਕੀਤੇ ਗਏ ਹਨ। ਲਾਇਬਰੇਰੀ ਵਿਚ ਰੱਖਿਆ ਗਿਆ ਸੰਗੀਤ ਦੁਕਾਨਾਂ, ਇੰਟਰਨੈੱਟ ਜਾਂ ਸੰਗੀਤ ਕੇਂਦਰਾਂ 'ਤੇ ਮੁਹੱਈਆ ਨਹੀਂ ਹੈ। ਫਾਊਂਡੇਸ਼ਨ ਵੱਲੋਂ ਗ਼ੈਰਸਰਕਾਰੀ ਸੰਸਥਾ 'ਨਾਨਕਸ਼ਾਹੀ ਟਰਸਟ' ਨੂੰ ਦੁਰਲੱਭ ਰੂਹਾਨੀ ਸੰਗੀਤ ਦਾ ਅਜਿਹਾ ਅਨਮੋਲ ਖਜ਼ਾਨਾ ਤਿਆਰ ਕਰਨ ਦਾ ਕੰਮ ਦਸੰਬਰ 2011 ਵਿਚ ਸੌਂਪਿਆ ਗਿਆ ਸੀ।

ਸੰਸਥਾ ਵੱਲੋਂ ਵਿਸ਼ੇਸ਼ ਸਾਫਟਵੇਅਰ ਵਿਕਸਤ ਕਰਕੇ ਫਾਊਂਡੇਸ਼ਨ ਨੂੰ ਸੌਂਪ ਦਿੱਤਾ ਗਿਆ ਹੈ ਜਿਸ ਵਿਚ ਵਿਸ਼ਵ ਦੇ ਹਰੇਕ ਧਰਮ ਦੇ ਰੂਹਾਨੀ ਸੰਗੀਤ ਦੇ ਅੱਠ ਹਜ਼ਾਰ ਦੇ ਕਰੀਬ ਟਰੈਕ ਪਰੋਏ ਗਏ ਹਨ। ਇਹ ਲਾਇਬਰੇਰੀ ਆਰਜ਼ੀ ਤੌਰ 'ਤੇ ਆਮ ਲੋਕਾਂ ਲਈ ਖੋਲ੍ਹ ਦਿੱਤੀ ਗਈ ਹੈ ਜਿਥੇ ਆ ਕੇ ਸ਼ਰਧਾਲੂ ਕੰਪਿਊਟਰ ਸਾਫਟਵੇਅਰ ਦੇ ਜ਼ਰੀਏ ਵਿਸ਼ਵ ਭਰ ਦੇ ਧਰਮਾਂ ਦੇ ਦੁਰਲੱਭ ਸੰਗੀਤ ਦਾ ਆਨੰਦ ਮਾਣ ਸਕਦੇ ਹਨ। ਇਸ ਲਾਇਬਰੇਰੀ ਵਿਚ ਵੀਹ ਕੰਪਿਊਟਰ ਰੱਖੇ ਗਏ ਹਨ ਤੇ ਇਨ੍ਹਾਂ ਤੋਂ ਈਅਰ ਫ਼ੋਨ ਰਾਹੀਂ ਸੰਗੀਤ ਦਾ ਰਸ ਲਿਆ ਜਾ ਸਕਦਾ ਹੈ।

ਫਿਲਹਾਲ ਲਾਇਬਰੇਰੀ ਵਿਚ ਯਹੂਦੀ, ਸ਼ਿੰਟੋ, ਸਿੱਖ, ਸਨਾਤਨ, ਜੈਨ, ਬੁੱਧ, ਇਸਲਾਮ, ਅਫਰੀਕੀ, ਚੀਨੀ, ਸੂਫ਼ੀ, ਇਸਾਈ ਧਰਮਾਂ ਦੇ ਰੂਹਾਨੀ ਸੰਗੀਤ ਦੇ ਟਰੈਕ ਰੱਖੇ ਗਏ ਹਨ। ਫਾਊਂਡੇਸ਼ਨ ਵੱਲੋਂ ਇਸ ਦੇ ਵਿਸਥਾਰ ਦੀ ਯੋਜਨਾ ਵੀ ਬਣਾਈ ਗਈ ਹੈ। ਇਸ ਸੰਗੀਤ ਦਾ ਪੰਜਾਬੀ ਤੇ ਅੰਗਰੇਜ਼ੀ ਵਿਚ ਤਰਜਮਾ ਕੀਤੇ ਜਾਣ ਦੀ ਤਜਵੀਜ਼ ਹੈ। ਨਾਨਕਸ਼ਾਹੀ ਟਰਸਟ ਦੇ ਡਾਇਰੈਕਟਰ ਦਵਿੰਦਰਪਾਲ ਸਿੰਘ ਨੇ ਦੱਸਿਆ ਕਿ ਸੈਲਾਨੀ ਜਿਥੇ ਵਿਰਾਸਤ-ਏ-ਖਾਲਸਾ ਨੂੰ ਦੇਖਣ ਮੌਕੇ ਆਪਣੇ ਧਰਮ ਦੇ ਦੁਰਲੱਭ ਸੰਗੀਤ ਦਾ ਆਨੰਦ ਲੈ ਸਕਣਗੇ, ਉਥੇ ਇਹ ਖੋਜ ਦਾ ਕੇਂਦਰ ਵੀ ਬਣੇਗਾ।

ਇਹ ਸੰਗੀਤ ਉਸੇ ਮੁਲਕ ਦੀ ਭਾਸ਼ਾ ਵਿਚ ਪਰੋ ਕੇ ਰੱਖਿਆ ਗਿਆ ਹੈ ਜਿਥੇ ਇਸ ਦੀ ਰਚਨਾ ਹੋਈ ਹੈ। ਟਰਸਟ ਦੇ ਮੈਂਬਰ ਹਰਿੰਦਰ ਸਿੰਘ ਦਾ ਦਾਅਵਾ ਹੈ ਕਿ ਇਸ ਸੰਗੀਤ ਨੂੰ ਕੇਵਲ ਰੇਡੀਓ ਤੋਂ ਸੁਣਿਆ ਜਾ ਸਕਦਾ ਹੈ ਪਰ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਇਹ ਕੈਸਿਟ ਦੇ ਰੂਪ ਵਿਚ ਰਿਕਾਰਡ ਨਹੀਂ ਕੀਤਾ ਗਿਆ ਹੈ। ਵਿਰਾਸਤ-ਏ-ਖਾਲਸਾ ਦੇ ਇੰਚਾਰਜ ਤੇਜਿੰਦਰ ਸਿੰਘ ਨੇ ਕਿਹਾ ਹੈ ਕਿ ਅਜੇ ਇਸ ਪ੍ਰਾਜੈਕਟ ਨੂੰ ਤਜਰਬੇ ਵਜੋਂ ਸ਼ੁਰੂ ਕੀਤਾ ਗਿਆ ਹੈ ਤੇ ਲਾਇਬਰੇਰੀ ਵਿਚ ਦੁਰਲੱਭ ਸੰਗੀਤ ਦੇ ਹੋਰ ਟਰੈਕ ਵੀ ਸ਼ਾਮਲ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਇਹ ਲਾਇਬਰੇਰੀ ਭਾਵੇਂ ਆਰਜ਼ੀ ਤੌਰ 'ਤੇ ਖੋਲ੍ਹ ਦਿੱਤੀ ਗਈ ਹੈ ਪਰ ਪ੍ਰਾਜੈਕਟ ਵਿਚਲੀਆਂ ਮੁੱਢਲੀਆਂ ਦਿੱਕਤਾਂ ਨੂੰ ਦੂਰ ਕਰਨ ਤੋਂ ਬਾਅਦ ਇਸ ਨੂੰ ਸੈਲਾਨੀਆਂ ਲਈ ਪੂਰੀ ਤਰ੍ਹਾਂ ਖੋਲ੍ਹ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਥੇ ਹਰ ਰੋਜ਼ ਸੱਤ ਤੋਂ ਅੱਠ ਹਜ਼ਾਰ ਸੈਲਾਨੀ ਆ ਰਹੇ ਹਨ ਤੇ ਈਅਰ ਫੋਨਜ਼ ਦੀ ਮਦਦ ਨਾਲ ਉਹ ਸੰਗੀਤ ਸੁਣ ਸਕਿਆ ਕਰਨਗੇ। ਫਾਊਂਡੇਸ਼ਨ ਦੇ ਮੈਨੇਜਰ ਤੇ ਸਭਿਆਚਾਰਕ ਮਾਮਲੇ ਵਿਭਾਗ ਦੇ ਡਾਇਰੈਕਟਰ ਐਨ.ਪੀ.ਐਸ ਰੰਧਾਵਾ ਨੇ ਕਿਹਾ ਕਿ ਇਸ ਲਾਇਬਰੇਰੀ ਨੂੰ ਹੋਰ ਵੀ ਅਮੀਰ ਬਣਾਇਆ ਜਾਵੇਗਾ।

# ਪੁਲਿਸ ਹੱਥੋਂ ਸਾਬਕਾ ਫੌਜੀ ਸ਼ੇਰਗਿੱਲ ਦੀ ਹੱਤਿਆ ਵਿਰੁਧ ਸਿੱਖ ਭਾਈਚਾਰੇ 'ਚ ਰੋਸ

**ਲੋਡਾਈ, ਕੈਲੀਫੋਰਨੀਆ (ਬਿਊਰੋ):** ਖਾੜੀ ਦੀ ਜੰਗ ਵਿਚ ਅਮਰੀਕੀ ਫੌਜਾਂ ਵਲੋਂ ਲੜਨ ਵਾਲੇ ਸਾਬਕਾ ਫੌਜੀ 43 ਸਾਲਾ ਪਰਮਿੰਦਰ ਸਿੰਘ ਸ਼ੇਰਗਿੱਲ ਨੂੰ ਲੰਘੀ 25 ਜਨਵਰੀ ਨੂੰ ਸਥਾਨਕ ਪੁਲਿਸ ਵਲੋਂ ਗੋਲੀ ਮਾਰ ਕੇ ਮਾਰ ਦਿਤੇ ਜਾਣ ਵਿਰੁਧ ਸਿੱਖ ਭਾਈਚਾਰੇ ਵਿਚ ਡੂੰਘਾ ਰੋਸ ਹੈ ਅਤੇ ਇਸ ਵਲੋਂ ਇਸ ਵਾਰਦਾਤ ਦੀ ਤਫਸੀਲ ਵਿਚ ਪੜਤਾਲ ਕਰਵਾਏ ਜਾਣ ਦੀ ਮੰਗ ਕੀਤੀ ਜਾ ਰਹੀ ਹੈ ਤਾਂ ਜੋ ਪੁਲਿਸ ਦੀ ਕਿਸੇ ਸੰਭਾਵੀ ਜ਼ਿਆਦਤੀ ਦਾ ਪਤਾ ਲਾਇਆ ਜਾ ਸਕੇ। ਚਸ਼ਮਦੀਦ ਗਵਾਹਾਂ ਵਲੋਂ ਪੁਲਿਸ ਦੇ ਇਸ ਦਾਅਵੇ ਨੂੰ ਰੱਦ ਕੀਤਾ ਜਾ ਰਿਹਾ ਹੈ ਕਿ ਪੁਲਿਸ ਨੂੰ ਸਵੈ-ਰੱਖਿਆ ਵਿਚ ਗੋਲੀ ਚਲਾਉਣੀ ਪਈ ਜਿਸ ਵਿਚ ਪਰਮਿੰਦਰ ਸਿੰਘ ਦੀ ਮੌਤ ਹੋ ਗਈ। ਚਸ਼ਮਦੀਦ ਗਵਾਹਾਂ ਦਾ ਕਹਿਣਾ ਹੈ ਕਿ ਮਕਤੂਲ ਦੇ ਹੱਥ ਵਿਚ ਚਾਕੂ ਜ਼ਰੂਰ ਸੀ ਪਰ ਉਸ ਨੇ ਪੁਲਿਸ ਉਪਰ ਕੋਈ ਹਮਲਾ ਨਹੀਂ ਸੀ ਕੀਤਾ।

ਪਰਮਿੰਦਰ ਸਿੰਘ ਸ਼ੇਰਗਿੱਲ, ਜਿਸ ਨੇ 1991-92 ਵਿਚ ਖਾੜੀ ਦੀ ਪਹਿਲੀ ਜੰਗ ਵਿਚ ਹਿੱਸਾ ਲਿਆ, ਜੰਗ ਦੌਰਾਨ ਪਹੁੰਚੇ ਸਦਮੇ ਕਾਰਨ ਜ਼ਿਹਨੀ ਤੌਰ 'ਤੇ ਬਿਮਾਰ ਸੀ। ਸਨਿਚਰਵਾਰ 25 ਜਨਵਰੀ ਨੂੰ ਸਵੇਰੇ ਉਸ ਦੀ ਮਾਤਾ ਨੇ ਉਸ ਦੀ ਹਾਲਤ ਖਰਾਬ ਹੋਣ ਕਰਕੇ ਆਪਣੇ ਪੁੱਤਰ ਨੂੰ ਸਾਬਕਾ ਫੌਜੀਆਂ ਦੇ ਹਸਪਤਾਲ ਵਿਚ ਦਾਖਲ ਕਰਵਾਉਣ ਲਈ ਪੁਲਿਸ ਨੂੰ ਮਦਦ ਲਈ ਫੋਨ ਕੀਤਾ ਕਿਉਂਕਿ ਉਹ ਗੁੱਸੇ ਦੇ ਮੂਡ ਵਿਚ ਘਰੋਂ ਬਾਹਰ ਨਿਕਲ ਗਿਆ ਸੀ।

ਪੁਲਿਸ ਦਾ ਦਾਅਵਾ ਹੈ ਕਿ ਜਦੋਂ ਇਹ ਮੌਕੇ 'ਤੇ ਪਹੁੰਚੀ ਤਾਂ ਸ਼ੇਰਗਿਲ ਹੱਥ ਵਿਚ ਚਾਕੂ ਲਈ ਘਰ ਦੇ ਬਾਹਰ ਖੜ੍ਹਾ ਸੀ। ਲੋਡਾਈ ਪੁਲਿਸ ਦੇ ਬੁਲਾਰੇ ਲੈਫਟੀਨੈਂਟ ਸੀਏਰਾ ਬਰੂਸ਼ੀਆ ਅਨੁਸਾਰ ਸ਼ੇਰਗਿੱਲ ਨੇ ਪੁਲਿਸ ਅਫਸਰ ਉਪਰ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਜਿਸ ਕਰਕੇ ਉਸ ਪਾਸ ਗੋਲੀ ਚਲਾਉਣ ਤੋਂ ਛੁਟ ਕੋਈ ਚਾਰਾ ਨਹੀਂ ਸੀ ਬਚਿਆ। ਬਰੂਸ਼ੀਆ ਨੇ ਕਿਹਾ ਕਿ ਜਦੋਂ ਕੋਈ ਵਿਅਕਤੀ ਪੁਲਿਸ ਅਫਸਰ 'ਤੇ ਹਮਲਾ ਕਰੇ ਤਾਂ ਸ਼ੱਕੀ ਹਮਲਾਵਰ ਨੂੰ ਰੋਕਣ ਲਈ ਸਿਰਫ ਲੱਤ ਵਿਚ ਗੋਲੀ ਮਾਰਨਾ ਜੇ ਕਾਫੀ ਨਹੀਂ ਹੈ ਤਾਂ ਸਰੀਰ ਦੇ ਉਪਰਲੇ ਹਿੱਸੇ ਵੀ ਗੋਲੀ ਮਾਰਨਾ ਜਾਇਜ਼ ਹੈ। ਲੋਡਾਈ ਪੁਲਿਸ, ਕੈਲੀਫੋਰਨੀਆ ਨਿਆਂ ਵਿਭਾਗ ਅਤੇ ਸੈਨ ਜੈਕੁਇਨ ਅਟਾਰਨੀ ਦਫਤਰ ਵਲੋਂ ਇਸ ਸਾਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਜੋ ਕਿ ਪੁਲਿਸ ਹੱਥੋਂ ਕਿਸੇ ਵਿਅਕਤੀ ਦੇ ਮਾਰੇ ਜਾਣ ਦੇ ਮਾਮਲੇ ਵਿਚ ਕਰਨ ਦਾ ਵਿਧਾਨ ਹੈ। ਪੁਲਿਸ ਵਿਭਾਗ ਵਲੋਂ ਇਸ ਘਟਨਾ ਵਿਚ ਸ਼ਾਮਲ ਪੁਲਿਸ ਅਫਸਰਾਂ ਦੀ ਪਛਾਣ ਕਾਰਪੋਰਲ ਸਕਾਟ ਬਰੈਟਰਨ ਅਤੇ ਐਡਮ ਲੌਕੀ ਵਜੋਂ ਕੀਤੀ ਗਈ ਹੈ।



*ਪਰਮਿੰਦਰ ਸਿੰਘ ਸ਼ੇਰਗਿੱਲ*

ਪਰਮਿੰਦਰ ਦੇ ਦੋਸਤਾਂ ਅਤੇ ਪਰਿਵਾਰ ਅਨੁਸਾਰ ਘਟਨਾ ਵਾਲੇ ਦਿਨ ਉਹ ਕੁਝ ਪ੍ਰੇਸ਼ਾਨ ਜ਼ਰੂਰ ਸੀ ਪਰ ਉਸ ਨੇ ਪੁਲਿਸ ਉਤੇ ਕੋਈ ਹਮਲਾ ਨਹੀਂ ਸੀ ਕੀਤਾ। ਉਸ ਦੀ ਭੈਣ ਕੁਲਬਿੰਦਰ ਸਹੋਤਾ ਨੇ ਧਾਹੀਂ ਰੋਂਦਿਆਂ ਕਿਹਾ, ਉਸ ਨੇ ਤਾਂ ਆਪਣੀ ਜਾਨ ਵੀ ਇਸ ਮੁਲਕ ਲਈ ਦਾਅ 'ਤੇ ਲਾਈ ਰੱਖੀ। ਉਸ ਨਾਲ ਇਹ ਸਲੂਕ ਤਾਂ ਨਹੀਂ ਸੀ ਹੋਣਾ ਚਾਹੀਦਾ।

ਗੁਰਦੁਆਰਾ ਦਸ਼ਮੇਸ਼ ਦਰਬਾਰ ਦੀ ਸੰਗਤ ਵਲੋਂ ਲੰਘੇ ਸ਼ੁੱਕਰਵਾਰ ਨੂੰ ਵਿਛੜੀ ਰੂਹ ਦੀ ਯਾਦ ਵਿਚ ਕੈਂਡਲ ਲਾਈਟ ਵਿਜ਼ਿਲ ਕੀਤਾ ਗਿਆ ਜਿਸ ਵਿਚ ਅਮਰੀਕੀ ਮੁੱਖ ਧਾਰਾ ਦੇ ਬਹੁਤ ਸਾਰੇ ਲੋਕ ਵੀ ਸ਼ਾਮਲ ਹੋਏ।

## ਵਿਸਤ੍ਰਿਤ ਜਾਂਚ ਦੀ ਮੰਗ

ਗੁਰਦੁਆਰਾ ਦਸ਼ਮੇਸ਼ ਦਰਬਾਰ, ਲੋਡਾਈ ਦੇ ਪ੍ਰਧਾਨ ਜਸਬੀਰ ਸਿੰਘ ਸੋਹਲ ਨੇ ਇਸ ਘਟਨਾ ਤੋਂ ਪ੍ਰਤੀਕਰਮ ਜਾਹਰ ਕਰਦਿਆਂ ਕਿਹਾ ਕਿ ਸ਼ੇਰਗਿੱਲ ਨੂੰ ਡਾਕਟਰ ਪਾਸ ਲੈ ਜਾਣ ਦੀ ਥਾਂ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਸ. ਸੋਹਲ ਨੇ ਕਿਹਾ ਕਿ ਜੋ ਪੁਲਿਸ ਕਹਿ ਰਹੀ ਹੈ, ਚਸ਼ਮਦੀਦ ਗਵਾਹ ਉਸ ਤੋਂ ਐਨ ਉਲਟ ਕਹਿ ਰਿਹਾ ਹੈ, ਇਸ ਕਰਕੇ ਸਾਡੀ ਮੰਗ ਹੈ ਕਿ ਸਾਰੀ ਘਟਨਾ ਦੀ ਫੌਰੀ ਤੌਰ 'ਤੇ ਵਿਸਤ੍ਰਿਤ ਜਾਂਚ ਕਰਵਾਈ ਜਾਵੇ।

ਪਰਿਵਾਰ ਵਲੋਂ ਕੀਤੇ ਗਏ ਵਕੀਲ ਮਾਰਕ ਮੈਰਿਨ ਨੇ ਸ਼ੁੱਕਰਵਾਰ ਦੇ ਕੈਂਡਲ ਲਾਈਟ ਵਿਜ਼ਿਲ ਦੌਰਾਨ ਗੱਲ ਕਰਦਿਆਂ ਪੁਲਿਸ ਵਲੋਂ ਦਿੱਤੇ ਗਏ ਵੇਰਵੇ ਨੂੰ ਕੱਟਦਿਆਂ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਦੀ ਪੜਤਾਲ ਅਨੁਸਾਰ ਪੁਲਿਸ ਨੇ ਘਟਨਾ ਵਾਲੀ ਥਾਂ 'ਤੇ 14 ਗੋਲੀਆਂ ਚਲਾਈਆਂ। ਮੈਰਿਨ ਅਨੁਸਾਰ ਜਾਂਚ ਕਰਤਾਵਾਂ ਨੇ ਦੱਸਿਆ ਹੈ ਕਿ ਜਦੋਂ ਪੁਲਿਸ ਅਫਸਰਾਂ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਸ਼ੇਰਗਿੱਲ ਨੇ ਪਹਿਲਾਂ ਪਿਛੇ ਨੂੰ ਘੁੰਮਣ ਤੋਂ ਇਨਕਾਰ ਕੀਤਾ ਅਤੇ ਉਦੋਂ ਤੱਕ ਉਹ ਪਿਛੇ ਵੱਲ ਨਹੀਂ ਮੁੜਿਆ ਜਦੋਂ ਤੱਕ ਕੇ ਉਹ ਆਪਣੇ ਘਰ ਦੇ ਸਾਹਮਣੇ ਨਹੀਂ ਪਹੁੰਚ ਗਿਆ। ਇਸ ਪਿਛੋਂ ਸ਼ੇਰਗਿੱਲ ਨੇ ਆਪਣੇ ਹੱਥ ਖੜ੍ਹੇ ਕਰ ਦਿਤੇ ਅਤੇ ਉਚੀ ਆਵਾਜ਼ ਵਿਚ ਕਿਹਾ, ਮੈਨੂੰ ਗੋਲੀ ਨਾ ਮਾਰਿਓ ਅਤੇ ਇਸੇ ਸਮੇਂ ਪੁਲਿਸ ਅਫਸਰਾਂ ਨੇ ਉਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਮੈਰਿਨ ਨੇ ਕਿਹਾ ਕਿ ਇਹ ਸਪਸ਼ਟ ਤੌਰ 'ਤੇ ਇਕ ਮਨੁੱਖੀ ਜਾਨ ਬਿਲਕੁਲ ਹੀ ਅਜਾਈਂ ਗੁਆਉਣ ਵਾਲੀ ਗੱਲ ਹੈ।

ਸ਼ੇਰਗਿੱਲ ਨੇ ਲੋਡਾਈ ਹਾਈ ਸਕੂਲ ਤੋਂ 1989 ਵਿਚ ਗਰੈਜੂਏਸ਼ਨ ਕੀਤੀ ਅਤੇ ਫੌਜ ਦੀ ਇਨਫੈਂਟਰੀ ਡਵੀਜ਼ਨ ਵਿਚ ਭਰਤੀ ਹੋ ਗਿਆ। ਜਰਮਨੀ ਵਿਚ 2 ਸਾਲ ਗੁਜ਼ਾਰਨ ਪਿਛੋਂ ਉਸ ਨੇ ਖਾੜੀ ਦੀ ਜੰਗ ਵਿਚ ਹਿੱਸਾ ਲਿਆ ਅਤੇ 1995 ਵਿਚ ਖਾਰਜ ਕਰ ਦਿਤੇ ਜਾਣ ਤੱਕ ਉਹ ਫੌਜ ਵਿਚ ਰਿਹਾ। ਉਪਰੰਤ ਉਸ ਨੇ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਤੋਂ ਬਾਇਓ ਕੈਮਿਸਟਰੀ ਅਤੇ ਇਲੈਕਟ੍ਰੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ। ਇਸ ਸਮੇਂ ਉਹ ਪੈਸੀਫਿਕ ਕੋਸਟ ਪ੍ਰੋਡਿਊਸਰਜ਼ ਨਾਂ ਦੀ ਕੰਪਨੀ ਵਿਚ ਕੰਟਰੋਲ ਰੂਮ ਅਪਰੇਟਰ ਵਜੋਂ ਕੰਮ ਕਰਦਾ ਸੀ।

## ਸੈਕਰਾਮੈਂਟੋ ਵਿਚ ਦੋ ਸਿੱਖ ਨੌਜਵਾਨ ਹਾਦਸੇ 'ਚ ਹਲਾਕ

**ਸੈਕਰਾਮੈਂਟੋ:** ਇਥੇ ਹੋਅ ਐਵੇਨਿਊ 'ਤੇ ਇਕ ਸੜਕ ਹਾਦਸੇ ਵਿਚ ਦੋ ਸਿੱਖ ਨੌਜਵਾਨ ਉਸ ਸਮੇਂ ਮਾਰੇ ਗਏ ਜਦੋਂ ਉਨ੍ਹਾਂ ਦੀ ਤੇਜ਼ ਰਫਤਾਰ ਕਾਰ ਇਕ ਦਰਖਤ ਨਾਲ ਜਾ ਟਕਰਾਈ। ਦੋਵਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ 25 ਸਾਲਾ ਦੇਸ਼ਪਾਲ ਸਿੰਘ ਤੇ 23 ਸਾਲਾ ਪ੍ਰਦੀਪ ਸਿੰਘ ਔਲਖ ਵਜੋਂ ਹੋਈ ਹੈ। ਦੋਵੇਂ ਨੌਜਵਾਨ ਸੈਕਰਾਮੈਂਟੋ ਦੇ ਹੀ ਰਹਿਣ ਵਾਲੇ ਸਨ।

ਪੁਲਿਸ ਅਨੁਸਾਰ ਹਾਦਸਾ ਉਦੋਂ ਵਾਪਰਿਆ ਜਦੋਂ ਕਾਰ ਚਾਲਕ ਗੱਡੀ ਤੋਂ ਸੰਤੁਲਨ ਗੁਆ ਬੈਠਾ ਜਿਸ ਕਾਰਨ ਗੱਡੀ ਦਰਖਤ ਨਾਲ ਜਾ ਟਕਰਾਈ ਤੇ ਕਾਰ ਨੂੰ ਅੱਗ ਲੱਗ ਗਈ। ਦੁਰਘਟਨਾ ਕਾਰਨ ਕਰੀਬ ਚਾਰ ਘੰਟਿਆਂ ਤੋਂ ਵੱਧ ਸਮਾਂ ਟਰੈਫਿਕ ਜਾਮ ਲੱਗਿਆ ਰਿਹਾ।

## ਪੀ ਸੀ ਏ ਦਾ ਸਾਲਾਨਾ ਮੇਲਾ 3 ਅਗਸਤ ਨੂੰ

**ਫਰਿਜ਼ਨੋ (ਬਿਊਰੋ):** ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ ਸੀ ਏ) ਵਲੋਂ ਆਪਣਾ ਸਾਲਾਨਾ ਮੇਲਾ ਐਤਕੀਂ 3 ਅਗਸਤ, ਐਤਵਾਰ ਨੂੰ ਰੱਖਿਆ ਗਿਆ ਹੈ। ਇਸ ਮੇਲੇ ਵਿਚ ਦਰਸ਼ਕਾਂ ਦਾ ਮਨੋਰੰਜਨ ਪੰਜਾਬੀਆਂ ਦੇ ਹਰਮਨ ਪਿਆਰੇ ਗਾਇਕ ਗੁਰਦਾਸ ਮਾਨ ਕਰਨਗੇ। ਮੇਲੇ ਲਈ ਟਿਕਟ ਸਿਰਫ 20 ਡਾਲਰ ਰੱਖੀ ਗਈ ਹੈ। 7 ਸਾਲ ਤੱਕ ਦੇ ਬੱਚਿਆਂ ਲਈ ਦਾਖਲਾ ਮੁਫਤ ਹੋਵੇਗਾ। ਬਜ਼ੁਰਗ ਆਪਣਾ ਸਨਾਖਤੀ ਕਾਰਡ ਵਿਖਾ ਕੇ ਮੁਫਤ ਦਾਖਲਾ ਹਾਸਲ ਕਰ ਸਕਣਗੇ।

ਜ਼ਿਕਰਯੋਗ ਹੈ ਕਿ ਪੀ ਸੀ ਏ ਪਿਛਲੇ 7-8 ਸਾਲ ਤੋਂ ਲਗਤਾਰ ਪੰਜਾਬੀ ਭਾਈਚਾਰੇ ਨੂੰ ਆਪਣੇ ਸੱਭਿਆਚਾਰ ਨਾਲ ਜੋੜੀ ਰੱਖਣ ਲਈ ਉਪਰਾਲੇ ਕਰਦੀ ਆ ਰਹੀ ਹੈ ਅਤੇ ਇਸੇ ਸਿਲਸਿਲੇ ਵਿਚ ਸੰਸਥਾ ਵਲੋਂ ਹਰ ਵਰ੍ਹੇ ਸਭਿਆਚਾਰਕ ਪ੍ਰੋਗਰਾਮ ਕਰਵਾਏ ਜਾਂਦੇ ਹਨ। ਇਸ ਮੇਲੇ ਮੌਕੇ ਪੰਜਾਬੀ ਲੋਕ ਨ੍ਰਿਤ ਗਿੱਧੇ ਅਤੇ ਭੰਗੜੇ ਦੇ ਜੌਹਰ ਵੀ ਵੇਖਣ ਨੂੰ ਮਿਲਣਗੇ। ਜਿਹੜੀਆਂ ਟੀਮਾਂ ਭਾਗ ਲੈਣਾ ਚਾਹੁੰਦੀਆਂ ਹਨ, ਉਹ ਫੋਨ 559-333-5776 ਜਾਂ 408-966-7019 ਰਾਹੀਂ ਸੰਪਰਕ ਕਰ ਸਕਦੀਆਂ ਹਨ।

## ਪ੍ਰੋ. ਰਾਓ ਅਤੇ ਸਚਿਨ ਨੂੰ ਭਾਰਤ ਰਤਨ

**ਨਵੀਂ ਦਿੱਲੀ:** ਕ੍ਰਿਕਟ ਖਿਡਾਰੀ ਸਚਿਨ ਤੇਂਦੁਲਕਰ ਅਤੇ ਉਘੇ ਵਿਗਿਆਨੀ ਪ੍ਰੋ. ਸੀ.ਐਨ.ਆਰ. ਰਾਓ ਨੂੰ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਦੇਸ਼ ਦੇ ਸਰਵਉਚ ਸਨਮਾਨ 'ਭਾਰਤ ਰਤਨ' ਨਾਲ ਨਵਾਜਿਆ। ਕੌਮਾਂਤਰੀ ਕ੍ਰਿਕਟ ਤੋਂ ਬੀਤੇ ਵਰ੍ਹੇ 16 ਨਵੰਬਰ ਨੂੰ ਸੰਨਿਆਸ ਲੈਣ ਵਾਲੇ 40 ਸਾਲ ਦੇ ਸਚਿਨ ਤੇਂਦੁਲਕਰ ਦੇਸ਼ ਦੇ ਪਹਿਲੇ ਖਿਡਾਰੀ ਹਨ ਜਿਨ੍ਹਾਂ ਨੂੰ ਇਹ ਸਨਮਾਨ ਦਿੱਤਾ ਗਿਆ ਹੈ।

ਰਾਸ਼ਟਰਪਤੀ ਭਵਨ ਦੇ ਦਰਬਾਰ ਹਾਲ ਵਿਚ ਇਹ ਸਨਮਾਨ ਦਿੱਤਾ ਗਿਆ। ਇਸ ਮੌਕੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਉਪ ਰਾਸ਼ਟਰਪਤੀ ਹਾਮਿਦ ਅੰਸਾਰੀ, ਯੂ.ਪੀ.ਏ. ਚੇਅਰਪਰਸਨ ਸੋਨੀਆ ਗਾਂਧੀ ਅਤੇ ਕੇਂਦਰੀ ਮੰਡਲ ਦੇ ਕਈ ਮੈਂਬਰ ਮੌਜੂਦ ਸਨ। ਕਾਲੇ ਰੰਗ ਦੀ ਸ਼ੇਰਵਾਨੀ ਪਹਿਨੇ ਤੇਂਦੁਲਕਰ ਆਪਣੀ ਪਤਨੀ ਅੰਜਲੀ ਤੇ ਧੀ ਸਾਰਾ ਨਾਲ ਆਏ ਸਨ। ਪ੍ਰੋ. ਰਾਓ ਨਾਲ ਉਨ੍ਹਾਂ ਦੀ ਪਤਨੀ ਮੌਜੂਦ ਸਨ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ

*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ

*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi

Office: (866) 933-3038

Balhar S. Ranu Cell:916-502-7733

Yuba City Ph:530-419-5058

1816 Main Ave., Secramento CA, 95838



Want to Sell Your Home

We can sell your home fast @ best price.

ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Sacramento, Stockton, Roseville area prices are on the rise.*

Please call me to find out value of your home.

If you are thinking to Buy or Sell a Home, please give us a chance

*Call: Sohanpreet 'Sam' Chahal*

@916-612-5773

Serving from Bay Area to Sacramento

Multi-Million Dollars Producer-2007 to 2012

Golden State Realty

Sacramento Office: 9912 Kapalua Ln., Elk Grove, CA 95624

Tel: 916-612-5773 Fax: 916-689-5707

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਖੁੱਲ੍ਹੇ ਅੰਬਰੀਂ, ਕੁੜੀਆਂ ਭਰਨ ਉਡਾਰੀ ਨੀ...

## ਮਿਸਾਲ ਬਣ ਗਿਆ ਲੁਬਾਣੇ ਦੀਆਂ 'ਧੀਆਂ ਦਾ ਮੇਲਾ'



**ਨਾਭਾ:** ਨੇੜਲਾ ਪਿੰਡ ਲੁਬਾਣਾ, ਧੀਆਂ ਦੀ ਅੰਬਰੀ ਉਡਾਣ ਦਾ ਜ਼ਰੀਆ ਬਣ ਗਿਆ ਹੈ। ਇਸ ਪਿੰਡ ਵਿਚ ਕਰਵਾਇਆ 'ਮੇਲਾ ਧੀਆਂ ਦਾ' ਦਾ ਸੁਨੇਹਾ ਅਤੇ ਸੱਦਾ ਬਹੁਤ ਸਪਸ਼ਟ ਸੀ- ਅਸੀਂ ਆਪਣੇ ਖੰਭਾਂ ਨਾਲ ਉਚੇ ਅਸਮਾਨਾਂ ਵਿਚ ਉਡਾਣ ਭਰ ਸਕਦੀਆਂ ਹਨ। ਚੇਤੇ ਰਹੇ ਕਿ ਧੀਆਂ ਦੇ ਇਸ ਸਮਾਗਮ ਦੇ ਸਾਰੇ ਪ੍ਰਬੰਧ ਅਤੇ ਸਰਗਰਮੀ ਕੁੜੀਆਂ ਨੇ ਆਪ ਕੀਤੀ ਅਤੇ ਹੋਕਾ ਦਿੱਤਾ ਕਿ ਉਹ ਜ਼ਿੰਦਗੀ ਦੇ ਹਰ ਖੇਤਰ ਵਿਚ ਇੰਝ ਹੀ ਸਵੈ-ਨਿਰਭਰ ਹੋਣ।

ਪਿੰਡ ਲੁਬਾਣਾ ਦੀਆਂ ਜੰਮਪਲ ਸੈਂਕੜੇ ਧੀਆਂ ਦੀ ਨੁਮਾਇੰਦਗੀ ਕਰ ਰਹੀਆਂ ਰਣਜੀਤ ਕੌਰ (ਨਾਭਾ), ਬਲਵੀਰ ਕੌਰ (ਮਹਾਦੀਆਂ), ਚੰਦ ਕੌਰ (ਬਡਾਲੀ) ਨੇ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਇਸ ਸਮਾਗਮ ਦਾ ਸੱਦਾ ਪੱਤਰ ਮਿਲਿਆ ਸੀ ਤਾਂ ਉਨ੍ਹਾਂ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਸੀ ਰਿਹਾ। ਇਸ ਖੁਸ਼ੀ ਨੂੰ ਲਫ਼ਜ਼ਾਂ 'ਚ ਬਿਆਨ ਕਰਨਾ ਬਹੁਤ ਔਖਾ ਹੈ। ਇਨ੍ਹਾਂ ਵਿਚੋਂ ਬਹੁਤੀਆਂ ਧੀਆਂ ਸਮਾਗਮ ਤੋਂ ਦੋ ਦਿਨ ਪਹਿਲਾਂ ਹੀ ਪਿੰਡ ਪੁੱਜ ਗਈਆਂ ਸਨ। ਪਿੰਡ ਦੀਆਂ ਬਹੁਤੀਆਂ ਵਡਉਮਰ ਧੀਆਂ ਇਸ ਮਿਲਣੀ ਤੋਂ ਫੁੱਲੀਆਂ ਨਹੀਂ ਸਨ ਸਮਾ ਰਹੀਆਂ। ਜਤਿੰਦਰ ਕੌਰ ਮੁਤਾਬਕ ਉਹ 21 ਸਾਲਾਂ ਬਾਅਦ ਆਪਣੀਆਂ ਸਹੇਲੀਆਂ ਨੂੰ ਮਿਲੀ।

ਪਿੰਡ ਧੰਗੇੜਾ ਦੇ ਸਕੂਲ ਦੇ ਮੈਦਾਨ ਵਿਚ ਕਰਵਾਏ 'ਮੇਲਾ ਧੀਆਂ ਦਾ' ਸਮਾਗਮ ਵਿਚ ਸ਼ਾਮਲ ਹੋਣ ਲਈ ਲੁਬਾਣੇ ਪਿੰਡ ਦੀਆਂ ਵਿਆਹੀਆਂ ਧੀਆਂ ਦੂਰੋਂ-ਨੇੜਿਓਂ ਆਪਣੇ ਬਾਬਲ ਦੇ ਵਿਹੜੇ ਵਿਚ ਉਡਾਰੀ ਮਾਰ ਕੇ ਪਹੁੰਚੀਆਂ, ਤੇ ਆਪਣੀਆਂ ਸਹੇਲੀਆਂ ਨੂੰ ਬਾਹਾਂ ਵਿਚ ਲੈ ਕੇ ਭਾਵੁਕ ਹੋ ਕੇ ਮਿਲੀਆਂ। ਇਸ ਸਮਾਗਮ ਵਿਚ ਪਿੰਡ ਦੀਆਂ ਤਿੰਨ ਪੀੜ੍ਹੀਆਂ ਦਾ ਮੇਲ ਹੋਇਆ। ਪਿੰਡ ਦੀਆਂ ਗਲੀਆਂ ਵਿਚ ਇਕੱਠੀਆਂ ਖੇਡਣ ਤੋਂ ਲੈ ਕੇ ਚਰਖਿਆਂ 'ਤੇ ਪੂਣੀਆਂ ਕੱਤਣ, ਦਰੀਆਂ ਬੁਣਨ, ਚਾਦਰਾਂ ਕੱਢਣ, ਖੂਹਾਂ ਤੋਂ ਪਾਣੀ ਲਿਆਉਣ, ਖੇਤਾਂ ਵਿਚ ਕੰਮ ਕਰਨ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਆਪਣੇ ਪੁੱਤ-ਪੱਤਰੀਆਂ, ਪੋਤਿਆਂ-ਪੋਤੀਆਂ, ਪੜੋਤਿਆਂ-ਪੜੋਤੀਆਂ ਬਾਰੇ ਖੁਸ਼ੀਆਂ ਅਤੇ ਤਕਲੀਫਾਂ ਤੋਂ ਜਾਣੂ ਹੋਈਆਂ। ਇਕੱਠੇ ਹੋਏ ਚਿੜੀਆਂ ਦੇ ਇਸ ਚੰਬੇ ਨੇ ਆਪਣੀਆਂ ਪੁਰਾਣੀਆਂ ਸਹੇਲੀਆਂ ਨਾਲ ਮਿਲ ਕੇ ਪੁਰਾਣੇ ਗੀਤ, ਸਿੱਠਣੀਆਂ, ਘੋੜੀਆਂ, ਬੋਲੀਆਂ ਪਾ ਕੇ ਭੁਲਾਏ ਜਾ ਰਹੇ ਪੰਜਾਬੀ ਸਭਿਆਚਾਰ ਨੂੰ ਵੀ ਤਾਜ਼ਾ ਕੀਤਾ। ਮੌਜੂਦਾ ਦੌਰ 'ਚ ਚੱਲ ਰਹੇ ਵੀ.ਆਈ.ਪੀ. ਸਭਿਆਚਾਰ ਤੋਂ ਹਟ ਕੇ ਇਸ ਮੇਲੇ ਵਿਚ ਕਿਸੇ ਵੀ ਉੱਚ ਅਧਿਕਾਰੀ ਜਾਂ ਰਾਜਸੀ ਆਗੂ ਨੂੰ ਨਹੀਂ ਸੱਦਿਆ ਗਿਆ ਸਗੋਂ ਮੇਲੇ ਵਿਚ ਪਹੁੰਚੀਆਂ ਪਿੰਡ ਦੀਆਂ ਧੀਆਂ ਨੂੰ ਹੀ ਵੀ.ਆਈ.ਪੀ. ਦੇ ਤੌਰ 'ਤੇ ਸਨਮਾਨ ਦਿੱਤਾ ਗਿਆ। ਪਿੰਡ ਦੀਆਂ ਸਭ ਤੋਂ ਬਜ਼ੁਰਗ ਧੀਆਂ ਨੇ ਹੀ ਮੇਲੇ ਦਾ ਉਦਘਾਟਨ ਕੀਤਾ।

ਮੇਲੇ 'ਚ ਪਹੁੰਚੀ ਜਸਪਾਲ ਕੌਰ ਨੇ ਆਖਿਆ ਕਿ 30 ਸਾਲਾਂ ਬਾਅਦ ਉਹ ਆਪਣੀ ਸਹੇਲੀ ਨੂੰ ਮਿਲੀ ਜਿਸ ਨੂੰ ਮਿਲਿਆਂ ਮੁੱਦਤਾਂ ਹੋ ਗਈਆਂ ਸਨ। ਉਹ ਆਪਣੇ ਸਾਰੇ ਕੰਮ-ਕਾਰ ਛੱਡ ਕੇ ਇਸ ਸਮਾਗਮ 'ਚ ਸ਼ਾਮਲ ਹੋਣ ਲਈ ਆਈ ਹੈ। ਘਰ ਤੇ ਸਮਾਜਿਕ ਜ਼ਿੰਮੇਵਾਰੀਆਂ ਵਧਣ ਕਾਰਨ ਮੋਹ ਦੀਆਂ ਤੰਦਾਂ ਟੁੱਟ ਰਹੀਆਂ ਹਨ। ਅੱਜ ਦੀ ਪੀੜ੍ਹੀ ਨੂੰ ਉਨ੍ਹਾਂ ਦੇ ਕੰਮ-ਕਾਰ ਰਾਸ ਨਹੀਂ ਆ ਰਹੇ। ਕਿਸੇ ਕੋਲ ਗੱਲ ਕਰਨ ਦਾ ਹੀ ਵਿਹਲ ਨਹੀਂ ਰਿਹਾ। ਉਸ ਨੇ ਭਾਵੁਕ ਹੁੰਦਿਆਂ ਕਿਹਾ, "ਪਰ ਪਿੰਡ ਦੀਆਂ ਗਲੀਆਂ ਉਹੀ ਹਨ, ਜਿਥੇ ਕਦੇ ਉਹ ਆਪਣੀਆਂ ਸਹੇਲੀਆਂ ਨਾਲ ਖੇਡਦੀ ਸੀ।

ਪਰਮਜੀਤ ਕੌਰ ਤੇ ਜਰਨੈਲ ਕੌਰ ਨੇ ਕਿਹਾ ਕਿ ਪਿੰਡ ਦੀਆਂ ਕੁਝ ਲੜਕੀਆਂ ਵੱਲੋਂ ਕੀਤੀ ਪਹਿਲਕਦਮੀ ਸਦਕਾ ਹੀ ਅਜਿਹਾ ਪ੍ਰੋਗਰਾਮ ਸੰਭਵ ਹੋਇਆ ਹੈ। ਹੁਣ ਬੱਚੇ ਜਦੋਂ ਆਪਣੇ ਸਭਿਆਚਾਰ ਨਾਲੋਂ ਟੁੱਟ ਕੇ ਵਿਦੇਸ਼ੀ ਸਭਿਆਚਾਰ 'ਚ ਰੰਗੇ ਜਾ ਰਹੇ ਹਨ, ਉਸ ਸਮੇਂ ਅਜਿਹੇ ਪ੍ਰੋਗਰਾਮ ਕਰਵਾਉਣੇ ਹੋਰ ਵੀ ਜ਼ਰੂਰੀ ਹਨ। ਇਸ ਨਾਲ ਔਰਤਾਂ 'ਚ ਆਪਣੇ ਆਪ ਕੁਝ ਕਰਨ ਤੇ ਫੈਸਲੇ ਲੈਣ ਦੀ ਚੇਤਨਾ ਵੀ ਪੈਦਾ ਹੋਵੇਗੀ ਕਿਉਂਕਿ ਸਮਾਜ ਦੀ ਬਿਹਤਰੀ ਲਈ ਔਰਤਾਂ ਦਾ ਸੁਚੇਤ ਹੋਣਾ ਤੇ ਮਰਦਾਂ ਦੇ ਬਰਾਬਰ ਅਧਿਕਾਰ ਮਿਲਣਾ ਬੇਹੱਦ ਜ਼ਰੂਰੀ ਹਨ। ਇਸ ਨਾਲ ਹੀ ਭਰੂਣ ਹੱਤਿਆ, ਬਲਾਤਕਾਰ, ਨੂੰਹਾਂ ਨੂੰ ਮਾਰਨਾ, ਔਰਤਾਂ 'ਤੇ ਘਰੇਲੂ ਹਿੰਸਾ ਆਦਿ ਅਲਾਮਤਾਂ ਦੂਰ ਹੋ ਸਕਣਗੀਆਂ।

ਇਸੇ ਪਿੰਡ ਦੀਆਂ ਧੀਆਂ ਸ਼ਿੰਦਰ ਕੌਰ ਤੇ ਸ਼ੀਲਾ ਨੇ ਜਦੋਂ ਕੁੜੀਆਂ ਨੂੰ ਗਿੱਧਾ ਪਾਉਂਦੇ ਤੇ ਗੀਤ ਗਾਉਂਦੇ ਦੇਖਿਆ ਤਾਂ ਉਨ੍ਹਾਂ ਤੋਂ ਰਿਹਾ ਨਾ ਗਿਆ। ਉਨ੍ਹਾਂ ਦੇ ਪੈਰ ਮੱਲੋ-ਮੱਲੀ ਗਿੱਧਾ ਪਾਉਣ ਲਈ ਉੱਠੇ, ਤੇ ਉਹ ਸਟੇਜ 'ਤੇ ਜਾ ਗਿੱਧੇ ਵਿਚ ਨੱਚੀਆਂ। ਉਨ੍ਹਾਂ ਨੇ ਜਦੋਂ 'ਘੋੜੀ ਚੜ੍ਹਿਆ ਮਾਂ ਦਾ ਨੰਦ ਜੀਓਂ ਤਾਰਿਆਂ 'ਚ ਚੰਦ ਨੀਓਂ' ਹੇਕ ਲਾ ਕੇ ਗਾਇਆ ਤਾਂ ਪੰਜਾਬ ਦਾ ਪੁਰਾਣਾ ਸਮਾਂ ਯਾਦ ਕਰਵਾ ਦਿੱਤਾ। ਕਰਮਜੀਤ ਕੌਰ ਅਤੇ ਸਫ਼ੀ ਨੇ 'ਉਚਾ ਪਾਣੀ ਡੋਲ੍ਹਿਆ, ਪਾਣੀ ਨੀਵੇਂ ਨੂੰ ਆਵੇ' ਨੂੰ ਲੰਮੀਆਂ ਹੇਕਾਂ 'ਚ ਗਾ ਕੇ ਸਾਰਿਆਂ ਦਾ ਧਿਆਨ ਖਿੱਚ ਲਿਆ। ਖੰਨੇ ਤੋਂ ਆਈ ਕੁਲਵੰਤ ਕੌਰ (70) ਨੇ ਕਿਹਾ ਕਿ ਜ਼ਿੰਦਗੀ 'ਚ ਪਹਿਲੀ ਵਾਰ ਅਜਿਹਾ ਮੌਕਾ ਮਿਲਿਆ ਹੈ ਜਦੋਂ ਇੱਕੋ ਪਿੰਡ ਦੀਆਂ ਕੁੜੀਆਂ ਇਕ ਥਾਂ ਇਕੱਠੀਆਂ ਹੋਈਆਂ ਹਨ। ਪਹਿਲਾਂ ਤੀਆਂ ਦੇ ਮੌਕੇ ਤ੍ਰਿੰਞਣਾਂ 'ਚ ਪਿੰਡ ਦੀਆਂ ਧੀਆਂ ਇਕੱਠੀਆਂ ਹੁੰਦੀਆਂ ਸਨ ਪਰ ਹੁਣ ਬਦਲੇ ਯੁੱਗ 'ਚ ਸਭ ਕੁਝ ਖ਼ਤਮ ਹੁੰਦਾ ਜਾ ਰਿਹਾ ਹੈ। 'ਮੇਲਾ ਧੀਆਂ ਦਾ' ਫਿਰ ਮਿਲਣ ਦੇ ਵਾਅਦੇ ਨਾਲ ਸਮਾਪਤ ਹੋ ਗਿਆ।

# ਸਾਂਝੇ ਮੋਰਚੇ ਦੀਆਂ ਚੂਲਾਂ ਹਿੱਲੀਆਂ

*(ਸਫਾ ਇਕ ਦੀ ਬਾਕੀ)*

ਚਰਨ ਸਿੰਘ ਵਿਰਦੀ ਨੇ ਕਿਹਾ ਕਿ ਸੁਰਜੀਤ ਸਿੰਘ ਬਰਨਾਲਾ ਦੇ ਇਸ ਬਿਆਨ ਨਾਲ ਸਾਂਝੇ ਮੋਰਚੇ ਦੀ ਸਹਿਮਤੀ ਨਹੀਂ ਹੈ। ਇਹ ਬਿਆਨ ਉਨ੍ਹਾਂ ਦਾ ਨਿਜੀ ਹੋ ਸਕਦਾ ਹੈ। ਸੀ.ਪੀ.ਆਈ. ਦੇ ਕੌਮੀ ਐਗਜੈਕਟਿਵ ਮੈਂਬਰ ਡਾ. ਜੋਗਿੰਦਰ ਦਿਆਲ ਨੇ ਕਿਹਾ ਕਿ ਅਕਾਲੀ-ਭਾਜਪਾ ਤੇ ਕਾਂਗਰਸ ਨਾਲ ਕਿਸੇ ਤਰ੍ਹਾਂ ਦੇ ਸਮਝੌਤੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਹ ਵੀ ਸੁਰਜੀਤ ਸਿੰਘ ਬਰਨਾਲਾ ਦੇ ਬਿਆਨ ਨਾਲ ਸਹਿਮਤ ਨਹੀਂ। ਦੂਜੇ ਪਾਸੇ ਸ. ਬਰਨਾਲਾ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਸਾਂਝਾ ਮੋਰਚਾ ਸਮਝੌਤਾ ਹੋਣ ਤੋਂ ਬਾਅਦ ਹੀ ਆਪਣੇ ਉਮੀਦਵਾਰਾਂ ਦੇ ਨਾਂਵਾਂ ਦਾ ਐਲਾਨ ਕਰੇਗਾ।

ਉਨ੍ਹਾਂ ਇਥੇ ਟਿਕਟਾਂ ਦੀ ਵੰਡ ਬਾਰੇ ਕਿਹਾ ਕਿ ਇਸ ਸਬੰਧੀ ਕੋਈ ਫੈਸਲਾ ਨਹੀਂ ਹੋਇਆ ਪਰ ਮੀਟਿੰਗਾਂ ਦਾ ਦੌਰ ਜਾਰੀ ਹੈ, ਸਿੱਟੇ ਜਲਦ ਹੀ ਬਾਹਰ ਆਉਣਗੇ। ਸ. ਬਰਨਾਲਾ ਨੇ ਸਪਸ਼ਟ ਕੀਤਾ ਹੈ ਕਿ ਉਹ ਲੋਕ ਸਭਾ ਚੋਣਾਂ ਵਿਚ ਬਤੌਰ ਉਮੀਦਵਾਰ ਨਹੀਂ ਉਤਰਨਗੇ ਪਰ ਉਨ੍ਹਾਂ ਦੇ ਪਰਿਵਾਰ ਦਾ ਇਕ ਮੈਂਬਰ ਉਮੀਦਵਾਰ ਜ਼ਰੂਰ ਹੋਵੇਗਾ।

## ਦੋ ਲੀਡਰਾਂ ਪਿੱਛੇ ਬੇਵਫਾਈ?

*(ਸਫਾ ਇਕ ਦੀ ਬਾਕੀ)*

ਪੈਂਠ ਪਹਿਲਾਂ ਨਾਲੋਂ ਕਾਫ਼ੀ ਘਟ ਗਈ ਹੈ। ਦੂਜਾ ਉਹ ਪੀ.ਪੀ.ਪੀ. ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦੀ ਲੀਡਰਸ਼ਿਪ ਦਾ ਸਿੱਕਾ ਦੇਖ ਚੁੱਕੇ ਹਨ। ਪੀ.ਪੀ.ਪੀ., ਸੀ.ਪੀ.ਆਈ., ਸੀ.ਪੀ.ਐਮ. 'ਤੇ ਆਧਾਰਤ ਸਾਂਝਾ ਮੋਰਚਾ ਵੀ ਸਿਆਸੀ ਤੌਰ 'ਤੇ ਭਾਂਤ-ਭਾਂਤ ਦੀ ਬੋਲੀ ਬੋਲਦਾ ਹੈ। ਖੱਬੀਆਂ ਪਾਰਟੀਆਂ ਵੀ ਸ. ਮਨਪ੍ਰੀਤ ਸਿੰਘ ਬਾਦਲ ਦੀ ਸਿਆਸੀ ਅਤੇ ਜਥੇਬੰਦਕ ਸ਼ਕਤੀ ਦੇਖ ਚੁੱਕੀਆਂ ਹਨ। ਉਹ ਇਕੱਲੇ ਤੌਰ 'ਤੇ ਕਾਂਗਰਸ ਨਾਲ ਮਿਲ ਕੇ ਬਠਿੰਡਾ ਲੋਕ ਸਭਾ ਦੀ ਸੀਟ ਤੋਂ ਅਕਾਲੀ-ਭਾਜਪਾ ਦੀ ਸੰਭਾਵੀ ਉਮੀਦਵਾਰ ਬੀਬੀ ਹਰਸਿਮਰਤ ਕੌਰ ਬਾਦਲ ਨਾਲ ਟੱਕਰ ਲੈਣ ਤੋਂ ਕਾਫ਼ੀ ਘਬਰਾਉਂਦੇ ਹਨ।

## 'ਈਕੋ ਸਿੱਖ' ਮਨਾਏਗੀ ਸਿੱਖ ਵਾਤਾਵਰਨ ਦਿਵਸ

**ਚੰਡੀਗੜ੍ਹ:** ਅਮਰੀਕਾ ਦੀ ਕੌਮਾਂਤਰੀ ਵਾਤਾਵਰਨ ਸੰਸਥਾ 'ਈਕੋ ਸਿੱਖ' ਵੱਲੋਂ 14 ਮਾਰਚ ਨੂੰ ਕੌਮਾਂਤਰੀ ਪੱਧਰ 'ਤੇ 'ਸਿੱਖ ਵਾਤਾਵਰਨ ਦਿਵਸ' ਮਨਾਉਣ ਦਾ ਐਲਾਨ ਕੀਤਾ ਹੈ। ਇਸੇ ਦਿਨ ਹੀ ਸਿੱਖਾਂ ਦੇ ਸਤਵੇਂ ਗੁਰੂ ਸ੍ਰੀ ਹਰਿ ਰਾਏ ਸਾਹਿਬ ਜੀ ਦਾ ਗੁਰਗੱਦੀ ਦਿਵਸ ਹੈ।

ਈਕੋ ਸਿੱਖ ਸੰਸਥਾ ਦੇ ਪ੍ਰਧਾਨ ਡਾ. ਰਾਜਵੰਤ ਸਿੰਘ ਨੇ ਵਾਸ਼ਿੰਗਟਨ ਡੀਸੀ ਤੋਂ ਸਕਾਈਪ ਰਾਹੀਂ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਉਹ ਸ੍ਰੀ ਗੁਰੂ ਹਰਿ ਰਾਏ ਦੇ ਉਪਦੇਸ਼ਾਂ ਅਨੁਸਾਰ ਦੁਨੀਆਂ ਨੂੰ ਸਵੱਛ ਵਾਤਾਵਰਨ ਮੁਹੱਈਆ ਕਰਨ ਲਈ ਯਤਨਸ਼ੀਲ ਹਨ। ਪੰਜਾਬ ਤੇ ਦੁਨੀਆਂ ਭਰ ਵਿਚ ਵਸਦੇ ਸਿੱਖ ਧਰਤੀ ਨੂੰ ਹਰਾ-ਭਰਾ ਬਣਾਉਣ ਲਈ ਯਤਨ ਕਰਨਗੇ।

# ਸਾਕਾ ਨੀਲਾ ਤਾਰਾ ਬਾਰੇ ਸੀਮਤ ਸੀ ਬਰਤਾਨੀਆ ਦੀ ਮਦਦ

*(ਸਫਾ ਇਕ ਦੀ ਬਾਕੀ)*

ਬਾਰੇ ਸਲਾਹ ਦੇਣ ਗਿਆ ਸੀ।

ਸ੍ਰੀ ਹੇਗ ਨੇ ਕਿਹਾ ਕਿ ਕੈਬਨਿਟ ਸਕੱਤਰ ਦੀ ਰਿਪੋਰਟ ਵਿਚ ਮੌਜੂਦਾ ਫੌਜੀ ਸਟਾਫ ਵੱਲੋਂ ਕੀਤਾ ਗਿਆ ਵਿਸ਼ਲੇਸ਼ਣ ਵੀ ਸ਼ਾਮਲ ਹੈ ਜਿਸ ਵਿਚ ਇਹ ਦੱਸਿਆ ਗਿਆ ਹੈ ਕਿ ਜੂਨ 1984 ਵਿਚ ਹੋਈ ਸਾਕਾ ਨੀਲਾ ਤਾਰਾ ਦੀ ਕਾਰਵਾਈ ਕਿਸ ਹੱਦ ਤਕ ਬਰਤਾਨੀਆ ਦੇ ਫੌਜੀ ਸਲਾਹਕਾਰ ਵੱਲੋਂ ਫਰਵਰੀ ਵਿਚ ਦਿੱਤੀ ਸਲਾਹ ਨਾਲੋਂ ਵੱਖਰੀ ਹੈ। ਸਾਕਾ ਨੀਲਾ ਤਾਰਾ ਜ਼ਮੀਨੀ ਹਮਲਾ ਸੀ ਜੋ ਅਚਨਚੇਤੀ ਕਾਰਵਾਈ ਨਹੀਂ ਸੀ, ਤੇ ਨਾ ਹੀ ਇਸ ਵਿਚ ਹੈਲੀਕਾਪਟਰ ਦੀ ਵਰਤੋਂ ਹੋਈ ਸੀ। ਕੈਬਨਿਟ ਸਕੱਤਰ ਦੀ ਰਿਪੋਰਟ ਦਾ ਇਹ ਵੀ ਸਿੱਟਾ ਨਿਕਲਦਾ ਹੈ ਕਿ ਬਰਤਾਨੀਆ ਦੇ ਫੌਜੀ ਅਫਸਰ ਦੀ ਸਲਾਹ ਦਾ ਸਾਕਾ ਨੀਲਾ ਤਾਰਾ 'ਤੇ ਸੀਮਤ ਪ੍ਰਭਾਵ ਸੀ। ਇਹ ਗੱਲ ਇਸ ਵਰ੍ਹੇ 15 ਜਨਵਰੀ ਨੂੰ ਅਪਰੇਸ਼ਨ ਕਮਾਂਡਰ ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ ਵੱਲੋਂ ਜਾਰੀ ਬਿਆਨ ਦੇ ਤੁਲ ਹੈ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਯੋਜਨਾ ਬਣਾਉਣ ਜਾਂ ਯੋਜਨਾ ਲਾਗੂ ਕਰਨ ਵਿਚ ਕਿਸੇ ਨੇ ਵੀ ਮਦਦ ਨਹੀਂ ਕੀਤੀ ਸੀ। ਸ੍ਰੀ ਹੇਗ ਨੇ ਦੱਸਿਆ ਕਿ ਇਹ ਸਿੱਟਾ ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਬਰਤਾਨੀਆ ਦੀ ਸਾਬਕਾ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਵੱਲੋਂ ਸਾਕਾ ਨੀਲਾ ਤਾਰਾ ਬਾਰੇ 14 ਤੋਂ 29 ਜੂਨ 1984 ਦੌਰਾਨ ਇਕ ਦੂਜੇ ਨੂੰ ਭੇਜੇ ਪੱਤਰਾਂ ਦੇ ਵੀ ਤੁਲ ਹੈ। ਉਨ੍ਹਾਂ ਮੰਨਿਆ ਕਿ ਨਵੰਬਰ 2009 ਵਿਚ ਕੁਝ ਮਿਲਟਰੀ ਫਾਈਲਾਂ ਰੋਜ਼ਾਨਾ ਕਾਰਵਾਈ ਤਹਿਤ ਨਸ਼ਟ ਕਰ ਦਿੱਤੀਆਂ ਗਈਆਂ ਸਨ ਪਰ ਨਾਲ ਹੀ ਉਨ੍ਹਾਂ ਕਿਹਾ ਕਿ ਇਨ੍ਹਾਂ ਵਿਚੋਂ ਕਈਆਂ ਦੀਆਂ ਕਾਪੀਆਂ ਹੋਰ ਵਿਭਾਗਾਂ ਦੀਆਂ ਫਾਈਲਾਂ ਵਿਚ ਪਈਆਂ ਹਨ। ਕੈਬਨਿਟ ਸਕੱਤਰ ਜੈਰਮੀ ਹੇਵੁੱਡ ਦੀ ਰਿਪੋਰਟ ਵਿਚ ਪੰਜ ਅਜਿਹੇ ਦਸਤਾਵੇਜ਼ਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ ਜੋ ਉਸ ਸਮੇਂ 'ਤੇ ਰੌਸ਼ਨੀ ਪਾਉਂਦੇ ਹਨ ਤੇ ਆਮ ਹਾਲਾਤ ਵਿਚ ਇਹ ਦਸਤਾਵੇਜ਼ ਛਾਪੇ ਨਹੀਂ ਜਾਣੇ ਸਨ।

## ਹੈਲੀਕਾਪਟਰ ਵਰਤਣ ਦੀ ਦਿੱਤੀ ਸੀ ਸਲਾਹ

ਬਰਤਾਨੀਆ ਦੇ ਵਿਦੇਸ਼ ਸਕੱਤਰ ਵਿਲੀਅਮ ਹੇਗ ਮੁਤਾਬਕ, ਭਾਰਤ ਗਏ ਬਰਤਾਨਵੀ ਸਲਾਹਕਾਰ ਨੇ ਸਪਸ਼ਟ ਕਿਹਾ ਸੀ ਕਿ ਗੱਲਬਾਤ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਹੋਣ ਮਗਰੋਂ ਫੌਜੀ ਕਾਰਵਾਈ ਆਖਰੀ ਰਸਤਾ ਹੋਣਾ ਚਾਹੀਦਾ ਹੈ। ਉਨ੍ਹਾਂ ਸਿਫਾਰਸ਼ ਕੀਤੀ ਸੀ ਕਿ ਕੋਈ ਵੀ ਕਾਰਵਾਈ ਅਚਨਚੇਤੀ ਕੀਤੀ ਜਾਵੇ, ਤੇ ਉਸ ਵਿਚ ਹੈਲੀਕਾਪਟਰਾਂ ਦੀ ਵਰਤੋਂ ਕੀਤੀ ਜਾਵੇ ਤਾਂ ਜੋ ਘੱਟੋ-ਘੱਟ ਲੋਕਾਂ ਦੀ ਜਾਨ ਜਾਵੇ ਅਤੇ ਸੌਖਾਲਾ ਹੱਲ ਲੱਭਿਆ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਇਹ ਫੌਜੀ ਸਲਾਹ ਮੁੜ ਨਹੀਂ ਦਿੱਤੀ ਗਈ ਤੇ ਕੈਬਨਿਟ ਸਕੱਤਰ ਨੂੰ ਕਿਸੇ ਵੀ ਤਰ੍ਹਾਂ ਦੀ ਮਦਦ ਜਿਵੇਂ ਕੋਈ ਹਥਿਆਰ ਜਾਂ ਸਿਖਲਾਈ ਬਾਰੇ ਕੋਈ ਸਬੂਤ ਨਹੀਂ ਮਿਲੇ ਹਨ। ਜ਼ਿਕਰਯੋਗ ਹੈ ਕਿ ਬਰਤਾਨਵੀ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੇ ਕੁਝ ਦਿਨ ਪਹਿਲਾਂ ਇਸ ਮਾਮਲੇ ਬਾਰੇ ਜਾਂਚ ਦੇ ਆਦੇਸ਼ ਦਿੱਤੇ ਸਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਕੋਈ ਖੁਦਮੁਖਤਾਰ ਦੇਸ਼ ਆਪਣੇ ਹੀ ਨਾਗਰਿਕਾਂ ਨੂੰ ਬੇਇੱਜ਼ਤ ਕਰਨ ਅਤੇ ਉਨ੍ਹਾਂ 'ਤੇ ਕਹਿਰ ਢਾਹੁਣ ਲਈ ਕਿਸੇ ਹੋਰ ਮੁਲਕ ਦੇ ਹਾਕਮਾਂ ਤੋਂ ਸਲਾਹ ਮੰਗੇਗਾ, ਇਹ ਸੋਚਣਾ ਵੀ ਗੁਨਾਹ ਹੈ। ਜਿਨ੍ਹਾਂ ਲੋਕਾਂ ਨੇ ਸਾਕਾ ਨੀਲਾ ਤਾਰਾ ਵਰਗੀ ਕਾਰਵਾਈ ਲਈ ਮਸ਼ਵਰੇ ਮੰਗੇ, ਉਨ੍ਹਾਂ ਨੇ ਨਾ ਸਿਰਫ ਸਿੱਖਾਂ ਜਾਂ ਪੰਜਾਬੀਆਂ, ਸਗੋਂ ਸਮੁੱਚੇ ਦੇਸ਼ ਵਾਸੀਆਂ ਨਾਲ ਧਰੋਹ ਕਮਾਇਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਪ੍ਰਾਹੁਣਿਆਂ ਦੀ ਖਾਤਰਦਾਰੀ 'ਤੇ 5.31 ਕਰੋੜ ਰੋੜ੍ਹੇ

**ਬਠਿੰਡਾ:** ਅਕਾਲੀ-ਭਾਜਪਾ ਸਰਕਾਰ ਆਰਥਿਕ ਤੰਗੀ ਦੇ ਦਿਨਾਂ ਵਿਚ ਵੀ ਸਰਕਾਰੀ ਪ੍ਰਾਹੁਣਿਆਂ ਦੀ ਆਓ-ਭਗਤ 'ਤੇ ਖੁੱਲ੍ਹ ਕੇ ਪੈਸਾ ਵਰ੍ਹਾ ਰਹੀ ਹੈ। ਸਰਕਾਰ ਨੇ ਪਿਛਲੇ ਛੇ ਵਰ੍ਹਿਆਂ ਵਿਚ ਇਸ ਕੰਮ 'ਤੇ ਤਕਰੀਬਨ 5.31 ਕਰੋੜ ਰੁਪਏ ਖਰਚ ਦਿੱਤੇ ਹਨ।ਇਹ ਖਰਚ ਹਰ ਸਟੇਟ ਗੈਸਟ ਔਸਤਨ 84,432 ਰੁਪਏ ਬਣਦਾ ਹੈ। ਸਾਲ 2011-12 ਵਿਚ ਤਾਂ ਸਰਕਾਰ ਨੇ ਪ੍ਰਤੀ ਸਟੇਟ ਗੈਸਟ 2.28 ਲੱਖ ਰੁਪਏ ਖਰਚ ਕੀਤੇ ਹਨ ਜਦਕਿ 2008-09 ਵਿਚ ਹਰ ਸਰਕਾਰੀ ਪ੍ਰਾਹੁਣਾ ਸਰਕਾਰ ਨੂੰ 1.34 ਲੱਖ ਰੁਪਏ ਵਿਚ ਪਿਆ। ਇਹ ਚੋਣਾਂ ਵਾਲੇ ਵਰ੍ਹੇ ਸਨ। ਇਸੇ ਤਰ੍ਹਾਂ ਪੰਜਾਬ ਭਵਨ, ਚੰਡੀਗੜ੍ਹ ਵਿਚ ਜੋ ਪ੍ਰਾਹੁਣੇ ਠਹਿਰਾਏ ਗਏ, ਉਨ੍ਹਾਂ 'ਤੇ ਵੀ ਇਨ੍ਹਾਂ ਵਰ੍ਹਿਆਂ ਵਿਚ 2.74 ਕਰੋੜ ਰੁਪਏ ਖਰਚ ਕੀਤੇ ਗਏ ਹਨ।

## ਇਕੱਲੇ ਮੈਗਾ ਨਿਵੇਸ਼ਕ ਸੰਮੇਲਨ 'ਤੇ ਦੋ ਕਰੋੜ ਖਰਚੇ

ਪੰਜਾਬ ਸਰਕਾਰ ਨੂੰ ਮੈਗਾ ਨਿਵੇਸ਼ਕ ਸੰਮੇਲਨ ਤਕਰੀਬਨ ਦੋ ਕਰੋੜ ਰੁਪਏ ਵਿਚ ਪਿਆ ਹੈ। ਇਸ ਵਿਚੋਂ ਵੱਡਾ ਖਰਚਾ ਪ੍ਰਾਹੁਣਚਾਰੀ 'ਤੇ ਕਰਨਾ ਪਿਆ। ਦੋ ਰੋਜ਼ਾ ਸੰਮੇਲਨ ਵਿਚ ਤਕਰੀਬਨ ਇਕ ਹਜ਼ਾਰ ਸਨਅਤੀ ਮਹਿਮਾਨ ਪੁੱਜੇ ਸਨ, ਜਿਨ੍ਹਾਂ ਦੇ ਦੁਪਹਿਰ ਤੇ ਰਾਤ ਦੇ ਖਾਣੇ 'ਤੇ ਸਰਕਾਰ ਨੇ 55 ਲੱਖ ਰੁਪਏ ਖਰਚ ਕੀਤੇ। ਇਨ੍ਹਾਂ ਮਹਿਮਾਨਾਂ ਨੂੰ ਸਰਕਾਰ ਨੇ 7.48 ਲੱਖ ਰੁਪਏ ਦੇ ਤੋਹਫ਼ੇ ਵੀ ਦਿੱਤੇ ਹਨ। ਇਥੋਂ ਤੱਕ ਕਿ ਸਰਕਾਰ ਵੱਲੋਂ ਮੈਗਾ ਸੰਮੇਲਨ ਲਈ ਜੋ ਅੱਧੀ ਦਰਜਨ ਸਪੀਕਰ ਬੁਲਾਏ ਗਏ ਸਨ, ਉਨ੍ਹਾਂ ਨੂੰ ਹਵਾਈ ਟਿਕਟ ਦਾ 2.15 ਲੱਖ ਰੁਪਏ ਦਾ ਖਰਚਾ ਵੀ ਦਿੱਤਾ ਗਿਆ ਹੈ।

ਪ੍ਰਾਹੁਣਚਾਰੀ ਵਿਭਾਗ ਪੰਜਾਬ ਵੱਲੋਂ ਆਰ.ਟੀ.ਆਈ ਤਹਿਤ ਦਿੱਤੇ ਵੇਰਵਿਆਂ ਮੁਤਾਬਕ 2007-08 ਤੋਂ 2012-13 ਤੱਕ ਪੰਜਾਬ ਸਰਕਾਰ ਵੱਲੋਂ 630 ਸਰਕਾਰੀ ਪ੍ਰਾਹੁਣਿਆਂ ਦੀ ਖ਼ਾਤਰਦਾਰੀ ਕੀਤੀ ਗਈ ਹੈ। ਇਨ੍ਹਾਂ ਦੀ ਠਹਿਰ, ਆਵਾਜਾਈ, ਖਾਣਾ ਤੇ ਤੋਹਫ਼ਿਆਂ 'ਤੇ ਸਰਕਾਰ ਨੇ 5,31,92,735 ਰੁਪਏ ਖਰਚ ਕੀਤੇ ਹਨ। ਚੋਣਾਂ ਵਾਲੇ ਵਰ੍ਹੇ ਸਾਲ 2007-08 ਵਿਚ ਸਭ ਤੋਂ ਵੱਧ 180 ਪ੍ਰਾਹੁਣਿਆਂ ਦੀ ਪ੍ਰਾਹੁਣਚਾਰੀ ਕੀਤੀ ਗਈ ਤੇ ਇਸ 'ਤੇ 56.07 ਲੱਖ ਰੁਪਏ ਖਰਚ ਕੀਤੇ ਗਏ। ਇਸ ਤੋਂ ਅਗਲੇ ਵਿੱਤੀ ਵਰ੍ਹੇ 95 ਸਰਕਾਰੀ ਪ੍ਰਾਹੁਣਿਆਂ 'ਤੇ 1.28 ਕਰੋੜ ਰੁਪਏ ਖਰਚੇ ਗਏ। ਫਿਰ 2010-11 ਵਿਚ 119 ਸਰਕਾਰੀ ਪ੍ਰਾਹੁਣੇ ਪੰਜਾਬ ਵਿਚ ਠਹਿਰੇ, ਜਿਨ੍ਹਾਂ 'ਤੇ 45.68 ਲੱਖ ਰੁਪਏ ਖ਼ਰਚਾ ਆਇਆ। 2011-12 ਵਿਚ ਸਿਰਫ 61 ਮਹਿਮਾਨਾਂ 'ਤੇ 1.39 ਕਰੋੜ ਰੁਪਏ ਦਾ ਖਰਚ ਕੀਤਾ ਗਿਆ। ਫਿਰ ਚੋਣਾਂ ਦੇ ਵਰ੍ਹੇ 2012-13 ਵਿਚ 92 ਸਰਕਾਰੀ ਪ੍ਰਾਹੁਣਿਆਂ ਦੀ ਖ਼ਾਤਰਦਾਰੀ 'ਤੇ 99.71 ਲੱਖ ਰੁਪਏ ਖ਼ਰਚੇ ਗਏ।

ਇਸ ਸਮੇਂ ਦੌਰਾਨ ਬਜਟ ਦੀ ਕੋਈ ਘਾਟ ਨਹੀਂ ਰਹੀ ਹੈ ਕਿਉਂਕਿ ਸਰਕਾਰ ਨੇ ਖ਼ਾਤਰਦਾਰੀ 'ਤੇ ਕੀਤੇ ਖ਼ਰਚ ਨਾਲੋਂ ਵਧੇਰੇ ਬਜਟ ਪ੍ਰਾਹੁਣਚਾਰੀ ਵਿਭਾਗ ਨੂੰ ਦਿੱਤਾ। ਇਸ ਤੋਂ ਇਲਾਵਾ ਪੰਜਾਬ ਭਵਨ ਵਿਚ 2007-08 ਤੋਂ 2012-13 ਦੌਰਾਨ 8563 ਪੇਇੰਗ ਗੈਸਟ ਠਹਿਰੇ ਹਨ, ਜਿਨ੍ਹਾਂ 'ਤੇ ਸਰਕਾਰ ਨੇ 2,74,53,850 ਰੁਪਏ ਦਾ ਖ਼ਰਚਾ ਕੀਤਾ ਹੈ। ਪਿਛਲੇ ਵਿੱਤੀ ਵਰ੍ਹੇ 1783 ਪੇਇੰਗ ਗੈਸਟ ਠਹਿਰੇ, ਜਿਨ੍ਹਾਂ 'ਤੇ 50.51 ਲੱਖ ਰੁਪਏ ਖਰਚ ਕੀਤੇ ਗਏ ਤੇ 2011-12 ਦੌਰਾਨ ਵੀ 1783 ਪੇਇੰਗ ਗੈਸਟ ਠਹਿਰੇ, ਜਿਨ੍ਹਾਂ ਦੀ ਸੇਵਾ 'ਤੇ 46.59 ਲੱਖ ਰੁਪਏ ਦਾ ਖਰਚਾ ਆਇਆ।

ਦਿਲਚਸਪ ਤੱਥ ਹਨ ਕਿ ਪੰਜਾਬ ਭਵਨ ਵਿਚ ਇਨ੍ਹਾਂ ਵਰ੍ਹਿਆਂ ਦੌਰਾਨ 19.19 ਲੱਖ ਰੁਪਏ ਚਿਕਨ, ਮਟਨ ਅਤੇ ਅੰਡਿਆਂ 'ਤੇ ਖਰਚ ਕੀਤਾ ਗਿਆ ਹੈ ਜਦਕਿ 12.23 ਲੱਖ ਰੁਪਏ ਇਕੱਲੇ ਪੀਣ ਵਾਲੇ ਪਾਣੀ 'ਤੇ ਖਰਚ ਹੋਇਆ ਹੈ। ਮਹਿਮਾਨਾਂ ਨੂੰ 5.60 ਲੱਖ ਰੁਪਏ ਦਾ ਜੂਸ ਤੇ 3.53 ਲੱਖ ਰੁਪਏ ਦੇ ਕੋਲਡ ਡਰਿੰਕਸ ਪਿਲਾਏ ਗਏ। ਖਰੀਦ ਕੀਤੇ ਗਏ ਇਸ ਸਾਮਾਨ ਦੇ ਤਕਰੀਬਨ 22 ਕੰਪਨੀਆਂ ਤੇ ਦਫ਼ਤਰਾਂ ਦੇ ਬਕਾਏ ਸਰਕਾਰ ਵੱਲ ਖੜ੍ਹੇ ਹਨ, ਜਿਨ੍ਹਾਂ ਵਿਚ ਮੀਟ ਮੱਛੀ ਦੀ ਦੁਕਾਨ ਦੇ 29,804 ਰੁਪਏ, ਫੁੱਲਾਂ ਦੀ ਦੁਕਾਨ ਦੇ 10 ਹਜ਼ਾਰ ਰੁਪਏ, ਡੀ.ਸੀ ਹੁਸ਼ਿਆਰਪੁਰ ਦੇ 5.11 ਲੱਖ, ਪਨਸਪ ਦੇ 3.80 ਲੱਖ ਰੁਪਏ ਦੇ ਬਕਾਏ ਸ਼ਾਮਲ ਹਨ।

# ਵਿਧਾਇਕ ਜੈਨ ਖਿਲਾਫ ਚੱਲੇਗਾ ਨਾਜਾਇਜ਼ ਕਲੋਨੀ ਦਾ ਕੇਸ

**ਮੋਗਾ:** ਅਦਾਲਤ ਨੇ ਵਿਧਾਇਕ ਜੋਗਿੰਦਰ ਪਾਲ ਜੈਨ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਖ਼ਿਲਾਫ਼ ਨਾਜਾਇਜ਼ ਕਾਲੋਨੀ ਵਿਕਸਤ ਕਰਨ ਦੇ ਦੋਸ਼ ਵਿਚ ਦਰਜ ਕੇਸ ਰੱਦ ਕਰਨ ਬਾਰੇ ਦਾਇਰ ਅਰਜ਼ੀ ਖਾਰਜ ਕਰ ਦਿੱਤੀ ਹੈ। ਕੇਸ ਦੀ ਅਗਲੀ ਸੁਣਵਾਈ 17 ਫਰਵਰੀ ਨੂੰ ਹੋਵੇਗੀ। ਥਾਣਾ ਮਹਿਣਾ ਵਿਚ 26 ਅਗਸਤ 2007 ਨੂੰ ਵਿਧਾਇਕ ਜੈਨ ਤੇ ਉਸ ਦੇ ਪਰਿਵਾਰਕ ਮੈਂਬਰਾਂ ਖ਼ਿਲਾਫ਼ ਦਰਜ ਨਾਜਾਇਜ਼ ਕਲੋਨੀ ਵਿਕਸਤ ਕਰਨ ਦੇ ਮਾਮਲੇ ਵਿਚ ਬੀਤੇ ਵਰ੍ਹੇ 18 ਦਸੰਬਰ ਨੂੰ ਅਦਾਲਤ ਨੇ ਵਿਧਾਇਕ ਦੇ ਪਰਵਾਸੀ ਭਾਰਤੀ ਪੁੱਤਰ ਪੁਨੀਤ ਜੈਨ ਨੂੰ ਭਗੌੜਾ ਕਰਾਰ ਦਿੱਤਾ ਸੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵਿਧਾਇਕ ਜੈਨ ਦੀ ਅਰਜ਼ੀ 'ਤੇ ਇਹ ਕੇਸ ਮੋਗਾ ਦੀ ਅਦਾਲਤ ਵਿਚੋਂ ਫਰੀਦਕੋਟ ਤੇ ਮੁੜ ਮੋਗਾ ਦੀ ਅਦਾਲਤ ਵਿਚ ਤਬਦੀਲ ਹੋਇਆ ਸੀ। ਅਦਾਲਤ ਤੋਂ ਆਗਿਆ ਲੈ ਕੇ ਕੈਨੇਡਾ ਗਏ ਵਿਧਾਇਕ ਦਾ ਪੁੱਤਰ ਪੁਨੀਤ ਜੈਨ ਦੇ ਨਾ ਮੁੜਨ ਕਾਰਨ ਅਦਾਲਤ ਨੇ ਉਸ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ ਸਨ। ਬੀਤੇ ਵਰ੍ਹੇ ਦਸੰਬਰ ਵਿਚ ਪੁਨੀਤ ਜੈਨ ਕੈਨੇਡਾ ਤੋਂ ਪਰਤ ਆਇਆ ਪਰ ਉਹ ਅਦਾਲਤ ਵਿਚ ਪੇਸ਼ ਨਹੀਂ ਹੋਇਆ।ਇਸ ਦੌਰਾਨ ਪੰਜਾਬ ਸਰਕਾਰ ਦੀ ਨਾਜਾਇਜ਼ ਕਲੋਨੀਆਂ ਨੂੰ ਜਾਇਜ਼ ਕਰਾਰ ਦੇਣ ਬਾਰੇ ਨੀਤੀ ਤਹਿਤ ਜੈਨ ਨੇ ਇਸ ਕਲੋਨੀ ਨੂੰ ਮਨਜ਼ੂਰ ਕਰਾਉਣ ਲਈ ਪੁੱਡਾ ਕੋਲ ਕੁਝ ਰਕਮ ਜਮ੍ਹਾਂ ਕਰਵਾ ਕੇ ਕੇਸ ਦੀ ਸੁਣਵਾਈ ਰੋਕਣ ਬਾਰੇ ਅਰਜ਼ੀ ਦਾਇਰ ਕੀਤੀ ਸੀ, ਜੋ ਅਦਾਲਤ ਨੇ ਰੱਦ ਕਰ ਦਿੱਤੀ।



# ਨਸ਼ਾ ਤਸਕਰੀ ਬਾਰੇ ਕਾਰਵਾਈ 'ਚ ਐਨ.ਸੀ.ਬੀ. ਲਾਚਾਰ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਨਾਰਕੋਟਿਕਸ ਕੰਟਰੋਲ ਬਿਊਰੋ (ਐਨ.ਸੀ.ਬੀ) ਨੇ ਪੰਜਾਬ ਅੰਦਰ ਨਸ਼ਿਆਂ ਦੀ ਤਸਕਰੀ ਦੀ ਅਲਾਮਤ ਨਾਲ ਸਿੱਝਣ ਵਿਚ ਲਾਚਾਰੀ ਜ਼ਾਹਰ ਕੀਤੀ ਹੈ ਜਿਸ 'ਤੇ ਅਦਾਲਤ ਨੇ ਕੇਂਦਰ ਤੋਂ ਪੁੱਛਿਆ ਕਿ ਉਹ ਬਿਊਰੋ ਨੂੰ ਮਜ਼ਬੂਤ ਬਣਾਉਣ ਲਈ ਕਿਹੋ ਜਿਹੇ ਕਦਮ ਉਠਾਉਣਾ ਚਾਹੁੰਦੀ ਹੈ। ਦੋ ਮਹੀਨੇ ਪਹਿਲਾਂ ਪੰਜਾਬ ਸਰਕਾਰ ਨੇ ਹਾਈ ਕੋਰਟ ਵਿਚ ਮੰਨਿਆ ਸੀ ਕਿ ਸੂਬੇ ਵਿਚ ਫੜੀਆਂ ਜਾਂਦੀਆਂ ਨਸ਼ਿਆਂ ਦੀਆਂ ਖੇਪਾਂ ਦੇ ਨਮੂਨਿਆਂ ਨਾਲ ਛੇੜਛਾੜ ਹੁੰਦੀ ਰਹੀ ਹੈ।

## ਹਾਈ ਕੋਰਟ ਨੇ ਕੇਂਦਰ ਤੇ ਪੰਜਾਬ ਤੋਂ ਮੰਗਿਆ ਜੁਆਬ



ਇਸ ਮੁੱਦੇ 'ਤੇ ਸੁਣਵਾਈ ਮੁੜ ਸ਼ੁਰੂ ਹੋਣ 'ਤੇ ਭਾਰਤ ਦੇ ਅਸਿਸਟੈਂਟ ਸਾਲਿਸਟਰ ਜਨਰਲ ਅਨਮੋਲ ਰਤਨ ਸਿੱਧੂ ਨੇ ਚੀਫ ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਅਰੁਣ ਪਾਲੀ ਦੇ ਬੈਂਚ ਨੂੰ ਦੱਸਿਆ ਕਿ ਬੁਨਿਆਦੀ ਢਾਂਚੇ ਦੇ ਲਿਹਾਜ਼ ਤੋਂ ਐਨ.ਸੀ.ਬੀ ਨੂੰ ਕਈ ਘਾਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਕੋਲ ਨਸ਼ਿਆਂ ਦੀ ਅਲਾਮਤ ਨਾਲ ਸਿੱਝਣ ਦੀਆਂ ਤਾਕਤਾਂ ਵੀ ਸੀਮਤ ਹਨ। ਐਨ.ਸੀ.ਬੀ ਦੇ ਚੰਡੀਗੜ੍ਹ ਯੂਨਿਟ ਅਧੀਨ ਪੰਜਾਬ, ਹਰਿਆਣਾ ਤੇ ਹਿਮਾਚਲ ਆਉਂਦੇ ਹਨ ਤੇ ਯੂਨਿਟ ਵਿਚ ਇਸ ਵੇਲੇ ਸਿਰਫ਼ ਸੱਤ ਜਾਂਚ ਅਫਸਰ ਹਨ। ਇਸ 'ਤੇ ਚੀਫ ਜਸਟਿਸ ਕੌਲ ਨੇ ਆਖਿਆ ਕਿ ਬਿਊਰੋ ਦੀਆਂ ਸਮਰੱਥਾਵਾਂ ਵਧਾਉਣ ਦੀ ਲੋੜ ਹੈ ਅਤੇ ਉਨ੍ਹਾਂ ਕੇਂਦਰ ਤੋਂ ਇਸ ਮੁਤੱਲਕ ਸੀਲਬੰਦ ਲਿਫਾਫੇ ਵਿਚ ਜਵਾਬ ਮੰਗਿਆ ਹੈ।

ਬੈਂਚ ਨੇ ਪੰਜਾਬ ਸਰਕਾਰ ਤੇ ਐਨ.ਸੀ.ਬੀ ਤੋਂ ਵੀ ਸੀਲਬੰਦ ਲਿਫਾਫੇ ਵਿਚ ਸਟੇਟਸ ਰਿਪੋਰਟਾਂ ਮੰਗੀਆਂ ਹਨ। ਬੈਂਚ ਦਾ ਖਿਆਲ ਸੀ ਕਿ ਪੰਜਾਬ ਵਿਚ ਨਸ਼ਿਆਂ ਦੀ ਅਲਾਮਤ ਦੇ ਵੱਖ-ਵੱਖ ਪੱਖਾਂ ਨੂੰ ਵਾਚਣ ਦੀ ਲੋੜ ਹੈ। ਇਸ ਤੋਂ ਪਹਿਲਾਂ ਪੰਜਾਬ ਦੇ ਐਡਵੋਕੇਟ ਜਨਰਲ ਅਸ਼ੋਕ ਅਗਰਵਾਲ ਨੇ ਅਦਾਲਤ ਨੂੰ ਦੱਸਿਆ ਕਿ ਸ਼ਿਸ਼ਟਾਚਾਰ ਮੰਗ ਕਰਦਾ ਹੈ ਕਿ ਇਸ ਮੁੱਦੇ ਨੂੰ ਪੰਜਾਬ ਹੀ ਸਿੱਝੇ। ਸੀ.ਬੀ.ਆਈ ਦੇ ਵਕੀਲ ਦੀ ਰਾਏ ਮੰਗੇ ਜਾਣ 'ਤੇ ਉਨ੍ਹਾਂ ਦੱਸਿਆ ਕਿ ਜਾਂਚ ਏਜੰਸੀ ਅਦਾਲਤ ਦੇ ਕਿਸੇ ਵੀ ਫੈਸਲੇ 'ਤੇ ਫੁੱਲ ਚੜ੍ਹਾਉਣ ਲਈ ਤਿਆਰ ਹੈ।

ਪੰਜਾਬ ਦੇ ਸਾਬਕਾ ਡੀ.ਜੀ.ਪੀ ਸ਼ਸ਼ੀਕਾਂਤ ਨੇ ਆਖਿਆ ਕਿ ਪੰਜਾਬ ਵਿਚ ਨਸ਼ਿਆਂ ਦੀ ਤਸਕਰੀ ਦੇ ਮੁੱਦੇ ਦੀ ਮਿੱਥੇ ਸਮੇਂ ਵਿਚ ਵਿਸ਼ੇਸ਼ ਜਾਂਚ ਟੀਮ ਜਾਂ ਸੀ.ਬੀ.ਆਈ ਤੋਂ ਜਾਂਚ ਕਰਵਾਈ ਜਾਣੀ ਚਾਹੀਦੀ ਹੈ।


Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

Transportation Funding Group, Inc.

Minneapolis , MN 55426

# ਬਾਦਲ ਵੱਲੋਂ ਮੁਸਲਮਾਨਾਂ ਨੂੰ ਮੋਦੀ ਦੇ ਹੱਕ 'ਚ ਭੁਗਤਣ ਦੀ ਸਲਾਹ



**ਲੁਧਿਆਣਾ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਵਿਚ ਮੁਸਲਮਾਨਾਂ ਨੂੰ ਐਨ.ਡੀ.ਏ ਦੇ ਪ੍ਰਧਾਨ ਮੰਤਰੀ ਵਜੋਂ ਉਮੀਦਵਾਰ ਨਰਿੰਦਰ ਮੋਦੀ ਦੇ ਹੱਕ ਵਿਚ ਭੁਗਤਣ ਦਾ ਸੱਦਾ ਦਿੱਤਾ ਹੈ। ਲੁਧਿਆਣਾ ਵਿਚ ਮੁਸਲਮਾਨ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਭਾਈਚਾਰੇ ਨੂੰ ਮੋਦੀ ਤੋਂ ਡਰਨ ਦੀ ਕੋਈ ਲੋੜ ਨਹੀਂ। ਸ਼੍ਰੋਮਣੀ ਅਕਾਲੀ ਦਲ ਇਸ ਗੱਲ ਦੀ ਗਾਰੰਟੀ ਲੈਂਦਾ ਹੈ ਕਿ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ 'ਤੇ ਮੁਸਲਮਾਨਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਤੇ ਇੱਜ਼ਤ ਮਾਣ ਹਰ ਹਾਲਤ ਵਿਚ ਦਿਵਾਇਆ ਜਾਵੇਗਾ।

ਨਰਿੰਦਰ ਮੋਦੀ ਬਾਰੇ ਕਾਂਗਰਸ ਜਾਣਬੁੱਝ ਕੇ ਮੁਸਲਿਮ ਵਿਰੋਧੀ ਹੋਣ ਦਾ ਕੂੜ ਪ੍ਰਚਾਰ ਕਰ ਰਹੀ ਹੈ, ਜਦੋਂ ਕਿ ਅਸਲ ਵਿਚ ਅਜਿਹਾ ਕੁਝ ਵੀ ਨਹੀਂ। ਕਾਂਗਰਸ ਦੇ ਹਾਲਾਤ ਇਸ ਸਮੇਂ ਮਾੜੀ ਗੱਡੀ ਵਰਗੇ ਹਨ ਜਿਸ ਦੇ ਅੱਗੇ ਲਿਖਿਆ ਹੁੰਦਾ ਹੈ 'ਚੱਲ ਰਾਣੀਏ ਤੇਰਾ ਰੱਬ ਰਾਖਾ'। ਉਨ੍ਹਾਂ ਕਿਹਾ ਕਿ ਇਹ ਗੱਲ ਸੋਚ ਲਓ ਕਿ ਜੇਕਰ ਕਾਂਗਰਸ ਆ ਗਈ ਤਾਂ ਦੁਬਾਰਾ ਦੇਸ਼ ਦਾ ਰੱਬ ਹੀ ਰਾਖਾ ਹੋਵੇਗਾ। ਸ. ਬਾਦਲ ਨੇ ਕਿਹਾ ਕਿ ਕਾਂਗਰਸ ਨੂੰ ਅਗਾਮੀ ਲੋਕ ਸਭਾ ਚੋਣਾਂ ਵਿਚ ਆਪਣੀ ਸਪਸ਼ਟ ਹਾਰ ਦਿੱਸ ਰਹੀ ਹੈ ਜਿਸ ਕਰਕੇ ਉਸ ਵੱਲੋਂ ਘੱਟ ਗਿਣਤੀਆਂ ਦੇ ਮਨਾਂ ਵਿਚ ਮੋਦੀ ਬਾਰੇ ਖੌਫ਼ ਪੈਦਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਜਾ ਰਹੀ, ਜੋ ਕਿ ਸਰਾਸਰ ਗਲਤ ਹੈ।

ਕਾਂਗਰਸ ਨੇ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਲਈ ਹਮੇਸ਼ਾ ਹੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਪਣਾਈ ਹੈ ਤੇ ਸ੍ਰੀ ਮੋਦੀ ਦੇ ਅਕਸ ਨੂੰ ਢਾਹ ਲਾਉਣ ਦੀ ਕੋਸ਼ਿਸ਼ ਵੀ ਇਸੇ ਨੀਤੀ ਦਾ ਹੀ ਇਕ ਹਿੱਸਾ ਹੈ। ਸ. ਬਾਦਲ ਨੇ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਗੁਜਰਾਤ ਦੇ ਮੁੱਖ ਮੰਤਰੀ ਦੀ ਪੰਜਾਬ ਵਿਚ ਹੋਣ ਵਾਲੀ ਰੈਲੀ ਵਿਚ ਵਧ-ਚੜ੍ਹ ਕੇ ਸ਼ਾਮਲ ਹੋਣ ਤਾਂ ਕਿ ਘੱਟ-ਗਿਣਤੀਆਂ ਵਿਚ ਸ੍ਰੀ ਮੋਦੀ ਦੀ ਮਕਬੂਲੀਅਤ ਬਾਰੇ ਪਾਏ ਜਾ ਰਹੇ ਭਰਮ-ਭੁਲੇਖੇ ਦੂਰ ਕੀਤੇ ਜਾ ਸਕਣ।

ਉਨ੍ਹਾਂ ਕਿਹਾ ਕਿ ਕਾਂਗਰਸ ਚਾਹੇ ਡਰਦੇ ਹੋਏ ਆਪਣੇ ਯੁਵਰਾਜ ਰਾਹੁਲ ਗਾਂਧੀ ਦਾ ਨਾਂ ਪ੍ਰਧਾਨ ਮੰਤਰੀ ਵਜੋਂ ਐਲਾਨ ਨਹੀਂ ਕਰ ਰਹੀ ਪਰ ਅਸਲੀਅਤ ਪੂਰੇ ਦੇਸ਼ ਨੂੰ ਪਤਾ ਹੈ ਕਿ ਅੰਤ ਵਿਚ ਰਾਹੁਲ ਗਾਂਧੀ ਹੀ ਕਾਂਗਰਸ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਦਾਅਵੇਦਾਰ ਹਨ। ਉਨ੍ਹਾਂ ਕਿਹਾ ਕਿ ਗੁਜਰਾਤ ਦੇ ਮੁੱਖ ਮੰਤਰੀ ਵਰਗਾ ਹੰਢਿਆ ਹੋਇਆ ਸਿਆਸਤਦਾਨ ਤੇ ਯੋਗ ਪ੍ਰਸ਼ਾਸਕ ਹੀ ਦੇਸ਼ ਦੀ ਵਾਗਡੋਰ ਸਹੀ ਢੰਗ ਨਾਲ ਸੰਭਾਲ ਸਕਦਾ ਹੈ।

# ਮਾਨ ਮੁੜ ਅਕਾਲੀ ਦਲ (ਅ) ਦੇ ਪ੍ਰਧਾਨ ਬਣੇ

**ਅੰਮ੍ਰਿਤਸਰ:** ਸਿਮਰਨਜੀਤ ਸਿੰਘ ਮਾਨ ਨੂੰ ਮੁੜ ਪੰਜ ਸਾਲਾਂ ਲਈ ਸ਼੍ਰੋਮਣੀ ਅਕਾਲੀ ਦਲ (ਅ) ਦਾ ਪ੍ਰਧਾਨ ਚੁਣ ਲਿਆ ਗਿਆ ਹੈ। ਇਸ ਮੌਕੇ ਸ. ਮਾਨ ਕਿਹਾ ਕਿ ਆਜ਼ਾਦ ਭਾਰਤ ਵਿਚ ਸਿੱਖਾਂ ਨੂੰ ਬਣਦੇ ਹੱਕ ਨਹੀਂ ਮਿਲ ਰਹੇ।

ਮੌਜੂਦਾ ਰਾਜਸੀ ਸਥਿਤੀ ਵਿਚ ਸਿੱਖਾਂ ਦਾ ਆਪਣਾ ਘਰ ਚਾਹੀਦਾ ਹੈ ਤੇ ਉਹ ਖ਼ਾਲਿਸਤਾਨ ਦੀ ਮੰਗ ਕਰਦੇ ਹਨ। ਉਹ ਪੰਜਾਬ ਵਿਚ 13, ਹਰਿਆਣਾ ਵਿਚ ਪੰਜ, ਗੰਗਾਨਗਰ ਤੇ ਚੰਡੀਗੜ੍ਹ ਤੋਂ ਉਮੀਦਵਾਰ ਖੜ੍ਹੇ ਕੀਤੇ ਜਾਣਗੇ। ਡੈਲੀਗੇਟ ਅਜਲਾਸ ਵਿਚ ਪੰਜ ਨੁਕਾਤੀ ਪ੍ਰੋਗਰਾਮ ਜਾਰੀ ਕੀਤਾ ਗਿਆ, ਜਿਸ ਮੁਤਾਬਕ ਲੋਕ ਸਭਾ ਚੋਣਾਂ 2014 ਦੀ ਤਿਆਰੀ, ਆਉਣ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਵਿਧਾਨ ਸਭਾ ਦੀਆਂ ਚੋਣਾਂ, ਸਿੱਖ ਜਸਟਿਸ ਕਮਿਸ਼ਨ ਕਾਇਮ ਕਰਨਾ, ਪੰਥਕ ਲਹਿਰ, ਸ਼੍ਰੋਮਣੀ ਅਕਾਲੀ ਦਲ ਤੇ ਗੁਰਦੁਆਰਾ ਸੁਧਾਰ ਲਹਿਰ ਦੀ ਅਰੰਭਤਾ ਕੀਤੀ ਜਾਵੇਗੀ।

# ਰਾਹੁਲ ਦੇ ਬਿਆਨ ਤੋਂ ਪੰਜਾਬ ਦੇ ਕਾਂਗਰਸੀ ਔਖੇ



**ਚੰਡੀਗੜ੍ਹ:** ਆਪਸੀ ਕਲੇਸ਼ ਦਾ ਸਾਹਮਣਾ ਕਰ ਰਹੀ ਪੰਜਾਬ ਕਾਂਗਰਸ ਲਈ ਪਾਰਟੀ ਦੇ ਉਪ ਪ੍ਰਧਾਨ ਵੱਲੋਂ 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਕੁਝ ਕਾਂਗਰਸੀਆਂ ਦੇ ਵੀ ਸ਼ਾਮਲ ਹੋਣ ਬਾਰੇ ਦਿੱਤੇ ਬਿਆਨ ਨੇ ਨਵੀਂ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਇਸ ਬਿਆਨ ਨਾਲ ਅਕਾਲੀ-ਭਾਜਪਾ ਆਗੂਆਂ ਦੇ ਹੱਥ ਇਕ ਤਕੜਾ ਮੁੱਦਾ ਆ ਗਿਆ ਹੈ। ਇਸ ਮੁੱਦੇ ਨੂੰ ਲੈ ਕੇ ਭਾਵੇਂ ਕੋਈ ਵੀ ਕਾਂਗਰਸ ਆਗੂ ਕੁਝ ਵੀ ਬੋਲਣ ਲਈ ਤਿਆਰ ਨਹੀਂ ਪਰ ਗੈਰ-ਰਸਮੀ ਗੱਲਬਾਤ ਵਿਚ ਕੋਈ ਵੀ ਆਗੂ ਰਾਹੁਲ ਦੀ ਟਿੱਪਣੀ ਤੋਂ ਖੁਸ਼ ਨਹੀਂ।

ਦੋ ਵਾਰ ਵਿਧਾਨ ਸਭਾ ਚੋਣਾਂ ਵਿਚ ਹਾਰ ਦੀ ਝੰਬੀ ਕਾਂਗਰਸ ਹੁਣ ਪਿਛਲੇ ਦੋ ਸਾਲ ਤੋਂ ਆਪਸੀ ਫੁੱਟ ਕਾਰਨ ਅਜੇ ਤੱਕ ਵੀ ਸਿਆਸੀ ਉਭਾਰ ਨਹੀਂ ਫੜ ਸਕੀ। ਸ. ਪ੍ਰਤਾਪ ਸਿੰਘ ਬਾਜਵਾ ਨੇ ਜਨਤਕ ਸਰਗਰਮੀ ਰਾਹੀਂ ਪਾਰਟੀ ਨੂੰ ਸਰਗਰਮ ਕਰਨ ਦੀ ਮੁਹਿੰਮ ਚਲਾਈ ਸੀ, ਪਰ ਇਹ ਸਰਗਰਮੀ ਵੀ ਆਪਸੀ ਫੁੱਟ ਦੀ ਭੇਟ ਚੜ੍ਹ ਗਈ। ਫਿਰ ਪ੍ਰਦੇਸ਼ ਕਾਂਗਰਸ ਦੇ ਜਥੇਬੰਦਕ ਢਾਂਚੇ ਦੀ ਜਾਰੀ ਸੂਚੀ ਵਿਰੁੱਧ ਉੱਠੀ ਬਗਾਵਤ ਨੇ ਪਾਰਟੀ ਦੀ ਹਾਲਤ ਹੋਰ ਵੀ ਪਤਲੀ ਕਰ ਦਿੱਤੀ। ਸਿੱਖਾਂ ਲਈ ਬੇਹੱਦ ਸੰਵੇਦਨਸ਼ੀਲ ਮੁੱਦੇ ਨੂੰ ਲੈ ਕੇ ਰਾਹੁਲ ਵੱਲੋਂ ਕੀਤੀਆਂ ਟਿੱਪਣੀਆਂ ਨੇ ਪੂਰੀ ਕਾਂਗਰਸ ਲੀਡਰਸ਼ਿਪ ਨੂੰ ਬਚਾਅ ਵਾਲੀ ਸਥਿਤੀ ਵਿਚ ਲਿਜਾ ਸੁੱਟਿਆ ਹੈ ਤੇ ਅਕਾਲੀ-ਭਾਜਪਾ ਆਗੂ ਹਮਲਾਵਰ ਰੁਖ਼ ਅਪਣਾ ਰਹੇ ਹਨ।

ਕਾਂਗਰਸ ਆਗੂਆਂ ਦਾ ਕਹਿਣਾ ਹੈ ਕਿ ਸ਼ਾਇਦ ਰਾਹੁਲ ਗਾਂਧੀ ਨੂੰ ਸਿੱਖ ਮਸਲਿਆਂ ਬਾਰੇ ਬਹੁਤਾ ਗਿਆਨ ਹੀ ਨਹੀਂ। ਇਸੇ ਕਾਰਨ ਹੀ ਗੁਜਰਾਤ ਦੇ ਦੰਗਿਆਂ ਬਾਰੇ ਮੋਦੀ ਉੱਪਰ ਹਮਲਾ ਕਰਦਿਆਂ '84 ਦੇ ਦੰਗਿਆਂ ਦੀ ਗੱਲ ਛੇੜ ਕੇ ਆਪਣੇ ਪੈਰੀਂ ਆਪ ਕੁਹਾੜਾ ਮਾਰ ਲਿਆ। ਇਕ ਸੀਨੀਅਰ ਆਗੂ ਕਹਿ ਰਹੇ ਸਨ ਕਿ ਦਰਬਾਰ ਸਾਹਿਬ ਤੇ ਦਿੱਲੀ ਦੰਗਿਆਂ ਦੇ ਸਾਕੇ ਦੋ ਅਜਿਹੇ ਮਸਲੇ ਹਨ, ਜਿਨ੍ਹਾਂ ਬਾਰੇ ਕਾਂਗਰਸ ਆਗੂਆਂ ਨੂੰ ਬੋਲਣ ਲੱਗਿਆਂ ਬੇਹੱਦ ਸੰਕੋਚ ਤੋਂ ਕੰਮ ਲੈਣਾ ਚਾਹੀਦਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਦੋ ਵਾਰ ਦਿੱਲੀ ਦੇ ਦੰਗਿਆਂ ਬਾਰੇ ਮੁਆਫੀ ਮੰਗੀ ਗਈ ਤੇ ਕਈ ਵਾਰ ਉਹ ਜਨਤਕ ਸਮਾਗਮਾਂ ਵਿਚ ਵੀ ਆਖ ਚੁੱਕੇ ਹਨ ਪਰ ਇਸ ਦੇ ਬਾਵਜੂਦ ਸਿੱਖਾਂ ਦੇ ਮਨਾਂ ਵਿਚੋਂ ਇਨ੍ਹਾਂ ਸਾਕਿਆਂ ਦੀ ਚੀਸ ਖਤਮ ਨਹੀਂ ਹੋਈ। ਰਾਹੁਲ ਗਾਂਧੀ ਦੇ ਬਿਆਨ ਬਾਅਦ ਪਾਰਟੀ ਦੀ ਸਰਗਰਮੀ ਇਕਦਮ ਠੱਪ ਹੋ ਕੇ ਰਹਿ ਗਈ ਹੈ ਤੇ ਅਕਾਲੀ-ਭਾਜਪਾ ਆਗੂਆਂ ਨੂੰ ਬਿਆਨਬਾਜ਼ੀ ਕਰਨ ਦਾ ਮੈਦਾਨ ਖੁੱਲ੍ਹਾ ਮਿਲ ਗਿਆ ਹੈ।

# 'ਆਪ' ਗੰਢਤੁੱਪ ਕਰ ਕੇ ਨਹੀਂ ਬਣਾਵੇਗੀ ਸਰਕਾਰ: ਯਾਦਵ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਤਰਜਮਾਨ ਯੋਗਿੰਦਰ ਯਾਦਵ ਨੇ ਕਿਹਾ ਹੈ ਕਿ ਲੋਕ ਸਭਾ ਚੋਣਾਂ ਵਿਚ ਜੇਕਰ ਪਾਰਟੀ ਨੂੰ 25 ਤੋਂ 30 ਸੀਟਾਂ ਮਿਲੀਆਂ ਤਾਂ ਉਹ ਗੰਢਤੁੱਪ ਕਰਕੇ ਸਰਕਾਰ ਨਹੀਂ ਬਣਾਉਣਗੇ। ਉਨ੍ਹਾਂ ਕਿਹਾ ਕਿ ਪਾਰਟੀ ਦੇ ਦੇਸ਼ ਭਰ ਵਿਚੋਂ 15 ਦਿਨਾਂ ਅੰਦਰ 80 ਲੱਖ ਤੋਂ ਵੱਧ ਮੈਂਬਰ ਬਣੇ ਹਨ। ਇਹ ਸਾਰਾ ਕੁਝ ਵੱਡੇ ਬਦਲਾਅ ਵੱਲ ਇਸ਼ਾਰਾ ਕਰਦਾ ਹੈ।

ਲੋਕ ਸਭਾ ਚੋਣਾਂ ਲੜਨ ਤੋਂ ਇਨਕਾਰ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਹਰਿਆਣਾ ਵਿਚ ਵਿਧਾਨ ਸਭਾ ਚੋਣ ਲੜਨਗੇ। ਪਾਰਟੀ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ 'ਆਪ' ਲੋਕ ਮਸਲਿਆਂ ਤੋਂ ਕਦੇ ਮੂੰਹ ਨਹੀਂ ਮੋੜੇਗੀ। ਉਨ੍ਹਾਂ ਕਿਹਾ ਕਿ ਸਕੱਤਰੇਤ ਦੇ ਏਸੀ ਕਮਰਿਆਂ ਵਿਚੋਂ ਬੈਠ ਕੇ ਸਰਕਾਰ ਚਲਾਉਣ ਦੀ ਰਵਾਇਤ ਨੂੰ ਆਮ ਆਦਮੀ ਪਾਰਟੀ ਖਤਮ ਕਰ ਦੇਵੇਗੀ। 'ਆਪ' ਸਿਰਫ ਦਿੱਲੀ ਦੀ ਪਾਰਟੀ ਨਹੀਂ ਹੈ ਤੇ ਹਰਿਆਣਾ ਵਿਚ ਚੋਣ ਜਿੱਤ ਕੇ ਇਹ ਸਾਬਤ ਕਰਾਂਗੇ। ਹਰਿਆਣਾ ਵਿਚ ਭ੍ਰਿਸ਼ਟਾਚਾਰ ਨੂੰ ਮੁੱਖ ਮੁੱਦਾ ਬਣਾਉਣ ਦਾ ਐਲਾਨ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰੀ ਨੌਕਰੀਆਂ ਸਮੇਤ ਹਰ ਥਾਂ 'ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ। ਹਰਿਆਣਾ ਵਿਚ ਹੋਰ ਪਾਰਟੀਆਂ ਦਾ ਅਕਸ ਵੀ ਸਾਫ-ਸੁਥਰਾ ਨਹੀਂ ਹੈ।

ਉਨ੍ਹਾਂ ਸਪਸ਼ਟ ਕੀਤਾ ਕਿ ਦਿੱਲੀ ਵਿਚ 'ਆਪ' ਵੱਲੋਂ ਚੁੱਕੇ ਗਏ ਮੁੱਦਿਆਂ ਦੀ ਨਕਲ ਹਰਿਆਣਾ ਵਿਚ ਨਹੀਂ ਕੀਤੀ ਜਾਵੇਗੀ। ਹਰਿਆਣਾ ਤੇ ਪੰਜਾਬ ਵਿਚ ਫੈਲਦੇ ਨਸ਼ੇ ਦੇ ਕਾਰੋਬਾਰ ਬਾਰੇ ਉਨ੍ਹਾਂ ਕਿਹਾ ਕਿ 'ਆਪ' ਨਸ਼ਾਬੰਦੀ ਦੀ ਵਕਾਲਤ ਨਹੀਂ ਕਰਦੀ ਕਿਉਂਕਿ ਹੋਰ ਸੂਬਿਆਂ ਵਿਚ ਪਾਬੰਦੀ ਨਾ ਹੋਣ 'ਤੇ ਇਹ ਸਮੱਸਿਆ ਹੱਲ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਨਸ਼ਾਬੰਦੀ ਨਾਲ ਤਾਂ ਤਸਕਰੀ ਨੂੰ ਬੜ੍ਹਾਵਾ ਮਿਲੇਗਾ। ਨਸ਼ਾਬੰਦੀ ਦੇ ਪਿਛਲੇ ਤਜਰਬੇ ਤੋਂ ਸਾਨੂੰ ਸਿੱਖਣਾ ਪਵੇਗਾ। ਜੇਕਰ ਪਿੰਡਾਂ ਦੀਆਂ ਔਰਤਾਂ ਠੇਕਾ ਨਹੀਂ ਖੋਲ੍ਹਣ ਦਿੰਦੀਆਂ ਤਾਂ ਉਥੇ ਢੁਕਵਾਂ ਫੈਸਲਾ ਲੈਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਸ਼ਰਾਬ ਦੇ ਠੇਕਿਆਂ ਖਿਲਾਫ ਪੰਚਾਇਤਾਂ ਫੈਸਲਾ ਲੈ ਸਕਦੀਆਂ ਹਨ ਪਰ ਉਹ ਰਾਜਸੀ ਹਿੱਤਾਂ ਦਾ ਪੱਖ ਹੀ ਪੂਰਦੀਆਂ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਇਹ ਲੋਕ ਟਿਕਟਾਂ ਦੀ ਆਸ ਵਿਚ ਆਮ ਆਦਮੀ ਨਾਲ ਨਹੀਂ ਜੁੜੇ ਸਗੋਂ ਉਹ ਸਿਸਟਮ ਵਿਚ ਬਦਲਾਅ ਚਾਹੁੰਦੇ ਹਨ।

# ਐਡਵੋਕੇਟ ਫੂਲਕਾ ਲੁਧਿਆਣਾ ਤੋਂ ਚੋਣ ਲੜਨਗੇ?

**ਬਠਿੰਡਾ:** 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ 'ਤੇ ਇਨਸਾਫ ਲਈ ਲੜਾਈ ਲੜ ਰਹੇ ਸੀਨੀਅਰ ਐਡਵੋਕੇਟ ਐਚ.ਐਸ. ਫੂਲਕਾ ਲੁਧਿਆਣਾ ਤੋਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਹੋ ਸਕਦੇ ਹਨ। ਸ. ਫੂਲਕਾ ਨੇ ਕਿਹਾ ਹੈ ਕਿ ਜੇਕਰ 'ਆਪ' ਨੇ ਚੋਣ ਲੜਨ ਲਈ ਹੁਕਮ ਕੀਤਾ ਤਾਂ ਉਹ ਲੁਧਿਆਣਾ ਨੂੰ ਤਰਜੀਹ ਦੇਣਗੇ। ਉਹ ਲੁਧਿਆਣਾ ਵਿਚ ਹੀ ਪੜ੍ਹੇ ਲਿਖੇ ਹਨ ਤੇ ਉਥੇ ਉਨ੍ਹਾਂ ਦੇ ਦੋਸਤ ਮਿੱਤਰ ਵੀ ਜ਼ਿਆਦਾ ਹਨ।



ਸੀਨੀਅਰ ਵਕੀਲ ਨੇ ਆਖਿਆ ਕਿ 'ਆਪ' ਵੱਲੋਂ ਦੋ ਹਫ਼ਤਿਆਂ ਵਿਚ ਪੰਜਾਬ ਬਾਰੇ ਆਪਣੀ ਰਣਨੀਤੀ ਤੇ ਯੋਜਨਾ ਦਾ ਖੁਲਾਸਾ ਕਰ ਦਿੱਤਾ ਜਾਵੇਗਾ। ਜੇਕਰ ਪਾਰਟੀ ਵੱਲੋਂ ਉਨ੍ਹਾਂ ਨੂੰ ਚੋਣ ਮੁਹਿੰਮ ਦਾ ਹਿੱਸਾ ਬਣਾਇਆ ਗਿਆ ਤਾਂ ਉਹ ਚੋਣ ਨਹੀਂ ਲੜਨਗੇ ਤੇ ਪਾਰਟੀ ਲਈ ਪ੍ਰਚਾਰ ਕਰਨਗੇ। ਉਨ੍ਹਾਂ ਕਿਹਾ ਕਿ ਆਖਰੀ ਫੈਸਲਾ ਪਾਰਟੀ ਨੇ ਕਰਨਾ ਹੈ ਤੇ ਉਹ ਚੋਣ ਲੜਨ ਲਈ ਤਿਆਰ ਹਨ। ਉਨ੍ਹਾਂ ਦਿੱਲੀ ਦੰਗਿਆਂ ਦੇ ਮਾਮਲੇ 'ਤੇ ਬਣਾਈ ਐਸ.ਆਈ.ਟੀ ਬਾਰੇ ਅਸਿੱਧੇ ਢੰਗ ਨਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਨਿੰਦਿਆ। ਉਨ੍ਹਾਂ ਆਖਿਆ ਕਿ ਜੋ ਲੋਕ ਅੱਜ ਐਸ.ਆਈ.ਟੀ ਦਾ ਵਿਰੋਧ ਕਰ ਰਹੇ ਹਨ, ਉਹ ਅਸਲ ਵਿਚ ਦਿੱਲੀ ਦੰਗਿਆਂ ਦੇ ਮੁਲਜ਼ਮਾਂ ਦੇ ਪੱਖ ਵਿਚ ਭੁਗਤ ਰਹੇ ਹਨ ਤੇ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਸ਼ੁਰੂ ਤੋਂ ਹੀ ਕਾਂਗਰਸ ਤੋਂ ਬਿਨਾਂ ਬਾਕੀ ਪਾਰਟੀਆਂ ਨੇ ਐਸ.ਆਈ.ਟੀ. ਬਣਾਏ ਜਾਣ ਦੀ ਮੰਗ ਕੀਤੀ ਹੈ। ਇਹ ਭੁਲੇਖੇ ਖੜ੍ਹੇ ਕਰਕੇ ਗੁੰਮਰਾਹ ਕੀਤਾ ਜਾ ਰਿਹਾ ਹੈ ਕਿ ਐਸ.ਆਈ.ਟੀ. ਬਣਨ ਨਾਲ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲੇਗੀ।

# ਲਾਲ ਬੱਤੀ ਕਾਇਮ ਰੱਖਣ ਲਈ ਪੰਜਾਬ ਸਰਕਾਰ ਨੇ ਲੱਭੇ ਰਾਹ

## ਅਫਸਰਾਂ ਨੂੰ ਖੁਸ਼ ਕਰਨ ਲਈ ਘੜੇ ਨਵੇਂ ਨਿਯਮ



**ਚੰਡੀਗੜ੍ਹ:** ਸਿਆਸਤਦਾਨਾਂ ਤੇ ਅਫ਼ਸਰ ਦੀ ਲਾਲ ਬੱਤੀ ਸਲਾਮਤ ਰੱਖਣ ਲਈ ਪੰਜਾਬ ਸਰਕਾਰ ਇਨ੍ਹੀਂ ਦਿਨੀਂ ਤਰ੍ਹਾਂ-ਤਰ੍ਹਾਂ ਦੀਆਂ ਜੁਗਤਾਂ ਘੜ ਰਹੀ ਹੈ। ਇਥੋਂ ਤੱਕ ਕਿ ਲਾਲਾ ਬੱਤੀ ਦੇ ਹੱਕਦਾਰਾਂ ਬਾਰੇ ਰਾਸ਼ਟਰਪਤੀ ਵੱਲੋਂ ਜਾਰੀ ਹੁਕਮਾਂ ਦੀ ਆਪਣੇ ਹੀ ਢੰਗ ਨਾਲ ਵਿਆਖਿਆ ਕੀਤੀ ਜਾ ਰਹੀ ਹੈ। ਮੁੱਖ ਸਕੱਤਰ ਰਾਕੇਸ਼ ਸਿੰਘ ਦੀ ਪ੍ਰਧਾਨਗੀ ਹੇਠ 15 ਜਨਵਰੀ ਨੂੰ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਦੌਰਾਨ ਸੂਬੇ ਦੇ ਅਧਿਕਾਰੀਆਂ ਨੂੰ ਕੇਂਦਰ ਸਰਕਾਰ ਦੇ ਅਧਿਕਾਰੀਆਂ ਬਰਾਬਰ ਦਰਸਾ ਕੇ ਲਾਲ ਬੱਤੀ ਦੇ ਯੋਗ ਬਣਾਇਆ ਹੈ।

ਮਿਸਾਲ ਦੇ ਤੌਰ 'ਤੇ ਪੁਲਿਸ ਮੁਖੀ ਦੇਸ਼ ਦੀਆਂ ਤਿੰਨ ਸੈਨਾਵਾਂ (ਜਲ, ਥਲ ਅਤੇ ਹਵਾਈ) ਦੇ ਮੁਖੀਆਂ ਦੇ ਬਰਾਬਰ ਦਿਖਾਏ ਗਏ ਹਨ। ਡੀ.ਜੀ.ਪੀ ਨੂੰ ਉਸੇ ਤਰ੍ਹਾਂ ਦੀ ਲਾਲ ਬੱਤੀ ਦੀ ਵਰਤੋਂ ਦਾ ਅਧਿਕਾਰ ਦਿੱਤਾ ਜਾ ਰਿਹਾ ਹੈ ਜਿਵੇਂ ਸੈਨਾਵਾਂ ਦੇ ਮੁਖੀਆਂ ਨੂੰ ਕੇਂਦਰ ਸਰਕਾਰ ਨੇ ਦਿੱਤਾ ਹੈ। ਤਿੰਨੇ ਸੈਨਾਵਾਂ ਦੇ ਮੁਖੀ ਪ੍ਰੈਜ਼ੀਡੈਂਸ ਦੀ ਸੂਚੀ ਵਿਚ 12ਵਾਂ ਸਥਾਨ ਰੱਖਦੇ ਹਨ ਜਦੋਂਕਿ ਸੂਬਾਈ ਪੁਲਿਸ ਮੁਖੀਆਂ ਦਾ ਇਸ ਸੂਚੀ ਵਿਚ ਕੋਈ ਜ਼ਿਕਰ ਨਹੀਂ ਹੈ।

ਮੁੱਖ ਸਕੱਤਰ ਦੀ ਮੀਟਿੰਗ ਦੌਰਾਨ ਜਿਨ੍ਹਾਂ ਵੀ ਵਿਅਕਤੀਆਂ ਨੂੰ ਲਾਲ ਬੱਤੀ ਦੀ ਵਰਤੋਂ ਦਾ ਅਧਿਕਾਰ ਦੇਣ ਦਾ ਵਿਚਾਰ ਕੀਤਾ ਗਿਆ ਉਨ੍ਹਾਂ ਦੀ ਤੁਲਨਾ ਕੇਂਦਰ ਸਰਕਾਰ ਵਿਚ ਵਿਧਾਨਿਕ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਨਾਲ ਕੀਤੀ ਗਈ। ਸਰਕਾਰ ਸੁਪਰੀਮ ਕੋਰਟ ਦੇ ਤਾਜ਼ਾ ਹੁਕਮਾਂ ਨੂੰ ਲਾਗੂ ਕਰਨ ਦਾ ਖਰੜਾ ਤਿਆਰ ਕਰ ਰਹੀ ਹੈ। ਮੁੱਖ ਸਕੱਤਰ ਰਾਕੇਸ਼ ਸਿੰਘ ਨੇ ਆਪਣੀ ਲਾਲ ਬੱਤੀ ਬਰਕਰਾਰ ਰੱਖਣ ਲਈ ਕੈਬਨਿਟ ਸਕੱਤਰ ਨਾਲ ਬਰਾਬਰੀ ਕੀਤੀ ਹੈ। ਪ੍ਰੈਜ਼ੀਡੈਂਸ ਸੂਚੀ ਵਿਚ ਕੈਬਨਿਟ ਸਕੱਤਰ 9ਵੇਂ ਤੇ ਸੂਬਾਈ ਸਰਕਾਰਾਂ ਦੇ ਮੁੱਖ ਸਕੱਤਰ 23ਵੇਂ ਨੰਬਰ 'ਤੇ ਹਨ। ਮੁੱਖ ਸੰਸਦੀ ਸਕੱਤਰ ਦਾ ਅਹੁਦਾ ਗੈਰ ਵਿਧਾਨਿਕ ਮੰਨਿਆ ਜਾਂਦਾ ਹੈ। ਮੁੱਖ ਸਕੱਤਰ ਦੀ ਅਗਵਾਈ ਵਾਲੀ ਕਮੇਟੀ ਨੇ ਮੁੱਖ ਸੰਸਦੀ ਸਕੱਤਰਾਂ ਦੀ ਕੇਂਦਰੀ ਉਪ ਮੰਤਰੀ ਨਾਲ ਬਰਾਬਰੀ ਕਰਕੇ ਲਾਲ ਬੱਤੀ ਬਰਕਰਾਰ ਰੱਖਣ ਦਾ ਫੈਸਲਾ ਲਿਆ ਹੈ।

ਸੁਪਰੀਮ ਕੋਰਟ ਨੇ ਸਿਰਫ਼ ਵਿਧਾਨਿਕ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਨੂੰ ਲਾਲ ਬੱਤੀ ਦੀ ਵਰਤੋਂ ਦਾ ਅਧਿਕਾਰ ਦੇਣ ਦੇ ਹੁਕਮ ਦਿੱਤੇ ਹਨ। ਇਸੇ ਤਰ੍ਹਾਂ ਐਡਵੋਕੇਟ ਜਨਰਲ ਨੂੰ ਅਟਾਰਨੀ ਜਨਰਲ ਦੇ ਤੁੱਲ ਰੱਖਿਆ ਗਿਆ ਹੈ। ਪ੍ਰੈਜ਼ੀਡੈਂਸ ਸੂਚੀ ਵਿਚ ਐਡਵੋਕੇਟ ਜਨਰਲ ਵਧੀਕ ਸੋਲੀਸਿਟਰ ਤੋਂ ਵੀ ਹੇਠਲੇ ਰੈਂਕ 'ਤੇ ਮੰਨਿਆ ਜਾਂਦਾ ਹੈ। ਸੂਬਾਈ ਚੋਣ ਕਮਿਸ਼ਨ ਨੂੰ ਮੁੱਖ ਚੋਣ ਕਮਿਸ਼ਨਰ ਦੇ ਬਰਾਬਰ ਰੱਖਦਿਆਂ ਲਾਲ ਬੱਤੀ ਦੀ ਵਰਤੋਂ ਦਾ ਅਧਿਕਾਰ ਦੇਣ ਦਾ ਫੈਸਲਾ ਕੀਤਾ ਹੈ।

ਨਵੀਂ ਸੂਚੀ ਮੁਤਾਬਕ ਪੰਜਾਬ ਘੱਟ ਗਿਣਤੀ ਕਮਿਸ਼ਨ, ਪੰਜਾਬ ਲੋਕ ਸੇਵਾ ਕਮਿਸ਼ਨ, ਪੰਜਾਬ ਐਸ.ਸੀ ਕਮਿਸ਼ਨ, ਸੂਬਾਈ ਸੂਚਨਾ ਕਮਿਸ਼ਨ ਤੇ ਪੰਜਾਬ ਸੇਵਾ ਦਾ ਅਧਿਕਾਰ ਕਮਿਸ਼ਨ ਦੇ ਮੁਖੀ ਵੀ ਲਾਲ ਬੱਤੀ ਦੀ ਵਰਤੋਂ ਕਰ ਸਕਦੇ ਹਨ। ਇਸ ਮੀਟਿੰਗ ਦੌਰਾਨ ਆਈ.ਏ.ਐਸ ਤੇ ਆਈ.ਪੀ.ਐਸ ਅਫ਼ਸਰਾਂ ਦੀ ਬੱਤੀ ਖੁੱਸਣ 'ਤੇ ਵੀ ਚਰਚਾ ਕਰਦਿਆਂ ਇਸ ਦਾ ਬਦਲ ਲੱਭਣ ਦੇ ਅਧਿਕਾਰ ਪ੍ਰਮੁੱਖ ਸਕੱਤਰ ਟਰਾਂਸਪੋਰਟ ਨੂੰ ਦੇ ਦਿੱਤੇ ਗਏ।

ਸੂਤਰਾਂ ਦਾ ਕਹਿਣਾ ਹੈ ਕਿ ਮੁੱਖ ਸਕੱਤਰ ਵੱਲੋਂ ਮੀਟਿੰਗ ਦੀ ਕਾਰਵਾਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਭੇਜੀ ਗਈ ਹੈ ਤਾਂ ਜੋ ਲੋੜੀਂਦਾ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਸਕੇ। ਮੀਟਿੰਗ ਦੇ ਫ਼ੈਸਲੇ ਮੁਤਾਬਕ ਜਿਨ੍ਹਾਂ ਵਿਅਕਤੀਆਂ ਨੂੰ ਲਾਲ ਬੱਤੀ ਦੀ ਸਹੂਲਤ ਭਵਿੱਖ ਵਿਚ ਬੰਦ ਕੀਤੀ ਜਾਣੀ ਹੈ, ਉਨ੍ਹਾਂ ਵਿਚ ਸੰਸਦ ਮੈਂਬਰ, ਵਿਧਾਇਕ, ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਸਲਾਹਕਾਰ, ਮੀਡੀਆ ਸਲਾਹਕਾਰ, ਮੇਅਰ, ਸੀਨੀਅਰ ਆਈ.ਏ.ਐਸ ਤੇ ਆਈ.ਪੀ.ਐਸ ਅਫ਼ਸਰ ਸ਼ਾਮਲ ਹਨ। ਸੂਚੀ ਮੁਤਾਬਕ ਆਈ.ਏ.ਐਸ ਅਫ਼ਸਰਾਂ ਵਿਚ ਮੁੱਖ ਸਕੱਤਰ ਤੇ ਮੁੱਖ ਸਕੱਤਰ ਰੈਂਕ ਦੇ ਅਧਿਕਾਰੀ ਹੀ ਲਾਲ ਬੱਤੀ ਦੀ ਵਰਤੋਂ ਕਰ ਸਕਣਗੇ। ਜਿਨ੍ਹਾਂ ਹੋਰਨਾਂ ਸ਼ਖ਼ਸੀਅਤਾਂ ਨੂੰ ਲਾਲ ਬੱਤੀ ਫਲੈਸ਼ਰ ਸਮੇਤ ਵਰਤਣ ਦਾ ਅਧਿਕਾਰ ਦਿੱਤਾ ਜਾ ਰਿਹਾ ਹੈ, ਉਨ੍ਹਾਂ ਵਿਚ ਰਾਜਪਾਲ, ਮੁੱਖ ਮੰਤਰੀ, ਉਪ ਮੁੱਖ ਮੰਤਰੀ, ਸਾਬਕਾ ਰਾਜਪਾਲ, ਚੀਫ਼ ਜਸਟਿਸ ਪੰਜਾਬ ਤੇ ਹਰਿਆਣਾ ਹਾਈ ਕੋਰਟ, ਹਾਈ ਕੋਰਟ ਦੇ ਸਮੂਹ ਜੱਜ, ਵਿਧਾਨ ਸਭਾ ਦੇ ਸਪੀਕਰ, ਸਮੂਹ ਕੈਬਨਿਟ ਮੰਤਰੀ ਤੇ ਵਿਰੋਧੀ ਧਿਰ ਦੇ ਨੇਤਾ ਸ਼ਾਮਲ ਹਨ।



# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਤ੍ਰੈ-ਮਾਸਿਕ ਮੀਟਿੰਗ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਤ੍ਰੈ-ਮਾਸਿਕ ਮੀਟਿੰਗ ਲੰਘੀ 26 ਜਨਵਰੀ ਨੂੰ ਸਭਾ ਦੇ ਪ੍ਰਧਾਨ ਦਿਲ ਨਿੱਜਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਕਹਾਣੀਆਂ 'ਤੇ ਵਿਚਾਰ ਤੋਂ ਇਲਾਵਾ ਕਵਿਤਾਵਾਂ ਪੜ੍ਹਨ ਦਾ ਭਰਵਾਂ ਦੌਰ ਚੱਲਿਆ। ਕਹਾਣੀ ਦਰਬਾਰ ਵਿਚ ਤੇਤਿੰਦਰ ਕੌਰ ਦੀ ਕਹਾਣੀ 'ਚਿੱਤਰਲੇਖਾ', ਜੋਤੀ ਸਿੰਘ 'ਗਰੀਬੀ ਅਮੀਰਾਂ ਦਾ ਖਿਲੌਣਾ', ਹਰਨੇਕ ਸਿੰਘ 'ਡਾਕਟਰ ਦੀ ਫ਼ੀਸ', ਮਹਿੰਦਰ ਘੱਗ 'ਚੰਦਰਮਾ ਦੀ ਹਨੀਮੂਨ ਤੱਕ ਉਡਾਣ' ਅਤੇ ਜਗਤਾਰ ਸੰਧੂ ਵਲੋਂ ਵਿਚਾਰ-ਵਟਾਂਦਰਾ ਕੀਤਾ ਗਿਆ।

ਕਵੀ ਦਰਬਾਰ ਵਿਚ ਦਿਲ ਨਿੱਜਰ, ਦਲਜੀਤ ਸੂਦ, ਹਰਜਿੰਦਰ ਪੰਧੇਰ, ਹਰਬੰਸ ਸਿੰਘ ਜਗਿਆਸੂ, ਜੀਵਨ ਰੱਤੂ, ਰਾਠੇਸ਼ਵਰ ਸੂਰਾਪੁਰੀ, ਪਰਮਿੰਦਰ ਰਾਏ, ਜਸ ਫ਼ਿਜ਼ਾ, ਫੱਗਣ ਧਾਮੀ, ਰਮੇਸ਼ ਬੰਗੜ, ਗੁਰਿੰਦਰ ਸੂਰਾਪੁਰੀ, ਜੋਤੀ ਸਿੰਘ, ਜਗਤਾਰ ਸੰਧੂ, ਮਹਿੰਦਰ ਸਿੰਘ ਘੱਗ, ਇੰਦਰਜੀਤ ਗਰੇਵਾਲ, ਹਰਨੇਕ ਸਿੰਘ, ਕੁਲਦੀਪ ਤੱਖਰ, ਚਰਨਜੀਤ ਢਿਲੋਂ, ਬਲਿਹਾਰ ਸਿੰਘ ਸਰਪੰਚ, ਬੱਲੀ ਅਟਵਾਲ, ਬਲਜਿੰਦਰ ਪੁਰੇਵਾਲ, ਸੁਖਦੇਵ ਬੀਸਲਾ ਨੇ ਆਪੋ ਆਪਣੀਆਂ ਰਚਨਾਵਾਂ ਪੜ੍ਹੀਆਂ। ਗੀਤਕਾਰ ਅਤੇ ਫ਼ਿਲਮੀ ਐਕਟਰ ਜਸਪਾਲ ਸਿੰਘ ਸੂਸ ਮੁੱਖ ਮਹਿਮਾਨ ਸਨ। ਬੇ-ਏਰੀਆ ਤੋਂ ਮੇਜਰ ਭੁਪਿੰਦਰ ਦਲੇਰ ਅਤੇ ਹਰਿਭਜਨ ਢਿਲੋਂ ਨੇ ਵੀ ਸ਼ਿਰਕਤ ਕੀਤੀ। ਸਟੇਜ ਸੈਕਟਰੀ ਦੀ ਸੇਵਾ ਇੰਦਰਜੀਤ ਗਰੇਵਾਲ ਵਲੋਂ ਨਿਭਾਈ ਗਈ।

# ਦੇਵਯਾਨੀ ਨੂੰ ਫੌਜਦਾਰੀ ਮੁਕੱਦਮੇ ਤੋਂ ਛੋਟ ਨਹੀਂ

**ਨਿਊ ਯਾਰਕ:** ਅਮਰੀਕੀ ਵਿਦੇਸ਼ ਵਿਭਾਗ ਨੇ ਅਦਾਲਤ ਵਿਚ ਕਿਹਾ ਹੈ ਕਿ ਭਾਰਤੀ ਡਿਪਲੋਮੈਟ ਦੇਵਯਾਨੀ ਖੋਬਰਾਗੜੇ ਨੂੰ ਵੀਜ਼ਾ ਫਰਾਡ ਤੇ ਝੂਠਾ ਬਿਆਨ ਦੇਣ ਦੇ ਦੋਸ਼ਾਂ ਤਹਿਤ ਫੌਜਦਾਰੀ ਮੁਕੱਦਮਾ ਚਲਾਉਣ ਤੋਂ ਛੋਟ ਨਹੀਂ ਮਿਲੀ ਹੋਈ।

39 ਸਾਲਾ ਖੋਬਰਾਗੜੇ ਵੱਲੋਂ ਮਾਮਲਾ ਰੱਦ ਕਰਨ ਬਾਰੇ ਦਾਇਰ ਦਰਖਾਸਤ ਦੇ ਵਿਰੁੱਧ ਇਹ ਬਿਆਨ ਮੈਨਹਟਨ ਦੇ ਭਾਰਤੀ ਮੂਲ ਦੇ ਸੰਘੀ ਵਕੀਲ ਪ੍ਰੀਤ ਭਰਾਰਾ ਵੱਲੋਂ ਦਾਇਰ ਕੀਤਾ ਗਿਆ ਹੈ। ਇਸ ਬਿਆਨ ਵਿਚ ਕਿਹਾ ਗਿਆ ਹੈ ਕਿ ਸੰਘੀ ਅਧਿਕਾਰੀਆਂ ਨੇ ਪਿਛਲੇ ਸਾਲ 12 ਦਸੰਬਰ ਨੂੰ ਦੇਵਯਾਨੀ ਨੂੰ ਵੀਜ਼ਾ ਧੋਖਾ ਮਾਮਲੇ ਵਿਚ ਗ੍ਰਿਫ਼ਤਾਰ ਜਾਂ ਹਿਰਾਸਤ ਵਿਚ ਲੈ ਕੇ ਕੋਈ ਗ਼ਲਤੀ ਨਹੀਂ ਕੀਤੀ ਹੈ ਕਿਉਂਕਿ ਉਸ ਨੂੰ ਭਾਰਤ ਦੇ ਡਿਪਟੀ ਕਾਸਲ ਜਨਰਲ ਵਜੋਂ ਪੂਰੀ ਕੂਟਨੀਤਿਕ ਛੋਟ ਪ੍ਰਾਪਤ ਨਹੀਂ ਹੈ। ਯਾਦ ਰਹੇ ਕਿ ਇਸ ਮਾਮਲੇ ਕਾਰਨ ਭਾਰਤ ਤੇ ਅਮਰੀਕਾ ਵਿਚਕਾਰ ਲਗਾਤਾਰ ਤਣਾਅ ਚੱਲ ਰਿਹਾ ਹੈ।

# ਗੁਰੂ ਹਰ ਰਾਏ ਦਾ ਆਗਮਨ ਦਿਵਸ ਸ਼ਰਧਾ ਨਾਲ ਮਨਾਇਆ



**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਨਾਨਕਸਰ ਚੈਰੀ ਰੋਡ ਵਿਖੇ ਸੰਗਤਾਂ ਨੇ ਲੰਘੇ ਐਤਵਾਰ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰ ਰਾਏ ਜੀ ਦਾ ਆਗਮਨ ਪੁਰਬ ਬੜੀ ਸ਼ਰਧਾ ਨਾਲ ਮਨਾਇਆ। ਅਖੰਡ ਪਾਠ ਦੇ ਭੋਗ ਉਪਰੰਤ ਪੰਥ ਪ੍ਰਸਿਧ ਕੀਰਤਨੀਏ ਭਾਈ ਦਵਿੰਦਰ ਸਿੰਘ ਸੋਢੀ ਤੇ ਸਾਥੀ ਇਕਬਾਲ ਸਿੰਘ ਦੇ ਜਥੇ ਨੇ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਮੰਤਰ ਮੁਗਧ ਕੀਤਾ ਅਤੇ ਸੱਤਵੇਂ ਪਾਤਸ਼ਾਹ ਦੀ ਜੀਵਨੀ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਸੱਤਵੇਂ ਪਾਤਸ਼ਾਹ ਦੀਆਂ ਪੁਰਾਤਨ ਨਿਸ਼ਾਨੀਆਂ ਦੇ ਦਰਸ਼ਨ ਵੀ ਸੰਗਤਾਂ ਨੂੰ ਕਰਵਾਏ ਗਏ।

ਭਾਈ ਹਰਭਜਨ ਸਿੰਘ, ਭਾਈ ਜਸਪਾਲ ਸਿੰਘ ਪਾਉਂਟਾ ਸਾਹਿਬ, ਭਾਈ ਹਰਵਿੰਦਰ ਸਿੰਘ, ਭਾਈ ਜਸਵਿੰਦਰ ਸਿੰਖ ਝੋਰੜਾ, ਭਾਈ ਮੋਹਣ ਸਿੰਘ ਅਤੇ ਭਾਈ ਗੁਰਵਿੰਦਰ ਸਿੰਘ ਦੇ ਜਥਿਆਂ ਨੇ ਵੀ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਗਿਆਨ ਸਿੰਘ ਰੱਕੜ ਦੇ ਪਰਿਵਾਰ ਵਲੋਂ ਇਸ ਮੌਕੇ ਲੱਡੂਆਂ ਦਾ ਪ੍ਰਸ਼ਾਦ ਵੰਡਿਆ ਗਿਆ।

# ਲੋਗਨ ਹਾਈ ਸਕੂਲ 'ਚ ਲੋਹੜੀ 7 ਫਰਵਰੀ ਨੂੰ

**ਯੂਨੀਅਨ ਸਿਟੀ:** ਸਥਾਨਕ ਲੋਗਨ ਹਾਈ ਸਕੂਲ ਵਿਚ ਪੰਜਾਬੀ ਤੇ ਸਿੱਖ ਵਿਦਿਆਰਥੀਆਂ ਵਲੋਂ ਲੋਹੜੀ ਦਾ ਸਮਾਗਮ ਇਸ ਵਾਰ ਆਉਂਦੀ 7 ਫਰਵਰੀ ਸ਼ੁੱਕਰਵਾਰ ਨੂੰ ਸ਼ਾਮ 6 ਵਜੇ ਤੋਂ 9 ਵਜੇ ਤੱਕ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਸਕੂਲ ਦੇ ਪੰਜਾਬੀ ਕਲੱਬ ਦੀ ਪ੍ਰਧਾਨ ਗਗਨਜੋਤ ਸਮਰਾ ਨੇ ਦੱਸਿਆ ਕਿ ਪੰਜਾਬੀ ਕਲੱਬ ਦੇ ਬੱਚੇ ਹਰ ਸਾਲ ਆਪਣੇ ਪੰਜਾਬੀ ਅਧਿਆਪਕ ਹਰਪਾਲ ਸਿੰਘ ਰਾਣਾ ਜੋ ਕਲੱਬ ਦੇ ਸਲਾਹਕਾਰ ਵੀ ਹਨ, ਦੀ ਅਗਵਾਈ ਹੇਠ ਲੋਹੜੀ ਮਨਾਉਂਦੇ ਹਨ।

ਕਲੱਬ ਦੇ ਮੀਤ ਪ੍ਰਧਾਨ ਇੰਦਰਵੀਰ ਸਿੰਘ, ਖਜ਼ਾਨਚੀ ਜਾਸਮੀਨ ਕੌਰ ਅਤੇ ਸਕੱਤਰ ਜਸਪ੍ਰੀਤ ਕੌਰ ਨੇ ਲੋਗਨ ਹਾਈ ਸਕੂਲ ਵਿਚ ਪੜ੍ਹਦੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਬੇਨਤੀ ਕੀਤੀ ਹੈ ਕਿ ਉਹ ਪਰਿਵਾਰਾਂ ਸਮੇਤ ਪੁਜ ਕੇ ਆਪਣੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕਰਨ। ਨਾਲ ਹੀ ਉਨ੍ਹਾਂ ਕਿਹਾ ਕਿ ਸਕੂਲ ਦੇ ਅਹਾਤੇ ਅੰਦਰ ਕਿਸੇ ਵੀ ਕਿਸਮ ਦਾ ਨਸ਼ਾ ਲਿਆਉਣਾ ਜਾਂ ਕਰਨਾ ਗੈਰ ਕਾਨੂੰਨੀ ਹੈ। ਪਿੱਛੇ ਜਿਹੇ ਕੁਝ ਸ਼ਰਾਰਤੀ ਅਨਸਰਾਂ ਨੇ ਇਸ ਤਿਉਹਾਰ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਸੀ ਜਿਸ ਕਰਕੇ ਸਕੂਲ ਨੇ ਸਿਕਉਰਿਟੀ ਦਾ ਇੰਤਜ਼ਾਮ ਲਾਜ਼ਮੀ ਕਰ ਦਿਤਾ ਹੈ। ਅਜਿਹੀਆਂ ਗੱਲਾਂ ਪੰਜਾਬੀਆਂ ਦੀ ਬਦਨਾਮੀ ਦਾ ਵੀ ਕਾਰਣ ਬਣਦੀਆਂ ਹਨ।

ਇਸ ਸਮਾਗਮ ਲਈ ਦਾਖਲਾ ਫੀਸ 10 ਡਾਲਰ ਰੱਖੀ ਗਈ ਹੈ। ਸਮਾਗਮ ਵਿਚ ਹਿੱਸਾ ਲੈਣ ਦੇ ਚਾਹਵਾਨ ਵਿਦਿਆਰਥੀ ਸ਼ੁਕਰਵਾਰ ਤੋਂ ਪਹਿਲੋਂ ਹੀ ਦਾਖਲਾ ਫ਼ੀਸ ਭਰਕੇ ਪਾਸ ਲੈ ਲੈਣ ਕਿਉਂਕਿ ਗੇਟ 'ਤੇ ਪਾਸ ਨਹੀਂ ਵੰਡੇ ਜਾਣਗੇ। ਇਹ ਪਾਸ ਕੇਵਲ ਲੋਗਨ ਹਾਈ ਸਕੂਲ ਵਿਚ ਪੜ੍ਹਦੇ ਵਿਦਿਆਰਥੀਆਂ ਜਾਂ ਉਨ੍ਹਾਂ ਦੇ ਅੱਠਵੀਂ ਜਮਾਤ ਤਕ ਦੇ ਛੋਟੇ ਭੈਣ-ਭਰਾਵਾਂ ਨੂੰ ਹੀ ਜਾਰੀ ਕੀਤੇ ਜਾਣਗੇ।

*To Advertise with Punjab Times*
***Call: 847-359-0746***

## Matrimonial

### ਵਰ ਦੀ ਲੋੜ

ਕੰਬੋਜ ਸਿੱਖ ਅਮਰੀਕੀ ਸਿਟੀਜ਼ਨ, 26 ਸਾਲ, ਕੱਦ 5'-5", ਬੀ ਐਸ ਸੀ, ਬਿਜਨਸ ਐਨਾਲਾਈਜ਼ਰ ਵਜੋਂ ਕੰਮ ਕਰਦੀ ਲੜਕੀ ਲਈ ਢੁਕਵੇਂ ਵਰ ਦੀ ਲੋੜ ਹੈ। ਐਚ-1 ਜਾਂ ਸਟੂਡੈਂਟ ਵੀਜ਼ੇ 'ਤੇ ਆਏ ਲੜਕੇ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 601-473-9617, ਈਮੇਲ: santokh01@hotmail.com

ਨਿਊ ਯਾਰਕ ਵਸਦੀ ਰਾਮਗੜ੍ਹੀਆ ਸਿੱਖ ਲੜਕੀ, ਬੀ ਏ, 30 ਸਾਲ, 5'-2" ਲਈ ਨਸ਼ਿਆਂ ਤੋਂ ਰਹਿਤ ਅਮਰੀਕੀ ਸਿਟੀਜ਼ਨ/ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 516-450-7104, prince.kular@yahoo.com

Wanted suitable match for 27yrs, height 5'-2", divorced, US Citizen well settled girl. Must be living in the US. Contact: pb82268@gmail.com

### ਕੰਨਿਆਂ ਦੀ ਲੋੜ

**Suitable girl wanted for Jatt Sikh US citizen BSc, 24, 5'-10". Girl from US with DDS/MBBS/ Eng./Nursing degree, 22 to 24, height 5'-5". No caste bar. Send photo & bio-data @ bsimerb@yahoo.com**

Wanted mature, family oriented, vegetarian, preferably US based, over 28 girl for Lobana Sikh, 37, 5'-9" clean shaven, teetotaler, legally divorced, pending US immigration status. Issueless divorcee or widow can also be consided. Family owns business & home, brother citizen & parents legal permanent residents of USA. Early marriage. Caste no bar. Contact: plmultani@yahoo.com, Ph: 330-348-4561

# ਆਸ਼ੂਤੋਸ਼ ਦੇ ਦੇਹਾਂਤ ਬਾਰੇ ਭੰਬਲਭੂਸਾ

**ਨੂਰਮਹਿਲ:** ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਮੁਖੀ ਆਸ਼ੂਤੋਸ਼ ਦੇ ਦੇਹਾਂਤ ਬਾਰੇ ਭੰਬਲਭੂਸਾ ਬਰਕਰਾਰ ਹੈ। ਹੁਣ ਡੇਰਾ ਪ੍ਰਬੰਧਕਾਂ ਨੇ ਕਿਹਾ ਕਿ ਆਸ਼ੂਤੋਸ਼ ਨੇ ਲਾਸ਼ ਸੰਭਾਲਣ ਵਾਲੇ ਚੈਂਬਰ (ਫਰੀਜ਼ਰ) ਵਿਚ 'ਸਮਾਧੀ' ਲਾਈ ਹੋਈ ਹੈ, ਜਦਕਿ ਡਾਕਟਰਾਂ ਦਾ ਕਹਿਣਾ ਹੈ ਕਿ ਨਾ ਤਾਂ ਉਸ ਦੀ ਨਬਜ਼ ਚੱਲ ਰਹੀ ਹੈ ਅਤੇ ਨਾ ਹੀ ਦਿਲ ਧੜਕ ਰਿਹਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਮੰਗਲਵਾਰ ਦੀ ਰਾਤ ਨੂੰ ਆਸ਼ੂਤੋਸ਼ ਦੀ ਛਾਤੀ ਵਿਚ ਤਿੱਖਾ ਦਰਦ ਉਠਿਆ ਸੀ ਜਿਸ ਤੋਂ ਬਾਅਦ ਉਸ ਦਾ ਦੇਹਾਂਤ ਹੋ ਗਿਆ ਸੀ ਪਰ ਡੇਰੇ ਦੇ ਅਗਲੇ ਮੁਖੀ ਦੀ ਨਿਯੁਕਤੀ ਬਾਰੇ ਰੱਫੜ ਪੈਣ ਕਾਰਨ ਮੌਤ ਬਾਰੇ ਐਲਾਨ ਨਹੀਂ ਕੀਤਾ ਜਾ ਰਿਹਾ। ਵਾਰ-ਵਾਰ ਇਹੀ ਕਿਹਾ ਜਾ ਰਿਹਾ ਹੈ ਕਿ ਉਹ ਸਮਾਧੀ ਵਿਚ ਲੀਨ ਹੈ।

**SUPER TRAVEL**
847-676-9090, 773-465-5566
*E-mail: supertravel2003@yahoo.com*
*Lowest Fares With Excellent Service*
*AMERICAN AIR, CONTINENTAL AIR*
*JET AIRWAYS DELTA, AIR INDIA, KLM, LUFTHANSA.*
*For Emergency Call anytime at 847-673-3825*
*EARLY BIRD SALE!!!!*
India $545
London $250



**MRP TRAVEL**
*Lowest International and Domestic Fares*
ARC FLY ANY AIRLINE OF YOUR CHOICE IATA
*Providing the lowest Airfare, Cruise and Travel Packages to Asia, Africa, Europe, the Middle East and North America*
**408-929-8005**
E-mail:mrptravel@gmail.com
2123 Port Way, San Jose, CA 95133
*CST: 2097308-40*
*Passport & Visa services also available*
*India Vacation tour package also available.*
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES



ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ
ਫਲੋਰਿਡਾ ਵਿਚ ਚੰਗੇ ਚਲਦੇ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ ਅਤੇ ਹੋਰ ਸਹੂਲਤਾਂ
ਸੰਪਰਕ ਕਰੋ:
ਫੋਨ 850-510-3466

**Prince's Barber Shop**
37477 Fremont Blvd, suite C, Fremont, CA 94536
**Men & Children's Hair Cut**
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)
**Cell: (510)-677-9942**
**Shop: (510)-505-9605**
www.princebarbershop.com





## ਪੁੱਤ ਦੇ ਕਤਲ ਕੇਸ 'ਚ ਪੰਜਾਬੀ ਮਹਿਲਾ ਅਦਾਲਤ ਵਿਚ ਪੇਸ਼

**ਲੰਡਨ:** ਭਾਰਤੀ ਮੂਲ ਦੀ ਇਕ ਔਰਤ ਆਪਣੇ ਤਿੰਨ ਸਾਲਾ ਪੁੱਤ ਦੇ ਕਤਲ ਦੇ ਦੋਸ਼ ਵਿਚ ਦੂਜੀ ਵਾਰ ਸਕਾਟਲੈਂਡ ਦੀ ਅਦਾਲਤ ਵਿਚ ਪੇਸ਼ ਹੋਈ। ਰੋਜ਼ਦੀਪ ਕੁਲਾਰ (33) ਈਡਨਬਰਗ ਸ਼ੈਰਿਫ ਦੀ ਅਦਾਲਤ ਵਿਚ ਵਿਆਹ ਤੋਂ ਬਾਅਦ ਵਾਲੇ ਆਪਣੇ ਰੋਜ਼ਦੀਪ ਅਦੇਕੋਆ ਨਾਂ ਨਾਲ ਪੇਸ਼ ਹੋਈ।ਉਸ 'ਤੇ ਆਪਣੇ ਪੁੱਤਰ ਮਿਕਾਈਲ ਕੁਲਾਰ ਦੀ ਮੌਤ ਦੇ ਮਾਮਲੇ ਵਿਚ ਜਾਂਚ ਨੂੰ ਭਟਕਾਉਣ ਦਾ ਵੀ ਦੋਸ਼ ਹੈ। ਉਸ ਨੇ ਪੇਸ਼ੀ ਦੌਰਾਨ ਸੁਣਵਾਈ ਬਾਰੇ ਕੋਈ ਅਰਜ਼ੀ ਜਾਂ ਹਲਫਨਾਮਾ ਨਹੀਂ ਦਿੱਤਾ।

ਇਸ ਕਾਰਨ ਅਦਾਲਤ ਨੇ ਉਸ ਨੂੰ ਹਿਰਾਸਤ ਵਿਚ ਭੇਜ ਦਿੱਤਾ। ਹਾਲੇ ਸੁਣਵਾਈ ਦੀ ਅਗਲੀ ਮਿਤੀ ਤੈਅ ਨਹੀਂ ਹੋਈ। ਜ਼ਿਕਰਯੋਗ ਹੈ ਕਿ ਮਿਕਾਈਲ 16 ਜਨਵਰੀ ਨੂੰ ਘਰੋਂ ਲਾਪਤਾ ਹੋ ਗਿਆ ਸੀ। ਪੁਲਿਸ ਨੇ ਉਸ ਦੀ ਤਸਵੀਰ ਜਾਰੀ ਕਰਕੇ ਲੋਕਾਂ ਨੂੰ ਭਾਲ ਵਿਚ ਮਦਦ ਦੀ ਅਪੀਲ ਕੀਤੀ ਸੀ। ਬੱਚੇ ਦੀ ਭਾਲ ਲਈ ਸੈਂਕੜੇ ਵਾਲੰਟੀਅਰਾਂ ਨੇ ਪੁਲਿਸ ਤੇ ਮਾਹਰਾਂ ਨਾਲ ਮਿਲ ਕੇ ਨਾਲ ਲੱਗਦੇ ਇਲਾਕੇ ਦੀ ਹਰੇਕ ਥਾਂ ਗਾਹ ਦਿੱਤੀ। 18 ਜਨਵਰੀ ਨੂੰ ਪੁਲਿਸ ਨੂੰ ਨਾਲ ਲੱਗਦੇ ਈਡਨਬਰਗ ਦੀ ਫਿਫੇ ਨਾਂਅ ਦੀ ਥਾਂ ਤੋਂ ਲੜਕੇ ਦੀ ਲਾਸ਼ ਮਿਲੀ ਸੀ।

# ਪੰਜਵਾਂ ਵਿਆਹ ਕਰਾਉਣ ਆਇਆ ਵਿਦੇਸ਼ੀ ਲਾੜਾ ਜੇਲ੍ਹ ਪੁੱਜਾ

**ਚੰਡੀਗੜ੍ਹ:** ਪੰਜਾਬ ਵਿਚ ਪੰਜਵਾਂ ਵਿਆਹ ਰਚਾਉਣ ਆਏ ਐਨ.ਆਰ.ਆਈ ਲਾੜੇ ਨੂੰ ਜੇਲ੍ਹ ਦੀ ਹਵਾ ਖਾਣੀ ਪਈ ਹੈ। ਸਵੀਡਨ ਵਾਸੀ ਹਰਵਿੰਦਰਜੀਤ ਸਿੰਘ, ਜਿਸਦਾ ਜਨਮ ਹਨਸਬਰਗ (ਜਰਮਨੀ) ਦਾ ਹੈ, ਮੋਗਾ ਦੀ ਜੇਲ੍ਹ ਵਿਚ ਬੰਦ ਹੈ। ਮੁਲਜ਼ਮ ਵੱਲੋਂ ਪੰਜਵੀਂ ਵਾਰ ਵਿਆਹ ਕਰਾਉਣ ਲਈ ਲੁਧਿਆਣਾ ਤੇ ਬਾਬਾ ਬਕਾਲਾ ਦੀਆਂ ਦੋ ਕੁੜੀਆਂ ਦੇ ਪਰਿਵਾਰਾਂ ਨਾਲ ਵੱਖਰੀ-ਵੱਖਰੀ ਗੱਲ ਚੱਲ ਰਹੀ ਸੀ।

ਪੰਜਾਬ ਪੁਲਿਸ ਦੇ ਐਨ.ਆਰ.ਆਈ ਤੇ ਮਹਿਲਾ ਵਿੰਗ ਮੁਹਾਲੀ ਨੇ ਇਹ ਕਾਰਵਾਈ ਮੁਲਜ਼ਮ ਦੀ ਚੌਥੀ ਪਤਨੀ ਸੰਦੀਪ ਕੌਰ ਵਾਸੀ ਮੁੰਬਈ ਦੀ ਸ਼ਿਕਾਇਤ 'ਤੇ ਕੀਤੀ ਹੈ।ਇਸ ਤੋਂ ਪਹਿਲਾਂ ਹਰਵਿੰਦਰਜੀਤ ਤਿੰਨ ਹੋਰ ਲੜਕੀਆਂ ਦੀ ਜ਼ਿੰਦਗੀ ਤਬਾਹ ਕਰ ਚੁੱਕਿਆ ਹੈ। ਸੰਦੀਪ ਨੂੰ ਛੱਡ ਕੇ ਇਹ ਤਿੰਨੇ ਕੁੜੀਆਂ ਪੰਜਾਬ ਦੀਆਂ ਵਸਨੀਕ ਹਨ। ਇਸ ਧੋਖਾਧੜੀ ਦਾ ਖੁਲਾਸਾ ਪੰਜਾਬ ਪੁਲਿਸ ਦੇ ਐਨ.ਆਰ.ਆਈ ਤੇ ਮਹਿਲਾ ਵਿੰਗ ਦੇ ਡੀ.ਆਈ.ਜੀ ਐਲ.ਕੇ ਯਾਦਵ ਨੇ ਕੀਤਾ।

ਪੁਲਿਸ ਮੁਤਾਬਕ ਹਰਵਿੰਦਰਜੀਤ ਸਿੰਘ ਨੇ ਪਹਿਲ ਵਿਆਹ ਗੁਰਿੰਦਰਜੀਤ ਕੌਰ ਵਾਸੀ ਪਿੰਡ ਜਮਾਲਪੁਰ, ਜ਼ਿਲ੍ਹਾ ਲੁਧਿਆਣਾ ਨਾਲ



2002 ਵਿਚ ਕਰਵਾਇਆ ਸੀ, ਜੋ 2003 ਵਿਚ ਸਵੀਡਨ ਚਲੀ ਗਈ ਸੀ। ਬਾਅਦ ਵਿਚ ਉਸ ਨੇ ਗੁਰਿੰਦਰਜੀਤ ਨੂੰ ਤਲਾਕ ਦੇ ਦਿੱਤਾ ਤੇ ਦੂਜਾ ਵਿਆਹ ਅਮਨਦੀਪ ਕੌਰ ਵਾਸੀ ਠੱਠੀਆਂ, ਜ਼ਿਲ੍ਹਾ ਅੰਮ੍ਰਿਤਸਰ ਨਾਲ 2006 ਵਿਚ ਕਰਵਾਇਆ ਜਦ ਕਿ ਤੀਜਾ ਵਿਆਹ ਸੰਦੀਪ ਕੌਰ ਵਾਸੀ ਪਿੰਡ ਮਾਂਗੇਵਾਲ, ਜ਼ਿਲ੍ਹਾ ਲੁਧਿਆਣਾ ਨਾਲ ਮੋਗਾ ਵਿਚ 2007 ਵਿਚ ਕਰਵਾਇਆ ਸੀ, ਜਿਸ ਨੂੰ ਜਲੰਧਰ ਵਿਚ ਰਜਿਸਟਰਡ ਕਰਵਾਇਆ ਗਿਆ। ਵਿਆਹ ਕਰਕੇ ਉਹ ਕੁੜੀ ਨੂੰ ਆਪਣੇ ਨਾਲ ਵਿਦੇਸ਼ ਲੈ ਗਿਆ, ਜਿਥੇ ਮੁਲਜ਼ਮ ਨੇ ਸਾਲ ਬਾਅਦ ਹੀ 2008 ਵਿਚ ਸਵੀਡਨ ਵਿਚ ਉਸ ਨੂੰ ਵੀ ਤਲਾਕ ਦੇ ਦਿੱਤਾ।

ਇਸ ਮਗਰੋਂ ਹਰਵਿੰਦਰਜੀਤ ਨੇ ਇਟਲੀ ਰਹਿੰਦੀ ਮੁੰਬਈ ਦੀ ਸੰਦੀਪ ਕੌਰ ਨਾਂਅ ਦੀ ਲੜਕੀ ਨੂੰ ਇੰਟਰਨੈੱਟ 'ਤੇ ਆਪਣੇ ਜਾਲ ਵਿਚ ਫਸਾਇਆ। ਉਸ ਨੇ 2009 ਵਿਚ ਸੰਦੀਪ ਨਾਲ ਵਿਆਹ ਕਰਵਾ ਲਿਆ। ਉਹ ਚਾਰ ਸਾਲ 2013 ਤੱਕ ਇਕੱਠੇ ਰਹਿੰਦੇ ਰਹੇ ਤੇ ਹੁਣ ਸੰਦੀਪ ਸਵੀਡਨ ਰਹਿ ਰਹੀ ਹੈ, ਜਿਸ ਨਾਲ ਉਸ ਦਾ ਜੂਨ 2013 ਵਿਚ ਤਲਾਕ ਹੋ ਗਿਆ। ਹਰਵਿੰਦਰਜੀਤ ਬੀਤੇ ਵਰ੍ਹੇ 27 ਅਕਤੂਬਰ ਨੂੰ ਭਾਰਤ ਆਇਆ ਸੀ ਤੇ 11 ਨਵੰਬਰ ਨੂੰ ਵਾਪਸ ਸਵੀਡਨ ਚਲਾ ਗਿਆ ਸੀ। ਹੁਣ ਬੀਤੀ 25 ਜਨਵਰੀ ਨੂੰ ਉਹ ਇਕ ਹੋਰ ਪੰਜਾਬਣ ਕੁੜੀ ਨਾਲ ਪੰਜਵੀਂ ਵਾਰ ਵਿਆਹ ਰਚਾਉਣ ਲਈ ਪੰਜਾਬ ਆਇਆ ਸੀ ਕਿ ਪੁਲਿਸ ਦੇ ਧੱਕੇ ਚੜ੍ਹ ਗਿਆ। ਸੰਦੀਪ ਕੌਰ ਨੇ ਪਹਿਲਾਂ ਹੀ ਉਸ ਦੇ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਹੋਈ ਸੀ।

ਮੁੱਢਲੀ ਪੁੱਛ-ਪੜਤਾਲ ਦੌਰਾਨ ਪਤਾ ਲੱਗਿਆ ਕਿ ਮੁਲਜ਼ਮ ਨੇ ਆਪਣੀ ਦੂਜੀ ਪਤਨੀ ਅਮਨਦੀਪ ਕੌਰ ਮਾਂਗੇਵਾਲ ਨੂੰ ਤਲਾਕ ਦਿੱਤੇ ਬਿਨਾਂ ਤੀਜੀ ਪਤਨੀ ਸੰਦੀਪ ਕੌਰ ਨੂੰ ਧੋਖੇ ਵਿਚ ਰੱਖ ਕੇ ਵਿਆਹ ਕਰਵਾਇਆ ਸੀ। ਮੁਲਜ਼ਮ ਨੇ ਅਮਨਦੀਪ ਨਾਲ ਤਲਾਕ ਬਾਰੇ ਜਾਅਲੀ ਦਸਤਾਵੇਜ਼ ਤਿਆਰ ਕੀਤੇ ਸਨ। ਉਸ ਨੇ ਆਪਣੇ ਘਰ ਦਾ ਗਲਤ ਪਤਾ ਪਿੰਡ ਕੂਕੜ, ਜ਼ਿਲ੍ਹਾ ਜਲੰਧਰ ਦੱਸ ਕੇ ਵਿਆਹ ਰਜਿਸਟਰ ਕਰਵਾਇਆ ਸੀ। ਇਸ ਮਗਰੋਂ ਉਸ ਨੇ ਸੰਦੀਪ ਕੋਲੋਂ ਸਵੀਡਨ ਭਾਸ਼ਾ ਵਿਚ ਲਿਖੇ ਤਲਾਕਨਾਮੇ 'ਤੇ ਦਸਤਖ਼ਤ ਕਰਵਾ ਲਏ ਸਨ।

## ਗੈਰ-ਕਾਨੂੰਨੀ ਪਰਵਾਸੀਆਂ ਨੂੰ ਅਮਰੀਕਾ ਦੇਵੇਗਾ ਮੌਕਾ

**ਵਾਸ਼ਿੰਗਟਨ (ਬਿਊਰੋ):** ਅਮਰੀਕਾ ਵਿਚ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਛੇਤੀ ਹੀ ਖ਼ੁਸ਼ਖ਼ਬਰੀ ਮਿਲਣ ਵਾਲੀ ਹੈ ਕਿਉਂਕਿ ਰਾਸ਼ਟਰਪਤੀ ਬਰਾਕ ਓਬਾਮਾ ਤੇ ਵਿਰੋਧੀ ਪਾਰਟੀ ਰਿਪਬਲਿਕਨ ਦੇ ਆਗੂ ਦੇਸ਼ ਦਾ ਆਵਾਸ ਕਾਨੂੰਨ ਨਰਮ ਕਰਨ ਦੀ ਤਿਆਰੀ ਕਰ ਰਹੇ ਹਨ। ਇਸ ਨਾਲ ਸੰਸਦ ਦੀਆਂ ਚੋਣਾਂ ਤੋਂ ਪਹਿਲਾਂ ਪਰਵਾਸੀਆਂ ਨੂੰ ਖ਼ੁਸ਼ ਕਰਨ ਲਈ ਸੱਤਾਧਾਰੀ ਤੇ ਵਿਰੋਧੀ ਧਿਰਾਂ ਇਸ ਮੁੱਦੇ 'ਤੇ ਤਕਰੀਬਨ ਸਹਿਮਤ ਹੋ ਚੁੱਕੀਆਂ ਹਨ। ਇਥੇ ਰਾਸ਼ਟਰਪਤੀ ਨੇ ਆਪਣੀ ਇਕ ਇੰਟਰਵਿਊ ਦੌਰਾਨ ਕਿਹਾ ਹੈ ਕਿ ਉਹ ਅਜਿਹਾ ਕੁਝ ਕਰ ਸਕਦੇ ਹਨ ਜਿਸ ਨਾਲ ਦੇਸ਼ ਵਿਚ ਰਹਿ ਰਹੇ 1.10 ਕਰੋੜ ਗ਼ੈਰ-ਕਾਨੂੰਨੀ ਲੋਕਾਂ ਨੂੰ ਨਾਗਰਿਕਤਾ ਮਿਲ ਸਕਦੀ ਹੈ।

ਇਸ ਤੋਂ ਪਹਿਲਾਂ ਸੰਸਦ ਦੇ ਪ੍ਰਤੀਨਿਧ ਸਦਨ ਦੇ ਸਪੀਕਰ ਜੋਹਨ ਬੋਇਨਰ ਤੇ ਹੋਰਨਾਂ ਰਿਪਬਲਿਕਨ ਆਗੂਆਂ ਨੇ ਗ਼ੈਰ-ਕਾਨੂੰਨੀ ਲੋਕਾਂ ਨੂੰ ਨਾਗਰਿਕ ਬਣਾਉਣ ਬਾਰੇ ਕੁਝ ਸ਼ਰਤਾਂ ਵਾਲਾ ਦਸਤਾਵੇਜ਼ ਜਾਰੀ ਕੀਤਾ ਸੀ। ਇਸ ਵਿਚ ਕਿਹਾ ਗਿਆ ਹੈ ਕਿ ਇਹ ਗ਼ੈਰ-ਕਾਨੂੰਨੀ ਲੋਕ ਦੇਸ਼ ਦੇ ਨਾਗਰਿਕ ਬਣ ਸਕਦੇ ਹਨ, ਪਰ ਇਨ੍ਹਾਂ ਨੂੰ ਆਪਣੇ ਕਰ ਤੇ ਜੁਰਮਾਨੇ ਭਰਨੇ ਪੈਣਗੇ। ਨਵੰਬਰ ਵਿਚ ਸੰਸਦ ਦੀਆਂ ਚੋਣਾਂ ਹਨ ਤੇ ਬਹੁਤੇ ਰਿਪਬਲਿਕਨਾਂ ਨੂੰ ਲੱਗਦਾ ਹੈ ਕਿ ਦੇਸ਼ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿਣ ਵਾਲਿਆਂ ਦੀ ਬਹੁ-ਗਿਣਤੀ ਲਤੀਨੀ ਅਮਰੀਕੀਆਂ ਦੀ ਹੈ। ਚੋਣਾਂ ਜਿੱਤਣ ਲਈ ਇਨ੍ਹਾਂ ਨੂੰ ਨਾਲ ਲਾਉਣਾ ਜ਼ਰੂਰੀ ਹੈ।

ਦੇਸ਼ ਵਿਚ ਸਾਲ 2012 ਦੌਰਾਨ ਰਾਸ਼ਟਰਪਤੀ ਚੋਣਾਂ ਦੌਰਾਨ ਲਤੀਨੀ ਅਮਰੀਕੀਆਂ ਨੇ ਓਬਾਮਾ ਤੇ ਡੈਮੋਕਰੇਟਾਂ ਦੀ ਮਦਦ ਕੀਤੀ ਸੀ। ਹੁਣ ਤੱਕ ਰਿਪਬਲਿਕਨਾਂ ਵੱਲੋਂ ਗ਼ੈਰ- ਕਾਨੂੰਨੀ ਪਰਵਾਸੀਆਂ ਨੂੰ ਪੱਕਾ ਕਰਨ ਦੇ ਮੁੱਦੇ 'ਤੇ ਆਵਾਸ ਕਾਨੂੰਨ ਨੂੰ ਸਖ਼ਤ ਤੋਂ ਸਖ਼ਤ ਕੀਤੇ ਜਾਣ ਦੀ ਵਕਾਲਤ ਕੀਤੀ ਜਾਂਦੀ ਰਹੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਜਿਹੜੇ ਲੋਕ ਦੇਸ਼ ਦਾ ਆਵਾਸ ਕਾਨੂੰਨ ਤੋੜ ਕੇ ਇਥੇ ਰਹਿ ਰਹੇ ਹਨ, ਉਹ ਮੁਲਜ਼ਮ ਹਨ ਤੇ ਮੁਲਜ਼ਮਾਂ ਨੂੰ ਨਾਗਰਿਕਤਾ ਦੇਣੀ ਅਸੰਭਵ ਹੈ।

# ਦਰਜਨਾਂ ਪੰਜਾਬੀ ਅਬੂ ਧਾਬੀ ਦੀ ਜੇਲ੍ਹ ਵਿਚ ਬੰਦ

**ਬਲਾਚੌਰ:** ਅਬੂ ਧਾਬੀ ਦੀ ਜੇਲ੍ਹ ਵਿਚ ਬੰਦ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਨਾਲ ਸਬੰਧਤ ਇਕ ਦਰਜਨ ਤੋਂ ਵੱਧ ਪੰਜਾਬੀ ਨੌਜਵਾਨਾਂ ਦੇ ਮਾਪਿਆਂ ਨੇ ਪੰਜਾਬ ਤੇ ਕੇਂਦਰ ਸਰਕਾਰ ਅੱਗੇ ਇਨ੍ਹਾਂ ਦੀ ਰਿਹਾਈ ਦੀ ਗੁਹਾਰ ਲਗਾਈ ਹੈ। ਇਹ ਨੌਜਵਾਨ ਇਕ ਪਾਕਿਸਤਾਨੀ ਵਿਅਕਤੀ ਦੇ ਕਤਲ ਕੇਸ ਵਿਚ ਪਿਛਲੇ ਤਕਰੀਬਨ ਦੋ ਮਹੀਨਿਆਂ ਤੋਂ ਆਬੂ ਧਾਬੀ ਦੀ ਜੇਲ੍ਹ ਵਿਚ ਬੰਦ ਹਨ।

ਆਬੂ ਧਾਬੀ ਦੀ ਜੇਲ੍ਹ ਵਿਚ ਬੰਦ ਲਖਵਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਗਰਲੋਂ ਬੇਟ, ਜਸਪਾਲ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਮੋਹਰ, ਗੁਰਪਾਲ ਸਿੰਘ ਪੁੱਤਰ ਕੇਸਰ ਸਿੰਘ ਵਾਸੀ ਰਾਏਪੁਰ (ਗੜ੍ਹੀ) ਤਿੰਨੋ ਬਲਾਚੌਰ ਨਾਲ ਸਬੰਧਤ, ਸੁਨੀਲ ਕੁਮਾਰ ਪੁੱਤਰ ਬਲਵੀਰ ਰਾਮ ਵਾਸੀ ਬਗਵਾਈ (ਹੁਸ਼ਿਆਰਪੁਰ), ਚਰਨਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਨਿਊ ਦਸਮੇਸ਼ ਨਗਰ, ਘਾਹ ਮੰਡੀ ਜਲੰਧਰ, ਨਿਰਮਲ ਸਿੰਘ ਪੁੱਤਰ ਨਿਸ਼ਾਨ ਸਿੰਘ ਵਾਸੀ ਮੱਲ੍ਹਾ ਤਰਨਤਾਰਨ, ਰਾਜਪਾਲ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਤਰਨਤਾਰਨ, ਸੰਦੀਪ ਕੁਮਾਰ ਪੁੱਤਰ ਧਰਮਪਾਲ ਵਾਸੀ ਗੁੜਾਪੜ (ਨਵਾਂਸ਼ਹਿਰ), ਤਵਿੰਦਰ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਚੱਕਦਾਨਾ (ਨਵਾਂਸ਼ਹਿਰ) ਤੇ ਰਣਜੀਤ ਸਿੰਘ ਪੁੱਤਰ ਝਲਮਣ ਸਿੰਘ ਵਾਸੀ ਦਾਹਾਂ (ਨਵਾਂਸ਼ਹਿਰ) ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਅਲਫਰਾ (ਇਸਲਾਮਸਿਟੀ) ਵਿਖੇ ਕਿਸੇ ਕੰਪਨੀ ਵਿਚ ਤਕਰੀਬਨ ਚਾਰ ਸਾਲਾਂ ਤੋਂ ਕੰਮ ਕਰ ਰਹੇ ਸਨ ਤੇ ਉਨ੍ਹਾਂ ਨੂੰ ਦੀਵਾਲੀ ਵਾਲੇ ਦਿਨ ਕਿਸੇ ਪਾਕਿਸਤਾਨੀ ਵਿਅਕਤੀ ਦੇ ਕਤਲ ਕੇਸ ਵਿਚ ਸ਼ੱਕੀ ਤੌਰ 'ਤੇ ਉਨ੍ਹਾਂ ਦੇ ਕਮਰਿਆਂ ਵਿਚੋਂ ਉਥੋਂ ਦੀ ਪੁਲਿਸ ਚੁੱਕ ਕੇ ਲੈ ਗਈ ਸੀ। ਉਨ੍ਹਾਂ ਨੂੰ ਇਸ ਘਟਨਾ ਬਾਰੇ ਉਦੋਂ ਹੀ ਪਤਾ ਚੱਲਿਆ ਜਦੋਂ ਤਕਰੀਬਨ ਮਹੀਨੇ ਉਪਰੰਤ ਉਨ੍ਹਾਂ ਦੇ ਬੱਚਿਆਂ ਨੇ ਜੇਲ੍ਹ ਤੋਂ ਫੋਨ ਕਰਕੇ ਆਪ ਬੀਤੀ ਸੁਣਾਈ। ਪੀੜਤ ਪਰਿਵਾਰਾਂ ਨੇ ਦੱਸਿਆ ਕਿ ਉਹ ਆਪਣੀ ਇਹ ਦਾਸਤਾਨ ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਤੇ ਐੱਸ.ਪੀ ਸਿੰਘ ਉਬਰਾਏ ਨੂੰ ਵੀ ਸੁਣਾਈ ਤੇ ਉਨ੍ਹਾਂ ਨੇ ਇਸ ਬਾਰੇ ਜਲਦੀ ਕਾਰਵਾਈ ਕਰਨ ਦਾ ਭਰੋਸਾ ਵੀ ਦਿਵਾਇਆ ਹੈ।

# ਆਪਣਿਆਂ ਦੀ ਠੱਗੀ ਦਾ ਹੀ ਸ਼ਿਕਾਰ ਪਰਵਾਸੀ ਪੰਜਾਬੀ

**ਚੰਡੀਗੜ੍ਹ:** ਵਿਦੇਸ਼ਾਂ ਵਿਚ ਰੁਜ਼ਗਾਰ ਪ੍ਰਾਪਤੀ ਲਈ ਜਾਣ ਵਾਲੇ ਨੌਜਵਾਨਾਂ ਨਾਲ ਉਥੇ ਵਸੇ ਪੰਜਾਬੀਆਂ ਵੱਲੋਂ ਹੀ ਠੱਗੀਆਂ ਮਾਰਨ ਪਿੱਛੋਂ ਧੋਖੇ ਨਾਲ ਗ੍ਰਿਫ਼ਤਾਰ ਕਰਵਾਇਆ ਜਾ ਰਿਹਾ ਹੈ। ਇਹ ਖੁਲਾਸਾ ਮਲੇਸ਼ੀਆ ਦੀ ਰਾਜਧਾਨੀ ਕੁਆਲਾਲੰਪੁਰ ਦੀ ਸਿੰਘਾਈ ਗਲੋ ਜੇਲ੍ਹ ਵਿਚੋਂ ਰਿਹਾਅ ਹੋ ਕੇ ਆਏ ਨੌਜਵਾਨ ਨੇ ਕੀਤਾ ਹੈ।

ਬੁਢਲਾਡਾ ਤਹਿਸੀਲ ਦੇ ਪਿੰਡ ਬੱਛੋਆਣਾ ਦੇ ਵਸਨੀਕ ਅਮਨਦੀਪ ਸਿੰਘ ਪੁੱਤਰ ਗੁਰਜੰਟ ਸਿੰਘ ਨੇ ਦੱਸਿਆ ਕਿ ਉਹ ਸਾਲ 2009 ਤੋਂ ਵਰਕ ਪਰਮਿਟ ਵੀਜ਼ੇ 'ਤੇ ਮਲੇਸ਼ੀਆ ਗਿਆ ਸੀ ਅਤੇ 2011 ਤੱਕ ਉਹ ਕੁਆਲਾਲੰਪੁਰ ਦੇ ਰਾਵੰਗ ਸ਼ਹਿਰ ਵਿਚ ਸਿਲਾਈ ਦਾ ਕੰਮ ਕਰਦਾ ਰਿਹਾ ਅਤੇ 2011 ਵਿਚ ਉਸ ਦਾ ਮੇਲ ਉਥੇ ਰਹਿੰਦੇ ਪੰਜਾਬੀ ਸੁਖਦੇਵ ਸਿੰਘ ਜੱਗਾ ਵਾਸੀ ਦੋਦਾ (ਮੁਕਤਸਰ) ਨਾਲ ਹੋਇਆ। ਉਸ ਨੇ ਕੰਮ ਦੇਣ ਦੇ ਨਾਲ-ਨਾਲ ਖਾਣਾ ਤੇ ਰਿਹਾਇਸ਼ ਮੁਫ਼ਤ ਦੇਣ ਤੋਂ ਇਲਾਵਾ ਵਰਕ ਪਰਮਿਟ ਵੀ ਘੱਟ ਪੈਸੇ ਤੋਂ ਬਣਵਾ ਕੇ ਦੇਣ ਦਾ ਲਾਲਚ ਦਿੱਤਾ ਅਤੇ ਉਹ ਉਸ ਦੇ ਝਾਂਸੇ ਵਿਚ ਆ ਗਿਆ।

ਉਸ ਨੇ ਉਸ ਪਾਸੋਂ ਪੂਰਾ ਇਕ ਸਾਲ ਆਪਣੀ ਦੁਕਾਨ 'ਤੇ ਸਿਲਾਈ ਦਾ ਕੰਮ ਕਰਵਾਇਆ ਪਰ ਕੋਈ ਪੈਸਾ ਨਹੀਂ ਦਿੱਤਾ। ਇਸ ਤੋਂ ਇਲਾਵਾ ਉਸ ਦਾ ਵਰਕ ਪਰਮਿਟ ਨਵਿਆਉਣ ਲਈ ਉਸ ਕੋਲੋਂ 24 ਹਜ਼ਾਰ ਰੁਪਏ ਹੋਰ ਲੈ ਲਏ ਅਤੇ ਉਸ ਨੂੰ ਲਾਰੇ ਲਾਉਂਦਾ ਰਿਹਾ। ਜਦ ਉਸ ਨੇ ਆਪਣੇ ਪੈਸਿਆਂ ਦੀ ਮੰਗ ਕੀਤੀ ਤਾਂ ਉਸ ਨੂੰ ਧੋਖੇ ਨਾਲ ਮਲੇਸ਼ੀਆ ਪੁਲਿਸ ਹਵਾਲੇ ਕਰ ਦਿੱਤਾ ਗਿਆ, ਜਿਥੇ ਉਸ ਨੂੰ ਅਦਾਲਤ ਵੱਲੋਂ ਦੋ ਮਹੀਨਿਆਂ ਦੀ ਸਜ਼ਾ ਸੁਣਾਈ ਗਈ ਤੇ ਉਹ ਅਕਤੂਬਰ 2013 ਤੋਂ ਦੋ ਦਸੰਬਰ ਤੱਕ ਸਿੰਘਾਈ ਗਲੋਂ ਜੇਲ੍ਹ ਵਿਚ ਰਿਹਾ।

ਦਸੰਬਰ ਮਹੀਨੇ ਉਥੋਂ ਰਿਹਾਅ ਹੋਏ ਹਿਮਾਚਲ ਦੇ ਇਕ ਹੋਰ ਨੌਜਵਾਨ ਕਨੇਡੀ ਸ਼ਰਮਾ ਨੇ ਬੁਢਲਾਡਾ ਸ਼ਹਿਰ ਦੇ ਆਸਟ੍ਰੇਲੀਆ ਵਸੇ ਮਹਿੰਦਰਪਾਲ ਪੁੱਤਰ ਲਛਮਣ ਦਾਸ ਬੋੜਾਵਾਲੀਆ ਨੂੰ ਸਾਰੀ ਕਹਾਣੀ ਦੱਸੀ ਤਾਂ ਉਨ੍ਹਾਂ ਨੇ ਡੇਢ ਮਹੀਨੇ ਦੀ ਜੱਦੋ ਜਹਿਦ ਤੋਂ ਬਾਅਦ ਉਸ ਨੂੰ ਵਿਦੇਸ਼ੀ ਜੇਲ੍ਹ ਵਿਚੋਂ ਰਿਹਾਅ ਕਰਵਾਇਆ।

ਨੌਜਵਾਨ ਅਮਨਦੀਪ ਨੇ ਦੱਸਿਆ ਕਿ ਮਲੇਸ਼ੀਆ ਦੀਆਂ ਜੇਲ੍ਹਾਂ ਵਿਚ ਭਾਰਤੀ ਕੈਦੀਆਂ ਨੂੰ ਤਸੀਹੇ ਦੇਣ ਤੋਂ ਇਲਾਵਾ ਸਵੇਰੇ ਸ਼ਾਮ ਖਾਣ ਲਈ ਦੋ ਮੁੱਠੀ ਉਬਲੇ ਚਾਵਲ ਹੀ ਦਿੱਤੇ ਜਾਂਦੇ ਹਨ। ਕੁਆਲਾਲੰਪੁਰ ਦੀ ਜੇਲ੍ਹ ਜਿਥੋਂ ਉਹ ਰਿਹਾਅ ਹੋ ਕੇ ਆਇਆ ਹੈ, ਵਿਚ ਭਾਰਤੀ ਮੂਲ ਦੇ 45 ਲੜਕੇ ਅਤੇ ਪੰਜ ਲੜਕੀਆਂ ਬੰਦ ਹਨ, ਜਿਨ੍ਹਾਂ ਵਿਚ ਪੰਜ ਲੜਕੇ ਅਤੇ ਪੰਜ ਲੜਕੀਆਂ ਪੰਜਾਬ ਦੀਆਂ ਹਨ।

# ਨਵੇਂ ਨਿਯਮਾਂ ਤੋਂ ਸੰਤੁਸ਼ਟ ਨਹੀਂ ਅਮਰੀਕੀ ਸਿੱਖ ਫੌਜੀ

**ਵਾਸ਼ਿੰਗਟਨ:** ਅਮਰੀਕੀ ਫ਼ੌਜ ਵਿਚ ਭਰਤੀ ਸਿੱਖਾਂ ਨੇ ਧਾਰਮਿਕ ਆਜ਼ਾਦੀ ਲਈ ਬਣਾਏ ਨੇਮਾਂ ਵਿਚ ਕੁਝ ਹੋਰ ਸੁਧਾਰਾਂ ਦੀ ਅਪੀਲ ਕੀਤੀ ਹੈ। ਅਮਰੀਕੀ ਥਲ ਸੈਨਾ ਵਿਚ ਸੇਵਾ ਨਿਭਾਉਣ ਵਾਲੇ ਤਿੰਨ ਸਿੱਖਾਂ ਵਿਚੋਂ ਇਕ ਕਮਲਜੀਤ ਸਿੰਘ ਕਲਸੀ ਨੇ ਇਕ ਸੰਸਦੀ ਕਮੇਟੀ ਸਾਹਮਣੇ ਆਪਣੇ ਬਿਆਨ ਦਿੰਦਿਆਂ ਆਖਿਆ ਹੈ ਕਿ ਸਿੱਖ ਖਾਲੀ ਚੈੱਕ ਨਹੀਂ ਮੰਗਦੇ ਪਰ ਸਾਡਾ ਵਿਸ਼ਵਾਸ ਹੈ ਕਿ ਸਿਖਲਾਈ ਵਿਚ ਇੰਦਾਂ ਦੇ ਸੁਧਾਰ ਹੋਣੇ ਚਾਹੀਦੇ ਹਨ ਜਿਨ੍ਹਾਂ ਨਾਲ ਫ਼ੌਜ ਦੇ ਤਕਾਜ਼ਿਆਂ ਅਤੇ ਧਾਰਮਿਕ ਆਜ਼ਾਦੀ ਦੋਵਾਂ ਦਾ ਸਤਿਕਾਰ ਹੋਵੇ।

ਪ੍ਰਤੀਨਿਧ ਸਦਨ ਦੀ ਫ਼ੌਜੀ ਕਰਮੀਆਂ ਬਾਰੇ ਹਥਿਆਰਬੰਦ ਸੇਵਾਵਾਂ ਦੀ ਕਮੇਟੀ ਦੀ ਸੁਣਵਾਈ ਹੋਈ ਸੀ। ਹਾਲ ਹੀ ਵਿਚ ਪੈਂਟਾਗਨ ਨੇ ਸਿੱਖਾਂ ਅਤੇ ਹੋਰਨਾਂ ਧਾਰਮਿਕ ਭਾਈਚਾਰਿਆਂ ਨੂੰ ਫ਼ੌਜ ਵਿਚ ਸੇਵਾ ਨਿਭਾਉਂਦਿਆਂ ਆਪਣੇ ਧਾਰਮਿਕ ਚਿੰਨ੍ਹ ਬਰਕਰਾਰ ਰੱਖਣ ਦੀ ਖੁੱਲ੍ਹ ਦਿੱਤੀ ਸੀ। ਸ. ਕਲਸੀ ਨੇ ਕਿਹਾ ਕਿ ਉਸ ਨੂੰ ਉਮੀਦ ਹੈ ਕਿ ਨਿਰਦੇਸ਼ਾਂ ਨੂੰ ਸਾਫ਼-ਸਪਸ਼ਟ ਕੀਤਾ ਜਾਵੇ ਤੇ ਇਸ ਢੰਗ ਨਾਲ ਲਾਗੂ ਕੀਤਾ ਜਾਵੇ ਤਾਂ ਕਿ ਸਿੱਖਾਂ ਨੂੰ ਅਮਰੀਕੀ



ਮੇਜਰ ਕਮਲਜੀਤ ਸਿੰਘ ਕਲਸੀ | ਕੈਪਟਨ ਤੇਜਦੀਪ ਸਿੰਘ ਰਤਨ | ਸਿਮਰਨਪ੍ਰੀਤ ਸਿੰਘ ਲਾਂਬਾ

ਫ਼ੌਜ ਵਿਚ ਸੇਵਾ ਨਿਭਾਉਣ ਦਾ ਮੌਕਾ ਮਿਲ ਸਕੇ। ਜੇਕਰ ਕੋਈ ਸਿੱਖ ਫ਼ੌਜੀ ਬੂਟ ਕੈਂਪ ਤੋਂ ਗਰੈਜੂਏਟ ਹੋ ਕੇ ਨਿਕਲ ਸਕਦਾ ਹੈ, ਹੈਲਮਟ ਅਤੇ ਸੁਰੱਖਿਆ ਕਵਚ ਨਾਲ ਸਬੰਧਤ ਲੋੜਾਂ ਦੀ ਪੂਰਤੀ ਕਰਦਾ ਹੈ ਅਤੇ ਫ਼ੌਜੀ ਡਿਊਟੀ ਤਨਦੇਹੀ ਨਾਲ ਨਿਭਾ ਕੇ ਇਕਜੁੱਟਤਾ ਨੂੰ ਬੜ੍ਹਾਵਾ ਦਿੰਦਾ ਹੈ ਤਾਂ ਸਾਨੂੰ ਉਸ ਅਮਰੀਕੀ ਫ਼ੌਜੀ ਨੂੰ ਆਪਣੀ ਧਾਰਮਿਕ ਆਜ਼ਾਦੀ ਅਤੇ ਫ਼ੌਜ ਦੇ ਕਰੀਅਰ ਵਿਚੋਂ ਕਿਸੇ ਇਕ ਦੀ ਚੋਣ ਕਰਨ ਲਈ ਮਜਬੂਰ ਨਹੀਂ ਕਰਨਾ ਚਾਹੀਦਾ। ਲੰਘੀ 22 ਜਨਵਰੀ ਨੂੰ ਅਮਰੀਕੀ ਰੱਖਿਆ ਵਿਭਾਗ ਨੇ ਧਾਰਮਿਕ ਚਿੰਨ੍ਹ ਧਾਰਨ ਕਰਨ ਦੀ ਆਜ਼ਾਦੀ ਦੇਣ ਬਾਰੇ ਸੇਧਾਂ ਜਾਰੀ ਕੀਤੀਆਂ ਸਨ।ਮੇਜਰ ਕਲਸੀ ਨੇ ਆਖਿਆ ਕਿ ਹਾਲਾਂਕਿ ਇਹ ਸੇਧਾਂ ਸਾਡੀ ਕੌਮ ਦੇ ਫ਼ੌਜੀਆਂ ਦੀ ਧਾਰਮਿਕ ਆਜ਼ਾਦੀ ਦੀ ਅਹਿਮੀਅਤ ਨੂੰ ਮਾਨਤਾ ਦੇਣ ਦੀ ਦਿਸ਼ਾ ਵਿਚ ਇਕ ਕਦਮ ਹੈ, ਤਾਂ ਵੀ ਸੇਧਾਂ ਵਿਚ ਅਮਰੀਕੀ ਫ਼ੌਜ ਵਿਚ ਸਿੱਖੀ ਦੇ ਚਿੰਨ੍ਹ ਧਾਰਨ ਕਰਨ 'ਤੇ ਸੰਭਾਵੀ ਪਾਬੰਦੀ ਅਜੇ ਵੀ ਆਇਦ ਹੁੰਦੀ ਹੈ ਜਿਸ ਨਾਲ ਚਾਹਵਾਨ ਸਿੱਖ ਫ਼ੌਜੀਆਂ ਦੀ ਧਾਰਮਿਕ ਆਜ਼ਾਦੀ 'ਤੇ ਭਾਰੀ ਅਸਰ ਪੈ ਸਕਦਾ ਹੈ।

ਉਨ੍ਹਾਂ ਕਿਹਾ ਕਿ 2009 ਵਿਚ ਅਮਰੀਕੀ ਫ਼ੌਜ ਨੇ ਉਸ ਨੂੰ ਪੱਗ ਬੰਨ੍ਹਣ, ਕੇਸ ਅਤੇ ਦਾੜ੍ਹੀ ਰੱਖਣ ਦੀ ਖੁੱਲ੍ਹ ਦੇ ਕੇ ਇਤਿਹਾਸਕ ਕਾਰਜ ਕੀਤਾ ਸੀ ਅਤੇ ਉਸ ਨੂੰ ਅਮਰੀਕੀ ਫ਼ੌਜੀ ਬਣਨ 'ਤੇ ਬੇਹੱਦ ਮਾਣ ਹੈ। ਉਸ ਤੋਂ ਬਾਅਦ ਦੋ ਹੋਰ ਸਿੱਖਾਂ ਕੈਪਟਨ ਤੇਜਦੀਪ ਸਿੰਘ ਰਤਨ ਤੇ ਕਾਰਪੋਰਲ ਸਿਮਰਨਪ੍ਰੀਤ ਸਿੰਘ ਲਾਂਬਾ ਨੂੰ ਵੀ ਇਹ ਛੋਟਾਂ ਹਾਸਲ ਹੋਈਆਂ ਸਨ। ਸਿੱਖ ਕੁਲੀਸ਼ਨ ਨਾਂਅ ਦੀ ਜਥੇਬੰਦੀ ਨੇ ਆਪਣੇ ਸ਼ਾਹਦੀ ਵਿਚ ਆਖਿਆ ਸੀ ਕਿ ਸੋਧੀਆਂ ਹੋਈਆਂ ਸੇਧਾਂ ਤੋਂ ਧਾਰਮਿਕ ਚਿੰਨ੍ਹਾਂ ਪ੍ਰਤੀ ਖੁੱਲ੍ਹਦਿਲੀ ਦਾ ਸੰਕੇਤ ਤਾਂ ਮਿਲਦਾ ਹੈ ਪਰ ਇਸ ਨਾਲ ਸਿੱਖ ਫ਼ੌਜੀਆਂ ਨੂੰ ਬਹੁਤਾ ਲਾਭ ਨਹੀਂ ਮਿਲੇਗਾ ਅਤੇ ਸਿੱਖ ਫ਼ੌਜ ਵਿਚ ਭਰਤੀ ਤੋਂ ਦੂਰ ਹੀ ਰਹਿਣਗੇ।

## ਲੰਡਨ 'ਚ ਭਾਰਤੀ ਮੂਲ ਦੀ ਮਹਿਲਾ ਗ੍ਰਿਫ਼ਤਾਰ

**ਲੰਡਨ:** ਸਕਾਟਲੈਂਡ ਯਾਰਡ ਪੁਲਿਸ ਨੇ ਭਾਰਤੀ ਮੂਲ ਦੀ 36 ਵਰ੍ਹਿਆਂ ਦੀ ਮਹਿਲਾ ਬੈਂਕਰ ਨੂੰ ਗ੍ਰਿਫ਼ਤਾਰ ਕੀਤਾ ਹੈ। ਅੱਤਿਵਾਦ ਵਿਰੋਧੀ ਮੁਹਿੰਮ ਦੌਰਾਨ ਉਸ ਨੂੰ ਪੂਰਬੀ ਲੰਡਨ ਦੇ ਸਟਰੈਟਫੋਰਡ ਦੇ ਇਕ ਘਰ ਵਿਚੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਕੁੰਤਲ ਪਟੇਲ ਨਾਂਅ ਦੀ ਇਸ ਮਹਿਲਾ ਦੇ ਘਰ 26 ਜਨਵਰੀ ਨੂੰ ਛਾਪਾ ਮਾਰਿਆ ਗਿਆ ਸੀ।

ਪੁਲਿਸ ਨੂੰ ਖ਼ੁਫ਼ੀਆ ਜਾਣਕਾਰੀ ਮਿਲੀ ਸੀ ਕਿ ਰਿਹਾਇਸ਼ ਵਿਚ ਕੁਝ ਖ਼ਤਰਨਾਕ ਰਸਾਇਣ ਪਏ ਹਨ। ਕੁੰਤਲ ਪਟੇਲ 'ਤੇ ਹੱਤਿਆ ਦੀ ਕੋਸ਼ਿਸ਼ ਦਾ ਦੋਸ਼ ਲਾਇਆ ਗਿਆ ਹੈ। ਉਹ ਕੈਨੇਰੇ ਵਾਰਫ ਵਿਚ ਬਾਰਕਲੇਜ਼ ਬੈਂਕ ਵਿਚ ਕੰਮ ਕਰਦੀ ਹੈ ਤੇ ਮਜਿਸਟਰੇਟ ਮੀਨਾ ਪਟੇਲ ਦੀ ਬੇਟੀ ਹੈ। ਅੱਤਿਵਾਦ ਵਿਰੋਧੀ ਮੁਹਿੰਮ ਦੌਰਾਨ ਵਿਦੇਸ਼ ਦਫ਼ਤਰ ਦੇ ਕੂਟਨੀਤਕ ਨਿਕੋਲਸ ਸੁਟਕਲਿਫ ਦੇ ਪੁੱਤਰ ਜੇਮਸ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ ਪਰ ਉਸ ਨੂੰ ਬਿਨਾਂ ਦੋਸ਼ ਲਾਇਆਂ ਰਿਹਾਅ ਕਰ ਦਿੱਤਾ ਗਿਆ ਸੀ। ਹੁਣ ਸ਼ੱਕ ਕੀਤਾ ਜਾ ਰਿਹਾ ਹੈ ਕਿ ਅੱਤਿਵਾਦੀ ਵਿਰੋਧੀ ਮੁਹਿੰਮ ਦੇ ਅਧਿਕਾਰੀਆਂ ਨੇ ਗਲਤ ਘਰ ਵਿਚ ਛਾਪਾ ਮਾਰਿਆ ਹੈ।

# ਸਨਅਤਕਾਰਾਂ ਲਈ ਪੰਜਾਬ ਬਣਿਆ ਘਾਟੇਵੰਦਾ ਸੌਦਾ

**ਜਲੰਧਰ:** ਪੰਜਾਬ ਦੀ ਸਨਅਤ ਉਜਾੜੇ ਦੇ ਰਾਹ ਪੈ ਗਈ ਹੈ ਤੇ ਲਗਾਤਾਰ ਘਾਟਾ ਸਹਿ ਰਹੇ ਸਨਅਤਕਾਰਾਂ ਨੇ ਹੁਣ ਹੋਰਾਂ ਸੂਬਿਆਂ ਵੱਲ ਮੂੰਹ ਕਰ ਲਿਆ ਹੈ। ਪੰਜਾਬ ਤੇ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ, ਕੌਮਾਂਤਰੀ ਮੰਦੇ ਤੇ ਹਜ਼ਾਰਾਂ ਕਰੋੜ ਰੁਪਏ ਵੈਟ ਰਿਫੰਡ ਨਾ ਦਿੱਤੇ ਜਾਣ ਕਾਰਨ ਚਾਲੂ ਵਿੱਤੀ ਸਾਲ ਦੌਰਾਨ 25 ਤੋਂ 30 ਫੀਸਦੀ ਐਕਸਪੋਰਟ ਕਾਰੋਬਾਰ ਵਿਚ ਕਮੀ ਆਈ ਹੈ।

ਸਨਅਤ ਤੇ ਵਪਾਰਕ ਕਾਰੋਬਾਰ ਨਾਲ ਜੁੜੇ ਅਹਿਮ ਉਦਮੀਆਂ ਦਾ ਕਹਿਣਾ ਹੈ ਕਿ ਸਰਕਾਰ ਦੇ ਵੱਡੇ-ਵੱਡੇ ਦਾਅਵਿਆਂ ਦੇ ਬਾਵਜੂਦ ਸਰਕਾਰੀ ਤੰਤਰ ਵਿਚ ਅਜੇ ਤੱਕ ਕੋਈ ਖਾਸ ਤਬਦੀਲੀ ਨਹੀਂ ਆਈ। ਸਰਕਾਰੀ ਤੰਤਰ ਉਦਮੀਆਂ ਵਾਸਤੇ ਸਹਾਇਕ ਤੇ ਉਤਸ਼ਾਹੀ ਹੋਣ ਦੀ ਬਜਾਏ ਹਰ ਥਾਂ ਅੜਿੱਕੇ ਡਾਹੁਣ ਵਾਲਾ ਹੈ। ਸਾਰੇ ਹੀ ਵਰਗਾਂ ਦੀ ਸਨਅਤ ਦਾ ਇਹ ਆਮ ਪ੍ਰਭਾਵ ਹੈ ਕਿ ਪੰਜਾਬ ਅੰਦਰ ਸਨਅਤਾਂ ਲਈ ਮਾਹੌਲ ਅਨੁਕੂਲ ਨਹੀਂ ਹੈ। ਇਸੇ ਕਾਰਨ ਪੰਜਾਬ ਦੀ ਸਨਅਤ ਦਾ ਕਾਫੀ ਹਿੱਸਾ ਹੋਰਨਾਂ ਸੂਬਿਆਂ ਨੂੰ ਚਲਾ ਗਿਆ ਹੈ ਤੇ ਇਥੇ ਚੱਲ ਰਹੀ ਸਨਅਤ ਵੀ ਕਾਫੀ ਤੰਗੀ ਵਿਚ ਫਸੀ ਹੋਈ ਹੈ। ਪੰਜਾਬ ਵਿਚ ਇਸ ਸਮੇਂ ਇੰਜੀਨੀਅਰਿੰਗ, ਖੇਡ ਤੇ ਸਰਜੀਕਲ ਸਾਮਾਨ, ਚਮੜਾ, ਸਾਈਕਲ ਕਲ-ਪੁਰਜ਼ੇ, ਹੌਜ਼ਰੀ ਅਤੇ ਹੈਂਡ ਟੂਲਜ਼ ਮੁੱਖ ਤੌਰ 'ਤੇ ਬਰਾਮਦ ਹੋ ਰਹੇ ਹਨ। ਖੇਡਾਂ ਤੇ ਚਮੜਾ ਵਸਤਾਂ ਦੇ ਬਰਾਮਦ ਵਿਚ ਇਸ ਵਾਰ ਹਾਲਾਤ ਕੁਝ ਸੁਖਾਵੇਂ ਰਹੇ ਹਨ, ਪਰ ਬਾਕੀ ਸਾਰੇ ਹੀ ਵਰਗਾਂ ਦੀ ਸਨਅਤ ਦੀ ਬਰਾਮਦ 25 ਤੋਂ 30 ਫੀਸਦੀ ਘਟ ਗਈ ਹੈ।

ਯੂਨਾਈਟਿਡ ਸਾਈਕਲ ਪਾਰਟਸ ਐਸੋਸੀਏਸ਼ਨ ਲੁਧਿਆਣਾ ਦੇ ਪ੍ਰਧਾਨ ਚਰਨਜੀਤ ਸਿੰਘ ਵਿਸ਼ਵਕਰਮਾ ਦਾ ਕਹਿਣਾ ਹੈ ਕਿ ਲੁਧਿਆਣਾ ਦੀ ਸਾਈਕਲ ਬਰਾਮਦ ਪਹਿਲਾਂ ਤਕਰੀਬਨ 16-17 ਸੌ ਕਰੋੜ ਹੁੰਦੀ ਸੀ, ਪਰ ਇਸ ਵਾਰ ਇਹ ਘੱਟ ਕੇ 11-12 ਸੌ ਕਰੋੜ ਰੁਪਏ ਰਹਿਣ ਦੀ ਉਮੀਦ ਹੈ। ਦੇਸ਼ ਵਿਚ ਹਰ ਰੋਜ਼ 85 ਹਜ਼ਾਰ ਸਾਈਕਲ ਤਿਆਰ ਹੁੰਦੇ ਹਨ ਤੇ ਇਨ੍ਹਾਂ ਵਿਚੋਂ 85 ਫੀਸਦੀ ਸਾਈਕਲ ਲੁਧਿਆਣਾ ਵਿਚ ਬਣਦਾ ਹੈ। ਬਰਾਮਦ ਘਟਣ ਕਾਰਨ ਸਨਅਤ ਨੂੰ ਵੱਡਾ ਝਟਕਾ ਲੱਗ ਰਿਹਾ ਹੈ।

ਇੰਜੀਨੀਅਰਿੰਗ ਵਸਤਾਂ ਦੀ ਬਰਾਮਦ ਵੀ ਪੰਜਾਬ ਵਿਚ ਪਿਛਲੇ ਸਾਲ 800 ਕਰੋੜ ਰੁਪਏ ਸੀ, ਪਰ ਇਸ ਵਾਰ ਇਹ ਘਟ ਕੇ 550 ਕਰੋੜ ਭਾਵ 30% ਘਟਣ ਦਾ ਅਨੁਮਾਨ ਹੈ। ਉਨ੍ਹਾਂ ਦੱਸਿਆ ਕਿ ਸੰਸਾਰ ਪੱਧਰ 'ਤੇ ਮੰਦੀ ਕਾਰਨ ਸਨਅਤ ਪਹਿਲਾਂ ਹੀ ਮੁਸ਼ਕਿਲ ਵਿਚ ਹੈ ਪਰ ਪੰਜਾਬ ਅੰਦਰ ਇਕੱਲੇ ਇੰਜੀਨੀਅਰਿੰਗ ਵਸਤਾਂ ਦਾ ਹੀ ਇਕ ਹਜ਼ਾਰ ਕਰੋੜ ਰੁਪਏ ਸਰਕਾਰ ਵੈਟ ਰਿਫੰਡ ਨਹੀਂ ਕਰ ਰਹੀ, ਜਿਸ ਕਾਰਨ ਸਨਅਤਕਾਰ ਬੈਂਕਾਂ ਦੀਆਂ ਕਿਸ਼ਤਾਂ ਮੋੜਨੋਂ ਵੀ ਅਸਮਰਥ ਹਨ।

ਸਿਰਫ ਜਲੰਧਰ ਦੀ ਸਨਅਤ ਹਰ ਸਾਲ 400 ਕਰੋੜ ਦੀਆਂ ਇੰਜੀਨੀਅਰਿੰਗ ਵਸਤਾਂ ਬਰਾਮਦ ਕਰਦੀ ਸੀ, ਪਰ ਇਸ ਵਾਰ 300 ਕਰੋੜ ਰੁਪਏ ਤੋਂ ਹੇਠਾਂ ਰਹਿਣ ਦਾ ਅਨੁਮਾਨ ਹੈ। ਪੰਜਾਬ ਦੇ ਨਾਮਵਰ ਬਰਾਮਦ ਘਰਾਣੇ ਅੰਬਿਕਾ ਫੋਰਜਿੰਗ ਦੇ ਮਾਲਕ ਗਿਆਨ ਭੰਡਾਰੀ ਦਾ ਕਹਿਣਾ ਹੈ ਕਿ ਸਾਡੀਆਂ ਸਰਕਾਰਾਂ ਚੀਨ ਵਾਂਗ ਬਰਾਮਦਕਾਰਾਂ ਨੂੰ ਸਹਿਯੋਗ ਨਹੀਂ ਦਿੰਦੀਆਂ। ਹੋਰ ਸਾਰੇ ਮੁਲਕ ਡਾਲਰ ਦੀ ਲਚਕ ਤੋਂ ਬਚਣ ਲਈ ਐਕਸਪੋਰਟਰਾਂ ਦੀ ਮਦਦ ਕਰਦੇ ਹਨ, ਪਰ ਭਾਰਤ ਵਿਚ ਅਜਿਹਾ ਨਹੀਂ। ਇਸ ਨਾਲ ਬਰਾਮਦਕਾਰਾਂ ਨੂੰ ਭਾਰੀ ਨੁਕਸਾਨ ਝੱਲਣਾ ਪੈਂਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਾਡਾ ਸਰਕਾਰੀ ਤੰਤਰ ਅਜੇ ਵੀ ਨਵੇਂ ਹਾਲਾਤ ਨੂੰ ਨਹੀਂ ਸਮਝ ਰਿਹਾ ਤੇ ਪੈਰ-ਪੈਰ 'ਤੇ ਅੜਚਨਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਦੂਜੇ ਪਾਸੇ ਖੇਡ ਤੇ ਸਰਜੀਕਲ ਤੇ ਚਮੜਾ ਸਨਅਤ ਦੀ ਹਾਲਤ ਕਾਫੀ ਚੰਗੀ ਹੈ। ਸਪੋਰਟਸ ਗੁਡਜ਼ ਮੈਨੂਫੈਕਚਰਿੰਗ ਐਂਡ ਐਕਸਪੋਰਟਰਜ਼ ਐਸੋਸੀਏਸ਼ਨ ਦੇ ਚੇਅਰਮੈਨ ਆਰ.ਐਸ ਰਾਣਾ ਦਾ ਕਹਿਣਾ ਹੈ ਕਿਤ ਜਲੰਧਰ ਦੀ ਸਪੋਰਟਸ ਗੁਡਜ਼ ਪਿਛਲੇ ਤਿੰਨ ਸਾਲਾਂ ਤੋਂ ਕਰੀਬ ਸਥਿਰ ਚਲੀ ਆ ਰਹੀ ਹੈ। ਨਵੰਬਰ 2011 ਤੱਕ 311 ਕਰੋੜ ਰੁਪਏ, ਨਵੰਬਰ 12 ਤੱਕ 378 ਕਰੋੜ ਤੇ ਨਵੰਬਰ 13 ਤੱਕ 386 ਕਰੋੜ ਰੁਪਏ ਦਾ ਬਰਾਮਦ ਕਾਰੋਬਾਰ ਹੋਇਆ ਹੈ।

# ਪ੍ਰੇਮੀ ਨਾਲ ਰਲ ਕੇ ਪੁੱਤਰ ਦਾ ਕਤਲ

**ਦੀਨਾਨਗਰ:** ਕੀ ਸੱਚਮੁਚ ਕਲਯੁਗ ਆ ਗਿਆ ਹੈ? ਜੇ ਇਥੋਂ ਦੀ ਇਕ ਮਾਂ ਵਲੋਂ ਆਪਣੇ ਪ੍ਰੇਮੀ ਨਾਲ ਮਿਲ ਕੇ ਆਪਣੇ 14 ਸਾਲਾ ਪੁੱਤਰ ਦਾ ਕਤਲ ਕਰ ਕੇ ਲਾਸ਼ ਨਹਿਰ ਵਿਚ ਸੁੱਟ ਦਿੱਤੇ ਜਾਣ ਦੀ ਘਟਨਾ ਵਲ ਦੇਖੀਏ ਤਾਂ ਸੱਚਮੁਚ ਹੀ ਕਲਯੁਗ ਆ ਗਿਆ ਹੈ। ਇਹ ਘਟਨਾ ਹਲਕਾ ਦੀਨਾਨਗਰ ਦੇ ਪਿੰਡ ਮੁੰਨਨਾਵਾਲੀ ਦੀ ਹੈ। ਲੜਕੇ ਦੀ ਪਛਾਣ ਹਰਪ੍ਰੀਤ ਸਿੰਘ ਵਜੋਂ ਹੋਈ ਹੈ। ਉਹ ਦੀਨਾਨਗਰ ਦੇ ਪਿੰਡ ਅਵਾਂਖਾ (ਪੁਰਾਣੀ ਆਬਾਦੀ) ਵਿਚ ਨਿਊ ਗੋਲਡਨ ਸਟਾਰ ਪਬਲਿਕ ਸਕੂਲ ਵਿਚ ਅੱਠਵੀਂ ਜਮਾਤ ਵਿਚ ਪੜ੍ਹਦਾ ਸੀ। ਪੁਲੀਸ ਨੇ ਤੇਜਿੰਦਰ ਕੌਰ ਅਤੇ ਉਸ ਦੇ ਪ੍ਰੇਮੀ ਲਖਵਿੰਦਰ ਪਾਲ ਵਾਸੀ ਪਨਿਆੜ ਨੂੰ ਗ੍ਰਿਫ਼ਤਾਰ ਕਰ ਕੇ ਪਰਚਾ ਦਰਜ ਕਰ ਲਿਆ ਹੈ।

ਪੁਲਿਸ ਮੁਤਾਬਕ ਪਹਿਲੀ ਫਰਵਰੀ ਨੂੰ ਤੇਜਿੰਦਰ ਕੌਰ ਨੇ ਪੁਲੀਸ ਨੂੰ ਆਪਣੇ ਪੁੱਤਰ ਦੀ ਗੁੰਮਸ਼ੁਦਗੀ ਦੀ ਰਿਪੋਰਟ ਲਿਖਵਾਈ ਸੀ ਅਤੇ ਇਹ ਕਿਹਾ ਕਿ ਉਹ 31 ਜਨਵਰੀ ਦੀ ਸ਼ਾਮ ਨੂੰ ਘਰੋਂ ਖੇਤਾਂ ਵਿਚ ਗਿਆ ਸੀ ਪਰ ਮੁੜ ਨਹੀਂ ਪਰਤਿਆ। ਪੁਲੀਸ ਇਸ ਨੂੰ ਅਗਵਾ ਦੀ ਘਟਨਾ ਸਮਝ ਕੇ ਪੜਤਾਲ ਕਰਨ ਲੱਗੀ। ਇਸ ਦੌਰਾਨ ਲੜਕੇ ਦੇ ਤਾਏ ਬਲਵਿੰਦਰ ਸਿੰਘ ਨੇ ਘਟਨਾ ਸਬੰਧੀ ਤੇਜਿੰਦਰ ਕੌਰ 'ਤੇ ਸ਼ੱਕ ਪ੍ਰਗਟਾਇਆ। ਜਾਂਚ ਕਰਨ 'ਤੇ ਫੋਨ ਦੀ ਲੜੀ ਪਨਿਆੜ ਵਾਸੀ ਲਖਵਿੰਦਰ ਸਿੰਘ ਨਾਲ ਜੁੜ ਗਈ। ਇਨ੍ਹਾਂ ਦੋਹਾਂ ਦੇ ਕਰੀਬ ਦੋ ਸਾਲਾਂ ਤੋਂ ਸਬੰਧ ਸਨ। ਲੜਕੇ ਦੇ ਪਿਤਾ ਸਤਨਾਮ ਸਿੰਘ ਦੀ 11 ਅਗਸਤ 2012 ਨੂੰ ਕੋਠੇ ਤੋਂ ਡਿੱਗਣ ਕਾਰਨ ਮੌਤ ਹੋ ਗਈ ਸੀ।

# ਗਿਆਨੀ ਇਕਬਾਲ ਸਿੰਘ ਵੱਲੋਂ ਪੰਜ ਪਿਆਰਿਆਂ ਨਾਲ ਮੁਲਾਕਾਤ

**ਅੰਮ੍ਰਿਤਸਰ:** ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਪ੍ਰਬੰਧਕੀ ਕਮੇਟੀ ਅਤੇ ਜਥੇਦਾਰ ਗਿਆਨੀ ਇਕਬਾਲ ਸਿੰਘ ਵਿਚਾਲੇ ਚੱਲ ਰਹੇ ਆਪਸੀ ਵਿਵਾਦ ਦੌਰਾਨ ਗਿਆਨੀ ਇਕਬਾਲ ਸਿੰਘ ਨੇ ਪੰਜ ਪਿਆਰਿਆਂ ਨਾਲ ਮੀਟਿੰਗ ਕਰਨ ਮਗਰੋਂ ਜ਼ਿਲ੍ਹਾ ਮੈਜਿਸਟਰੇਟ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਪ੍ਰਬੰਧਕ ਕਮੇਟੀ ਦੇ ਪ੍ਰਭਾਵਿਤ ਹੋ ਰਹੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਤੁਰੰਤ ਐਡਹਾਕ ਕਮੇਟੀ ਬਣਾਈ ਜਾਵੇ, ਜਾਂ ਫਿਰ ਰਿਸੀਵਰ ਨਿਯੁਕਤ ਕੀਤਾ ਜਾਵੇ।

ਇਹ ਮੀਟਿੰਗ ਜਥੇਦਾਰ ਗਿਆਨੀ ਇਕਬਾਲ ਸਿੰਘ ਦੀ ਅਗਵਾਈ ਹੇਠ ਹੀ ਹੋਈ ਜਿਸ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਹੈਡ ਗ੍ਰੰਥੀ ਰਾਜਿੰਦਰ ਸਿੰਘ, ਸੀਨੀਅਰ ਮੀਤ ਗ੍ਰੰਥੀ ਬਲਦੇਵ ਸਿੰਘ, ਗ੍ਰੰਥੀ ਦਲੀਪ ਸਿੰਘ ਤੇ ਗੁਰਦਿਆਲ ਸਿੰਘ ਪੰਜ ਪਿਆਰਿਆਂ ਵਜੋਂ ਸ਼ਾਮਲ ਹੋਏ। ਗਿਆਨੀ ਇਕਬਾਲ ਸਿੰਘ ਨੇ ਦੱਸਿਆ ਕਿ ਮੀਟਿੰਗ ਵਿਚ ਪ੍ਰਬੰਧਕੀ ਕਮੇਟੀ ਦੇ ਸਮੂਹ ਕਰਮਚਾਰੀ ਤੇ ਸੰਗਤਾਂ ਵੀ ਸ਼ਾਮਲ ਸਨ ਜਿਨ੍ਹਾਂ ਦੀ ਸਹਿਮਤੀ ਨਾਲ ਜ਼ਿਲ੍ਹਾ ਮੈਜਿਸਟਰੇਟ ਨੂੰ ਪੱਤਰ ਭੇਜ ਕੇ ਮੰਗ ਕੀਤੀ ਗਈ ਹੈ ਕਿ ਪੁਲੀਸ ਕੇਸ ਵਿਚ ਨਾਮਜ਼ਦ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ ਦੀ ਮੈਂਬਰਸ਼ਿਪ ਰੱਦ ਕੀਤੀ ਜਾਵੇ ਅਤੇ ਪ੍ਰਬੰਧਕੀ ਕਮੇਟੀ ਨੂੰ ਭੰਗ ਕੀਤਾ ਜਾਵੇ ਕਿਉਂਕਿ ਇਨ੍ਹਾਂ ਖਿਲਾਫ਼ ਪਟਨਾ ਪੁਲੀਸ ਨੇ ਜਾਨਲੇਵਾ ਹਮਲਾ ਕਰਨ ਦਾ ਕੇਸ ਦਰਜ ਕੀਤਾ ਹੋਇਆ ਹੈ। ਉਨ੍ਹਾਂ ਦੱਸਿਆ ਕਿ 7 ਜਨਵਰੀ ਨੂੰ ਵਾਪਰੀ ਹਿੰਸਕ ਘਟਨਾ ਲਈ ਨਾਮਜ਼ਦ ਵਿਅਕਤੀਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਵਿਅਕਤੀਆਂ ਵੱਲੋਂ ਕਰਮਚਾਰੀਆਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਕਿ ਜਦੋਂ ਉਹ ਵਾਪਸ ਆਉਣਗੇ ਤਾਂ ਉਨ੍ਹਾਂ ਖਿਲਾਫ਼ ਕਾਰਵਾਈ ਕਰਨਗੇ। ਅਜਿਹੀ ਸਥਿਤੀ ਵਿਚ ਮੁੜ ਸ਼ਾਂਤੀ ਭੰਗ ਹੋਣ ਦਾ ਖਦਸ਼ਾ ਹੈ। ਇਸ ਲਈ ਇਨ੍ਹਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ।

ਸਮਝੌਤੇ ਲਈ ਸ਼ਰਤ ਰੱਖੀ: ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਆਖਿਆ ਕਿ ਜੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਨਵਨਿਯੁਕਤ ਵਧੀਕ ਗ੍ਰੰਥੀ (ਮੀਤ ਜਥੇਦਾਰ) ਗਿਆਨੀ ਪ੍ਰਤਾਪ ਸਿੰਘ ਅਤੇ ਧਰਮ ਪ੍ਰਚਾਰ ਬੋਰਡ ਦੇ ਚੇਅਰਮੈਨ ਭੁਪਿੰਦਰ ਸਿੰਘ ਸਾਧੂ ਦੀ ਨਿਯੁਕਤੀ ਨੂੰ ਰੱਦ ਕਰ ਦਿੰਦੀ ਹੈ ਤਾਂ ਉਹ ਸਮਝੌਤੇ ਬਾਰੇ ਮੁੜ ਵਿਚਾਰ ਕਰ ਸਕਦੇ ਹਨ।

# ਕਾਂਗਰਸ ਦੀ ਅਪੀਲ 'ਤੇ ਸੁਣਵਾਈ 19 ਮਾਰਚ ਨੂੰ

**ਨਿਊ ਯਾਰਕ:** ਇਥੋਂ ਦੀ ਇਕ ਅਦਾਲਤ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਭਾਰਤ ਵਿਚ ਸੱਤਾਧਾਰੀ ਧਿਰ ਕਾਂਗਰਸ ਵਿਰੁੱਧ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦਰਜ ਕੇਸ ਵਿਚ ਪੇਸ਼ ਕੀਤੀ ਅਪੀਲ 'ਤੇ 19 ਮਾਰਚ ਨੂੰ ਸੁਣਵਾਈ ਕਰੇਗੀ। ਸਿੱਖਸ ਫਾਰ ਜਸਟਿਸ ਨਾਂ ਦੀ ਜਥੇਬੰਦੀ ਵੱਲੋਂ ਦਾਇਰ ਕੇਸ ਵਿਚ ਕਾਂਗਰਸ ਵੱਲੋਂ ਪੇਸ਼ ਅਰਜ਼ੀ 'ਤੇ ਅਮਰੀਕੀ ਜ਼ਿਲ੍ਹਾ ਜੱਜ ਰੌਬਰਟ ਸਵੀਟ ਸੁਣਵਾਈ ਕਰਨਗੇ। ਅਮਰੀਕਾ ਵਿਚ ਕਾਂਗਰਸ ਪਾਰਟੀ ਦੇ ਵਕੀਲ ਰਵੀ ਬੱਤਰਾ ਨੇ 17 ਜਨਵਰੀ ਨੂੰ ਮੈਨਹਟਨ ਫੈਡਰਲ ਅਦਾਲਤ ਵਿਚ ਅਰਜ਼ੀ ਦੇ ਕੇ ਇਸ ਸ਼ਿਕਾਇਤ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ।

ਵਕੀਲ ਬੱਤਰਾ ਨੇ ਇਸ ਨੂੰ ਅਧਿਕਾਰ ਖੇਤਰ ਦੇ ਆਧਾਰ 'ਤੇ ਰੱਦ ਕਰਨ ਦੀ ਅਪੀਲ ਕੀਤੀ। ਉਨ੍ਹਾਂ ਇਹ ਦਾਅਵਾ ਵੀ ਰੱਦ ਕੀਤਾ ਕਿ ਪੀੜਤਾਂ ਨੂੰ ਮੁਆਵਜ਼ਾ ਨਹੀਂ ਮਿਲਿਆ। ਜਥੇਬੰਦੀ ਨੂੰ ਕਾਂਗਰਸ ਦੇ ਮਤੇ ਬਾਰੇ ਜਵਾਬ ਦੇਣ ਲਈ 17 ਫਰਵਰੀ ਤੱਕ ਦਾ ਸਮਾਂ ਦਿੱਤਾ ਗਿਆ ਹੈ ਅਤੇ ਉਸ ਮਗਰੋਂ ਬੱਤਰਾ 10 ਮਾਰਚ ਤੱਕ ਆਪਣਾ ਜਵਾਬ ਪੇਸ਼ ਕਰਨਗੇ। ਸਿੱਖਸ ਫਾਰ ਜਸਟਿਸ ਨੇ 'ਟੌਰਚਰ ਵਿਕਟਮਜ਼ ਪ੍ਰੋਟੈਕਸ਼ਨ ਐਕਟ' ਤਹਿਤ ਇਹ ਕੇਸ ਦਾਇਰ ਕੀਤਾ ਸੀ, ਜਿਸ ਤਹਿਤ ਅਮਰੀਕੀ ਅਦਾਲਤਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੇਸ਼ ਤੋਂ ਬਾਹਰ ਦੇ ਮਾਮਲੇ ਦੀ ਵੀ ਸੁਣਵਾਈ ਕਰ ਸਕਦੀਆਂ ਹਨ।

# 'ਆਪ' ਨੇ ਜਾਰੀ ਕੀਤੀ ਭ੍ਰਿਸ਼ਟ ਸਿਆਸਤਦਾਨਾਂ ਦੀ ਸੂਚੀ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਨੇ ਭ੍ਰਿਸ਼ਟ ਸਿਆਸਤਦਾਨਾਂ ਦੀ ਸੂਚੀ ਤਿਆਰ ਕਰਨ ਦਾ ਦਾਅਵਾ ਕੀਤਾ ਹੈ। ਇਸ ਸੂਚੀ ਵਿਚ ਭਾਜਪਾ ਤੇ ਕਾਂਗਰਸ ਦੇ ਕਈ ਸੀਨੀਅਰ ਆਗੂਆਂ ਦੇ ਨਾਂ ਸ਼ਾਮਲ ਕੀਤੇ ਗਏ ਹਨ। ਸੂਚੀ ਵਿਚ ਕਾਂਗਰਸ ਉਪ ਪ੍ਰਧਾਨ ਰਾਹੁਲ ਗਾਂਧੀ, ਸੁਸ਼ੀਲ ਕੁਮਾਰ ਸ਼ਿੰਦੇ, ਵਿੱਤ ਮੰਤਰੀ ਪੀ. ਚਿਦੰਬਰਮ, ਕਪਿਲ ਸਿੱਬਲ, ਸਲਮਾਨ ਖੁਰਸ਼ੀਦ, ਵੀਰੱਪਾ ਮੋਇਲੀ, ਸ੍ਰੀ ਪ੍ਰਕਾਸ਼ ਜੈਸਵਾਲ, ਕਮਲ ਨਾਥ, ਪਵਨ ਬਾਂਸਲ, ਸੁਰੇਸ਼ ਕਲਮਾਡੀ, ਭਾਜਪਾ ਆਗੂ ਨਿਤਿਨ ਗਡਕਰੀ, ਅਨੁਰਾਗ ਠਾਕੁਰ, ਆਨੰਤ ਕੁਮਾਰ, ਬੀ.ਐਸ ਯੇਡੀਯੁਰੱਪਾ, ਫਾਰੂਕ ਅਬਦੁੱਲਾ, ਏ. ਰਾਜਾ, ਸਮਾਜਵਾਦੀ ਪਾਰਟੀ ਮੁਖੀ ਮੁਲਾਇਮ ਸਿੰਘ ਯਾਦਵ ਤੇ ਬਹੁਜਨ ਸਮਾਜ ਪਾਰਟੀ ਮੁਖੀ ਮਾਇਆਵਤੀ ਦੇ ਨਾਂ ਸ਼ਾਮਲ ਹਨ।

ਇਸ ਬਾਰੇ ਹੋਰ ਖੁਲਾਸਾ ਕਰਦਿਆਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਛੇਤੀ ਹੀ ਹੋਰ ਨਾਂ ਵੀ ਤੈਅ ਕਰ ਲਏ ਜਾਣਗੇ। ਉਨ੍ਹਾਂ ਰਾਹੁਲ ਗਾਂਧੀ ਤੇ ਨਰਿੰਦਰ ਮੋਦੀ ਵੱਲੋਂ ਚੋਣਾਂ ਵਿਚ ਪ੍ਰਚਾਰ ਲਈ ਆਪਣਾ ਅਕਸ ਸੁਧਾਰਨ ਵਾਸਤੇ 500 ਕਰੋੜ ਰੁਪਏ ਖਰਚ ਕਰਨ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਬ੍ਰਾਂਡਿੰਗ ਲਈ 500 ਕਰੋੜ ਖਰਚ ਕਰਨਗੇ, ਕੀ ਉਹ ਇਮਾਨਦਾਰ ਸਰਕਾਰ ਦੇ ਸਕਣਗੇ?


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)



ਪੰਜਾਬ ਟਾਈਮਜ਼

*ਸਨਿਚਰਵਾਰ, 8 ਫਰਵਰੀ 2014*

## ਸਿਆਸਤ ਦੀ ਖੇਡ

ਮਾਹੌਲ ਆਪਣੇ ਆਲੇ-ਦੁਆਲੇ ਉਤੇ ਕਿਸ ਤਰ੍ਹਾਂ ਅਤੇ ਕਿੰਨੇ ਵੱਡੇ ਪੱਧਰ 'ਤੇ ਅਸਰ ਪਾਉਂਦਾ ਹੈ, ਇਸ ਦੀ ਉਮਦਾ ਮਿਸਾਲ ਐਤਕੀਂ ਦੀਆਂ ਕਿਲਾ ਰਾਏਪੁਰ ਖੇਡਾਂ ਬਣ ਗਈਆਂ ਹਨ। ਇਸ ਵਾਰ ਇਨ੍ਹਾਂ ਖੇਡਾਂ ਦਾ ਮੀਡੀਆ ਵਿਚ ਉਹ ਜਲੌਅ ਨਹੀਂ ਦਿਸਿਆ ਜਿਹੜਾ ਪਿਛਲੇ ਕੁਝ ਸਾਲਾਂ ਵਿਚ ਲਗਾਤਾਰ ਉਡ-ਉਡ ਸਾਹਮਣੇ ਆ ਰਿਹਾ ਸੀ। ਇਸ ਦੇ ਬਹੁਤ ਸਾਰੇ ਕਾਰਨ ਹੋ ਸਕਦੇ ਹਨ ਜਿਸ ਵਿਚ ਪ੍ਰਬੰਧਕਾਂ ਦੀ ਅੰਦਰੂਨੀ ਖਿੱਚੋਤਾਣ ਵੀ ਹੋਵੇਗੀ; ਪਰ ਇਸ ਦਾ ਇਕ ਵੱਡਾ ਕਾਰਨ ਸਿਆਸਤ ਦੀ ਖੇਡ ਵੀ ਹੈ। ਲੋਕ ਸਭਾ ਚੋਣਾਂ ਨੇ ਮਾਹੌਲ ਨੂੰ ਇੰਨਾ ਗਰਮਾਇਆ ਹੋਇਆ ਹੈ ਕਿ ਪੱਤਰਕਾਰਾਂ ਨੂੰ ਸ਼ਾਇਦ ਇਨ੍ਹਾਂ ਖੇਡਾਂ ਦਾ ਚੇਤਾ ਵੀ ਨਹੀਂ ਆਇਆ, ਹਾਲਾਂਕਿ ਇਹ ਮੀਡੀਆ ਹੀ ਹੈ ਜਿਸ ਨੇ ਇਨ੍ਹਾਂ ਖੇਡਾਂ ਨੂੰ ਪੰਜਾਬ ਦੀਆਂ ਮਿਨੀ ਉਲੰਪਿਕ ਖੇਡਾਂ ਕਹਿ ਕੇ ਵਡਿਆਇਆ ਸੀ ਅਤੇ ਇਹ ਗੱਲ ਪੰਜਾਬ ਵਿਚ ਹੀ ਨਹੀਂ, ਕੌਮੀ ਤੇ ਕੌਮਾਂਤਰੀ ਪੱਧਰ ਤੱਕ ਧੁਮਾਈ ਸੀ। ਸਿਆਸਤ ਦੀ ਖੇਡ ਤਾਂ ਐਤਕੀਂ ਮਾਹੌਲ ਉਤੇ ਇੰਨੀ ਜ਼ਿਆਦਾ ਭਾਰੂ ਪਈ ਹੈ ਕਿ ਨਸ਼ਿਆਂ ਦੀ ਸਮਗਲਿੰਗ ਬਾਰੇ ਖਬਰਾਂ ਇਕਦਮ ਬਹੁਤ ਪਿਛਾਂਹ ਚਲੀਆਂ ਗਈਆਂ ਹਨ। ਪੰਜਾਬ ਵਿਚ ਇਹ ਪਹਿਲੀ ਵਾਰ ਸੀ ਕਿ ਨਸ਼ਾ ਸਮਗਲਿੰਗ ਦੀ ਲੜੀ ਸਿਆਸਤਦਾਨਾਂ ਨਾਲ ਸਿੱਧੀ ਜੁੜੀ ਸੀ, ਪਰ ਹੌਲੀ-ਹੌਲੀ ਕਰ ਕੇ ਇਹ ਮਾਮਲਾ ਪਿਛਾਂਹ ਪਾ ਦਿੱਤਾ ਗਿਆ। ਜਿੰਨੀ ਵੱਡੀ ਪੱਧਰ ਉਤੇ ਪੰਜਾਬ ਵਿਚ ਨਸ਼ਿਆਂ ਦੀ ਆਮਦ ਹੋ ਰਹੀ ਹੈ ਅਤੇ ਨਾਲ ਹੀ ਸੂਬੇ ਵਿਚ ਇਸ ਦੀ ਵਰਤੋਂ ਵਧ ਰਹੀ ਹੈ, ਉਸ ਤੋਂ ਜਾਪਦਾ ਸੀ ਕਿ ਹੁਣ ਗੱਲ ਕਿਸੇ ਤਣ-ਪੱਤਣ ਜ਼ਰੂਰ ਲੱਗੇਗੀ। ਇਸ ਨਾਲ ਆਖਰ ਪੰਜਾਬ ਦਾ ਭਵਿੱਖ ਜੁੜਿਆ ਹੋਇਆ ਹੈ ਪਰ ਦੇਖਦਿਆਂ-ਦੇਖਦਿਆਂ ਹੀ ਗੱਲ ਇਥੇ ਮੁੱਕ ਰਹੀ ਹੈ ਕਿ ਪੰਜਾਬ ਦੇ ਭਵਿੱਖ ਦੀ ਕਿਸੇ ਨੂੰ ਬਹੁਤੀ ਫਿਕਰ ਨਹੀਂ ਹੈ। ਜੇ ਫਿਕਰ ਹੈ ਤਾਂ ਸਿਰਫ ਆਪਣੀ ਕੂੜ ਸਿਆਸਤ ਅਤੇ ਆਪਣੇ ਟੱਬਰ ਦੀ। ਇਸ ਦੀ ਸਭ ਤੋਂ ਸਟੀਕ ਮਿਸਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸੰਗਤ ਦਰਸ਼ਨ ਹਨ। ਇਨ੍ਹਾਂ ਸੰਗਤ ਦਰਸ਼ਨਾਂ ਉਤੇ ਜਿਸ ਤਰ੍ਹਾਂ ਬੇਵਜ੍ਹਾ ਪੈਸਾ ਪਾਣੀ ਵਾਂਗ ਰੋੜ੍ਹਿਆ ਜਾਂਦਾ ਹੈ, ਉਸ ਬਾਰੇ ਤਾਂ ਹੁਣ ਸ਼ਾਇਦ ਗੱਲ ਕਰਨ ਦੀ ਲੋੜ ਵੀ ਨਹੀਂ ਭਾਸਦੀ; ਸਮੇਂ ਨੇ ਸਾਬਤ ਹੀ ਕਰ ਦਿੱਤਾ ਹੈ, ਪਰ ਇਨ੍ਹਾਂ ਸੰਗਤ ਦਰਸ਼ਨਾਂ ਰਾਹੀਂ ਜਿਸ ਤਰ੍ਹਾਂ ਮੁੱਦਿਆਂ ਨੂੰ ਲਾਂਭੇ ਕਰ ਕੇ ਲੋਕਾਂ ਦੇ ਮਨਾਂ ਵਿਚ ਪ੍ਰਦੂਸ਼ਣ ਭਰਿਆ ਜਾ ਰਿਹਾ ਹੈ, ਉਹ ਸਿਆਸਤ ਦੀ ਸਭ ਤੋਂ ਖਤਰਨਾਕ ਖੇਡ ਹੈ। ਇਨ੍ਹਾਂ ਸੰਗਤ ਦਰਸ਼ਨਾਂ ਵਿਚ ਮੁੱਖ ਮੰਤਰੀ ਲੋਕਾਂ ਨੂੰ ਉਸ ਨਰੇਂਦਰ ਮੋਦੀ ਨੂੰ ਵੋਟਾਂ ਪਾਉਣ ਦੀ ਵਕਾਲਤ ਕਰ ਰਹੇ ਹਨ ਜਿਸ ਨੇ 2002 ਵਿਚ ਗੁਜਰਾਤ 'ਚ ਘੱਟ-ਗਿਣਤੀਆਂ ਦਾ ਉਸੇ ਤਰ੍ਹਾਂ ਘਾਣ ਕੀਤਾ ਸੀ ਜਿਸ ਤਰ੍ਹਾਂ ਕਾਂਗਰਸ ਨੇ 1984 ਵਿਚ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਸਿੱਖਾਂ ਦਾ ਕਤਲੇਆਮ ਕਰਵਾ ਕੇ ਕੀਤਾ ਸੀ। ਸੰਗਤ ਵਰਗੇ ਪਵਿੱਤਰ ਸ਼ਬਦ ਦਾ ਇਸ ਤੋਂ ਵੱਡਾ ਅਪਮਾਨ ਹੋਰ ਕੀ ਹੋ ਸਕਦਾ ਹੈ? ਸਿਆਸਤਦਾਨਾਂ ਨੂੰ ਸੰਗਤ ਵਿਚ ਬੈਠ ਕੇ ਬੇਈਮਾਨ ਭਾਸ਼ਣ ਦੇਣ ਵਿਚ ਕੋਈ ਸੰਗ-ਸ਼ਰਮ ਹੀ ਨਹੀਂ ਹੈ।

ਮੁੱਖ ਮੰਤਰੀ ਬਾਦਲ ਨਰੇਂਦਰ ਮੋਦੀ ਲਈ ਵੋਟਾਂ ਕਾਂਗਰਸ ਨੂੰ ਹਰਾਉਣ ਲਈ ਮੰਗ ਰਹੇ ਹਨ। ਪਿਛਲੇ ਛੇ ਸਾਲ ਉਹ ਇਹ ਭਾਸ਼ਣ ਦਿੰਦੇ ਥੱਕ ਗਏ ਹਨ ਕਿ ਕਾਂਗਰਸ ਦੀ ਕੇਂਦਰ ਸਰਕਾਰ ਪੰਜਾਬ ਨਾਲ ਲਗਾਤਾਰ ਵਿਤਕਰਾ ਕਰ ਰਹੀ ਹੈ, ਪੰਜਾਬ ਨੂੰ ਲੁੱਟਿਆ-ਪੁੱਟਿਆ ਜਾ ਰਿਹਾ ਹੈ ਪਰ ਪਹਿਲਾਂ ਪੂਰੇ ਛੇ ਸਾਲ ਉਹ ਆਪ ਨਰੇਂਦਰ ਮੋਦੀ ਦੀ ਪਾਰਟੀ (ਭਾਰਤੀ ਜਨਤਾ ਪਾਰਟੀ) ਦੀ ਅਗਵਾਈ ਵਾਲੀ ਵਾਜਪਾਈ ਸਰਕਾਰ ਦਾ ਹਿੱਸਾ ਰਹੇ ਹਨ। ਉਸ ਵੇਲੇ ਉਨ੍ਹਾਂ ਕਦੇ ਵਿਤਕਰੇ ਦੀ ਗੱਲ ਨਹੀਂ ਸੀ ਕੀਤੀ। ਉਦੋਂ ਤਾਂ ਉਨ੍ਹਾਂ ਪੰਜਾਬ ਜਾਂ ਸਿੱਖਾਂ ਦੇ ਕਿਸੇ ਫਾਇਦੇ ਦੀ ਥਾਂ ਆਪਣੇ ਪੁੱਤ ਨੂੰ ਮੰਤਰੀ ਬਣਾਉਣ ਨੂੰ ਹੀ ਪਹਿਲ ਦਿੱਤੀ। ਹਰਿਆਣਾ ਦੇ ਕਾਂਗਰਸੀ ਲੀਡਰਾਂ ਖਿਲਾਫ ਵੀ ਉਹ ਅਕਸਰ ਭਾਸ਼ਣ ਦਿੰਦੇ ਹਨ ਪਰ ਇਕ ਸਮਾਂ ਉਹ ਵੀ ਸੀ ਜਦੋਂ ਪੰਜਾਬ ਵਿਚ ਉਨ੍ਹਾਂ ਦੀ ਪਾਰਟੀ ਦੀ ਅਤੇ ਹਰਿਆਣਾ ਵਿਚ ਉਨ੍ਹਾਂ ਦੇ ਮਿੱਤਰ ਸਿਆਸਤਦਾਨ ਦੇਵੀ ਲਾਲ ਦੇ ਪੁੱਤਰ ਓਮ ਪ੍ਰਕਾਸ਼ ਚੌਟਾਲਾ ਦੀ ਸਰਕਾਰ ਸੀ। ਉਸ ਵੇਲੇ ਵੀ ਇਨ੍ਹਾਂ ਦੋਹਾਂ ਸੂਬਿਆਂ ਵਿਚਕਾਰ ਕੋਈ ਮਸਲਾ ਹੱਲ ਕਰਨ ਦਾ ਯਤਨ ਨਹੀਂ ਸੀ ਕੀਤਾ। ਪੰਜਾਬੀ ਭਾਸ਼ਾ ਨਾਲ ਵਿਤਕਰੇ ਵਾਲਾ ਭਾਸ਼ਣ ਵੀ ਉਹ ਅਕਸਰ ਦੁਹਰਾਉਂਦੇ ਰਹਿੰਦੇ ਹਨ, ਪਰ ਪੰਜਾਬ ਵਿਚ ਪੰਜਾਬੀ ਸਹੀ ਰੂਪ ਵਿਚ ਲਾਗੂ ਕਰਨ ਤੋਂ ਉਨ੍ਹਾਂ ਨੂੰ ਕੌਣ ਰੋਕਦਾ ਹੈ? ਸਰਕਾਰੀ ਸਕੂਲਾਂ ਵਿਚ ਪੜ੍ਹਾਈ ਦਾ ਉਂਜ ਹੀ ਮਾੜਾ ਹਾਲ ਹੈ ਅਤੇ ਪ੍ਰਾਈਵੇਟ ਸਕੂਲਾਂ ਵਿਚ ਬੜੇ ਸੂਖਮ ਢੰਗ ਨਾਲ ਪੰਜਾਬੀ ਨੂੰ ਲਾਂਭੇ ਕਰ ਦਿੱਤਾ ਗਿਆ ਹੈ। ਹਰ ਵਿਭਾਗ ਅਤੇ ਖੇਤਰ ਦੀਆਂ ਅਣਹੋਣੀਆਂ ਖਬਰਾਂ ਰੋਜ਼ ਸਵੇਰੇ ਲੋਕਾਂ ਦਾ ਮੂੰਹ ਚਿੜ੍ਹਾਉਂਦੀਆਂ ਹਨ, ਪਰ ਸਿਆਸਤਦਾਨਾਂ ਨੂੰ ਆਪਣੀ ਕੂੜ ਸਿਆਸਤ ਤੋਂ ਹੀ ਵਿਹਲ ਨਹੀਂ ਹੈ। ਉਂਜ, ਗੱਲ ਸਿਰਫ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੀ ਹੀ ਨਹੀਂ ਹੈ, ਕਾਂਗਰਸ ਵੀ ਇਸੇ ਸਿੱਕੇ ਦਾ ਦੂਜਾ ਪਾਸਾ ਹੈ। ਇਹ ਪਾਰਟੀ ਨਸ਼ਿਆਂ ਖਿਲਾਫ ਮੁਹਿੰਮ ਤਹਿਤ ਭੁੱਖ ਹੜਤਾਲਾਂ ਕਰ ਰਹੀ ਹੈ ਪਰ ਇਹ ਰੋਸ ਵਿਖਾਵਾ ਪਾਰਟੀ ਦੀ ਪਾਟੋਧਾੜ ਲੁਕਾਉਣ ਦੀ ਕਵਾਇਦ ਤੋਂ ਅਗਾਂਹ ਪੈਰ ਨਹੀਂ ਪੁੱਟ ਸਕਿਆ। ਦਰਅਸਲ ਪੰਜਾਬ ਦੀ ਸਿਆਸਤ ਵਿਚੋਂ ਕੁਰਬਾਨੀ ਦਾ ਮਾਦਾ ਮੁੱਕਦਾ-ਮੁੱਕਦਾ ਸ਼ਾਇਦ ਮੁੱਕ ਹੀ ਚੱਲਿਆ ਹੈ। ਸਾਰੀ ਦੀ ਸਾਰੀ ਸਿਆਸਤ ਜੁਗਤਾਂ ਅਤੇ ਜੁਗਾੜਾਂ ਦਾ ਜੋੜ ਬਣ ਕੇ ਰਹਿ ਗਈ ਹੈ। ਜੁਝਾਰੂ ਲੋਕਾਂ ਨੇ ਵੀ ਸ਼ਾਇਦ ਆਪੇ ਹੀ ਆਪਣੀਆਂ ਸੀਮਾਵਾਂ ਮਿਥ ਲਈਆਂ ਹਨ। ਉਹ ਵੀ ਆਪਣੀ ਉਸ ਲਛਮਣ ਰੇਖਾ ਤੋਂ ਅੱਗੇ ਜਾਣ ਲਈ ਤਿਆਰ ਨਹੀਂ ਹਨ। ਇਹ ਅਸਲ ਵਿਚ ਖੜੋਤ ਦੀ ਨਿਸ਼ਾਨੀ ਹੈ। ਖੜ੍ਹੇ ਪਾਣੀ ਛੇਤੀ ਹੀ ਬਦਬੂ ਮਾਰਨ ਲੱਗਦੇ ਹਨ। ਪੰਜਾਬ ਵਿਚ ਇਹ ਪਾਣੀ ਚਿਰਾਂ ਤੋਂ ਖੜੋਤ ਦੀ ਜੂਨ ਹੰਢਾ ਰਹੇ ਹਨ। ਜਿੰਨੀ ਦੇਰ ਇਨ੍ਹਾਂ ਖਲੋਤੇ ਪਾਣੀਆਂ ਵਿਚ ਕੋਈ ਢੀਮ ਨਹੀਂ ਵੱਜਦੀ, ਅੱਜ ਦੇ ਕੂੜ ਸਿਆਸਤਦਾਨ ਆਪਣੇ ਲੱਛੇਦਾਰ ਭਾਸ਼ਣਾਂ ਰਾਹੀਂ ਸੰਗਤ ਨੂੰ ਗੁੰਮਰਾਹ ਕਰਦੇ ਰਹਿਣਗੇ ਅਤੇ ਅਜਿਹੇ ਕੂੜ ਸਮਾਗਮਾਂ ਨੂੰ ਸੰਗਤ ਦਰਸ਼ਨ ਦਾ ਦਰਜਾ ਦੇ ਕੇ ਆਪਣੀਆਂ ਰੋਟੀਆਂ ਸੇਕਦੇ ਰਹਿਣਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਠਿੱਬੀ ਸਭ ਨੂੰ ਲਾਈ ਜਾਂਦਾ*

ਸੰਗਤ ਦਰਸ਼ਨਾਂ ਦਾ ਕਾਰੋਬਾਰ ਚੱਲਿਆ, ਬਾਬਾ ਚੰਮ ਦੀਆਂ ਦੇਖੋ ਚਲਾਈ ਜਾਂਦਾ।
ਕਹਿੰਦਾ ਆਇਆ ਹਾਂ ਸੁਣਨ ਲਈ ਗੱਲ ਥੋਡੀ, ਗੱਲ ਆਪਣੀ ਹੀ ਸਾਰੀ ਸੁਣਾਈ ਜਾਂਦਾ।
ਨਾਹੀਂ ਕਿਸੇ ਦਾ ਕੋਈ ਲਿਹਾਜ ਕਰਦਾ, ਠਿੱਬੀ ਸਭ ਨੂੰ ਵਾਰੋ-ਵਾਰੀ ਲਾਈ ਜਾਂਦਾ।
ਵੰਡਣ ਚੱਲਿਆ ਭਰੀਆਂ ਨੇ ਦੋਏ ਮੁੱਠਾਂ, ਝੋਲੀ ਆਪਣੀ ਵਿਚ ਹੀ ਪਾਈ ਜਾਂਦਾ।
ਕੋਈ ਆਣ ਕੇ ਕਰੋ ਇਨਸਾਫ ਸੰਗਤੇ, ਭਾਰ ਕੂੜ ਦਾ ਹੋ ਗਿਆ ਬਹੁਤ ਭਾਰਾ।
ਜੇਕਰ ਹੁਣ ਵੀ ਨਾ ਕੋਈ ਸਵਾਲ ਕੀਤਾ, ਉਡ ਜਾਣਾ ਪੰਜਾਬ ਤੋਂ ਭੌਰ ਸਾਰਾ।

# ਕਤਲੇਆਮ 84: ਸਟੇਟ ਤੇ ਪਾਰਟੀਆਂ ਦੀ ਫਿਤਰਤ

ਬੂਟਾ ਸਿੰਘ
ਫ਼ੋਨ: 91-94634-74342

ਹਾਲ ਹੀ ਵਿਚ 'ਆਪ' ਦੇ ਮੁਖੀ ਅਰਵਿੰਦ ਕੇਜਰੀਵਾਲ ਵਲੋਂ ਲੋਕ ਸਭਾ ਚੋਣਾਂ-2014 ਦੀ ਤਿਆਰੀ ਦੇ ਹਿੱਸੇ ਵਜੋਂ ਵਿੱਢੀ ਸਿਆਸੀ ਚਾਂਦਮਾਰੀ ਦੌਰਾਨ 'ਕਤਲੇਆਮ 84' ਦੀ ਦੁਬਾਰਾ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਏ ਜਾਣ ਦੇ ਐਲਾਨ ਨੇ ਹਿੰਦੁਸਤਾਨ ਦੇ ਮੁੱਖਧਾਰਾ ਹਲਕਿਆਂ ਵਿਚ ਕਾਫ਼ੀ ਸਿਆਸੀ ਹਿਲਜੁਲ ਪੈਦਾ ਕਰ ਦਿੱਤੀ ਹੈ। 'ਆਪ' ਦੇ ਇਸ ਸਿਆਸੀ ਬਾਣ ਦਾ ਸਿੱਧਾ ਨਿਸ਼ਾਨਾ ਕਾਂਗਰਸ ਹੋਣ ਕਾਰਨ ਆਹਲਾ ਕਾਂਗਰਸੀ ਲੀਡਰਸ਼ਿਪ ਕਾਫ਼ੀ ਕਸੂਤੀ ਹਾਲਤ 'ਚ ਘਿਰ ਗਈ ਹੈ। ਅਗਲੀ ਕੇਂਦਰੀ ਵਜ਼ਾਰਤ ਦੇ ਸਵੈ-ਸਜੇ ਵਾਹਦ ਦਾਅਵੇਦਾਰ ਭਗਵੇਂ ਬ੍ਰਿਗੇਡ ਦੇ ਹੱਥ ਕਾਂਗਰਸੀ ਰਕੀਬਾਂ ਨੂੰ ਘੇਰਨ ਦਾ ਇਕ ਹੋਰ ਮੁੱਦਾ ਹੱਥ ਲੱਗ ਗਿਆ ਹੈ। ਇਹ ਵੱਖਰਾ ਸਵਾਲ ਹੈ ਕਿ ਧਾਰਮਿਕ ਘੱਟ-ਗਿਣਤੀਆਂ ਨਾਲ ਸਲੂਕ ਦੇ ਮਾਮਲੇ ਵਿਚ ਉਨ੍ਹਾਂ ਦਾ ਆਪਣਾ ਚਿਹਰਾ ਕਿਸੇ ਵੀ ਪੱਖੋਂ ਕਾਂਗਰਸ ਤੋਂ ਘੱਟ ਦਾਗ਼ੀ ਨਹੀਂ; ਸਗੋਂ ਕੁਝ ਪੱਖਾਂ ਤੋਂ ਤਾਂ ਹੋਰ ਵੀ ਘਿਨਾਉਣਾ ਹੋਣ ਕਾਰਨ ਉਨ੍ਹਾਂ ਦੀ ਇਸ ਤੋਂ ਸਿਆਸੀ ਲਾਹਾ ਲੈਣ ਦੀ ਉਮੀਦ ਧਰੀ-ਧਰਾਈ ਰਹਿ ਗਈ ਜਦੋਂ ਸਿਆਸੀ ਬਚਾਓ ਦੇ ਪੈਂਤੜੇ ਤੋਂ ਕਾਂਗਰਸ ਨੇ ਨਰੇਂਦਰ ਮੋਦੀ ਦੀ ਅਗਵਾਈ ਹੇਠ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਦੀ ਮਿਸਾਲ ਨੂੰ ਆਪਣੀ ਸਿਆਸੀ ਢਾਲ ਅਤੇ ਮੋੜਵੇਂ ਸਿਆਸੀ ਵਾਰ ਦਾ ਮੋਰਚਾ ਬਣਾ ਲਿਆ।... ਤੇ ਫਿਰ ਦੋਸਤਾਨਾ ਮੀਡੀਆ ਮੈਚ ਸ਼ੁਰੂ ਹੋ ਗਿਆ।

ਇਕ ਪਾਸੇ ਤਾਂ ਰਾਹੁਲ ਗਾਂਧੀ ਨੂੰ ਇਹ ਕਹਿਣਾ ਪਿਆ ਕਿ ਕਤਲੇਆਮ 84 ਵਿਚ ਕੁਝ ਕਾਂਗਰਸੀ ਆਗੂ ਸ਼ਾਮਲ ਸਨ (ਉਹ ਕੌਣ ਕੌਣ ਸਨ ਤੇ ਉਨ੍ਹਾਂ ਦੀ ਮੁਜਰਮਾਨਾ ਭੂਮਿਕਾ ਨੂੰ ਦੇਖਦਿਆਂ ਕਾਂਗਰਸ ਨੇ ਕੀ ਕਾਰਵਾਈ ਕੀਤੀ, ਇਸ ਬਾਰੇ ਉਹ ਖ਼ਾਮੋਸ਼ ਹੀ ਰਹੇਗਾ), ਪਰ ਨਾਲ ਹੀ ਕਹਿ ਰਿਹਾ ਹੈ ਕਿ ਕਤਲੇਆਮ ਵਿਚ ਖ਼ੁਦ ਸ਼ਾਮਲ ਨਾ ਹੋਣ ਕਾਰਨ ਉਹ ਮੁਆਫ਼ੀ ਕਿਉਂ ਮੰਗੇ? ਜੇ 29 ਸਾਲ ਬਾਅਦ ਵੀ ਮੁੱਖ ਮੁਜਰਮ ਪਾਰਟੀ ਦੇ ਆਹਲਾ ਆਗੂ ਬਿਨਾਂ ਸ਼ਰਤ ਮੁਆਫ਼ੀ ਮੰਗਣ ਲਈ ਤਿਆਰ ਨਹੀਂ, ਤਾਂ ਇਹ ਸਾਫ਼ ਸੰਕੇਤ ਹੈ ਕਿ ਮਾਮਲਾ ਇਕਾ-ਦੁੱਕਾ ਸਿਆਸਤਦਾਨਾਂ/ਪਾਰਟੀਆਂ ਤਕ ਮਹਿਦੂਦ ਨਹੀਂ ਹੈ ਸਗੋਂ ਇਸ ਮਰਜ਼ ਦੀਆਂ ਜੜ੍ਹਾਂ ਇਸ ਸੱਤਾਤੰਤਰ ਦੀ ਮੂਲ ਫ਼ਿਤਰਤ ਵਿਚ ਡੂੰਘੀਆਂ ਲੱਗੀਆਂ ਹੋਈਆਂ ਹਨ। ਇਸ 29 ਸਾਲਾ ਬੇਇਨਸਾਫ਼ੀ ਵਿਚ ਭਗਵੇਂ ਬ੍ਰਿਗੇਡ ਤੇ ਹੋਰ ਹਕੂਮਤਾਂ ਦਾ ਕਾਰਜਕਾਲ ਵੀ ਸ਼ੁਮਾਰ ਹੈ ਜਿਸ ਵਿਚ ਜਾਂਚ ਕਮਿਸ਼ਨਾਂ ਤੋਂ ਪਾਰ ਜਾ ਕੇ ਕੋਈ ਠੋਸ ਕਾਰਵਾਈ ਸਾਹਮਣੇ ਨਹੀਂ ਆਈ।

ਨਾਨਾਵਤੀ ਕਮਿਸ਼ਨ ਦੀ ਰਿਪੋਰਟ (2005) ਦੱਸਦੀ ਹੈ ਕਿ ਦਿੱਲੀ ਕਤਲੇਆਮ ਦੇ ਸਬੰਧ 'ਚ ਦਰਜ ਕੀਤੀਆਂ 587 ਐਫ.ਆਈ.ਆਰ. ਵਿਚੋਂ 241 ਮਾਮਲੇ ਪੁਲਿਸ ਵਲੋਂ ਲਾਪਤਾ ਕਰਾਰ ਦੇ ਕੇ ਮਰਜ਼ੀ ਨਾਲ ਹੀ ਠੱਪ ਕਰ ਦੇਣ ਕਾਰਨ ਅਦਾਲਤਾਂ ਵਿਚ ਮੁਕੱਦਮਾ ਚਲਾਏ ਜਾਣ ਲਈ ਪੇਸ਼ ਹੀ ਨਹੀਂ ਕੀਤੇ ਗਏ। ਸਰਕਾਰੀ ਤੌਰ 'ਤੇ ਮੰਨੇ 2733 ਸਿੱਖਾਂ ਦੇ ਕਤਲੇਆਮ ਵਿਚੋਂ 25 ਸਾਲ ਦੀ ਕਾਨੂੰਨੀ ਚਾਰਾਜੋਈ ਦੌਰਾਨ ਸਿਰਫ਼ ਨੌਂ ਮਾਮਲਿਆਂ ਵਿਚ ਮਹਿਜ਼ 20 ਦੋਸ਼ੀਆਂ ਨੂੰ ਸਜ਼ਾਵਾਂ ਹੋਈਆਂ। ਇਹ ਵੱਖਰਾ ਸਵਾਲ ਹੈ ਕਿ ਇਹ ਸਜ਼ਾਵਾਂ ਵੀ ਕਿੰਨੀਆਂ ਕੁ ਢੁੱਕਵੀਆਂ ਹਨ। ਗੁਜਰਾਤ ਕਤਲੇਆਮ ਵਿਚ ਭਾਵੇਂ ਵਜ਼ੀਰ ਮਾਯਾ ਕੋਡਨਾਨੀ ਸਮੇਤ ਕੁਝ ਦੋਇਮ ਦਰਜੇ ਦੇ ਬਾਰਸੂਖ਼ ਮੁਜਰਮਾਂ ਨੂੰ ਸਜ਼ਾਵਾਂ ਹੋਈਆਂ, ਪਰ ਦੋਵੇਂ ਥਾਈਂ ਨਰੇਂਦਰ ਮੋਦੀ, ਸੱਜਣ ਕੁਮਾਰ, ਐਚ.ਕੇ.ਐਲ. ਭਗਤ ਵਰਗੇ ਅਸਲ ਰਾਜਸੀ ਸੂਤਰਧਾਰਾਂ ਨੂੰ ਬਚਾਉਣ ਲਈ ਪੂਰਾ ਸਿਆਸੀ ਰਸੂਖ਼ ਇਸਤੇਮਾਲ ਕਰ ਕੇ ਅਤੇ ਪੂਰੀ ਮਸ਼ੀਨਰੀ ਝੋਕ ਕੇ ਕਲੀਨ ਚਿੱਟਾਂ ਹਾਸਲ ਕੀਤੀਆਂ ਗਈਆਂ। ਚਾਹੇ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਸੀ; ਜਾਂ ਮੁੰਬਈ (1993), ਗੁਜਰਾਤ (2002) ਜਾਂ ਹੋਰ ਥਾਈਂ ਮੁਸਲਮਾਨਾਂ ਦਾ ਕਤਲੇਆਮ, ਹਕੂਮਤ ਕਿਸੇ ਵੀ ਪਾਰਟੀ ਦੀ ਰਹੀ ਹੋਵੇ, ਕਿਤੇ ਵੀ ਅਸਲ ਮਾਇਨਿਆਂ ਵਿਚ ਇਨਸਾਫ਼ ਮਿਲਣ ਦਾ ਸਵਾਲ ਹੀ ਨਹੀਂ ਹੈ ਕਿਉਂਕਿ ਬੇਇਨਸਾਫ਼ੀ ਸੱਤਾਤੰਤਰ ਦੀ ਰਗ-ਰਗ 'ਚ ਰਚੀ ਹੋਈ ਹੈ। ਇਸੇ ਦਾ ਪ੍ਰਤਾਪ ਹੈ ਕਿ ਇਨ੍ਹਾਂ ਕਤਲੇਆਮਾਂ ਤੋਂ ਤੁਰੰਤ ਬਾਅਦ ਸੱਤਾਧਾਰੀ ਪਾਰਟੀਆਂ ਵੋਟਤੰਤਰ ਜ਼ਰੀਏ ਉਚੇਚੀ ਭਾਰੂ ਬਹੁ-ਗਿਣਤੀ ਨਾਲ ਸੱਤਾਧਾਰੀ ਹੁੰਦੀਆਂ ਰਹੀਆਂ-ਕੇਂਦਰ ਵਿਚ ਕਾਂਗਰਸ (ਦਸੰਬਰ 1984), ਮੁੰਬਈ ਵਿਚ ਸ਼ਿਵ ਸੈਨਾ (1993), ਗੁਜਰਾਤ ਵਿਚ ਭਾਜਪਾ (2002)।

ਮੁਸਲਮਾਨਾਂ ਪ੍ਰਤੀ ਬਹੁ-ਗਿਣਤੀ ਦਾ ਨਫ਼ਰਤ ਨਾਲ ਲਬਰੇਜ਼ ਵਤੀਰਾ ਖ਼ਾਸ ਉਘੜਵਾਂ ਹੈ। 1947 ਦੀ ਸੱਤਾ ਬਦਲੀ ਵਕਤ ਹੀ ਮੁਸਲਮਾਨ ਭਾਈਚਾਰੇ ਇਹ ਖ਼ੋਰੀ ਰਵੱਈਆ ਸਾਹਮਣੇ ਆ ਗਿਆ ਸੀ। ਹਿੰਦੁਸਤਾਨ-ਪਾਕਿਸਤਾਨ ਦੀ ਵੰਡ ਦੌਰਾਨ ਸਿੱਖ(+ਹਿੰਦੂ) ਅਤੇ ਮੁਸਲਮਾਨ ਫਿਰਕਾਪ੍ਰਸਤ ਤਾਕਤਾਂ ਵਲੋਂ '47 ਦੀ ਕਤਲੋਗ਼ਾਰਤ ਵਿਚ ਨਿਭਾਈ ਘਿਨਾਉਣੀ ਭੂਮਿਕਾ ਵੱਖਰੀ ਤਰ੍ਹਾਂ ਦਾ ਗੁੰਝਲਦਾਰ ਇਤਿਹਾਸਕ ਅਮਲ ਜ਼ਰੂਰ ਹੈ ਪਰ ਇਸ ਨਾਲ ਮੁਸਲਮਾਨ ਭਾਈਚਾਰੇ ਪ੍ਰਤੀ ਬਹੁ-ਗਿਣਤੀ ਦੀ ਤੁਅੱਸਬ ਜ਼ਿਹਨੀਅਤ ਖਾਰਜ ਨਹੀਂ ਹੁੰਦੀ। ਇਹ ਉਸੇ ਦੌਰ ਦੀ ਦੂਜੀ ਵੱਡੀ ਕਤਲੋਗ਼ਾਰਤ (ਅਤੇ ਨਾਲ ਹੀ ਸਾਢੇ ਛੇ ਦਹਾਕਿਆਂ ਤੋਂ ਇਸ ਭਾਈਚਾਰੇ ਨੂੰ ਮੁਲਕਧ੍ਰੋਹੀ ਮੰਨ ਕੇ ਸਲੂਕ ਕਰਨ ਦੇ ਆਮ ਦਸਤੂਰ) ਤੋਂ ਵੀ ਪ੍ਰਤੱਖ ਹੈ। ਜਦੋਂ ਹੈਦਰਾਬਾਦ ਦੀ ਰਿਆਸਤ ਦੇ ਹਿੰਦੁਸਤਾਨ ਨਾਲ 'ਰਲੇਵੇਂ' ਵਕਤ ਹਿੰਦੂ ਤਾਕਤਾਂ ਤੇ ਭਾਰਤੀ ਫ਼ੌਜ ਵਲੋਂ ਮਿਲ ਕੇ ਅੰਦਾਜ਼ਨ 30-40 ਹਜ਼ਾਰ ਮੁਸਲਮਾਨਾਂ ਦੀ ਕਤਲੋਗ਼ਾਰਤ ਨੂੰ ਅੰਜਾਮ ਦਿੱਤਾ ਗਿਆ। ਇਸ ਤੋਂ ਪਿਛੋਂ ਜਿੰਨੇ ਦਹਾਕੇ ਕਾਂਗਰਸ, ਅਤੇ ਫਿਰ ਭਾਜਪਾ ਜਾਂ ਕਿਸੇ ਹੋਰ ਪਾਰਟੀ ਦੀ ਅਗਵਾਈ ਵਾਲੇ ਗੱਠਜੋੜ ਦਾ ਰਾਜ ਰਿਹਾ, ਸ਼ਾਇਦ ਹੀ ਕੋਈ ਦਹਾਕਾ ਐਸਾ ਹੋਵੇਗਾ ਜਦੋਂ ਮੁਸਲਮਾਨਾਂ ਨੂੰ ਨਿਸ਼ਾਨਾ ਨਾ ਬਣਾਇਆ ਗਿਆ ਹੋਵੇ।

ਸਿੱਖ ਘੱਟ-ਗਿਣਤੀ ਨਾਲ ਧੱਕੇ ਦੀ ਦੁਹਾਈ ਪਾਉਣ ਵਾਲੇ ਅਕਾਲੀ ਦਲ ਨੇ ਕਦੇ ਵੀ ਘੱਟ-ਗਿਣਤੀ ਦੇ ਸਾਲਮ ਸਵਾਲ ਨੂੰ ਗੰਭੀਰਤਾ ਨਾਲ ਨਹੀਂ ਲਿਆ। ਹੁਣ ਵੀ ਕੇਜਰੀਵਾਲ ਦੇ ਬਿਆਨ ਬਾਰੇ ਬਾਦਲ ਪਿਉ-ਪੁੱਤ ਦਾ ਪ੍ਰਤੀਕਰਮ ਵੀ ਘੱਟ ਮਜ਼ੇਦਾਰ ਨਹੀਂ। ਫਰਜ਼ੰਦ ਨੇ ਫਟਾਫਟ ਬਿਆਨ ਦਾਗ਼ ਦਿੱਤਾ ਕਿ ਵਿਸ਼ੇਸ਼ ਜਾਂਚ ਟੀਮ ਬਣਾ ਕੇ ਦੁਬਾਰਾ ਜਾਂਚ ਦਾ ਫ਼ੈਸਲਾ ਕਾਬਲੇ-ਤਾਰੀਫ਼ ਹੈ। ਉਸੇ ਦਿਨ ਬਾਪੂ ਬਾਦਲ ਨੇ ਅਜਿਹੀ ਜਾਂਚ ਟੀਮ ਬਣਾਏ ਜਾਣ ਨੂੰ ਅਸਲੋਂ ਹੀ ਖਾਰਜ ਕਰਦਿਆਂ ਕਹਿ ਦਿੱਤਾ ਕਿ ਉਸ ਕਤਲੇਆਮ ਵਿਚ ਕਾਂਗਰਸੀ ਆਗੂਆਂ ਦੀ ਭੂਮਿਕਾ ਦੀ ਪਹਿਲੀਆਂ ਵਿਸ਼ੇਸ਼ ਪੜਤਾਲਾਂ ਦੌਰਾਨ ਪਹਿਲਾਂ ਹੀ ਤਸਦੀਕ ਹੋ ਚੁੱਕੀ ਹੈ। ਲਿਹਾਜ਼ਾ, ਹੋਰ ਵਿਸ਼ੇਸ਼ ਜਾਂਚ ਟੀਮ ਬਣਾਉਣ ਦੀ ਬਜਾਏ ਦੋਸ਼ੀਆਂ ਦੇ ਖ਼ਿਲਾਫ਼ ਕਾਰਵਾਈ ਦੀ ਲੋੜ ਹੈ। ਇਨ੍ਹਾਂ ਵਿਚੋਂ ਕਿਸ ਨੂੰ ਬਾਦਲਕਿਆਂ ਦੀ ਅਸਲ ਪੁਜੀਸ਼ਨ ਮੰਨਿਆ ਜਾਵੇ?

ਖ਼ੈਰ, ਨਾ ਤਾਂ ਕਿਸੇ ਨੂੰ ਇਹ ਚਰਚਾ ਛੇੜੇ ਜਾਣ ਪਿੱਛੇ ਕੇਜਰੀਵਾਲ ਟੀਮ ਦੇ ਸਿਆਸੀ ਉਦੇਸ਼ ਬਾਰੇ ਕੋਈ ਭੁਲੇਖਾ ਹੋਣਾ ਚਾਹੀਦਾ ਹੈ ਅਤੇ ਨਾ ਹੀ ਧਾਰਮਿਕ ਘੱਟ-ਗਿਣਤੀਆਂ ਸਮੇਤ ਇਸ ਸਰਜ਼ਮੀਨ ਅੰਦਰ ਹਾਸ਼ੀਏ 'ਤੇ ਧੱਕੇ ਕੁਲ ਅਵਾਮ ਪ੍ਰਤੀ ਉਨ੍ਹਾਂ ਦੀ ਬੁਨਿਆਦੀ ਸਿਆਸੀ ਪਹੁੰਚ ਬਾਰੇ ਕੋਈ ਭਰਮ ਪਾਲਣਾ ਚਾਹੀਦਾ ਹੈ। ਕਸ਼ਮੀਰ ਵਿਚ ਹਿੰਦੁਸਤਾਨੀ ਫ਼ੌਜ ਲਗਾਈ ਰੱਖਣ ਬਾਰੇ ਉਥੇ ਰਾਇਸ਼ੁਮਾਰੀ ਕਰਾਉਣ ਬਾਬਤ ਪ੍ਰਸ਼ਾਂਤ ਭੂਸ਼ਣ ਦੀ ਸਰਸਰੀ ਟਿੱਪਣੀ ਪ੍ਰਤੀ ਕੇਜਰੀਵਾਲ ਦੇ ਤਿੱਖੇ ਪ੍ਰਤੀਕਰਮ ਅਤੇ ਜਨਾਬ ਭੂਸ਼ਣ ਦੀ ਪਤਲੀ ਹਾਲਤ ਤੋਂ 'ਆਪ' ਦਾ ਵਤੀਰਾ ਪਹਿਲਾਂ ਹੀ ਜੱਗ ਜ਼ਾਹਰ ਹੋ ਚੁੱਕਾ ਹੈ।

ਇੰਨਾ ਹੀ ਨਹੀਂ, ਕੇਜਰੀਵਾਲ ਟੀਮ ਦੇ ਐਨ ਨੱਕ ਹੇਠ ਦਿੱਲੀ ਦੇ ਗੁਆਂਢੀ ਸੂਬੇ ਯੂ.ਪੀ. ਦੇ ਮੁਜ਼ੱਫਰਨਗਰ ਜ਼ਿਲ੍ਹੇ ਵਿਚ ਮੁਸਲਮਾਨਾਂ ਉਪਰ ਪਿੱਛੇ ਜਿਹੇ ਘਿਨਾਉਣਾ ਹਮਲਾ ਹੋਇਆ। ਇਸ ਵਿਚ ਸਿੱਧੇ ਤੌਰ 'ਤੇ ਸ਼ਾਮਲ ਭਗਵੇਂ ਆਗੂਆਂ ਨੂੰ ਜੇਲ੍ਹ ਵਿਚੋਂ ਬਾਹਰ ਆਉਣ 'ਤੇ ਨਰੇਂਦਰ ਮੋਦੀ ਨੇ ਜਲਸੇ ਵਿਚ ਸਨਮਾਨਿਤ ਕੀਤਾ। ਐਨਾ ਜ਼ਾਹਰਾ ਤੇ ਮੀਡੀਆ ਵਿਚ ਚਰਚਿਤ ਮਾਮਲਾ ਹੋਣ ਦੇ ਬਾਵਜੂਦ ਕੇਜਰੀਵਾਲ ਟੀਮ ਨੇ 'ਸਾਈਲੈਂਟ ਮੋਡ' ਵਿਚੋਂ ਬਾਹਰ ਆਉਣਾ ਜ਼ਰੂਰੀ ਨਹੀਂ ਸਮਝਿਆ। ਇਸ ਤਰ੍ਹਾਂ, ਔਰਤ ਵਿਰੋਧੀ ਫ਼ਤਵੇ ਜਾਰੀ ਕਰਨ ਵਾਲੀਆਂ ਖ਼ਾਪ ਪੰਚਾਇਤਾਂ ਉੱਪਰ ਪਾਬੰਦੀ ਨਾ ਲਗਾਉਣ ਦੇ ਹਾਲੀਆ ਐਲਾਨ ਤੋਂ ਇਸ ਅਹਿਮ ਸਵਾਲ ਬਾਰੇ ਵੀ ਕੇਜਰੀਵਾਲ ਟੀਮ ਦੀ ਸੋਚ ਸਾਹਮਣੇ ਆ ਗਈ ਹੈ। ਕੇਜਰੀਵਾਲ ਵਜ਼ਾਰਤ ਦੇ ਕਾਨੂੰਨ ਮੰਤਰੀ ਸੋਮਨਾਥ ਭਾਰਤੀ ਦੀ ਅਗਵਾਈ ਹੇਠ 'ਆਪ' ਦੇ ਹਜੂਮ ਵਲੋਂ ਅੱਧੀ ਰਾਤ ਨੂੰ ਅਫ਼ਰੀਕਨ ਔਰਤਾਂ ਨਾਲ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਬਦਸਲੂਕੀ ਬਾਰੇ 'ਆਪ' ਲੀਡਰਸ਼ਿਪ ਦੇ ਜ਼ਿੱਦੀ ਰਵੱਈਏ ਤੋਂ ਨਿਰਾਸ਼ ਪਾਰਟੀ ਦੀ ਬਾਨੀ ਮੈਂਬਰ (ਸਾਬਕਾ ਡਿਪਲੋਮੇਟ) ਮਧੂ ਭਾਦੁੜੀ ਨੇ ਹਾਲ ਹੀ ਵਿਚ ਅਸਤੀਫ਼ਾ ਦੇ ਦਿੱਤਾ ਹੈ। ਇਸ ਤੋਂ ਵੀ ਜ਼ਾਹਿਰ ਹੈ ਕਿ ਆਪਣੇ ਆਗੂਆਂ ਦੀਆਂ ਗ਼ਲਤੀਆਂ ਪ੍ਰਤੀ ਪਾਰਦਰਸ਼ੀ ਪਹੁੰਚ ਅਖ਼ਤਿਆਰ ਕਰਨ ਦੀ ਬਜਾਏ, ਉਸ ਉਪਰ ਪਰਦਾਪੋਸ਼ੀ ਕਰਨ ਦੀ ਢੀਠਤਾਈ ਪੱਖੋਂ ਇਸ ਦਾ ਰਵੱਈਆ ਕਿਸੇ ਵੀ ਤਰ੍ਹਾਂ ਹੋਰ ਪਾਰਟੀਆਂ ਤੋਂ ਨਿਆਰਾ ਨਹੀਂ ਹੈ।

ਜਿੱਥੋਂ ਤਕ ਕਤਲੇਆਮ 84 ਦਾ ਸਵਾਲ ਹੈ, ਕੇਜਰੀਵਾਲ ਜਾਂ ਇਸ ਦੀ ਟੀਮ ਦੇ ਕਿਸੇ ਮੈਂਬਰ ਵਲੋਂ, ਕਦੇ ਵੀ ਇਸ ਅਹਿਮ ਸਵਾਲ ਨੂੰ ਇਨਸਾਫ਼ ਲਈ ਲੜਾਈ ਦਾ ਹਿੱਸਾ ਜਾਂ ਅੰਦੋਲਨ ਦਾ ਮੁੱਦਾ ਨਹੀਂ ਬਣਾਇਆ ਗਿਆ। ਨਾ 'ਆਪ' ਦੀ ਸਥਾਪਨਾ ਦੇ ਸਮੇਂ ਤੋਂ ਲੈ ਕੇ ਹੁਣ ਤਕ, ਨਾ ਇਸ ਤੋਂ ਪਹਿਲਾਂ ਟੀਮ ਅੰਨਾ ਦਾ ਹਿੱਸਾ ਹੋਣ ਸਮੇਂ। ਇਸ ਦੀ ਅਸਲ ਵਜ੍ਹਾ ਹੈ ਉਨ੍ਹਾਂ ਸਮਾਜੀ ਹਿੱਸਿਆਂ ਦੀ ਮਨੋ-ਬਣਤਰ ਜੋ ਇਸ ਪਾਰਟੀ ਦਾ ਧੁਰਾ ਹਨ; ਜਿਨ੍ਹਾਂ ਦੀ ਸੋਚ ਅੰਨ੍ਹੇ ਕੌਮਵਾਦ ਦੇ ਜਨੂੰਨ ਦੀਆਂ ਡੰਗੀਆਂ ਹੋਰ ਪਾਰਟੀਆਂ ਵਰਗੀ ਹੀ ਹੈ; ਜਿਸ ਦਾ ਇਜ਼ਹਾਰ ਪਹਿਲੀ ਦਫ਼ਾ ਸੰਸਦ ਉਪਰ ਅਖੌਤੀ ਅਤਿਵਾਦੀ ਹਮਲੇ ਵਿਰੁੱਧ ਇਸ ਮਹਾਂਨਗਰੀ ਦੇ ਮੱਧਵਰਗੀ ਲਾਣੇ ਦੇ ਪ੍ਰਤੀਕਰਮ ਅਤੇ ਫਿਰ ਕਸਾਬ ਜਾਂ ਅਫ਼ਜ਼ਲ ਗੁਰੂ ਨੂੰ ਨਜਾਇਜ਼ ਫਾਂਸੀ ਬਾਰੇ ਧਾਰੀ ਸੁਚੇਤ ਖ਼ਾਮੋਸ਼ੀ ਜ਼ਰੀਏ ਪਹਿਲਾਂ ਹੀ ਸਾਹਮਣੇ ਆ ਚੁੱਕਾ ਹੈ।

ਇਹ ਤਾਂ ਆਉਣ ਵਾਲਾ ਵਕਤ ਹੀ ਦੱਸੇਗਾ ਕਿ ਜ਼ਿਕਰ ਅਧੀਨ ਮਾਮਲੇ ਵਿਚ ਵਿਸ਼ੇਸ਼ ਜਾਂਚ ਟੀਮ ਬਣਾਏ ਜਾਣ ਦੇ ਆਪਣੇ ਇਸ ਐਲਾਨ ਉਪਰ ਕੇਜਰੀਵਾਲ ਟੀਮ ਕਿੰਨਾ ਕੁ ਖ਼ਰੀ ਉਤਰਦੀ ਹੈ; ਇਸ ਗੰਭੀਰ ਕਜ ਦੇ ਬਾਵਜੂਦ, ਇਕ ਪਾਸੇ ਕੇਜਰੀਵਾਲ ਵਲੋਂ ਸਿਆਸੀ ਬਾਣ ਚਲਾ ਕੇ ਮੀਡੀਆ ਵਿਚ ਕਾਂਗਰਸ ਨੂੰ ਭੰਡਣਾ, ਤੇ ਦੂਜੇ ਪਾਸੇ ਸਿਆਸੀ ਸ਼ਰੀਕੇਬਾਜ਼ੀ ਦੌਰਾਨ ਕਾਂਗਰਸ ਤੇ ਭਾਜਪਾ ਵਲੋਂ ਘੱਟ-ਗਿਣਤੀਆਂ ਦੇ ਕਤਲੇਆਮ ਬਾਬਤ ਇਕ ਦੂਜੇ ਦੀਆਂ ਕਰਤੂਤਾਂ ਨੂੰ ਛੱਜ 'ਚ ਪਾ ਕੇ ਛੱਟਣਾ ਅਤੇ ਘੱਟੋ-ਘੱਟ ਇਨ੍ਹਾਂ ਦੋਵਾਂ ਦੇ ਲਹੂ ਲਿੱਬੜੇ ਹੱਥਾਂ ਦਾ ਇਕ ਦੂਜੇ ਦੇ ਚਿਹਰਿਆਂ ਦੇ ਨਕਾਬ ਖ਼ੁਦ ਹੀ ਲੰਗਾਰਦੇ ਜਾਣਾ ਚੰਗੀ ਗੱਲ ਹੀ ਹੈ। ਉਂਞ, ਇਨਸਾਫ਼ਪਸੰਦ ਤਾਕਤਾਂ ਲਈ ਵੱਧ ਅਹਿਮ ਹੈ ਇਸ ਵਿਚੋਂ ਸਕੂਨ ਲੈਣ ਦੀ ਬਜਾਏ ਕਤਲੋਗ਼ਾਰਤ ਦਾ ਸ਼ਿਕਾਰ ਘੱਟ-ਗਿਣਤੀਆਂ ਲਈ ਇਨਸਾਫ਼ ਦੇ ਸਵਾਲ ਨੂੰ ਵਿਹਾਰਕ ਤੌਰ 'ਤੇ ਮੁਖ਼ਾਤਬ ਹੋਣਾ ਅਤੇ ਇਸ ਬਾਬਤ ਕੋਈ ਠੋਸ ਕਾਰਜ ਹੱਥ ਲੈਣਾ।

ਇਹ ਇਸ ਕਰ ਕੇ ਵੀ ਜ਼ਰੂਰੀ ਹੈ ਕਿਉਂਕਿ ਬਹੁ-ਗਿਣਤੀ ਨਾਲ ਸਬੰਧਤ ਬੁਰਛਾਗਰਦ ਤਾਕਤਾਂ ਤੇ ਰਾਜ-ਮਸ਼ੀਨਰੀ ਵਲੋਂ ਮਿਲ ਕੇ ਧਾਰਮਿਕ ਘੱਟ-ਗਿਣਤੀਆਂ ਨੂੰ ਵਾਰ-ਵਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸਾਢੇ ਛੇ ਦਹਾਕਿਆਂ ਵਿਚ ਹਿੰਦੁਸਤਾਨੀ ਸਟੇਟ ਦੀ ਮੂਲ ਫਾਸ਼ੀਵਾਦੀ ਫ਼ਿਤਰਤ ਕਈ ਦਫ਼ਾ ਆਪਣਾ ਰੰਗ ਦਿਖਾ ਚੁੱਕੀ ਹੈ। ਇਸ ਨੂੰ ਕਤਲੇਆਮ 84 ਤਕ ਮਹਿਦੂਦ ਰੱਖ ਕੇ ਦੇਖਣ ਦੀ ਬਜਾਏ ਇਤਿਹਾਸਕ ਤੌਰ 'ਤੇ ਦੇਖਣ-ਪਰਖਣ ਦੀ ਲੋੜ ਹੈ। ਇਸ ਬਾਰੇ ਮਸ਼ਹੂਰ ਇਤਿਹਾਸਕਾਰ ਪੈਰੀ ਐਂਡਰਸਨ ਦੀ ਇਹ ਟਿੱਪਣੀ ਗ਼ੌਰਤਲਬ ਹੈ: 'ਜਿਨ੍ਹਾਂ ਰਾਜਨੀਤਕ ਬੁਰਾਈਆਂ ਦੀ ਸੁਘੜ ਦੇਸ਼ ਭਗਤ ਅੱਜ ਨਿੰਦਾ ਕਰਦੇ ਹਨ, ਉਹ ਐਸੇ ਪ੍ਰਬੰਧ ਦੀ ਅਚਾਨਕ ਉੱਭਰੀ ਅਜੋਕੀ ਮਰਜ਼ ਨਹੀਂ ਹਨ। ਇਹ ਪ੍ਰਬੰਧ ਕਦੇ ਵੀ ਤੰਦਰੁਸਤ ਨਹੀਂ ਰਿਹਾ। ... ਇਸ ਦੀਆਂ ਜੜ੍ਹਾਂ ਪ੍ਰਬੰਧ ਦੀ ਮੂਲ ਬਣਤਰ 'ਚ ਹਨ।' ਹਿੰਦੁਸਤਾਨੀ ਸਟੇਟ ਬਾਰੇ ਹੁਕਮਰਾਨਾਂ ਦੇ ਸ਼ਬਦ-ਆਡੰਬਰ ਦੇ ਘਿਨਾਉਣੇ ਜਾਪ ਦੀ ਸੁਰ 'ਚ ਸੁਰ ਮਿਲਾਉਣ ਦੀ ਬਜਾਏ ਇਸ ਬਾਬਤ ਖੁੱਲ੍ਹੇ ਮਨ ਨਾਲ ਪੜਚੋਲਵੀਂ ਪਹੁੰਚ ਅਪਣਾ ਕੇ ਹੀ ਇਸ ਦੇ ਕਰਤਾ-ਧਰਤਾ ਵਰਗ ਦੇ ਗੰਭੀਰ ਢਾਂਚਾਗਤ ਵਿਗਾੜਾਂ ਅਤੇ ਡੂੰਘੇ ਸਮਾਜੀ ਤੁਅੱਸਬਾਂ ਨੂੰ ਸਮਝਿਆ ਜਾ ਸਕਦਾ ਹੈ।

# ਖੇਤੀ ਦੇ ਅਸਾਵੇਂ ਵਿਕਾਸ ਨਾਲ ਪੰਜਾਬ ਸੰਕਟ 'ਚ ਘਿਰਿਆ

*'ਪੰਜਾਬ ਦਾ ਕਿਸਾਨ ਕਰਜ਼ੇ ਵਿਚ ਜੰਮਦਾ, ਕਰਜ਼ੇ ਵਿਚ ਪਲਦਾ ਅਤੇ ਕਰਜ਼ਾ ਛੱਡ ਕੇ ਮਰ ਜਾਂਦਾ ਹੈ', ਇਹ ਗੱਲ 1920ਵਿਆਂ ਦੀ ਸੀ। ਹਰੇ ਇਨਕਲਾਬ ਤੋਂ ਲਗਭਗ ਦੋ ਦਹਾਕੇ ਬਾਅਦ ਇਸ ਤਰ੍ਹਾਂ ਦਾ ਰੁਝਾਨ ਪੂਰੀ ਤਰ੍ਹਾਂ ਲਾਗੂ ਨਹੀਂ ਰਿਹਾ। 70ਵਿਆਂ ਅਤੇ 80ਵਿਆਂ ਦੌਰਾਨ ਕਿਸਾਨਾਂ ਸਿਰ ਕਰਜ਼ਾ ਉਨ੍ਹਾਂ ਦੀ ਸਾਲਾਨਾ ਆਮਦਨ ਤੋਂ ਘੱਟ ਹੁੰਦਾ ਸੀ, ਭਾਵ ਫ਼ਸਲ ਵੇਚ ਕੇ ਉਹ ਆਪਣੇ ਲੈਣੇ-ਦੇਣੇ ਦਾ ਹਿਸਾਬ ਕਰ ਕੇ ਕੁਝ ਪੈਸੇ ਬਚਾ ਲੈਂਦੇ ਸਨ ਜਿਨ੍ਹਾਂ ਨਾਲ ਉਹ ਅਗਲੀ ਫ਼ਸਲ ਦੇ ਖਰਚੇ, ਘਰੇਲੂ ਲੋੜਾਂ ਜਾਂ ਬੱਚਿਆਂ ਦੀ ਪੜ੍ਹਾਈ, ਉਨ੍ਹਾਂ ਦੇ ਵਿਆਹ-ਸ਼ਾਦੀਆਂ ਅਤੇ ਘਰ ਦੀ ਹੋਰ ਕਬੀਲਦਾਰੀ ਪੂਰੀ ਕਰਦੇ ਸਨ। ਬਸ, ਫ਼ਸਲ ਆਉਣ ਤੋਂ ਕੁਝ ਦਿਨ ਪਹਿਲਾਂ ਹੀ ਉਹ ਉਧਾਰ ਚੁੱਕਣਾ ਸ਼ੁਰੂ ਕਰਦੇ ਸਨ ਪਰ 1990 ਤੋਂ ਬਾਅਦ ਹਾਲਤ ਫਿਰ 1920ਵਿਆਂ ਵਾਲੀ ਹੀ ਹੋ ਗਈ। ਫ਼ਰਕ ਸਿਰਫ਼ ਇੰਨਾ ਹੀ ਹੈ ਕਿ ਹੁਣ ਕਿਸਾਨ ਕਰਜ਼ੇ ਵਿਚ ਜੰਮਦਾ, ਕਰਜ਼ੇ 'ਚ ਪਲਦਾ ਅਤੇ ਕਰਜ਼ੇ ਕਰ ਕੇ ਹੀ ਮਰਦਾ ਹੈ।*

**ਡਾ. ਸੁਖਪਾਲ ਸਿੰਘ**
ਫੋਨ: 91-98760-63523

**ਦੇਸ-ਪਰਦੇਸ**

ਪੰਜਾਬ ਨੂੰ ਹਰੇ ਇਨਕਲਾਬ ਦੇ ਮਾਡਲ ਦਾ ਗੜ੍ਹ ਅਤੇ ਖੇਤੀਬਾੜੀ ਵਿਚ ਸਭ ਤੋਂ ਵੱਧ ਵਿਕਸਤ ਤੇ ਖੁਸ਼ਹਾਲ ਸੂਬਾ ਕਿਹਾ ਜਾਂਦਾ ਹੈ। ਖੇਤੀ ਦੇ ਹਰੇ ਇਨਕਲਾਬ ਦੇ ਪੂੰਜੀਵਾਦੀ ਮਾਡਲ ਨੇ ਪੰਜਾਬ ਵਿਚ 1970ਵਿਆਂ ਦੌਰਾਨ ਫ਼ਸਲਾਂ ਦਾ ਉਤਪਾਦਨ ਅਤੇ ਉਤਪਾਦਕਤਾ ਵਧਾਈ। ਉਸ ਸਮੇਂ ਵਪਾਰ ਦੀਆਂ ਸ਼ਰਤਾਂ ਖੇਤੀ ਦੇ ਪੱਖ ਵਿਚ ਸਨ ਜਿਸ ਕਰ ਕੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋਇਆ। ਇਸ ਤੋਂ ਬਾਅਦ 80ਵਿਆਂ ਵਿਚ ਫ਼ਸਲਾਂ ਦੇ ਝਾੜ ਭਾਵੇਂ ਵਧੇ, ਪਰ ਇਸ ਵਾਧੇ ਦੀ ਦਰ ਪਹਿਲਾਂ ਤੋਂ ਘੱਟ ਸੀ। ਇਸੇ ਸਮੇਂ ਫ਼ਸਲਾਂ ਦੀਆਂ ਕੀਮਤਾਂ ਨਾਲੋਂ ਫ਼ਸਲੀ ਲਾਗਤਾਂ ਵਿਚ ਵਾਧਾ ਕਈ ਗੁਣਾ ਜ਼ਿਆਦਾ ਹੋਣ ਕਰ ਕੇ ਕਿਸਾਨਾਂ ਦੇ ਸ਼ੁੱਧ ਲਾਭ ਘਟਣੇ ਸ਼ੁਰੂ ਹੋ ਗਏ। 90ਵਿਆਂ ਵਿਚ ਸੰਸਾਰੀਕਰਨ ਦੀਆਂ ਨੀਤੀਆਂ ਕਾਰਨ ਸਰਕਾਰ ਨੇ ਕੇਂਦਰੀ ਬਜਟ ਵਿਚੋਂ ਖੇਤੀ ਬਜਟ ਵਿਚ ਕਟੌਤੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਖੇਤੀ ਸਬਸਿਡੀਆਂ ਵੀ ਕਦਮ-ਦਰ-ਕਦਮ ਘਟਾਉਣੀਆਂ ਜਾਰੀ ਰੱਖੀਆਂ। ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਕਾਰਨ ਫ਼ਸਲਾਂ ਲਈ ਲੋੜੀਂਦੀਆਂ ਲਾਗਤਾਂ ਮਹਿੰਗੀਆਂ ਹੋ ਗਈਆਂ ਅਤੇ ਫ਼ਸਲਾਂ ਦੀਆਂ ਕੀਮਤਾਂ ਵਿਚ ਵਾਧਾ ਨਾ ਹੋਣ ਕਰ ਕੇ ਕਿਸਾਨਾਂ ਦੀ ਅਸਲ ਆਮਦਨ ਘਟਣੀ ਸ਼ੁਰੂ ਹੋ ਗਈ। ਇਸ ਕਰ ਕੇ ਸਮੁੱਚਾ ਖੇਤੀ ਅਰਥਚਾਰਾ ਸੰਕਟ ਵਿਚ ਫਸ ਗਿਆ।

ਖੇਤੀਬਾੜੀ ਵਿਚ ਪੂੰਜੀਵਾਦ ਦੇ ਮੁਢਲੇ ਪੜਾਅ ਦੌਰਾਨ ਰੁਜ਼ਗਾਰ ਵੱਡੀ ਪੱਧਰ 'ਤੇ ਪੈਦਾ ਹੁੰਦਾ ਹੈ ਪਰ ਪੂੰਜੀਵਾਦ ਦੇ ਵਿਕਾਸ ਮਾਡਲ ਅਨੁਸਾਰ ਜਦੋਂ ਖੇਤੀ ਵਿਚ ਮਸ਼ੀਨਰੀ ਅਤੇ ਰਸਾਇਣਾਂ ਦੀ ਵਰਤੋਂ ਵਿਚ ਵਾਧਾ ਹੁੰਦਾ ਹੈ, ਤਾਂ ਇਹ ਕਿਰਤ ਸ਼ਕਤੀ ਨੂੰ ਵਿਹਲਾ ਕਰਨਾ ਸ਼ੁਰੂ ਕਰ ਦਿੰਦਾ ਹੈ। ਪੂੰਜੀਵਾਦ ਦੇ ਉਚੇਰੇ ਪੜਾਵਾਂ ਦੌਰਾਨ ਕਾਮਿਆਂ ਨੂੰ ਕੰਮ ਮਿਲਣਾ ਘਟ ਜਾਂਦਾ ਹੈ ਅਤੇ ਉਨ੍ਹਾਂ ਨੂੰ ਅਰਥ-ਵਿਵਸਥਾ ਦੇ ਦੂਜੇ ਖੇਤਰਾਂ, ਭਾਵ ਉਦਯੋਗਾਂ ਅਤੇ ਸੇਵਾਵਾਂ ਦੇ ਖੇਤਰਾਂ ਵਿਚ ਪਰਵਾਸ ਕਰਨਾ ਪੈਂਦਾ ਹੈ। ਪੰਜਾਬ ਦੀ ਖੇਤੀਬਾੜੀ ਵਿਚ ਵਰਤੀ ਜਾਣ ਵਾਲੀ ਮਸ਼ੀਨਰੀ ਅਤੇ ਰਸਾਇਣ ਪੈਦਾ ਕਰਨ ਵਾਲਾ ਉਦਯੋਗ ਪੰਜਾਬ ਵਿਚ ਪੈਦਾ ਹੋਣਾ ਚਾਹੀਦਾ ਸੀ। ਪੰਜਾਬ, ਵਿਕਸਤ ਖੇਤੀ ਪ੍ਰਧਾਨ ਸੂਬਾ ਹੋਣ ਕਾਰਨ ਕਣਕ, ਚੌਲ, ਨਰਮਾ, ਫ਼ਲ, ਸਬਜ਼ੀਆਂ ਆਦਿ ਆਧਾਰਤ ਉਦਯੋਗ ਲੱਗਣੇ ਚਾਹੀਦੇ ਸਨ। ਇਸ ਤਰ੍ਹਾਂ ਖੇਤੀਬਾੜੀ ਆਰਥਿਕਤਾ ਦੇ ਅਗਾਂਹ ਅਤੇ ਪਿਛਾਂਹ ਸਬੰਧ ਵਿਕਸਤ ਹੋਣ ਨਾਲ ਇਹ ਸੰਤੁਲਿਤ ਆਰਥਿਕਤਾ ਬਣਨੀ ਚਾਹੀਦੀ ਸੀ ਜੋ ਖੇਤੀਬਾੜੀ ਵਿਚੋਂ ਵਿਹਲੇ ਹੋ ਰਹੇ ਕਾਮਿਆਂ ਨੂੰ ਰੁਜ਼ਗਾਰ ਮੁਹੱਈਆ ਕਰਾਉਂਦੀ, ਪਰ ਬਦਕਿਸਮਤੀ ਇਹ ਹੈ ਕਿ ਪੰਜਾਬ ਵਿਚ ਇਹ ਉਦਯੋਗਿਕ ਖੇਤਰ ਵਿਕਸਤ ਨਹੀਂ ਹੋ ਸਕੇ। ਹਰੇ ਇਨਕਲਾਬ ਦੇ ਮਾਡਲ ਨੇ ਪੰਜਾਬ ਅੰਦਰ ਕਿਰਤ ਸ਼ਕਤੀ ਦੀ ਮੰਗ ਘਟਾਈ ਹੈ। ਅੱਜ ਪੰਜਾਬ ਦੇ 35 ਲੱਖ ਨੌਜਵਾਨ ਬੇਰੁਜ਼ਗਾਰ ਹਨ ਜਿਨ੍ਹਾਂ ਵਿਚੋਂ 21 ਲੱਖ ਪੇਂਡੂ ਖੇਤਰ ਵਿਚੋਂ ਹਨ। ਇਸ ਤੋਂ ਜ਼ਿਆਦਾ ਅਰਧ-ਬੇਰੁਜ਼ਗਾਰ ਲੋਕ ਕੰਮ ਦੀ ਤਲਾਸ਼ ਵਿਚ ਭਟਕਦੇ ਫਿਰਦੇ ਹਨ।



'ਪੰਜਾਬ ਦਾ ਕਿਸਾਨ ਕਰਜ਼ੇ ਵਿਚ ਜੰਮਦਾ, ਕਰਜ਼ੇ ਵਿਚ ਪਲਦਾ ਅਤੇ ਕਰਜ਼ਾ ਛੱਡ ਕੇ ਮਰ ਜਾਂਦਾ ਹੈ'। ਇਹ ਗੱਲ 1920ਵਿਆਂ ਦੀ ਸੀ। ਹਰੇ ਇਨਕਲਾਬ ਤੋਂ ਲਗਭਗ ਦੋ ਦਹਾਕੇ ਬਾਅਦ ਇਸ ਤਰ੍ਹਾਂ ਦਾ ਰੁਝਾਨ ਪੂਰੀ ਤਰ੍ਹਾਂ ਲਾਗੂ ਨਹੀਂ ਰਿਹਾ। 70ਵਿਆਂ ਅਤੇ 80ਵਿਆਂ ਦੌਰਾਨ ਕਿਸਾਨਾਂ ਸਿਰ ਕਰਜ਼ਾ ਉਨ੍ਹਾਂ ਦੀ ਸਾਲਾਨਾ ਆਮਦਨ ਤੋਂ ਘੱਟ ਹੁੰਦਾ ਸੀ, ਭਾਵ ਫ਼ਸਲ ਵੇਚ ਕੇ ਉਹ ਆਪਣੇ ਲੈਣੇ-ਦੇਣੇ ਦਾ ਹਿਸਾਬ ਕਰ ਕੇ ਕੁਝ ਪੈਸੇ ਬਚਾ ਲੈਂਦੇ ਸਨ ਜਿਨ੍ਹਾਂ ਨਾਲ ਉਹ ਅਗਲੀ ਫ਼ਸਲ ਦੇ ਖਰਚੇ, ਘਰੇਲੂ ਲੋੜਾਂ ਜਾਂ ਬੱਚਿਆਂ ਦੀ ਪੜ੍ਹਾਈ, ਉਨ੍ਹਾਂ ਦੇ ਵਿਆਹ-ਸ਼ਾਦੀਆਂ ਅਤੇ ਘਰ ਦੀ ਹੋਰ ਕਬੀਲਦਾਰੀ ਪੂਰੀ ਕਰਦੇ ਸਨ। ਬਸ, ਫ਼ਸਲ ਆਉਣ ਤੋਂ ਕੁਝ ਦਿਨ ਪਹਿਲਾਂ ਹੀ ਉਹ ਉਧਾਰ ਚੁੱਕਣਾ ਸ਼ੁਰੂ ਕਰਦੇ ਸਨ ਪਰ 1990 ਤੋਂ ਬਾਅਦ ਹਾਲਤ ਫਿਰ 1920ਵਿਆਂ ਵਾਲੀ ਹੀ ਹੋ ਗਈ। ਫ਼ਰਕ ਸਿਰਫ਼ ਇੰਨਾ ਹੀ ਹੈ ਕਿ ਹੁਣ ਕਿਸਾਨ ਕਰਜ਼ੇ ਵਿਚ ਜੰਮਦਾ, ਕਰਜ਼ੇ 'ਚ ਪਲਦਾ ਅਤੇ ਕਰਜ਼ੇ ਕਰ ਕੇ ਹੀ ਮਰਦਾ ਹੈ। ਪੰਜਾਬ ਦੀ ਕਿਸਾਨੀ ਦਾ ਕਰਜ਼ਾ 1991 ਵਿਚ 784 ਕਰੋੜ ਰੁਪਏ ਸੀ ਅਤੇ ਹੁਣ ਇਹ ਵਧ ਕੇ ਲਗਪਗ 23000 ਕਰੋੜ ਰੁਪਏ ਹੋ ਗਿਆ ਹੈ। ਇਸ ਕਰਜ਼ੇ ਵਿਚੋਂ 64 ਪ੍ਰਤੀਸ਼ਤ ਕਰਜ਼ਾ ਬੈਂਕਾਂ ਦਾ ਅਤੇ 36 ਫ਼ੀਸਦੀ ਕਰਜ਼ਾ ਆੜ੍ਹਤੀਆਂ ਦਾ ਹੈ। ਪੰਜਾਬ ਦੀ ਕਿਸਾਨੀ ਦਾ ਲਗਭਗ 89 ਫ਼ੀਸਦੀ ਹਿੱਸਾ ਕਰਜ਼ਾਈ ਹੈ। ਪੰਜਾਬ ਵਿਚ 1991 ਤੋਂ ਬਾਅਦ ਕੁੱਲ 5 ਲੱਖ ਛੋਟੇ ਕਿਸਾਨਾਂ ਵਿਚੋਂ 2 ਲੱਖ ਖੇਤੀ ਛੱਡ ਚੁੱਕੇ ਹਨ ਜਿਨ੍ਹਾਂ ਵਿਚੋਂ ਲਗਭਗ 43 ਹਜ਼ਾਰ ਉਜਰਤੀ ਮਜ਼ਦੂਰ ਬਣ ਚੁੱਕੇ ਹਨ। ਪਿਛਲੇ ਇਕ ਦਹਾਕੇ ਵਿਚ ਸਮੁੱਚੇ ਭਾਰਤ ਵਿਚ 2.50 ਲੱਖ ਤੋਂ ਵੱਧ ਕਿਸਾਨ ਅਤੇ ਪੰਜਾਬ ਦੇ ਪੇਂਡੂ ਖੇਤਰ ਵਿਚ 6926 ਖੁਦਕੁਸ਼ੀਆਂ ਹੋ ਚੁੱਕੀਆਂ ਹਨ ਜਿਨ੍ਹਾਂ ਵਿਚੋਂ 3954 ਕਿਸਾਨ ਅਤੇ 2972 ਖੇਤ ਮਜ਼ਦੂਰ ਸਨ। ਖੇਤੀ ਸੰਕਟ ਦਾ ਮੂਲ ਕਾਰਨ ਦੇਸੀ-ਵਿਦੇਸ਼ੀ ਕੰਪਨੀਆਂ ਦਾ ਖੇਤੀ ਇਨਪੁਟਸ ਉੱਪਰ ਇਜ਼ਾਰੇਦਾਰੀ ਹੋਣਾ ਹੈ ਅਤੇ ਕੰਬਾਈਨਾਂ, ਟਰੈਕਟਰ ਭਾਵ ਖੇਤੀ ਸੰਦਾਂ ਅਤੇ ਖੇਤੀ ਵਿਚ ਵਰਤੇ ਜਾਣ ਵਾਲੇ ਰਸਾਇਣਾਂ ਦੇ ਭਾਅ ਮਿਥਣ ਵਿਚ ਇਨ੍ਹਾਂ ਕੰਪਨੀਆਂ ਦੀ ਹੀ ਇਜਾਰੇਦਾਰੀ ਹੈ ਅਤੇ ਇਨ੍ਹਾਂ ਉੱਪਰ ਸਰਕਾਰ ਦਾ ਕੋਈ ਕੰਟਰੋਲ ਨਹੀਂ ਹੈ। ਇਹ ਕੰਪਨੀਆਂ ਲਗਾਤਾਰ ਆਪਣੇ ਮਾਲ ਦੀਆਂ ਕੀਮਤਾਂ ਵਧਾ ਰਹੀਆਂ ਹਨ। ਇਸ ਕਰ ਕੇ ਖੇਤੀ ਖਰਚਿਆਂ ਦੇ ਵਾਧੇ ਦੇ ਪ੍ਰਸੰਗ ਵਿਚ ਫ਼ਸਲਾਂ ਦੇ ਭਾਵਾਂ ਵਿਚ ਖੜੋਤ/ਗਿਰਾਵਟ ਆਈ ਹੈ। ਸਾਲ 2001 ਤੋਂ 2005 ਤੱਕ ਕਣਕ ਦੀਆਂ ਕੀਮਤਾਂ ਵਿਚ ਵਾਧਾ ਸਿਰਫ਼ 1.5 ਫ਼ੀਸਦੀ ਸਾਲਾਨਾ ਅਤੇ ਝੋਨੇ ਦੀਆਂ ਕੀਮਤਾਂ ਵਿਚ ਵਾਧਾ 2.5 ਫ਼ੀਸਦੀ ਸਾਲਾਨਾ ਹੋਇਆ ਜਦੋਂ ਕਿ ਇਸੇ ਸਮੇਂ ਦੌਰਾਨ ਇਨ੍ਹਾਂ ਫ਼ਸਲਾਂ ਦੀਆਂ ਲਾਗਤਾਂ ਵਿਚ ਵਾਧਾ ਲਗਭਗ 7-9 ਫ਼ੀਸਦੀ ਸਾਲਾਨਾ ਹੋਇਆ। ਇਸ ਤੋਂ ਵੀ ਅੱਗੇ ਨਰਮੇ ਦੀ ਫ਼ਸਲ ਅਮਰੀਕਨ ਸੁੰਡੀ ਅਤੇ ਬਿਮਾਰੀਆਂ ਦੇ ਹਮਲੇ ਨਾਲ 5-6 ਸਾਲ ਲਗਾਤਾਰ ਤਬਾਹ ਹੁੰਦੀ ਰਹੀ। ਉਪਰੋਂ ਨਕਲੀ ਦਵਾਈਆਂ ਅਤੇ ਘਟੀਆਂ ਬੀਜਾਂ ਨੇ ਕਿਸਾਨਾਂ ਦੀ ਆਰਥਿਕਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ।

ਖੇਤੀ ਸੈਕਟਰ ਵਿਚ ਮਿਲਣ ਵਾਲੇ ਰੁਜ਼ਗਾਰ ਦਾ ਲਗਾਤਾਰ ਘਟਣਾ ਖੇਤੀ ਸੰਕਟ ਦਾ ਅਹਿਮ ਸਿੱਟਾ ਹੈ। ਖੇਤੀਬਾੜੀ ਵਿਚ ਮਸ਼ੀਨੀਕਰਨ ਦੀ ਆਮਦ ਨੇ ਕਿਰਤੀਆਂ ਦਾ ਰੁਜ਼ਗਾਰ ਖੋਹ ਲਿਆ ਜਿਸ ਕਰ ਕੇ ਖੇਤੀਬਾੜੀ ਵਿਚੋਂ ਮਿਲਣ ਵਾਲਾ ਰੁਜ਼ਗਾਰ ਕਾਫੀ ਘਟ ਗਿਆ। ਜਿੱਥੇ 1972-73 ਵਿਚ ਇਹ ਸੈਕਟਰ 74 ਫ਼ੀਸਦੀ ਲੋਕਾਂ ਨੂੰ ਰੁਜ਼ਗਾਰ ਦਿੰਦਾ ਸੀ, ਉੱਥੇ 1993-94 ਵਿਚ 64 ਫ਼ੀਸਦੀ ਲੋਕਾਂ ਨੂੰ ਅਤੇ 2011 ਵਿਚ ਸਿਰਫ 54.5 ਫ਼ੀਸਦੀ ਲੋਕਾਂ ਨੂੰ ਹੀ ਰੁਜ਼ਗਾਰ ਮੁਹੱਈਆ ਕਰਦਾ ਹੈ। ਅੱਜ ਪੰਜਾਬ ਵਿਚ ਕੁੱਲ ਕਿਰਤ ਸ਼ਕਤੀ 99 ਲੱਖ ਹੈ ਜਿਸ ਵਿਚੋਂ ਸਿਰਫ 29.7 ਲੱਖ ਹੀ ਖੇਤੀ ਵਿਚ ਲੱਗੇ ਹੋਏ ਹਨ। ਇਥੇ ਹੀ ਬੱਸ ਨਹੀਂ, ਖੇਤੀ ਕਾਮਿਆਂ ਦੀ ਉਤਪਾਦਕਤਾ ਦੂਜੇ ਖੇਤਰਾਂ ਵਿਚ ਕੰਮ ਕਰਨ ਵਾਲੇ ਲੋਕਾਂ ਦੀ ਉਤਪਾਦਕਤਾ ਨਾਲੋਂ ਕਾਫੀ ਘੱਟ ਹੈ। ਖੇਤੀ ਸੰਕਟ ਦਾ ਅਗਲਾ ਕਾਰਨ ਹੈ ਖੇਤੀ ਖੇਤਰ ਦੇ ਵਿਕਾਸ ਦੀ ਦਰ ਦਾ ਘਟਣਾ। ਭਾਰਤੀ ਆਰਥਿਕਤਾ ਦੇ ਸਾਰੇ ਖੇਤਰਾਂ ਜਿਨ੍ਹਾਂ ਵਿਚ ਖੇਤੀ, ਉਦਯੋਗ ਅਤੇ ਸੇਵਾਵਾਂ ਸ਼ਾਮਿਲ ਹਨ, ਦੀ ਵਿਕਾਸ ਦਰ ਵੇਖਣ ਤੋਂ ਪਤਾ ਲਗਦਾ ਹੈ ਕਿ ਖੇਤੀ ਖੇਤਰ ਦੇ ਵਿਕਾਸ ਵਿਚ ਪਿਛਲੇ ਤਿੰਨ ਦਹਾਕਿਆਂ ਦੌਰਾਨ ਕਾਫ਼ੀ ਕਮੀ ਆਈ ਹੈ।

ਭਾਰਤ ਛੋਟੇ ਕਿਸਾਨਾਂ ਦਾ ਦੇਸ਼ ਹੈ। ਇਸ ਦੇ 71 ਫ਼ੀਸਦੀ ਸੀਮਾਂਤਕ ਕਿਸਾਨ ਅਤੇ ਲਗਭਗ 17 ਫ਼ੀਸਦੀ ਛੋਟੇ ਕਿਸਾਨ ਹਨ ਜਦੋਂ ਕਿ ਵੱਡੇ ਕਿਸਾਨਾਂ ਦੀ ਪ੍ਰਤੀਸ਼ਤਤਾ ਕਾਫੀ ਘੱਟ ਹੈ। ਭਾਰਤ ਦੇ ਉਲਟ ਪੰਜਾਬ ਵਿਚ ਛੋਟੀ ਕਿਸਾਨੀ ਦੀ ਗਿਣਤੀ ਘਟ ਰਹੀ ਹੈ। ਇਸ ਕਰ ਕੇ ਜੋਤ ਦਾ ਆਕਾਰ ਵੱਡਾ ਹੋ ਰਿਹਾ ਹੈ। ਜ਼ਮੀਨ ਦਾ ਜ਼ਿਆਦਾ ਵੱਡੇ ਕਿਸਾਨਾਂ ਕੋਲ ਹੋਣ ਕਰ ਕੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਬਸਿਡੀਆਂ/ਰਾਹਤਾਂ ਜਾਂ ਸਹੂਲਤਾਂ ਦਾ ਵੱਡਾ ਫਾਇਦਾ ਵੀ ਵੱਡੇ ਕਿਸਾਨਾਂ ਨੂੰ ਹੀ ਪਹੁੰਚਦਾ ਹੈ। ਬਿਜਲੀ, ਸਿੰਜਾਈ, ਖਾਦਾਂ ਦੀ ਸਬਸਿਡੀ ਦਾ ਛੋਟੀ ਕਿਸਾਨੀ ਜੋ ਕੁੱਲ ਕਿਸਾਨੀ ਦਾ 34 ਫ਼ੀਸਦੀ ਹੈ, ਨੂੰ ਮਹਿਜ਼ 6.5 ਫ਼ੀਸਦੀ ਹਿੱਸਾ ਹੀ ਮਿਲਦਾ ਹੈ। ਸਪਸ਼ਟ ਹੈ ਕਿ ਛੋਟੀ ਕਿਸਾਨੀ ਘੱਟ ਜ਼ਮੀਨ, ਘੱਟ ਆਮਦਨ ਅਤੇ ਘੱਟ ਰਾਹਤਾਂ ਕਰ ਕੇ ਘੋਰ ਸੰਕਟ ਵਿਚ ਹੈ । ਇਨ੍ਹਾਂ ਕਾਰਨਾਂ ਤੋਂ ਇਲਾਵਾ ਨਿੱਜੀਕਰਨ ਕਰ ਕੇ ਸਿਹਤ ਸੇਵਾਵਾਂ, ਵਿਦਿਆ ਅਤੇ ਰੋਜ਼ਮਰਾ ਲੋੜਾਂ ਦੀ ਮਹਿੰਗਾਈ ਨੇ ਕਿਸਾਨਾਂ ਦੀ ਹਾਲਤ ਹੋਰ ਤਰਸਯੋਗ ਬਣਾ ਦਿੱਤੀ ਹੈ। ਮਹਿੰਗੀ ਵਿੱਦਿਆ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋਣ ਕਰ ਕੇ ਕਿਸਾਨ ਅਤੇ ਹੋਰ ਪੇਂਡੂ ਤਬਕੇ ਆਪਣੇ ਬੱਚਿਆਂ ਨੂੰ ਚੰਗੀ ਵਿੱਦਿਆ ਨਹੀਂ ਦਿਵਾ ਸਕਦੇ ਜਿਸ ਕਾਰਨ ਉਨ੍ਹਾਂ ਦੇ ਬੱਚੇ ਰੁਜ਼ਗਾਰ ਦੇ ਮੌਕਿਆਂ ਤੋਂ ਵਾਂਝੇ ਹੋ ਰਹੇ ਹਨ। ਖੇਤੀ ਆਰਥਿਕਤਾ ਦੇ ਮੰਡੀਕਰਨ ਹੋਣ ਨਾਲ ਪੇਂਡੂ ਭਾਈਚਾਰੇ ਦੀਆਂ ਤੰਦਾਂ ਕਮਜ਼ੋਰ ਹੋ ਗਈਆਂ ਜਿਸ ਕਰ ਕੇ ਭਾਈਚਾਰਕ ਹਮਦਰਦੀ ਅਤੇ ਸਮਾਜਿਕ ਮਦਦ ਵਾਲਾ ਢਾਂਚਾ ਖੇਰੂੰ-ਖੇਰੂੰ ਹੋ ਗਿਆ। ਇਸ ਨਾਲ ਕਿਸਾਨ ਸਮਾਜ ਤੋਂ ਟੁੱਟਿਆ ਹੋਇਆ ਮਹਿਸੂਸ ਕਰਨ ਲੱਗ ਪਿਆ। ਇਨ੍ਹਾਂ ਹਾਲਾਤ ਨੇ ਸਮੁੱਚੇ ਦੇਸ਼ ਅੰਦਰ ਕਿਸਾਨਾਂ ਨੂੰ ਖੁਦਕੁਸ਼ੀ ਦੇ ਰਸਤੇ 'ਤੇ ਚੱਲਣ ਲਈ ਮਜਬੂਰ ਕਰ ਦਿੱਤਾ।

---

# ਮੁੱਖ ਮਸਲੇ ਅਤੇ ਮੀਡੀਏ ਦੀ ਭਰੋਸੇਯੋਗਤਾ

*ਦਿੱਲੀ ਵਿਧਾਨ ਸਭਾ ਦੇ ਨਤੀਜਿਆਂ ਤੋਂ ਪਹਿਲਾਂ ਵੱਖ-ਵੱਖ ਚੈਨਲਾਂ ਦੀ ਗੱਲ ਕਰੀਏ ਤਾਂ ਤਕਰੀਬਨ ਸਾਰੇ ਹੀ ਚੈਨਲ ਆਮ ਆਦਮੀ ਪਾਰਟੀ (ਆਪ) ਨੂੰ 4-5 ਸੀਟਾਂ ਹੀ ਦੇ ਰਹੇ ਸਨ। ਇਸ ਪਾਰਟੀ ਨੇ 28 ਸੀਟਾਂ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ। ਸਥਾਪਤ ਪਾਰਟੀਆਂ ਨੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਆਮ ਆਦਮੀ ਪਾਰਟੀ ਸੱਤਾ ਵਿਚ ਆ ਕੇ ਦੇਸ਼ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਦੇਣ ਦੀ ਗੱਲ ਤੋਰੇਗੀ। ਅਜੇ ਇਸ ਪਾਰਟੀ ਨੂੰ ਸੱਤਾ ਸੰਭਾਲਿਆਂ ਮਹੀਨਾ ਹੀ ਹੋਇਆ ਹੈ ਪਰ ਕੌਮੀ ਚੈਨਲਾਂ ਨੇ ਇਕ ਦਿਨ ਵੀ ਨਹੀਂ ਗੁਆਇਆ ਜਦੋਂ ਇਹ ਦੱਸਣ ਦੀ ਕੋਸ਼ਿਸ਼ ਨਾ ਕੀਤੀ ਹੋਵੇ ਕਿ ਦਿੱਲੀ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਨੇ ਮੂਰਖ ਬਣਾ ਕੇ ਸੱਤਾ ਦੀ ਪੌੜੀ 'ਤੇ ਕਬਜ਼ਾ ਕੀਤਾ ਹੈ।*

**ਡਾ. ਕਮਲੇਸ਼ ਸਿੰਘ ਦੁੱਗਲ**

ਮੀਡੀਆ ਕਿਸੇ ਵੀ ਦੇਸ਼ ਜਾਂ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਮੀਡੀਆ ਦਾ ਕੰਮ ਆਪ ਘਟਨਾਵਾਂ ਘੜਨ ਦਾ ਨਹੀਂ, ਸਗੋਂ ਇਨ੍ਹਾਂ ਦਾ ਜ਼ਿਕਰ ਉਵੇਂ ਹੀ ਕਰਨਾ ਹੁੰਦਾ ਹੈ ਜਿਵੇਂ ਉਹ ਵਾਪਰਦੀਆਂ ਹਨ। ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਦੇ ਕੁਝ ਦਹਾਕਿਆਂ ਤਕ ਮੀਡੀਆ ਨੇ ਬਹੁਤੇ ਮੌਕਿਆਂ 'ਤੇ ਆਪਣੀ ਭਰੋਸੇਯੋਗਤਾ ਨੂੰ ਸੱਟ ਨਹੀਂ ਵੱਜਣ ਦਿੱਤੀ। ਉਦੋਂ ਅਖ਼ਬਾਰੀ ਸੰਪਾਦਕਾਂ ਨੇ ਕਦੇ ਵੀ ਦੇਸ਼ ਦੇ ਉੱਚ ਕੋਟੀ ਦੇ ਨੇਤਾਵਾਂ ਨਾਲ ਘਿਓ-ਖਿਚੜੀ ਹੋਣ ਦੀ ਕੋਸ਼ਿਸ਼ ਨਹੀਂ ਸੀ ਕੀਤੀ, ਤੇ ਆਪਣੀ ਹਰਮਨ-ਪਿਆਰਤਾ ਦਾ ਗਰਾਫ਼ ਹੇਠਾਂ ਨਹੀਂ ਸੀ ਸਰਕਣ ਦਿੱਤਾ। ਸੰਨ 1975 ਦੀ ਐਮਰਜੈਂਸੀ ਤਕ ਵੀ ਮੀਡੀਆ ਦੇ ਪਵਿੱਤਰ ਪੇਸ਼ੇ ਨੂੰ ਬੜੇ ਮਾਣ ਅਤੇ ਸਤਿਕਾਰ ਨਾਲ ਤੱਕਿਆ ਜਾਂਦਾ ਸੀ। ਜਿਉਂ ਹੀ ਭਾਰਤ ਵਿਚ ਗੱਠਜੋੜ ਸਰਕਾਰਾਂ ਦਾ ਸਿਲਸਿਲਾ ਸ਼ੁਰੂ ਹੋਇਆ, ਉਦੋਂ ਤੋਂ ਹੀ ਮੀਡੀਆ ਸ਼ੱਕ ਦੇ ਘੇਰੇ ਵਿਚ ਆਉਣਾ ਸ਼ੁਰੂ ਹੋ ਗਿਆ। ਇਹ ਗੱਲ ਭਾਵੇਂ ਸਮੁੱਚੇ ਮੀਡੀਆ 'ਤੇ ਲਾਗੂ ਨਹੀਂ ਹੁੰਦੀ, ਫਿਰ ਵੀ ਇਸ ਦਾ ਇਕ ਹਿੱਸਾ ਕੁਝ ਛਿੱਲੜਾਂ ਬਦਲੇ ਪੱਤਰਕਾਰੀ ਦੇ ਪਵਿੱਤਰ ਪੇਸ਼ੇ ਨੂੰ ਬਦਨਾਮ ਕਰਨ ਵਿਚ ਕੋਈ ਕਸਰ ਨਹੀਂ ਛੱਡ ਰਿਹਾ। ਭਾਰਤ ਦੇ ਚੋਣ ਕਮਿਸ਼ਨ ਨੇ ਪਿਛਲੇ ਕੁਝ ਸਮੇਂ ਵਿਚ ਹੀ ਮੁੱਲ ਦੀਆਂ ਖ਼ਬਰਾਂ ਦੇ 1400 ਤੋਂ ਵੱਧ ਕੇਸ ਦਰਜ ਕੀਤੇ ਹਨ ਜੋ ਇਸ ਗੱਲ ਦੀ ਗਵਾਹੀ ਹੈ ਕਿ ਪੱਤਰਕਾਰੀ ਕਦਰਾਂ-ਕੀਮਤਾਂ ਨੂੰ ਦਿਨ-ਬ-ਦਿਨ ਖੋਰਾ ਲੱਗ ਰਿਹਾ ਹੈ। ਨਿਰਪੱਖ ਸੋਚਣੀ ਵਾਲੇ ਲੋਕਾਂ ਨੂੰ ਲੱਗ ਰਿਹਾ ਹੈ ਕਿ ਦੇਸ਼ ਦੇ ਕਈ ਮਹੱਤਵਪੂਰਨ ਕੌਮੀ ਚੈਨਲ ਸਿੱਧੇ ਜਾਂ ਅਸਿੱਧੇ ਰਾਜਸੀ ਪਾਰਟੀਆਂ ਦੇ ਬੁਲਾਰਿਆਂ ਵਾਂਗ ਕੰਮ ਕਰਦੇ ਵਿਖਾਈ ਦਿੰਦੇ ਹਨ। ਅਜਿਹਾ ਹੋਣ 'ਤੇ ਆਮ ਲੋਕਾਂ ਦਾ ਵਿਸ਼ਵਾਸ ਅਜਿਹੇ ਚੈਨਲਾਂ ਤੋਂ ਉੱਠਣਾ ਕੁਦਰਤੀ ਹੈ।

ਦਿੱਲੀ ਵਿਧਾਨ ਸਭਾ ਦੇ ਨਤੀਜਿਆਂ ਤੋਂ ਪਹਿਲਾਂ ਵੱਖ-ਵੱਖ ਚੈਨਲਾਂ ਦੀ ਗੱਲ ਕਰੀਏ ਤਾਂ ਤਕਰੀਬਨ ਸਾਰੇ ਹੀ ਚੈਨਲ ਆਮ ਆਦਮੀ ਪਾਰਟੀ (ਆਪ) ਨੂੰ 4-5 ਸੀਟਾਂ ਹੀ ਦੇ ਰਹੇ ਸਨ। ਇਸ ਪਾਰਟੀ ਨੇ 28 ਸੀਟਾਂ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ। ਸਥਾਪਤ ਪਾਰਟੀਆਂ ਨੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਆਮ ਆਦਮੀ ਪਾਰਟੀ ਸੱਤਾ ਵਿਚ ਆ ਕੇ ਦੇਸ਼ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਦੇਣ ਦੀ ਗੱਲ ਤੋਰੇਗੀ। ਅਜੇ ਇਸ ਪਾਰਟੀ ਨੂੰ ਸੱਤਾ ਸੰਭਾਲਿਆਂ ਮਹੀਨਾ ਹੀ ਹੋਇਆ ਹੈ ਪਰ ਕੌਮੀ ਚੈਨਲਾਂ ਨੇ ਇਕ ਦਿਨ ਵੀ ਨਹੀਂ ਗੁਆਇਆ ਜਦੋਂ ਇਹ ਦੱਸਣ ਦੀ ਕੋਸ਼ਿਸ਼ ਨਾ ਕੀਤੀ ਹੋਵੇ ਕਿ ਦਿੱਲੀ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਨੇ ਮੂਰਖ ਬਣਾ ਕੇ ਸੱਤਾ ਦੀ ਪੌੜੀ 'ਤੇ ਕਬਜ਼ਾ ਕੀਤਾ ਹੈ। ਦਿੱਲੀ ਦੇ ਕਾਨੂੰਨ ਮੰਤਰੀ ਨੇ ਰਾਤ ਨੂੰ ਚੱਲ ਰਹੇ ਡਰੱਗਜ਼ ਅਤੇ ਸੈਕਸ ਸਕੈਂਡਲ ਵਿਚ ਪੁਲਿਸ ਨੂੰ ਚਿਤਾਵਨੀ ਕੀ ਦਿੱਤੀ, ਸਾਰਾ ਮੀਡੀਆ ਉਸ ਦੇ ਪਿਛੇ ਹੱਥ ਧੋ ਕੇ ਇੰਝ ਪੈ ਗਿਆ ਜਿਵੇਂ ਉਹ ਇਸ ਰੈਕਟ ਵਿਚ ਖ਼ੁਦ ਰੰਗੇ ਹੱਥੀਂ ਫੜਿਆ ਗਿਆ ਹੋਵੇ। ਦੇਸ਼ ਦੇ 67 ਸਾਲਾ ਇਤਿਹਾਸ ਵਿਚ ਕਦੇ ਵੀ ਕਿਸੇ ਮੰਤਰੀ ਨੇ ਆਪਣੀ ਰਾਤ ਦੀ ਨੀਂਦ ਉਡਾ ਕੇ ਅਜਿਹਾ ਜੋਖ਼ਮ ਭਰਿਆ ਕਾਰਨਾਮਾ ਨਹੀਂ ਕੀਤਾ ਅਤੇ ਮੀਡੀਆ ਨੇ ਕਦੇ ਵੀ ਸਥਾਨਕ ਲੋਕਾਂ ਦਾ ਜਿੱਥੇ ਇਹ ਝਗੜਾ ਹੋਇਆ ਹੋਵੇ, ਕਵਰ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਜੇ ਮਾੜੀ-ਮੋਟੀ ਕਿਸੇ ਚੈਨਲ ਨੇ ਕੀਤੀ ਵੀ ਹੈ, ਤਾਂ ਮੀਡੀਆ ਵਾਲੇ ਲੋਕਾਂ ਦੇ ਜਵਾਬ ਲੈਣ ਦੀ ਥਾਂ ਖਿਸਕਣ ਵਿਚ ਹੀ ਭਲਾਈ ਸਮਝਣ ਲੱਗੇ।

25 ਜਨਵਰੀ ਨੂੰ ਦੇਸ਼ ਦੇ ਗਣਤੰਤਰ ਦਿਵਸ ਦੀ ਪੂਰਵ ਸੰਧਿਆ ਮੌਕੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਲੋਕਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਸੀ ਕਿ ਮੀਡੀਆ ਦਾ ਇਕ ਹਿੱਸਾ ਅਤੇ ਉਸ ਦੇ ਮਾਲਕ ਇਹ ਬਿਲਕੁਲ ਨਹੀਂ ਚਾਹੁੰਦੇ ਕਿ ਦਿੱਲੀ ਦੀ ਸਰਕਾਰ ਕੋਈ ਮਾਅਰਕਾ ਮਾਰ ਕੇ ਦੇਸ਼ ਦੀ ਰਾਜਨੀਤੀ ਵਿਚ ਨਵੀਆਂ ਪੈੜਾਂ ਪਾਵੇ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਇਸ ਵੇਲੇ ਮੀਡੀਆ ਦੀ ਭੂਮਿਕਾ ਨਿਰਪੱਖ ਨਹੀਂ ਹੈ। ਮੀਡੀਆ ਦੇ ਇਕ ਹਿੱਸੇ ਵੱਲੋਂ ਆਮ ਆਦਮੀ ਪਾਰਟੀ ਦੇ ਇਕ ਬਾਗ਼ੀ ਵਿਧਾਇਕ ਨੂੰ ਕਵਰੇਜ ਦਿੱਤੀ ਜਾ ਰਹੀ ਹੈ ਜਿਸ ਤੋਂ ਸਿੱਧ ਹੁੰਦਾ ਹੈ ਕਿ ਮੀਡੀਆ ਕੇਜਰੀਵਾਲ ਸਰਕਾਰ ਦਾ ਗਰਾਫ਼ ਲੋਕਾਂ ਵਿਚ ਡੇਗਣ ਦੀਆਂ ਕੋਸ਼ਿਸ਼ਾਂ ਲਗਾਤਾਰ ਕਰ ਰਿਹਾ ਹੈ, ਭਾਵੇਂ ਦੇਸ਼ ਦਾ ਪ੍ਰਿੰਟ ਮੀਡੀਆ ਅਤੇ ਦਿੱਲੀ ਦਾ ਇਲੈਕਟ੍ਰਾਨਿਕ ਮੀਡੀਆ ਕਾਫ਼ੀ ਹੱਦ ਤਕ ਆਪਣੇ-ਆਪ ਨੂੰ ਨਿਰਪੱਖ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਵੀ ਹੋ ਸਕਦਾ ਹੈ, ਹਰ 5-10 ਮਿੰਟ ਤੋਂ ਬਾਅਦ ਕੇਂਦਰ ਸਰਕਾਰ ਦੇ ਇਸ਼ਤਿਹਾਰ ਇਨ੍ਹਾਂ ਚੈਨਲਾਂ ਨੂੰ ਅਜਿਹਾ ਕਰਨ ਲਈ ਮਜਬੂਰ ਕਰ ਰਹੇ ਹੋਣ। ਇਲੈਕਟ੍ਰਾਨਿਕ ਮੀਡੀਆ ਦੇ ਇਕ ਹਿੱਸੇ ਵੱਲੋਂ ਬੜੇ ਯੋਜਨਾਬੱਧ ਤਰੀਕੇ ਨਾਲ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਨਾਮਜ਼ਦ ਉਮੀਦਵਾਰ ਅਤੇ ਉਸ ਦੀ ਪਾਰਟੀ ਦੀ ਲਹਿਰ ਵਾਲੀ ਗੱਲ ਆਮ ਤੌਰ 'ਤੇ ਬਹੁਤੇ ਲੋਕਾਂ ਦੇ ਗਲ ਦੇ ਥੱਲੇ ਨਹੀਂ ਉਤਰ ਰਹੀ। ਮਿਸਾਲ ਦੇ ਤੌਰ 'ਤੇ ਦੇਸ਼ ਦੇ ਇਕ ਨਾਮੀ ਚੈਨਲ ਨੇ ਭਾਜਪਾ ਨੂੰ ਪੰਜਾਬ ਵਿਚ ਚਾਰ ਸੀਟਾਂ ਮਿਲਣ ਦੀ ਭਵਿੱਖਬਾਣੀ ਕੀਤੀ ਹੈ ਜਦਕਿ ਸੱਚਾਈ ਇਹ ਹੈ ਕਿ ਭਾਜਪਾ ਪੰਜਾਬ ਵਿਚ ਸਿਰਫ਼ ਤਿੰਨ ਸੀਟਾਂ 'ਤੇ ਹੀ ਚੋਣ ਲੜਦੀ ਹੈ। ਕੀ ਇਹ ਨਿਰਪੱਖਤਾ ਦੀ ਕਸਵੱਟੀ ਹੈ? ਕੌਮੀ ਚੈਨਲਾਂ ਨੂੰ ਨਿਰਪੱਖਤਾ ਦੀ ਕਸਵੱਟੀ 'ਤੇ ਖ਼ਰਾ ਉਤਰਨ ਲਈ ਪੱਤਰਕਾਰੀ ਦੇ ਮਾਪਦੰਡਾਂ ਦਾ ਖਿਆਲ ਕਰਨਾ ਹੀ ਪਵੇਗਾ। ਮੀਡੀਆ ਨੂੰ ਇਸ ਗੱਲ ਵੱਲ ਵਿਸ਼ੇਸ਼ ਧਿਆਨ ਦੇਣਾ ਪਵੇਗਾ ਕਿ ਪੱਤਰਕਾਰੀ ਵਿਚ ਸੰਤੁਲਿਤ ਸਿਧਾਂਤ ਕੰਮ ਨਹੀਂ ਕਰਦਾ।

ਸਮੇਂ ਦੀ ਲੋੜ ਹੈ ਕਿ ਮੀਡੀਆ, ਚਾਹੇ ਉਹ ਕੌਮੀ ਹੋਵੇ ਜਾਂ ਖੇਤਰੀ, ਇਲੈਕਟ੍ਰਾਨਿਕ ਹੋਵੇ ਜਾਂ ਪ੍ਰਿੰਟ ਅਤੇ ਸਮਾਜਿਕ ਮੀਡੀਆ ਨੂੰ ਵੀ ਸੱਚਾਈ 'ਤੇ ਹਰਦਮ ਪਹਿਰਾ ਦੇਣਾ ਚਾਹੀਦਾ ਹੈ। ਕਿਸੇ ਵੀ ਖ਼ਬਰ ਨੂੰ ਲੁਕਾਉਣਾ ਵੀ ਉਤਨਾ ਹੀ ਖ਼ਤਰਨਾਕ ਹੈ, ਜਿੰਨਾ ਇਕਪਾਸੜ ਖ਼ਬਰ ਨਸ਼ਰ ਕਰਨਾ। ਸਮੁੱਚੇ ਮੀਡੀਆ ਨੂੰ ਆਪਣੀ ਭਲ ਬਣਾਉਣ ਲਈ ਕਾਰਗਰ ਕਦਮ ਉਠਾਉਣੇ ਹੀ ਪੈਣੇ ਹਨ। ਜੇ ਅਜਿਹਾ ਨਹੀਂ ਹੁੰਦਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਲੋਕ ਮੀਡੀਆ ਨੂੰ ਨਜ਼ਰਅੰਦਾਜ਼ ਕਰਨ ਲੱਗ ਜਾਣਗੇ।

# ਰਾਰੇ ਨੂੰ ਬਿਹਾਰੀ-ਸੀ

ਸੁਖਦੇਵ ਸਿੱਧੂ

ਸਾਡੇ ਪ੍ਰਾਇਮਰੀ ਸਕੂਲ ਦੇ ਉਸਤਾਦਾਂ 'ਚੋਂ ਬੁੱਢਾ ਮਾਸਟਰ ਮਸ਼ਹੂਰ ਸੀ। ਇਹਦਾ ਅਸਲੀ ਨਾਂ ਤਾਂ ਭਾਵੇਂ ਮਿਲਾਪ ਚੰਦ ਸੀ ਪਰ ਅੱਲ ਪੈ ਗਈ-ਬੁੱਢਾ ਮਾਸਟਰ; ਇਹੋ ਨਿਭ ਗਿਆ। ਬਹੁਤਿਆਂ ਨੂੰ ਇਸੇ ਨਾਂ ਦਾ ਪਤਾ ਸੀ। ਸਾਰੇ ਮੂੰਹ 'ਤੇ ਮਾਸਟਰ ਜੀ ਕਹਿੰਦੇ ਸਨ। ਇਹ ਨਕੋਦਰ ਦੇ ਭੱਲਿਆਂ ਮੁਹੱਲੇ ਦਾ ਬਾਸ਼ਿੰਦਾ ਸੀ। ਜ਼ਿਆਦਾ ਇਕਹਿਰੇ ਜਿਹੇ ਸਰੀਰ ਦਾ ਉਸਤਾਦ ਜੀ 50-55 ਸਾਲ ਦਾ ਹੋਣਾ। ਬਹੁਤ ਮਾੜਕੂ ਜਿਹਾ। ਬਾਹਲਾ ਹੀ ਹੰਭਿਆ ਹੋਇਆ। ਸਿਰ 'ਤੇ ਕੁੱਲੇ ਵਾਲੀ ਚਿੱਟੀ ਪੱਗ ਸਜਾਈ ਹੋਣੀ-ਮਾਂਡੀ ਦਿੱਤੀ ਹੋਈ ਹੁੰਦੀ। ਕੁੱਲਾ ਸੁਨਹਿਰੀ ਤਾਰਾਂ ਨਾਲ ਮੜ੍ਹਿਆ ਹੁੰਦਾ ਤੇ ਪੱਗ ਹਮੇਸ਼ਾ ਚਿੱਟੀ ਹੀ ਹੁੰਦੀ। ਉਪਰ ਛੋਟਾ ਜਿਹਾ ਡਿਗੂੰ ਡਿਗੂੰ ਕਰਦਾ ਤੁਰਲਾ ਹੋਣਾ। ਪਿੱਛੇ ਲੰਮਾ ਸਾਰਾ ਲੜ ਛੱਡਿਆ ਹੋਣਾ, ਹੇਠਾਂ ਤਿੱਗ ਤੀਕ ਪਹੁੰਚਿਆ ਹੁੰਦਾ। ਸਾਦਾ ਕਾਜਾਂ ਵਾਲਾ ਲੰਮਾ ਝੱਗਾ। ਸੱਜੇ ਪਾਸੇ ਵੱਖੀ 'ਤੇ ਜੇਬ ਹੁੰਦੀ, ਤੇ ਖੱਬੇ ਪਾਸੇ ਛਾਤੀ 'ਤੇ ਵੀ; ਜੇਬਾਂ ਉਤੇ ਕਾਜ 'ਚ ਬਟਨ। ਤੇੜ ਖੁੱਲ੍ਹਾ ਪਜਾਮਾ ਹੁੰਦਾ। ਦਾੜ੍ਹੀ ਸਫਾਚੱਟ ਹੁੰਦੀ।

ਇਹ ਬੁੱਢਾ ਮਾਸਟਰ ਨਕੋਦਰੋਂ ਸਾਈਕਲ 'ਤੇ ਪੜ੍ਹਾਉਣ ਆਉਂਦਾ ਸੀ। ਰੋਜ਼ ਨੌਂ ਕੁ ਮੀਲਾਂ ਦਾ ਪੈਂਡਾ ਤੈਅ ਕਰ ਕੇ। ਪੈਡਲ ਦੱਬਦੇ ਦਾ ਇਹਦਾ ਇੰਨਾ ਜ਼ੋਰ ਲੱਗਦਾ ਸੀ ਕਿ ਸਰੀਰ ਅੜਿੰਗ-ਵੜਿੰਗ ਹੋਈ ਜਾਂਦਾ ਦਿਸਦਾ। ਇੱਦਾਂ ਲੱਗਦਾ ਕਿ ਅਗਲੀ ਵਾਰੀ ਇਹਤੋਂ ਪੈਡਲ ਦੱਬਿਆ ਨਹੀਂ ਜਾਣਾ। ਇਹਦਾ ਸਾਈਕਲ ਖੜ੍ਹ ਜਾਣਾ ਤੇ ਇਹਨੇ ਆਪ ਡਿੱਗ ਪੈਣਾ। ਹੁਣ ਲੱਗਦਾ ਕਿ ਉਮਰ ਸ਼ਾਇਦ ਇੰਨੀ ਨਾ ਵੀ ਹੋਵੇ ਪਰ ਉਸ ਉਮਰੇ ਸਾਨੂੰ ਇਹ ਬਹੁਤਾ ਬੁੱਢਾ ਲਗਦਾ ਸੀ। ਇਹੀ ਇਹਦਾ ਨਾਂ ਪੱਕ ਗਿਆ। ਪਿੰਡ ਵਾਲੇ ਵੀ ਬੁੱਢਾ ਮਾਸਟਰ, ਬੁੱਢਾ ਮਾਸਟਰ ਹੀ ਕਹਿੰਦੇ।

ਉਹਦੀ ਬੋਲੀ ਤੋਂ ਹੀ ਸਾਫ ਪਤਾ ਲਗਦਾ ਸੀ ਕਿ ਉਹ ਪਿੱਛਿਓਂ ਝੰਗ ਦਾ ਸੀ। ਜ਼ਰੂਰ ਵੱਡੇ ਰੌਲਿਆਂ 'ਚ ਉਜੜ ਕੇ ਆਇਆ ਹੋਣਾ। ਕਈ ਨਿਆਣੇ ਉਹਦੀ ਝਾਂਗੀ ਬੋਲੀ ਦੀਆਂ ਨਕਲਾਂ ਵੀ ਉਤਾਰਦੇ। ਉਹਦੀਆਂ ਲਾਲਾਂ ਵੀ ਵਗਦੀਆਂ ਰਹਿੰਦੀਆਂ-ਇਹ ਉਹਦੇ ਵੱਸ ਨਹੀਂ ਸੀ। ਲਾਲਾਂ ਸਾਂਭਣ ਲਈ ਉਹ ਵਿਚ ਵਿਚ ਸੜ੍ਹਾਕੇ ਮਾਰ ਲੈਂਦਾ, ਫਿਰ ਵੀ ਕਦੀ-ਕਦੀ ਵਿਚੋਂ ਡਿੱਗ ਹੀ ਪੈਂਦੀਆਂ। ਮੁੰਡਿਆਂ ਨੇ ਇਹ ਵਕੂਆ ਦੇਖ ਕੇ ਹਾਸਾ ਮਸੀਂ ਰੋਕਣਾ। ਜਿਹੜਾ ਤਾਂ ਹਾਸਾ ਰੋਕ ਲੈਂਦਾ, ਉਹ ਬਚ ਜਾਂਦਾ; ਜਿਹਦਾ ਹਾਸਾ ਨਿਕਲ ਜਾਂਦਾ, ਉਹਦੀ ਸ਼ਾਮਤ ਆ ਜਾਂਦੀ। ਸਹਿ ਸੁਭਾਅ ਗੱਲਾਂ ਕਰਦਾ ਵੀ ਕਈ ਵਾਰੀ ਉਹ ਮੂੰਹ 'ਚੋਂ ਥੁੱਕ ਦੇ ਫੁਹਾਰੇ ਚਲਾ ਦਿੰਦਾ ਸੀ ਤੇ ਜਦੋਂ ਗੁੱਸੇ 'ਚ ਹੁੰਦਾ, ਫਿਰ ਤਾਂ ਮੂਹਰੇ ਖੜ੍ਹੇ ਜਣੇ ਦਾ ਰੱਬ ਹੀ ਰਾਖਾ ਸੀ। ਇਸੇ ਕਰ ਕੇ ਵੀ ਬਹੁਤੇ ਨਿਆਣੇ ਉਹਦੇ ਲਾਗੇ ਨਹੀਂ ਸੀ ਖੜੋਂਦੇ। ਦੂਸਰੇ ਮਾਸਟਰ ਵੀ ਚੌਕਸੀ ਵਰਤਦੇ ਤੇ ਰਤਾ ਦੂਰ ਖੜ੍ਹੋ ਕੇ ਗੱਲ ਕਰਦੇ। ਉਮਰ ਦੇ ਹਿਸਾਬ ਸਾਰੇ ਮੂੰਹ 'ਤੇ ਉਹਦੀ ਇੱਜ਼ਤ ਕਰਦੇ। ਇਹ ਉਰਦੂ ਫਾਰਸੀ ਵੀ ਜਾਣਦਾ ਸੀ। ਪੰਜਾਬੀ ਵਲੋਂ ਹੱਥ ਤੰਗ ਸੀ। ਬੱਸ, ਬੁੱਤਾ ਹੀ ਸਾਰਦਾ ਰਿਹਾ।



ਪੜ੍ਹਾਉਣ ਲੱਗਾ ਉਹ ਦੋ ਕੁਰਸੀਆਂ ਲਾਗੇ-ਲਾਗੇ ਰੱਖ ਲੈਂਦਾ। ਇਕ 'ਤੇ ਆਪ ਬਹਿੰਦਾ, ਦੂਜੀ 'ਤੇ ਆਪਣੇ ਪੈਰ ਰੱਖ ਲੈਂਦਾ। ਗਰਮੀਆਂ ਨੂੰ ਦੂਜੀ ਕੁਰਸੀ 'ਤੇ ਸਿਰੋਂ ਪੱਗ ਲਾਹ ਕੇ ਵੀ ਰੱਖ ਦਿੰਦਾ। ਕਦੇ ਕਦੇ ਕਿਸੇ ਨਿਆਣੇ ਨੂੰ ਪੈਰ ਨੱਪਣ ਨੂੰ ਵੀ ਕਹਿ ਦਿੰਦਾ। ਉਮਰੋਂ ਹੀ ਸਿਆਣਾ ਸੀ, ਜਾਂ ਸਾਨੂੰ ਨਿਆਣਿਆਂ ਨੂੰ ਹੀ ਉਦੋਂ ਵੱਧ ਸਿਆਣਾ ਲੱਗਦਾ ਸੀ। ਨੌਂ-ਦਸ ਮੀਲ ਸਾਈਕਲ 'ਤੇ ਆਉਂਦਾ ਥੱਕ ਜਾਂਦਾ ਹੋਣਾ। ਕਈ ਵਾਰੀ ਲੇਟ ਵੀ ਹੁੰਦਾ ਤੇ ਕਲਾਸ 'ਚ ਲੇਟ ਆਉਂਦਾ।

ਉਹਦੀ ਕੁੱਟ ਬਹੁਤੀ ਮਾੜੀ ਸੀ। ਨਿਆਣਿਆਂ ਨੂੰ ਇਹ ਕਸਾਈਆਂ ਵਾਂਗੂੰ ਕੋਂਹਦਾ। ਜੇ ਉਹਦਾ ਵੱਸ ਚਲਦਾ ਤਾਂ ਜਾਨ ਹੀ ਕੱਢ ਲੈਂਦਾ। ਤਿੰਨ-ਚਾਰ ਬਦਨਾਮ (ਮਸ਼ਹੂਰ) ਤਰੀਕੇ ਸੀ ਉਹਦੇ: ਮੇਜ਼ ਕੋਲ ਹਰ ਵੇਲੇ ਸੋਟੀ ਪਈ ਹੁੰਦੀ। ਕਦੇ ਕਦੇ ਵਗਾਹਵੀਂ ਸੋਟੀ ਮਾਰਦਾ। ਜੇ ਕਿਸੇ ਤੋਂ ਸੁਆਲ ਹੱਲ ਨਾ ਹੋਣਾ ਤਾਂ ਪਹਿਲਾਂ ਲਾਗੇ-ਲਾਗੇ ਫਿਰਦਾ ਰਹਿਣਾ, ਜਦੋਂ ਨਿਆਣੇ ਨੇ ਸੋਚਣਾ ਕਿ ਲੈ ਬਈ, ਐਤਕੀਂ ਤਾਂ ਬਚ ਗਏ ਤਾਂ ਉਹਨੇ ਵਿਸਾਹ ਕੇ ਚਿਤੜਾਂ 'ਤੇ ਪੂਰੇ ਜ਼ੋਰ ਨਾਲ ਸੋਟੀ ਮਾਰਨੀ, ਵੱਟ ਕੇ। ਬੱਚੇ ਨੇ ਸੋਟੀ ਖਾ ਕੇ ਦਰਦ ਨਾਲ ਭੱਜੇ ਫਿਰਨਾ, ਨਾਲੇ ਚਿਤੜਾਂ ਨੂੰ ਪਲੋਸੀ ਜਾਣਾ। ਜਾਂ ਨਿਆਣਿਆਂ ਨੂੰ ਅਵੇਸਲੇ ਕਰਨ ਲਈ ਸੋਟੀ ਪਰ੍ਹੇ ਸੁੱਟ ਦੇਣੀ ਤੇ ਫਿਰ ਇਹਨੇ ਘਸੁੰਨ ਵੱਟ ਕੇ ਜ਼ੋਰ ਦੇਣੀ ਵੱਖੀ 'ਚ ਠੋਕ ਦੇਣਾ। ਬੋਟਾਂ ਵਰਗੇ ਨਿਆਣਿਆਂ ਨੂੰ ਇਕ ਦੂਜੇ ਦੇ ਚਪੇੜਾਂ ਮਾਰਨ ਨੂੰ ਕਹਿੰਦਾ; ਜੇ ਉਹ ਹੌਲੀ ਹੌਲੀ ਮਾਰਦੇ ਤਾਂ ਉਹ ਆਪ ਦੋਹਾਂ ਦੇ ਮਾਰ ਮਾਰ ਕੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਮਾਰਨ ਦੀ ਜਾਚ ਦੱਸਦਾ। ਉਹਦੀਆਂ ਖਿਝ ਕੇ ਕੰਨਾਂ 'ਤੇ ਮਾਰੀਆਂ ਚਪੇੜਾਂ ਨਾਲ ਸਾਂਅ ਸਾਂਅ ਹੋਣ ਲੱਗ ਪੈਣੀ ਤੇ ਕਿੰਨਾ ਕਿੰਨਾ ਚਿਰ ਹੁੰਦੀ ਰਹਿੰਦੀ। ਉਹਦਾ ਬਹੁਤਾ ਕਹਿਰੀ ਤਰੀਕਾ ਲੱਤਾਂ ਹੇਠ ਦੀ ਕੰਨ ਫੜਾ ਕੇ ਧੁੱਪੇ ਖੜ੍ਹੇ ਕਰਨਾ ਸੀ ਤੇ ਜਦੋਂ ਇਹਦੇ ਬਾਲਕੇ ਥੱਕ ਕੇ ਹਿੱਲਣ-ਜੁੱਲਣ ਲਗਦੇ ਤਾਂ ਉਹ ਮਲਕੜੇ ਦੇਣੀ ਕੋਲ ਜਾ ਕੇ ਖੜੋ ਜਾਂਦਾ ਤੇ ਉਤੋਂ ਪੱਕੀ ਇੱਟ ਸੁੱਟ ਦਿੰਦਾ। ਕੋਡੇ ਹੋਇਆਂ ਤੋਂ ਨਿਆਣਿਆਂ ਦੀ ਰੀੜ੍ਹ ਦੀ ਹੱਡੀ ਉਭਰੀ ਹੋਈ ਹੁੰਦੀ ਸੀ। ਜਦੋਂ ਪੱਕੀ ਇੱਟ ਕੰਗਰੋੜ 'ਤੇ ਵੱਜਦੀ ਤਾਂ ਇੱਦਾਂ ਲਗਦਾ ਜਿਵੇਂ ਕਿਸੇ ਨੇ ਗੋਲੀ ਮਾਰੀ ਹੋਵੇ। ਕਈਆਂ ਦੇ ਜ਼ਖ਼ਮ ਵੀ ਹੋ ਜਾਂਦੇ। ਬੱਚੇ ਦਰਦ ਨਾਲ ਕਰਾਹ ਉਠਦੇ, ਤੜਫਦੇ। ਕਈ ਬੁੜ੍ਹਕ ਬੁੜ੍ਹਕ ਕੇ ਪਰ੍ਹੇ ਜਾ ਡਿੱਗਦੇ, ਅੜ੍ਹਾਟ ਪਾਉਂਦੇ। ਕਈ ਤਾਂ ਜਾਨ ਬਚਾਉਣ ਲਈ ਉਠ ਕੇ ਭੱਜ ਵੀ ਜਾਂਦੇ। ਕਈ ਉਚੀ ਉਚੀ ਰੋਣ ਲਗਦੇ, ਚੀਕਾਂ ਲੇਰਾਂ ਮਾਰਦੇ। ਕਈ ਵਿਰਲੇ ਕਸੀਸ ਵੱਟ ਕੇ ਜਰ ਲੈਂਦੇ। ਇਹ ਸਾਰੇ ਸੀਨ ਮੇਰੇ ਅੱਖਾਂ ਅੱਗੇ ਘੁੰਮਦੇ ਨੇ। ਇਸ ਕਸਾਈਪੁਣੇ ਕਰ ਕੇ ਕਈ ਵਾਰੀ ਬਾਲਕੇ ਵੀ ਕਹਿੰਦੇ, ਇਹ ਬੁੱਢਾ ਮਾਸਟਰ ਨਾ ਮਰਦਾ, ਨਾ ਸਾਡੀ ਜਾਨ ਛੱਡਦਾ। ਮਾਸਟਰ ਜੀ ਦਾ ਇਹ ਜ਼ਾਲਮਾਨਾ ਵਰਤਾਓ ਕਿਸੇ ਦਾ ਕੀ ਸੁਆਰਦਾ ਸੀ? ਮਾਸਟਰ ਜਾਣੇ ਜਾਂ ਉਹਦਾ ਭਗਵਾਨ। ਹੁਣ ਮਨ 'ਚ ਆਉਂਦਾ ਹੈ ਕਿ ਮਾਂ-ਬਾਪ ਹਾਰ ਗੁਰੂਦੇਵ, ਬੱਚਿਆਂ ਨੂੰ ਬੋਟਾਂ ਵਾਂਗ ਪਰਾਂ ਹੇਠ ਸਾਂਭਣ ਦੀ ਬਜਾਏ ਕਸਾਈਆਂ ਵਾਂਗ ਕਿਵੇਂ ਕੋਹ ਲੈਂਦੇ ਸੀ!

ਇਕ ਦੋ ਹੋਰ ਮਾਸਟਰਾਂ ਵਾਂਗ ਇਹ ਵੀ ਕਿਹਾ ਕਰਦਾ ਸੀ, "ਮੈਂਅ ਕਿਤਨੀ ਦਫਾ ਆਖਿਆ ਏ ਪਈ ਜੇ ਕੋਈ ਗੱਲ ਸਮਝ ਵੱਤ ਨਹੀਂ ਪੈਂਦੀ, ਤਾਂ ਜਾ ਕੇ ਗੱਅਰ ਬੈਅਠੋ। ਮੈਂਡਾ ਸਿਰ ਪਏ ਖਾਂਦੇ ਓ; ਸਮਾਂ ਕਿਉਂ ਬਰਬਾਦ ਕਰੇਂਦੇ ਹੋ। ਕੋਈ ਹੋਅਰ ਬੰਦੋਬਸਤ ਕਰੋ ਚਾ। ਜਾ ਕੇ ਗੱਅਰਦਿਆਂ ਦਾ ਹੱਥ ਵਟਾਓਅ ਚਾ।"

ਹੁਣ ਸੋਚੀਦਾ ਹੈ, ਬਈ ਭਲਾ ਜੇ ਅਸੀਂ ਸਕੂਲੇ ਨਾ ਜਾਂਦੇ ਤਾਂ ਮਾਸਟਰ ਜੀ ਦੀ ਨੌਕਰੀ ਕਿਵੇਂ ਰਹਿੰਦੀ। ਦੇਖੋ, ਰਿਜ਼ਕ ਨੂੰ ਲੱਤ ਮਾਰਨ ਵਾਲੇ ਬੰਦੇ ਵੀ ਦੁਨੀਆਂ 'ਚ ਬੈਠੇ ਨੇ। ਜਾਂ ਤਾਂ ਮਾਸਟਰ ਜੀ ਸਰਸਰੀ ਇਹ ਗੱਲ ਕਹਿ ਦਿੰਦੇ ਸੀ ਪਰ ਅਸਲੋਂ ਨਹੀਂ ਸੀ ਚਾਹੁੰਦੇ ਜਾਂ ਸੱਚੀਓਂ ਹੀ ਚਾਹੁੰਦਾ ਸੀ ਕਿ ਇਹ ਘਰੇ ਹੀ ਬੈਠ ਜਾਣ ਤੇ ਮੇਰੀ ਜਾਨ ਛੱਡਣ ਪਰ ਇਹਦਾ ਉਹਨੂੰ ਕੀ ਫਾਇਦਾ ਹੋਣਾ ਸੀ? ਉਹੀ ਜਾਣੇ। ਬਾਅਦ 'ਚ ਸਾਡੇ 'ਚੋਂ ਕਈਆਂ ਨੇ ਕਾਲਜਾਂ-ਯੂਨੀਵਰਸਿਟੀਆਂ ਦੀਆਂ ਪੜ੍ਹਾਈਆਂ ਕੀਤੀਆਂ। ਕਈ ਤਾਂ ਆਪ ਵੀ ਮਾਸਟਰ ਲੱਗੇ। ਕਈ ਹੋਰ ਕਈ ਚੰਗੇ ਚੰਗੇ ਕੰਮੀਂ ਵੀ ਲੱਗੇ। ਜਦੋਂ ਮੈਂ ਨਕੋਦਰ ਪੜ੍ਹਨੇ ਪਿਆ ਤਾਂ ਉਹ ਕਦੇ-ਕਦੇ ਮੈਨੂੰ ਮਿਲ ਪੈਂਦਾ ਸੀ। ਜਦੋਂ ਪਹਿਲੀ ਵਾਰ ਮੈਂ ਉਹਨੂੰ ਦੱਸਿਆ ਕਿ ਮੈਂ ਹੁਣ ਕਾਲਜ ਪੜ੍ਹਦਾ ਹਾਂ, ਤਾਂ ਉਹ ਚੁੱਪ ਹੀ ਹੋ ਗਿਆ। ਕੁਛ ਨਹੀਂ ਬੋਲਿਆ। ਬੱਸ ਜਿੱਦਾਂ ਕੋਈ ਸੱਪ ਹੀ ਸੁੰਘ ਗਿਆ।

ਇਸ ਮਾਸਟਰ ਜੀ ਦੇ ਸਿਰ ਚੋਰੀ ਦਾ ਇਲਜ਼ਾਮ ਵੀ ਲੱਗਦਾ ਰਿਹਾ। ਉਨ੍ਹਾਂ ਦਿਨਾਂ 'ਚ ਬੱਚਿਆਂ ਲਈ ਸਰਕਾਰ ਸੁੱਕਾ ਦੁੱਧ ਸਕੂਲਾਂ ਵਿਚ ਘੱਲਦੀ ਸੀ, ਬਾਲਕਾਂ ਦੀ ਸਿਹਤਯਾਬੀ ਲਈ। ਦੁਪਹਿਰ ਨੂੰ ਉਹ ਦੁੱਧ ਘੋਲ ਕੇ ਤੱਤਾ ਕਰੀਦਾ ਸੀ। ਫਿਰ ਬੱਚਿਆਂ ਨੂੰ ਪੀਣ ਲਈ ਵਰਤਾਇਆ ਜਾਂਦਾ ਸੀ। ਇਹ ਜ਼ਿੰਮੇਵਾਰੀ ਨਿਆਣਿਆਂ ਨੂੰ ਆਪੇ ਨਿਭਾਉਣ ਦਾ ਹੁਕਮ ਸੀ। ਮਾਸਟਰਾਂ ਦਾ ਹੁਕਮ ਉਸ ਵੇਲੇ ਰੱਬ ਦੇ ਹੁਕਮ ਬਰਾਬਰ ਹੁੰਦਾ ਸੀ। ਉਨ੍ਹਾਂ ਨੇ ਤਾਂ ਓਨਾ ਹੀ ਤਿਆਰ ਕਰਨਾ ਸੀ, ਜਿੰਨਾ ਮਾਸਟਰ ਜੀ ਦਿੰਦੇ। ਇਲਜ਼ਾਮ ਇਹ ਸੀ ਕਿ ਬੱਚਿਆਂ ਲਈ ਆਏ ਸੁੱਕੇ ਦੁੱਧ 'ਚੋਂ ਬੁੱਢਾ ਮਾਸਟਰ ਚੋਰੀ ਕਰ ਕੇ ਘਰ ਲੈ ਜਾਂਦਾ ਸੀ ਤੇ ਆਪਣੀ ਹੱਟੀ 'ਤੇ ਵੇਚ ਲੈਂਦਾ ਸੀ। ਲੈ ਕੇ ਜਾਂਦਾ ਸੀ ਜਾਂ ਨਹੀਂ, ਮੈਨੂੰ ਤਾਂ ਪਤਾ ਨਹੀਂ, ਇਹਦਾ ਭਗਵਾਨ ਜਾਣਦਾ ਹੋਊ ਪਰ ਘਰ ਨੂੰ ਜਾਂਦੇ ਦਾ ਇਹਦਾ ਥੈਲਾ ਕਦੇ ਕਦੇ ਵਾਹਵਾ ਭਾਰਾ ਹੁੰਦਾ ਸੀ ਤੇ ਵੱਧ ਫੁੱਲਿਆ ਹੋਇਆ ਵੀ। ਇਹਦੀ ਹੱਟੀ ਕੋਈ ਬਹੁਤੀ ਵੱਡੀ ਵੀ ਨਹੀਂ ਸੀ। ਐਵੇਂ ਬੁੱਤਾ-ਸਾਰ ਹੀ ਸੀ, ਦੋ-ਚਾਰ ਚੀਜ਼ਾਂ ਹੀ ਰੱਖੀਆਂ ਹੁੰਦੀਆਂ ਸਨ।

ਹੋਰ ਇਲਜ਼ਾਮ ਇਹ ਸੀ ਕਿ ਉਹ ਨਿਆਣਿਆਂ ਨੂੰ ਪਾਸ ਕਰਨ ਦੇ ਲਾਰੇ ਲਾ ਕੇ ਨਿਆਣਿਆਂ ਦੀਆਂ ਮਾਂਵਾਂ ਤੋਂ ਕੁੱਕੜ ਲੈਂਦਾ ਸੀ ਜਾਂ ਮੁਰਗੀਆਂ ਦੇ ਆਂਡੇ। ਇਹ ਆਂਡੇ ਵੀ ਦੁਕਾਨ 'ਤੇ ਜਾ ਵੇਚਦਾ ਸੀ। ਛੱਲੀਆਂ, ਮਿਰਚਾਂ, ਗੰਨੇ, ਗੁੜ ਤਾਂ ਆਮ ਸੁਣੀਂਦੇ ਸੀ ਪਰ ਕੁੱਕੜ ਵਾਲੀ ਗੱਲ ਵੱਡੀ ਸੀ। ਪਤਾ ਨਹੀਂ ਕਿੱਦਾਂ ਘਰ ਨੂੰ ਲਿਜਾਂਦਾ ਹੋਊਗਾ? ਇਹ ਗੱਲਾਂ ਇਹਦੇ ਨਾਲ ਚੁੱਭਦੇ ਮਾਸਟਰ ਵੀ ਉਡਾਉਂਦੇ ਸੀ। ਕੰਨ ਰਸੀਏ ਨਿਆਣੇ ਫਿਰ ਗੱਲ ਇੱਦਾਂ ਚੱਕ ਲੈਂਦੇ ਕਿ ਸਾਰੇ ਪਹੁੰਚਦੀ ਕਰ ਕੇ ਛੱਡਦੇ।

ਇਕ ਵਾਰ ਕਲਾਸ 'ਚ ਇਹ ਮਾਸਟਰ ਜੀ ਪੜ੍ਹਾਉਣ ਦੀ ਕੋਈ ਮਸ਼ਕ ਕਰਾਉਂਦਾ ਸੀ। ਜਿਸ ਬਾਲੜੀ ਨੂੰ ਇਹਨੇ ਪੰਜਾਬੀ ਦਾ ਸਬਕ ਪੜ੍ਹਨ ਲਈ ਕਿਹਾ, ਉਹ ਵਿਚਾਰੀ ਬਹੁਤੀ ਸੰਗਾਊ ਸੀ। ਪੇਂਡੂ ਸਮਾਜ ਦੀ ਦਬਾਈ ਹੋਈ ਬੱਚੀ ਸੀ। ਕਿਸੇ ਨਾਲ ਬੋਲਦੀ ਵੀ ਘੱਟ ਹੀ ਸੀ। ਵਿਚਾਰੀ ਪੜ੍ਹਨ ਨੂੰ ਵੀ ਵੱਤੇ ਈ ਸੀ। ਮਾਸਟਰ ਕਹੀ ਜਾਵੇ, "ਮੈਂ ਆਖੀ ਜਾਨਾਂ ਏ, ਮੁੜ ਦੀਅਹ ਜਾਅਵੀਏ, ਜੋ ਵੀ ਚਾ ਬੋਲਣਾ ਏਂ, ਹੁੱਚੀ ਬੋਲ, ਹੁੱਚੀ ਬੋਲ; ਮੂੰਅ ਇੱਚ ਕੀ ਪਈ ਮਿਣ ਮਿਣ ਕਰਨੀ ਏਂ। ਕਿਸੀ ਕੋ ਸੁਣੇ ਵੀ ਤਾਂ ਸਈ।" ਕੁੜੀ ਵਿਚਾਰੀ ਦੀ ਤਾਂ ਜੀਭ ਤਾਲੂ ਨਾਲ ਲੱਗੀ ਹੋਈ ਸੀ। ਕੁਛ ਕਹੇ ਹੀ ਨਾ। ਲੱਤਾਂ ਕੰਬੀ ਜਾਣ। ਰੋਣਹਾਕੀ ਹੋਈ ਸਿਰ ਨੀਵਾਂ ਕਰੀ ਖੜ੍ਹੀ ਸੀ। ਡਰ ਤੇ ਨਮੋਸ਼ੀ ਨਾਲ ਰੰਗ ਲਾਲ ਹੋਈ ਜਾਵੇ। ਮਾਸਟਰ ਲਾਗੇ ਬੈਠੇ, ਹਿਣ ਹਿਣ ਕਰਦੇ ਮਨੀਟਰ ਨੇ ਆਪਣੇ ਕੋਲੋਂ ਹੀ ਬਣਾ ਕੇ ਐਵੇਂ ਕਹਿ ਦਿੱਤਾ, ਜੀਅ ਇਹ ਕਹਿੰਦੀ ਆ, ਰਾਰੇ ਨੂੰ ਬਿਹਾਰੀ ਬਣਿਆ-ਸੀ। ਸਾਰੇ ਹੱਸ ਪਏ। ਜਿਹੜੇ ਆਪ ਕਦੇ ਕੁਸਕਦੇ ਵੀ ਨਹੀਂ ਸੀ, ਉਹ ਵੀ ਹਿੜ ਹਿੜ ਕਰਨ ਲੱਗ ਪਏ।

ਕੁੜੀ ਦੀ ਹਾਲਤ ਬਦ ਤੋਂ ਬਦਤਰ ਹੋ ਗਈ। ਵਿਚਾਰੀ ਪਾਣੀਓਂ-ਪਾਣੀ ਹੋ ਗਈ। ਮਾਸਟਰ ਬਿਨਾਂ ਪੁੱਛ-ਪੜਤਾਲ ਕਰਨ ਤੋਂ ਗੁੱਸੇ 'ਚ ਧੀ-ਧਿਆਣੀ ਨੂੰ ਮਾਰਨ ਲੱਗ ਪਿਆ। ਕੁੜੀ ਸਿਰ ਨੀਵਾਂ ਕਰੀ, ਬਚਾਅ ਲਈ ਮੋਢੇ 'ਤਾਂਹ ਨੂੰ ਕਰ ਕੇ ਡੁਸਕਣ ਲੱਗ ਪਈ। ਮਾਸਟਰ ਨੂੰ ਹੋਰ ਗੁੱਸਾ ਚੜ੍ਹੀ ਜਾਵੇ। ਬਾਲੜੀ ਧੀ-ਧਿਆਣੀ ਨੂੰ ਕਹਿੰਦਾ, "ਕੰਨ ਪਕੜ, ਚੱਵਲੇ ਕੰਨ ਪਕੜ, ਮੈਂ ਆਹਨਾਂ ਫੁਰਤੀ ਨਾਲ ਪਕੜ ਕੰਨ। ਮੈਂ ਹੁਣੇ ਦੱਸਸਾਂ ਤੈਨੂੰ ਰਾਅਰੇ ਨੂੰ ਬਿਆਰੀ ਸੀ, ਕੀਅ ਓਂਦੀ ਏ; ਏਅਹ ਤੈਂਅਨੂੰ ਕੇਅਸ ਕੰਜਰ ਨੇ ਸਿੱਖਾਇਆ ਏ, ਮੁੜ ਮੈਨੂੰ ਵੀ ਪਤਾ ਲੱਗੇ ਚਾ?" ਗੁੱਸੇ ਚ ਅੱਗ ਬਬੂਲਾ ਹੋਏ ਮਾਸਟਰ ਨੂੰ ਇਹ ਸੁੱਧ-ਬੁੱਧ ਵੀ ਨਾ ਰਹੀ ਕਿ ਕੁੜੀਆਂ ਦੇ ਕੰਨ ਫੜਾਏ ਜਾਣੇ ਜਾਇਜ਼ ਨਹੀਂ ਸੀ ਜਾਣੇ ਜਾਂਦੇ। ਜੇ ਇਸ ਧੀ-ਧਿਆਣੀ ਦੇ ਮਾਪਿਆਂ ਨੂੰ ਪਤਾ ਲੱਗ ਜਾਂਦਾ ਤਾਂ ਉਨ੍ਹਾਂ ਮਾਸਟਰ ਦੀ ਐਸੀ ਅਹੀ-ਤਹੀ ਫੇਰਨੀ ਸੀ ਕਿ ਇਹਦੀਆਂ ਕਈ ਪੁਸ਼ਤਾਂ ਨਾ ਭੁੱਲ ਸਕਦੀਆਂ। ਵਾਹਵਾ ਸਰਦੇ ਪੁੱਜਦੇ ਘਰ ਦੀ ਧੀ ਸੀ ਇਹ ਬੀਬੀ। ਉਹ ਮਾਸਟਰ ਨੂੰ ਕੁਝ ਵੀ ਕਰ ਸਕਦੇ ਸੀ ਪਰ ਸਭ ਤੋਂ ਵੱਡੇ ਸਿਤਮ ਦੀ ਗੱਲ ਤਾਂ ਇਹ ਸੀ ਕਿ ਉਸ ਵਿਚਾਰੀ ਨੇ ਤਾਂ ਕਿਹਾ ਹੀ ਕੁਝ ਨਹੀਂ ਸੀ। ਸਾਰੀ ਕਾਰਸ਼ਤਾਨੀ ਤਾਂ ਚੌਧਰ ਦੀ ਭੁੱਖ ਦੇ ਮਾਰੇ ਮਨੀਟਰ ਦੀ ਸੀ, ਜਿਹਨੇ ਆਪਣੀ ਫੋਕੀ ਪੈਂਠ ਬਣਾਉਣ ਲਈ ਰਾਰੇ ਨੂੰ ਬਿਹਾਰੀ 'ਸੀ' ਬਣਾ ਕੇ ਕੁੜੀ ਲਈ ਡਾਢੀ ਮੁਸ਼ਕਿਲ ਖੜ੍ਹੀ ਕਰ ਦਿੱਤੀ ਸੀ। ਨਿਓਟੀ ਧੀ-ਧਿਆਣੀ ਬਹੁਤੀ ਨਮੋਸ਼ੀ ਮੰਨ ਗਈ। ਉਸੇ ਸਾਲ ਸਕੂਲੋਂ ਹਟ ਗਈ। ਆਪਣੇ ਗੁਰੂਦੇਵ ਮਹਾਰਾਜ ਦੀ 'ਮਿਹਰਬਾਨੀ' ਸਦਕਾ ਵਿਚਾਰੀ ਗਿਆਨ-ਵਿੱਦਿਆ ਤੋਂ ਊਣੀ ਰਹੀ। ਬੱਸ ਘਰ ਦਾ ਰੋਟੀ ਟੁੱਕ ਕਰਨ ਜੋਗੀ ਰਹਿ ਗਈ।

---

## ਕਾਵਿ-ਜਗਤ

## ਪੰਜਾਬ ਬੇਲੀਆ

ਜਿਥੇ, ਵਹਿੰਦੇ ਨੇ ਰਾਵੀ ਤੇ ਚਨਾਬ ਬੇਲੀਆ।
ਕਦੇ ਮੇਰਾ ਵੀ ਸੀ ਉਹ ਤੇ ਪੰਜਾਬ ਬੇਲੀਆ।
ਡਾਂਗ ਮਾਰਿਆਂ ਇਹ ਪਾਣੀ ਦੋ ਹੋ ਜਾਣਗੇ,
ਸਾਡੇ ਖਾਬਾਂ ਨੂੰ ਵੀ ਨਹੀਂ ਸੀ ਯਾਦ ਬੇਲੀਆ।

ਭਾਈਚਾਰੇ, ਯਾਰੀਆਂ ਦੋ ਟੁੱਕ ਹੋ ਗਈਆਂ,
ਜਿਹਨੂੰ ਮੰਨਦਾ ਸੀ ਜੱਗ ਲਾਜਵਾਬ ਬੇਲੀਆ।
ਜੂਹਾਂ-ਬੇਲੇ, ਨੈਆਂ-ਨਦੀਆਂ ਸਾਰੇ ਵੰਡੇ ਗਏ,
ਪੋਠੋਹਾਰ, ਮਾਝਾ-ਮਾਲਵਾ, ਦੁਆਬ ਬੇਲੀਆ।

ਘਰ-ਬਾਰ, ਭੁੰਇ-ਭਾਂਡਾ ਵੀ ਸਾਰੇ ਵੰਡ ਲਏ,
ਸਤਲੁਜ, ਰਾਵੀ, ਜਿਹਲਮ, ਚਨਾਬ ਬੇਲੀਆ।
ਹੋਈਆਂ ਪਾਣੀਉਂ ਪਤਲੀਆਂ ਸਾਂਝਾਂ ਸਾਡੀਆਂ,
ਰਿਹਾ ਕੋਈ ਵੀ ਨਹੀਂ ਸਾਂਝਾ ਮੁਹਾਜ਼ ਬੇਲੀਆ।

ਇਹਨੂੰ ਵੱਢ-ਟੁੱਕ ਅਸੀਂ ਹਿੱਸੇ ਦੋ ਕਰ ਲਏ,
ਹੋ ਕੇ ਬਹਿ ਗਏ ਅਸੀਂ ਦੋਵੇਂ ਬਰਬਾਦ ਬੇਲੀਆ।
ਸਾਡੀ ਪਤਾ ਨੀਂ ਮੱਤ ਖੌਰੇ ਕਿਉਂ ਮਾਰੀ ਗਈ,
ਬਣਾ ਕੇ ਲੜੇ ਕਿਉਂ ਨ੍ਹੀਂ ਸਾਂਝਾ ਮੁਹਾਜ਼ ਬੇਲੀਆ।

ਯਾਦ ਆਵੇ ਜਦੋਂ ਯਾਰ-ਬੇਲੀਆਂ, ਭਰਾਵਾਂ ਦੀ,
ਆਉਂਦਾ ਭਰ ਭਰ ਅੱਖਾਂ 'ਚ ਸੈਲਾਬ ਬੇਲੀਆ।
ਹੀਰ-ਰਾਂਝਾ, ਸਾਹਿਬਾਂ-ਮਿਰਜ਼ਾ ਸਾਡੇ ਸਾਂਝੇ ਨੇ,
ਸਾਂਝੇ ਸੱਸੀ-ਪੁਨੂੰ, ਸ਼ੀਰੀ-ਫਰਿਹਾਦ ਬੇਲੀਆ।

ਬਾਲੋ-ਮਾਹੀਆ, ਢੋਲੇ-ਸੱਦਾਂ, ਬਾਘੀ, ਜੁਗਨੀ,
ਦੋਵਾਂ ਬੰਨਿਆਂ ਤੋਂ ਆਉਂਦੀ ਅਵਾਜ਼ ਬੇਲੀਆ।
ਬੋਹੜਾਂ-ਪਿੱਪਲਾਂ ਦੇ ਥੱਲੇ ਬਹਿ ਕੇ ਕਿੱਸੇ ਪੜ੍ਹਨੇ,
ਦੁਪਹਿਰੀਂ ਕੱਠਿਆਂ ਨੇ ਖੇਡਣੀ ਤਾਸ਼ ਬੇਲੀਆ।

ਸਾਡਾ ਬੋਲੀ, ਵਿਰਸਾ-ਸਭਿਆਚਾਰ ਸਾਂਝਾ ਏ,
ਸਾਂਝੇ ਘੋੜੀਆਂ-ਅਲਾਹੁਣੀਆਂ-ਸੁਹਾਗ ਬੇਲੀਆ।
ਸਾਂਝੇ ਮਹਿੰਦੀ, ਗਾਨੇ, ਵਟਣੇ, ਸਿਹਰੇ, ਸੁਰਮੇ,
ਵਿਆਹ-ਸ਼ਾਦੀਆਂ ਦੇ ਰਸਮੋਂ-ਰਿਵਾਜ਼ ਬੇਲੀਆ।

ਸਾਡੇ ਮੇਲੇ-ਮੁਸਾਹਦੇ, ਦਿਨ-ਦਿਹਾਰ ਸਾਂਝੇ ਨੇ,
ਸਾਂਝੇ ਛਿੰਝਾਂ, ਘੋਲ ਡੱਗੇ ਦੀ ਅਵਾਜ਼ ਬੇਲੀਆ।
ਸਾਂਝੇ ਭੰਗੜੇ, ਝੁੰਮਰ, ਗੀਤ, ਸੰਮੀ ਸੋਹਣਿਆ,
ਲਗੋਜ਼ੇ, ਤੂੰਬੇ, ਕਾਟੋ ਬੁਗਦੂ ਜਿਹੇ ਸਾਜ਼ ਬੇਲੀਆ।

ਸਾਡਾ ਖਾਣ-ਪੀਣ, ਰਹਿਣ-ਸਹਿਣ ਸਾਂਝਾ ਏ,
ਸਾਂਝਾ ਪਹਿਨਣਾ, ਹੰਡਾਉਣਾ, ਪੁਸ਼ਾਕ ਬੇਲੀਆ।
ਗਾਮਾ, ਗੂੰਗਾ, ਕੱਲੂ, ਕੱਕੂ ਅਜ ਤੱਕ ਸਾਂਝੇ ਨੇ,
ਦੌਲੀ, ਕਿੱਕਰ, ਫਤਿਹ ਸਿੰਘ, ਬਾਜ਼ ਬੇਲੀਆ।

ਪੀਰਾਂ, ਗੁਰੂਆਂ, ਫਕੀਰਾਂ ਦੀ ਸਾਂਝ ਸਾਡੀ ਏ,
ਦੋਵੇਂ, ਮੰਗਨੇ ਆਂ ਉਨ੍ਹਾਂ ਤੋਂ ਮੁਰਾਦ ਬੇਲੀਆ।
ਹਲ, ਕਹੀਆਂ, ਰੰਬੇ, ਦਾਤੀਆਂ ਨੇ ਸਾਂਝੀਆਂ,
ਕੋਹਲੂ, ਖੂਹ, ਫਲ੍ਹੇ, ਵੇਲਣੇ, ਖਰਾਸ ਬੇਲੀਆ।

ਘੁੱਗ ਵੱਸਦੇ ਸਾਂ ਸੁਖੀ ਵਿਹੜਿਆਂ 'ਚ ਆਪਣੇ,
ਪਿਉ, ਦਾਦੇ ਤੋਂ ਸਾਡੀ ਸੀ ਲਿਹਾਜ਼ ਬੇਲੀਆ।
ਸਾਡੀ ਚਿਰਾਂ ਦੀ ਸਾਂਝ ਖੌਰੇ ਕਿਵੇਂ ਟੁੱਟ ਗਈ,
ਸਾਨੂੰ ਕਿਸੇ ਨੂੰ ਵੀ ਲੱਭਾ ਨ੍ਹੀਂ ਜਵਾਬ ਬੇਲੀਆ।
ਬਾਬਾ ਨਾਨਕ-ਫਰੀਦ, ਬੁਲ੍ਹੇਸ਼ਾਹ, ਵਾਰਿਸ ਨੂੰ,
ਰੋਜ਼-ਏ ਹਸ਼ਰ ਨੂੰ ਕੀ ਦੇਵਾਂਗੇ ਜਵਾਬ ਬੇਲੀਆ।
ਕੀ ਖੱਟਿਆ, ਗਵਾਇਆ ਅਸਾਂ ਏਸ ਗੱਲ 'ਚੋਂ,
ਹੋਣਾ ਕਦੀ ਵੀ ਨਹੀਂ ਸਾਥੋਂ ਹਿਸਾਬ ਬੇਲੀਆ।

ਘੜਮ ਚੌਧਰੀਆਂ, ਮੱਕਾਰਾਂ ਨੇ ਚਾਲਾਂ ਚੱਲ ਕੇ,
ਘਰੋਂ ਬਾਹਰੋਂ ਪੱਟ ਕੀਤਾ ਏ ਬਰਬਾਦ ਬੇਲੀਆ।
ਮੀਂਹ-ਹਨੇਰੀ, ਧੁਪ-ਹਵਾ ਦੱਸ ਕਿਵੇਂ ਵੰਡਾਂਗੇ,
ਕਿਵੇਂ ਵੰਡ ਲਾਂ'ਗੇ ਰਾਤਾਂ ਦੇ ਖੁਆਬ ਬੇਲੀਆ।

ਆਉਂਦੀ ਜਾਂਦੀ ਵਾ, ਜਨੌਰਾਂ ਤੋਂ ਰਵ੍ਹਾਂ ਪੁਛਦਾ,
ਕਿਹੜਾ ਤੇਰਾ ਕਿਹੜਾ ਮੇਰਾ ਪੰਜਾਬ ਬੇਲੀਆ।
ਸਾਡੇ ਰਹਿਬਰਾਂ, ਮੁਹਾਫਜ਼ਾਂ, ਮੱਕਾਰਾਂ ਰਲ ਕੇ,
ਰੋਲ ਦਿਤਾ ਸੋਹਣਾ, ਰੰਗਲਾ ਪੰਜਾਬ ਬੇਲੀਆ।

ਪੀਰਾਂ, ਗੁਰੂਆਂ, ਪੈਗੰਬਰਾਂ ਦੀ ਸਰ ਜ਼ਮੀਂ ਦੇ,
ਮਲੋਜ਼ੋਰੀ ਗਲ ਪਾਇਆ ਅਤਿਵਾਦ ਬੇਲੀਆ।
ਵਾਂਗ ਰੁੱਸਿਆਂ ਦੇ ਕੰਡ ਅਸੀਂ ਕਰੀ ਬੈਠੇ ਆਂ,
ਦੁੱਖ ਸੁਖ ਵਿਚ ਦਈਏ ਕਿਹਨੂੰ ਵਾਜ਼ ਬੇਲੀਆ।

ਵੰਡੇ ਜਾਣ 'ਤੇ ਵੀ ਅਸੀਂ ਕੁਝ ਵੰਡ ਸਕੇ ਨਹੀਂ।
ਤੰਦਾਂ ਸਾਂਝ ਦੀਆਂ ਉਵੇਂ ਨੇ ਅਬਾਦ ਬੇਲੀਆ।
ਕੰਡਾ ਤਾਰ, ਛਾਪੇ ਪੱਟ ਵਿਹੜਾ ਇਕ ਕਰ ਲੋ,
ਵਾਜਾਂ, ਮਾਰ ਮਾਰ ਕਵ੍ਹੇ ਪੰਜ-ਆਬ ਬੇਲੀਆ।
ਕਿੰਨੀ ਮਰਜ਼ੀ ਏ ਮੱਕਾਰ ਖੇਡ ਖੇਡ ਲੈਣ ਚੰਨ,
ਜ਼ਰੂਰ, ਹੋਸੀ ਇਕ ਫਿਰ ਤੋਂ ਪੰਜਾਬ ਬੇਲੀਆ।

*-ਚੰਨ*
*ਫੋਨ: 908-788-8427*

---

## ਮੋਰਚੇ ਸਾਂਭ ਲਓ

ਮਸਜਿਦ ਹਰਿਮੰਦਰ ਢਾਹੁਣ ਵਾਲੇ
ਹੋ ਗਏ ਨੇ ਫੇਰ ਇਕੱਠੇ
ਜਨਤਾ ਨੂੰ ਗੁਮਰਾਹੁਣ ਵਾਲੇ।
ਮੂੰਹ ਵਿਚ ਸਿਪਲੇ ਬੋਲ ਧਰਨਗੇ
ਹੱਥ ਵਿਚ ਬਾਰੂਦ ਬੰਦੂਕ ਫੜਨਗੇ
ਚਰਚ ਵੱਲ ਹੁਣ ਕੂਚ ਕਰਨਗੇ
ਮੋਰਚੇ ਸਾਂਭ ਲਓ...।

ਗੁਰਜ, ਤ੍ਰਿਸ਼ੂਲ, ਕਿਰਪਾਨਾਂ, ਮਸ਼ਾਲਾਂ
ਧਰਮਾਂ ਦੇ ਨਾਂ ਸ਼ਾਂਤੀ ਮਾਰਚ
ਸਦਭਾਵਨਾ ਪੈਗ਼ਾਮ ਦਿੰਦੇ ਆਦਮ-ਬੰਬ
ਜਾਗਰੂਕਤਾ ਫੈਲਾਉਂਦੇ ਸਮਾਜ ਵਿਚ
ਚਵਾਤੀਆਂ ਲਾਉਣਗੇ
ਤਬਾਹੀ ਮਚਾਉਣਗੇ
ਦੰਗੇ ਭੜਕਾਉਣਗੇ
ਭਰਾਵਾਂ ਨੂੰ ਲੜਾਉਣਗੇ
ਮੋਰਚੇ ਸਾਂਭ ਲਓ...।

ਕਾਲੇ, ਪੀਲੇ, ਸਫ਼ੈਦਪੋਸ਼, ਨੀਲੇ
ਨਿੱਤ ਦਿਨ ਰੰਗ ਬਦਲਦੇ ਬਸਤਰ
ਝੰਡੀਆਂ ਵਾਲੀਆਂ ਲੰਮੀਆਂ ਲਿੰਮੋ
ਵੰਡਣ ਹੈਰੋਇਨ, ਸਮੈਕ, ਨਸ਼ੀਲੀਆਂ ਪੁੜੀਆਂ
ਵਾਰਨਗੇ ਤੁਹਾਡੇ ਸਿਰ ਉਤੋਂ
ਨਕਲੀ ਨੋਟਾਂ ਦੀਆਂ ਥੱਦੀਆਂ
ਜਿੱਤਣ ਲਈ ਤੁਹਾਡਾ ਵਿਸ਼ਵਾਸ
ਮੋਰਚੇ ਸਾਂਭ ਲਓ...।

ਇੱਕ ਰੁਪਏ ਕਿੱਲੋ ਚੌਲ-ਆਟਾ
ਮਿਲੇਗਾ, ਪਰ ਫਾਈਲਾਂ ਵਿਚ।
ਦਿਲ-ਲੁਭਾਊ ਆਕਰਸ਼ਕ ਨਾਅਰੇ
ਢਾਹ ਦੇਣੇ ਝੁੱਗੀਆਂ, ਕੱਚੇ ਢਾਰੇ
ਨਾ ਗ਼ਰੀਬ ਨਾ ਗ਼ੁਰਬਤ ਰਹਿਣੀ
ਮੌਲਣਗੇ ਹਰ ਥਾਂ ਮਹਿਲ ਮੁਨਾਰੇ।
ਮੋਰਚੇ ਸਾਂਭ ਲਓ...।

ਬੁੱਕਲ ਵਿਚ ਤੇਜ਼ਾਬ-ਬੋਤਲ, ਪਿਸਟਲ
ਨੀਵੇਂ ਚੱਲਦੇ ਮੁਸਕਰਾਉਂਦੇ
ਮੌਕਾ ਤਾੜਦੇ ਸ਼ਿਕਾਰੀ ਵਾਂਗ
ਸ਼ਹਿ ਮਾਰ ਕੇ ਝਪਟ ਪੈਣ ਲਈ
ਕੁੜੀਆਂ ਚਿੜੀਆਂ ਕੂੰਜਾਂ ਦੀ ਡਾਰ 'ਤੇ
ਮੋਰਚੇ ਸਾਂਭ ਲਓ...।

ਜਿਸਮ ਜ਼ਮੀਰਾਂ ਦੇ ਸੌਦਾਗਰ
ਮੰਡੀਆਂ ਵੱਲ ਨੂੰ ਕੂਚ ਕਰਨਗੇ
ਸੋਨੇ ਦੇ ਉਹ ਮਿਰਗ ਫੜਨਗੇ
ਅਬਲਾ ਬਾਜਾਰੀਂ ਪਤ ਰੁਲੇਗੀ
ਉਮੀਦਵਾਰ ਦੀ ਔਕਾਤ ਤੁਲੇਗੀ
ਸਿਆਸਤ ਦੀ ਬਿੱਡ ਖੁੱਲ੍ਹੇਗੀ
ਮੋਰਚੇ ਸਾਂਭ ਲਓ...।

ਦਸ ਰੁਪਏ ਬੁੱਕ ਪਾਣੀ ਦਾ
ਪੰਦਰਾਂ ਰੁਪਏ ਯੂਨਿਟ ਬਿਜਲੀ
ਸੌ ਰੁਪਏ ਕਿੱਲੋ ਰੇਤਾ ਬਜਰੀ
ਮਹਿੰਗਾਈ, ਬੇਕਾਰੀ, ਭ੍ਰਿਸ਼ਟਾਚਾਰੀ
ਨਵੇਂ ਭਵਨਾਂ ਦਾ ਨਿਰਮਾਣ
ਮੇਰਾ ਭਾਰਤ ਦੇਸ਼ ਮਹਾਨ
ਮੋਰਚੇ ਸਾਂਭ ਲਓ...।

ਹਵਾਵਾਂ ਦੇ ਜ਼ਖੀਰੇ ਭਰਨਗੇ
ਚਾਨਣ ਧੁੱਪਾਂ ਨੂੰ ਕੈਦ ਕਰਨਗੇ
ਸਾਹਾਂ 'ਤੇ ਉਹ ਟੈਕਸ ਲਾਉਣਗੇ
ਮਜ਼ਦੂਰਾਂ ਦਾ ਨਿਕਲੂ ਕਚੂਮਰ
ਭੁੱਖੇ ਢਿੱਡਾਂ ਦੇ ਢੋਲ ਵਜਾਉਣਗੇ
ਜਨਤਾ ਦਾ ਮਨ ਪਰਚਾਉਣਗੇ
ਮੋਰਚੇ ਸਾਂਭ ਲਓ...।
ਮੋਰਚੇ ਸਾਂਭ ਲਓ...।

*-ਚਰਨਜੀਤ ਪੰਨੂ, ਸੈਨ ਹੋਜ਼ੇ*

# ਅਸਲ ਗੁਨਾਹਗਾਰ ਹਨ ਦੰਗਿਆਂ ਦੀ ਰਾਜਨੀਤੀ ਕਰਨ ਵਾਲੇ ਆਗੂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਦਿੱਲੀ ਵਿਚ ਹੋਏ ਅਤੇ ਭਾਵੇਂ ਗੁਜਰਾਤ ਵਿਚ, ਦੰਗੇ ਉਹ ਨਹੀਂ ਸਨ। ਦੰਗਾ ਹੋਵੇ ਤਾਂ ਦੋਵਾਂ ਧਿਰਾਂ ਦਾ ਨੁਕਸਾਨ ਹੁੰਦਾ ਹੈ। ਦਿੱਲੀ ਤੇ ਗੁਜਰਾਤ ਦੋਵੇਂ ਥਾਂ ਇੱਕ-ਤਰਫਾ ਕਤਲੇਆਮ ਹੋਏ ਸਨ। ਸਰਕਾਰੀ ਮਸ਼ੀਨਰੀ ਗੁਜਰਾਤ ਤੇ ਦਿੱਲੀ-ਦੋਵੇਂ ਥਾਂ ਕਾਤਲਾਂ ਦੀ ਸਰਪ੍ਰਸਤ ਬਣ ਗਈ ਸੀ। ਕਾਤਲਾਂ ਨੂੰ ਸਜ਼ਾਵਾਂ ਦਿਵਾਉਣ ਦੀ ਥਾਂ ਬਚਾਉਣ ਦਾ ਕੰਮ ਵੀ ਦੋਵੇਂ ਥਾਂਈਂ ਹੋਇਆ। ਦਿੱਲੀ ਵਿਚ ਸੱਜਣ ਕੁਮਾਰ ਪਾਰਲੀਮੈਂਟ ਮੈਂਬਰ ਬਣਿਆ, ਜਗਦੀਸ਼ ਟਾਈਟਲਰ ਦਾ ਮੰਤਰੀ ਲਈ ਗੁਣਾ ਪੈ ਗਿਆ ਤਾਂ ਗੁਜਰਾਤ ਵਿਚ ਵੀ ਕਈ ਲੋਕਾਂ ਨੂੰ ਰਾਜ-ਗੱਦੀਆਂ ਦਿੱਤੀਆਂ ਜਾਂਦੀਆਂ ਰਹੀਆਂ ਸਨ, ਜਿਨ੍ਹਾਂ ਵਿਚੋਂ ਇੱਕ ਲੇਡੀ ਡਾਕਟਰ ਸਾਬਕਾ ਮੰਤਰੀ ਮਾਇਆ ਕੋਡਨਾਨੀ ਹੁਣ ਜੇਲ੍ਹ ਵਿਚ ਤੜੀ ਹੋਈ ਹੈ। ਜੱਜਾਂ ਨੂੰ ਗੁੰਮਰਾਹ ਕਰਨ ਦੇ ਦੋਸ਼ ਵੀ ਦੋਵੇਂ ਥਾਂਈਂ ਲੱਗੇ ਸਨ ਤੇ ਦਾਗੀ ਚਿਹਰਿਆਂ ਦੇ ਬਾਵਜੂਦ ਦੋਵੇਂ ਥਾਂ ਖੂਨ-ਖਰਾਬੇ ਲਈ ਜ਼ਿੰਮੇਵਾਰ ਧਿਰ ਜਿੱਤ ਜਾਂਦੀ ਰਹੀ ਜਾਂ ਜਿੱਤਣ ਦਾ ਜੁਗਾੜ ਕਰ ਲੈਂਦੀ ਰਹੀ ਸੀ। ਸਭ ਕੁਝ ਇੱਕੋ ਜਿਹਾ ਹੈ।***

ਅਸੀਂ ਬਹੁਤ ਦੇਰ ਤੋਂ ਦਿੱਲੀ ਤੇ ਹੋਰ ਥਾਂਈਂ 1984 ਵਿਚ ਸਿੱਖਾਂ ਉਤੇ ਹੋਏ ਖੂਨੀ ਹਮਲਿਆਂ, ਜਿਨ੍ਹਾਂ ਨੂੰ ਦਿੱਲੀ ਦੇ ਦੰਗੇ ਕਿਹਾ ਜਾਂਦਾ ਹੈ, ਬਾਰੇ ਕਲਮ ਚੁੱਕਣ ਤੋਂ ਇਸ ਲਈ ਗੁਰੇਜ਼ ਕੀਤਾ ਕਿ ਇਸ ਨਾਲ ਪੀੜਤਾਂ ਦੀ ਪੀੜ ਫਿਰ ਤੋਂ ਤਾਜ਼ਾ ਹੋ ਜਾਂਦੀ ਹੈ। ਹਾਦਸੇ ਦਾ ਸ਼ਿਕਾਰ ਹੋਏ ਵਿਅਕਤੀ ਤੋਂ ਜਦੋਂ ਹਾਦਸੇ ਦਾ ਵੇਰਵਾ ਪੁੱਛਿਆ ਜਾਵੇ ਤਾਂ ਉਹ ਦੱਸਦਾ ਹੋਇਆ ਜਦੋਂ ਸੱਟ ਲੱਗਣ ਵਾਲੇ ਨੁਕਤੇ ਉਤੇ ਪਹੁੰਚਦਾ ਹੈ, ਉਸ ਨੂੰ ਇਸ ਤਰ੍ਹਾਂ ਝੁਣਝੁਣੀ ਆ ਜਾਂਦੀ ਹੈ, ਜਿਵੇਂ ਇੱਕ ਵਾਰੀ ਫਿਰ ਉਸ ਨੇ ਸੱਟ ਖਾ ਲਈ ਹੋਵੇ। ਇਹ ਸੱਟ ਉਸ ਦੀ ਮਾਨਸਿਕਤਾ ਨੂੰ ਵੱਜਦੀ ਹੈ। ਅਸੀਂ ਨਹੀਂ ਸੀ ਚਾਹੁੰਦੇ ਕਿ ਵਾਰ-ਵਾਰ ਜ਼ਿਕਰ ਕਰ ਕੇ ਉਨ੍ਹਾਂ ਨੂੰ ਦੁਖੀ ਕੀਤਾ ਜਾਵੇ, ਪਰ ਰਾਜਨੀਤੀ ਦੇ ਖਿਡਾਰੀਆਂ ਅਤੇ ਮੀਡੀਏ ਵਿਚਲੇ ਚੁਸਤ ਐਂਕਰਾਂ ਨੇ ਇਸ ਮੁੱਦੇ ਨੂੰ ਇੱਕ ਵਾਰ ਫਿਰ ਉਸ ਮੁਕਾਮ ਉਤੇ ਪੁਚਾ ਦਿੱਤਾ ਹੈ ਕਿ ਇਸ ਦੀ ਚਰਚਾ ਕਰਨੀ ਹੁਣ ਸਾਡੇ ਵਰਗੇ ਕਈ ਕਲਮਕਾਰਾਂ ਵਾਸਤੇ ਇੱਕ ਫਰਜ਼ ਦਾ ਸਵਾਲ ਬਣ ਗਈ ਹੈ।

ਤਾਜ਼ਾ ਚਰਚਾ ਕਾਂਗਰਸ ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਇੱਕ ਮੀਡੀਆ ਚੈਨਲ ਨੂੰ ਦਿੱਤੀ ਬੇਤੁਕੀ ਇੰਟਰਵਿਊ ਨਾਲ ਛਿੜੀ ਹੈ। ਚੈਨਲ ਦਾ ਐਂਕਰ ਕੋਈ ਹੋਰ ਸਵਾਲ ਪੁੱਛਦਾ ਸੀ ਤੇ ਰਾਹੁਲ ਗਾਂਧੀ ਕਿਸੇ ਹੋਰ ਪਾਸੇ ਗੱਲ ਲੈ ਜਾਂਦਾ ਸੀ। ਰਾਹੁਲ ਗਾਂਧੀ ਭਾਸ਼ਣ ਕਰਨੇ ਜਾਣਦਾ ਹੈ, ਸਿੱਧੇ ਸਵਾਲਾਂ ਦੇ ਜਵਾਬ ਦੇਣ ਦੀ ਮੁਹਾਰਤ ਨਾ ਹੋਣ ਕਰ ਕੇ ਫਸ ਜਾਂਦਾ ਹੈ। ਇਥੇ ਵੀ ਫਸ ਗਿਆ ਅਤੇ ਉਸ ਨੂੰ ਚੱਕਰ ਵਿਚ ਫਸਣ ਪਿੱਛੋਂ ਇਹ ਮੰਨਣਾ ਪੈ ਗਿਆ ਕਿ ਦਿੱਲੀ ਵਿਚ ਉਦੋਂ ਹੋਏ ਕਤਲਾਂ ਦੇ ਦੌਰ ਵਿਚ ਕੁਝ ਕਾਂਗਰਸੀ ਆਗੂ ਵੀ ਸ਼ਾਮਲ ਸਨ। ਇਹ ਗੱਲ ਸਾਨੂੰ ਉਸ ਦੇ ਕਹਿਣ ਤੋਂ ਪਹਿਲਾਂ ਵੀ ਪਤਾ ਸੀ ਅਤੇ ਐਚ ਕੇ ਐਲ ਭਗਤ, ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਦਾ ਨਾਂ ਕਿਸੇ ਨੇ ਰਾਹੁਲ ਗਾਂਧੀ ਤੋਂ ਨਹੀਂ ਪੁੱਛਣਾ, ਅਦਾਲਤਾਂ ਵਿਚ ਫਾਈਲਾਂ ਦੇ ਢੇਰ ਲੱਗੇ ਪਏ ਹਨ। ਫਿਰ ਵੀ ਇਸ ਇੰਟਰਵਿਊ ਨੂੰ ਏਨਾ ਵਜ਼ਨ ਦੇ ਦਿੱਤਾ ਗਿਆ ਕਿ ਇਸ ਨਾਲ ਪੰਜਾਬ ਤੋਂ ਦਿੱਲੀ ਤੱਕ ਇੱਕ ਨਵੀਂ ਹਲਚਲ ਮੱਚ ਗਈ ਹੈ। ਦਿੱਲੀ ਵਿਚਲੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਉਨ੍ਹਾਂ ਦੰਗਿਆਂ ਦੀ ਇੱਕ ਹੋਰ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਉਣ ਦੀ ਸਿਫਾਰਸ਼ ਦਿੱਲੀ ਦੇ ਲੈਫਟੀਨੈਂਟ ਗਵਰਨਰ ਨੂੰ ਭੇਜ ਦਿੱਤੀ ਹੈ, ਮੰਨਣਾ ਜਾਂ ਨਾ ਮੰਨਣਾ ਉਸ ਦੀ ਮਰਜ਼ੀ ਹੈ। ਪੰਜਾਬ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਵਿਸ਼ੇਸ਼ ਟੀਮ ਨੂੰ ਬੇਲੋੜੀ ਦੱਸਿਆ, ਪਰ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਦਾ ਸਵਾਗਤ ਕਰ ਦਿੱਤਾ। ਅਗਲੇ ਦਿਨ ਦੋਵਾਂ ਨੇ ਸੁਰ ਬਦਲ ਕੇ ਸਾਂਝੀ ਗੱਲ ਕਹਿ ਦਿੱਤੀ।

ਰਾਹੁਲ ਗਾਂਧੀ ਦੇ ਇਸ ਬਿਆਨ ਪਿੱਛੋਂ ਦਿੱਲੀ ਦੇ ਅਕਾਲੀ ਆਗੂਆਂ ਨੇ ਉਸ ਦੇ ਘਰ ਅੱਗੇ ਮੁਜ਼ਾਹਰਾ ਕੀਤਾ ਤੇ ਭਾਰਤੀ ਜਨਤਾ ਪਾਰਟੀ ਵਾਲਿਆਂ ਨੇ ਉਨ੍ਹਾਂ ਦਾ ਸਾਥ ਦੇ ਦਿੱਤਾ। ਜਵਾਬ ਵਿਚ ਕਾਂਗਰਸ ਦੇ ਆਗੂਆਂ ਨੇ ਉਦੋਂ ਵਾਲੇ ਖੂਨ-ਖਰਾਬੇ ਨੂੰ ਗੁਜਰਾਤ ਵਾਲੇ ਨਾਲ ਉਲਝਾ ਕੇ ਹਿਸਾਬ ਬਰਾਬਰ ਕਰਨਾ ਚਾਹਿਆ, ਪਰ ਇਹ ਹਿਸਾਬ ਰਾਜਨੀਤਕ ਲੋਕ ਬਰਾਬਰ ਕਰ ਸਕਦੇ ਹਨ, ਆਮ ਲੋਕਾਂ ਲਈ ਇਸ ਤਰ੍ਹਾਂ ਕਰਨਾ ਸੌਖਾ ਨਹੀਂ ਹੁੰਦਾ। ਹਾਲਤ ਦਾ ਪੱਖ ਉਹੋ ਨਹੀਂ ਹੁੰਦਾ, ਜਿਹੜਾ ਰਾਜਸੀ ਲੋਕ ਪੇਸ਼ ਕਰਦੇ ਹਨ ਜਾਂ ਕਰਨਾ ਚਾਹੁੰਦੇ ਹਨ। ਜਿਹੜੇ ਲੋਕ ਉਸ ਦੌਰ ਨਾਲ ਜੁੜੇ ਰਹੇ ਸਨ ਤੇ ਕਈ ਕੁਝ ਵੇਖਦੇ ਅਤੇ ਸਰੀਰਕ ਜਾਂ ਮਾਨਸਿਕ ਪੀੜ ਹੰਢਾਉਂਦੇ ਰਹੇ ਸਨ, ਉਨ੍ਹਾਂ ਦੀ ਅੱਖ ਕਈ ਕੁਝ ਹੋਰ ਵੇਖਦੀ ਹੈ, ਤੇ ਸਿਰਫ ਵੇਖਦੀ ਨਹੀਂ, ਉਸ ਬਾਰੇ ਕੂਕ-ਕੂਕ ਕੇ ਬੋਲਣਾ ਚਾਹੁੰਦੀ ਹੈ। ਅਸੀਂ ਅੱਜ ਉਨ੍ਹਾਂ ਲੋਕਾਂ ਵਾਲੇ ਮੰਚ ਉਤੇ ਖੜੇ ਹੋ ਕੇ ਰਾਜ-ਭਾਗ ਲਈ ਲੜ ਰਹੀਆਂ ਧਿਰਾਂ ਦੇ ਆਗੂਆਂ ਤੋਂ ਕੁਝ ਪੁੱਛਣਾ ਚਾਹੁੰਦੇ ਹਾਂ।

ਦਿੱਲੀ ਵਿਚ ਹੋਏ ਅਤੇ ਭਾਵੇਂ ਗੁਜਰਾਤ ਵਿਚ, ਦੰਗੇ ਉਹ ਨਹੀਂ ਸਨ। ਦੰਗਾ ਹੋਵੇ ਤਾਂ ਦੋਵਾਂ ਧਿਰਾਂ ਦਾ ਨੁਕਸਾਨ ਹੁੰਦਾ ਹੈ। ਦਿੱਲੀ ਤੇ ਗੁਜਰਾਤ ਦੋਵੇਂ ਥਾਂ ਇੱਕ-ਤਰਫਾ ਕਤਲੇਆਮ ਹੋਏ ਸਨ। ਸਰਕਾਰੀ ਮਸ਼ੀਨਰੀ ਗੁਜਰਾਤ ਤੇ ਦਿੱਲੀ-ਦੋਵੇਂ ਥਾਂ ਕਾਤਲਾਂ ਦੀ ਸਰਪ੍ਰਸਤ ਬਣ ਗਈ ਸੀ। ਕਾਤਲਾਂ ਨੂੰ ਸਜ਼ਾਵਾਂ ਦਿਵਾਉਣ ਦੀ ਥਾਂ ਬਚਾਉਣ ਦਾ ਕੰਮ ਵੀ ਦੋਵੇਂ ਥਾਂਈਂ ਹੋਇਆ। ਦਿੱਲੀ ਵਿਚ ਸੱਜਣ ਕੁਮਾਰ ਪਾਰਲੀਮੈਂਟ ਮੈਂਬਰ ਬਣਿਆ, ਜਗਦੀਸ਼ ਟਾਈਟਲਰ ਦਾ ਮੰਤਰੀ ਲਈ ਗੁਣਾ ਪੈ ਗਿਆ ਤਾਂ ਗੁਜਰਾਤ ਵਿਚ ਵੀ ਕਈ ਲੋਕਾਂ ਨੂੰ ਰਾਜ-ਗੱਦੀਆਂ ਦਿੱਤੀਆਂ ਜਾਂਦੀਆਂ ਰਹੀਆਂ ਸਨ, ਜਿਨ੍ਹਾਂ ਵਿਚੋਂ ਇੱਕ ਲੇਡੀ ਡਾਕਟਰ ਸਾਬਕਾ ਮੰਤਰੀ ਮਾਇਆ ਕੋਡਨਾਨੀ ਹੁਣ ਜੇਲ੍ਹ ਵਿਚ ਤੜੀ ਹੋਈ ਹੈ। ਜੱਜਾਂ ਨੂੰ ਗੁੰਮਰਾਹ ਕਰਨ ਦੇ ਦੋਸ਼ ਵੀ ਦੋਵੇਂ ਥਾਂਈਂ ਲੱਗੇ ਸਨ ਤੇ ਦਾਗੀ ਚਿਹਰਿਆਂ ਦੇ ਬਾਵਜੂਦ ਦੋਵੇਂ ਥਾਂ ਖੂਨ-ਖਰਾਬੇ ਲਈ ਜ਼ਿੰਮੇਵਾਰ ਧਿਰ ਜਿੱਤ ਜਾਂਦੀ ਰਹੀ ਜਾਂ ਜਿੱਤਣ ਦਾ ਜੁਗਾੜ ਕਰ ਲੈਂਦੀ ਰਹੀ ਸੀ। ਸਭ ਕੁਝ ਇੱਕੋ ਜਿਹਾ ਹੈ।

ਸਿਰਫ ਇਹੋ ਹੀ ਨਹੀਂ, ਇੱਕ ਪੱਖ ਹੋਰ ਵੀ ਇੱਕੋ ਜਿਹਾ ਹੈ, ਜਿਸ ਦੀ ਕੋਈ ਚਰਚਾ ਨਹੀਂ ਕਰਦਾ। ਉਰਦੂ ਦਾ ਪ੍ਰਸਿੱਧ ਸ਼ਿਅਰ ਹੈ, "ਤੂ ਇਧਰ-ਉਧਰ ਕੀ ਤੋ ਬਾਤ ਨਾ ਕਰ, ਯੇ ਬਤਾ ਕਾਫਲਾ ਕਿਉਂ ਲੁਟਾ, ਬਾਤ ਰਾਹਜ਼ਨ ਕੀ ਨਹੀਂ, ਤੇਰੀ ਰਹਿਬਰੀ ਕਾ ਸਵਾਲ ਹੈ।" ਲੁੱਟਣ ਵਾਲਿਆਂ ਤਾਂ ਸਾਰਾ ਕੁਝ ਲੁੱਟਣਾ ਹੀ ਸੀ, ਜਿਹੜੇ ਹੁਣ ਰਹਿਬਰੀ ਲਈ ਦਾਅਵਾ ਕਰਦੇ ਹਨ, ਉਨ੍ਹਾਂ ਦੀ ਉਸ ਖੂਨ-ਖਰਾਬੇ ਵਿਚ ਜਿਹੜੀ ਭੂਮਿਕਾ ਸੀ, ਉਹ ਵੀ ਲੋਕਾਂ ਦੇ ਮੂਹਰੇ ਰੱਖੀ ਜਾਣੀ ਚਾਹੀਦੀ ਹੈ। ਅਫਸੋਸ ਕਿ ਇਸ ਭੂਮਿਕਾ ਨੂੰ ਅੱਜ ਤੱਕ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ ਅਤੇ ਇਸ ਬਾਰੇ ਕਿੰਤੂ ਵੀ ਕਰਨ ਦੀ ਕਿਸੇ ਨੂੰ ਵਿਹਲ ਨਹੀਂ ਮਿਲੀ ਜਾਪਦੀ। ਹੁਣ ਇਸ ਦੀ ਚਰਚਾ ਵੀ ਕਰ ਲੈਣੀ ਚਾਹੀਦੀ ਹੈ।

ਦਿੱਲੀ ਦੀਆਂ ਘਟਨਾਵਾਂ ਤੋਂ ਪਹਿਲਾਂ ਤੇ ਪਿੱਛੋਂ ਪੰਜਾਬ ਵਿਚ ਵੀ ਅਸੀਂ ਕਾਫੀ ਮਾੜੇ ਦਿਨ ਵੇਖੇ ਸਨ ਤੇ ਕਦੀ-ਕਦੀ ਇਥੇ ਘੱਟ-ਗਿਣਤੀ ਹਿੰਦੂ ਭਾਈਚਾਰੇ ਵੱਲ ਕੁਝ ਲੋਕ ਉਹੋ ਕੁਝ ਕਰਨ ਲਈ ਅਹੁਲਦੇ ਸਨ, ਜਿਹੜਾ ਕੁਝ ਦਿੱਲੀ ਵਿਚ ਹੋਣ ਦੀ ਚਰਚਾ ਹੋ ਰਹੀ ਹੈ। ਸਾਡਾ ਪੰਜਾਬ ਦਾ ਤਜਰਬਾ ਵੱਖਰਾ ਸੀ। ਨੁਸ਼ਹਿਰਾ ਪੰਨੂਆਂ ਕੋਲ ਇੱਕ ਬੱਸ ਅੱਧੀ ਰਾਤ ਨੂੰ ਰੋਕ ਕੇ ਉਸ ਵਿਚੋਂ ਚਾਰ ਹਿੰਦੂ ਕੱਢ ਕੇ ਮਾਰ ਦਿੱਤੇ ਗਏ, ਪਰ ਪੰਜਵਾਂ ਬਚ ਗਿਆ, ਕਿਉਂਕਿ ਉਸ ਪੰਜਵੇਂ ਦੇ ਨਾਲ ਦੀ ਸੀਟ ਉਤੇ ਬੈਠੇ ਨਿਹੰਗ ਬਾਬਾ ਅਜੀਤ ਸਿੰਘ ਨੇ ਕਹਿ ਦਿੱਤਾ ਸੀ ਕਿ ਇਹ ਮੇਰੀ ਬੁੱਕਲ ਵਿਚ ਹੈ, ਇਸ ਨੂੰ ਮਾਰਨਾ ਹੈ ਤਾਂ ਪਹਿਲਾਂ ਮੈਨੂੰ ਮਾਰਨਾ ਪਵੇਗਾ। ਲੁਧਿਆਣੇ ਵਿਚ ਇੱਕ ਦਿਨ ਕੁਝ ਲੋਕ ਸੈਰ ਕਰਦੇ ਸਨ, ਉਥੇ ਬੰਦੂਕਾਂ ਵਾਲੇ ਆ ਗਏ। ਉਨ੍ਹਾਂ ਨੇ ਇੱਕ ਜਣੇ ਨੂੰ ਕੱਢ ਕੇ ਇਸ ਲਈ ਮਾਰਨਾ ਚਾਹਿਆ ਕਿ ਉਹ ਹਿੰਦੂ ਸੀ। ਨਾਲ ਸੈਰ ਕਰਦੇ ਸਿੱਖ ਭਾਈਬੰਦ ਨੇ ਕਿਹਾ ਕਿ ਇਸ ਨੂੰ ਮਾਰਨ ਤੋਂ ਪਹਿਲਾਂ ਮੈਨੂੰ ਮਾਰਨਾ ਪਵੇਗਾ। ਨਿਹੰਗ ਬਾਬਾ ਅਜੀਤ ਸਿੰਘ ਆਪ ਵੀ ਬਚ ਗਿਆ ਸੀ ਤੇ ਬੇਗੁਨਾਹ ਦੀ ਜਾਨ ਵੀ ਬਚਾ ਲਈ ਸੀ, ਇਥੇ ਉਸ ਹਿੰਦੂ ਅੱਗੇ ਹਿੱਕ ਡਾਹ ਕੇ ਮਨੁੱਖੀ ਸੋਚ ਦੀ ਪਹਿਰੇਦਾਰੀ ਕਰਨ ਵਾਲਾ ਸਿੱਖ ਉਸ ਦੀ ਥਾਂ ਆਪਣੀ ਜਾਨ ਪਹਿਲਾਂ ਦੇ ਗਿਆ, ਦੋਵੇਂ ਜਣੇ ਮਾਰੇ ਗਏ ਸਨ। ਪੰਜਾਬ ਵਿਚ ਇਹੋ ਜਿਹੀਆਂ ਕਈ ਮਿਸਾਲਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ, ਤੇ ਸਾਨੂੰ ਮਾਣ ਹੈ ਕਿ ਪਾਕਿਸਤਾਨ ਬਣਨ ਵੇਲੇ ਵੀ ਸਾਡੇ ਵਾਲੇ ਪੰਜਾਬ ਦੇ ਕੁਝ ਸੁਹਿਰਦ ਲੋਕਾਂ ਨੇ ਮੁਸਲਮਾਨਾਂ ਨੂੰ ਬਚਾ ਕੇ ਕੱਢਣ ਲਈ ਆਪਣੀ ਜਾਨ ਦੇ ਦਿੱਤੀ ਸੀ।

ਹੁਣ ਅਸੀਂ ਗੱਲ ਕਰ ਲਈਏ ਦਿੱਲੀ ਅਤੇ ਗੁਜਰਾਤ ਦੀ, ਉਥੇ ਘੱਟ-ਗਿਣਤੀ ਵਾਲਿਆਂ ਦੀ ਜਾਨ ਬਚਾਉਣ ਦੇ ਲਈ ਕਿੰਨੇ ਲੋਕ ਜਾਨਾਂ ਦੇ ਗਏ, ਸਾਡੇ ਕੋਲ ਵੇਰਵਾ ਨਹੀਂ। ਜੇ ਕੋਈ ਦੇ ਸਕੇ ਤਾਂ ਅਸੀਂ ਧੰਨਵਾਦੀ ਹੋਵਾਂਗੇ। ਇਸ ਦੀ ਥਾਂ ਸਾਡੇ ਕੋਲ ਰਾਜਸੀ ਵਿਅਕਤੀਆਂ ਦੇ ਕਿਰਦਾਰ ਦਾ ਵਿਸਥਾਰ ਹੈ, ਜਿਸ ਦੀ ਚਰਚਾ ਹੋਣੀ ਚਾਹੀਦੀ ਹੈ। ਇਨ੍ਹਾਂ ਵਿਚ ਕਾਂਗਰਸ ਦੇ ਆਗੂ ਵੀ ਹਨ ਅਤੇ ਭਾਜਪਾ ਦੇ ਆਗੂ ਵੀ, ਜਿਹੜੇ ਹੁਣ ਦਿੱਲੀ ਤੇ ਗੁਜਰਾਤ ਦੀ ਰਾਜਨੀਤੀ ਕਰਦੇ ਹਨ।

ਗੁਜਰਾਤ ਵਿਚ ਨਰਿੰਦਰ ਮੋਦੀ ਦੀ ਸਰਕਾਰ ਪੂਰੀ ਸਰਪ੍ਰਸਤੀ ਦੇ ਕੇ ਜਦੋਂ ਖੂਨ-ਖਰਾਬੇ ਦੀ ਰਾਜਨੀਤੀ ਕਰਦੀ ਪਈ ਸੀ, ਉਦੋਂ ਉਸ ਰਾਜ ਵਿਚ ਚਾਲੀ ਸਾਲ ਤੋਂ ਵੱਧ ਰਾਜ ਕਰ ਚੁੱਕੀ ਕਾਂਗਰਸ ਦੇ ਆਗੂ ਕਿੱਥੇ ਸਨ? ਉਨ੍ਹਾਂ ਦਾ ਆਪਣਾ ਆਗੂ ਤੇ ਸਾਬਕਾ ਪਾਰਲੀਮੈਂਟ ਮੈਂਬਰ ਅਹਿਸਾਨ ਜਾਫਰੀ ਮਾਰ ਦਿੱਤਾ ਗਿਆ। ਉਸ ਵੇਲੇ ਉਹ ਕਾਂਗਰਸੀ ਆਗੂ ਉਸ ਨੂੰ ਬਚਾਉਣ ਲਈ ਕਿਉਂ ਨਹੀਂ ਸੀ ਬਹੁੜੇ, ਜਿਹੜੇ ਅੱਜ ਦੁਹਾਈਆਂ ਪਾਉਂਦੇ ਹਨ? ਜਦੋਂ ਉਸ ਰਾਜ ਵਿਚ ਕਤਲ ਹੋ ਰਹੇ ਸਨ, ਉਨ੍ਹਾਂ ਨੂੰ ਮਹਾਤਮਾ ਗਾਂਧੀ ਦੀ ਯਾਦ ਕਿਉਂ ਨਾ ਆਈ, ਜਿਹੜਾ ਦੰਗੇ ਹੁੰਦਿਆਂ ਤੋਂ ਵੀ ਲੋਕਾਂ ਵਿਚ ਚਲਾ ਜਾਂਦਾ ਹੁੰਦਾ ਸੀ? ਗੁਜਰਾਤ ਦੇ ਘੱਟ-ਗਿਣਤੀ ਭਾਈਚਾਰੇ ਦੇ ਬਚਾਅ ਲਈ ਕਾਂਗਰਸੀ ਆਗੂ ਦੀਵਾਰ ਬਣ ਕੇ ਕਿਉਂ ਨਾ ਖੜੇ ਹੋ ਸਕੇ? ਜੇ ਉਦੋਂ ਖੜੇ ਨਹੀਂ ਸਨ ਹੋ ਸਕੇ ਤਾਂ ਰਾਜਸੀ ਲੋੜ ਲਈ ਹੁਣ ਵਿਖਾਵੇ ਦੇ ਵੈਣ ਪਾਉਣ ਦਾ ਉਨ੍ਹਾਂ ਨੂੰ ਕੀ ਹੱਕ ਹੈ? ਕੀ ਉਨ੍ਹਾਂ ਨੂੰ ਆਪਣੀ ਉਦੋਂ ਦੀ ਇਸ ਕਾਇਰਤਾ ਦੀ ਮੁਆਫੀ ਨਹੀਂ ਮੰਗਣੀ ਚਾਹੀਦੀ?

ਇਹੋ ਗੱਲ ਅਸੀਂ ਦਿੱਲੀ ਦੇ ਮਾਮਲੇ ਵਿਚ ਭਾਰਤੀ ਜਨਤਾ ਪਾਰਟੀ ਵਾਲਿਆਂ ਨੂੰ ਪੁੱਛਣੀ ਚਾਹੁੰਦੇ ਹਾਂ। ਪੰਜਾਬ ਦੇ ਸ਼ਹਿਰ ਮੋਗਾ ਵਿਚ ਇੱਕ ਵਾਰੀ ਆਰ ਐਸ ਐਸ ਦੀ ਸ਼ਾਖਾ ਉਤੇ ਹਮਲਾ ਕਰ ਕੇ ਕੁਝ ਬੰਦੇ ਮਾਰ ਦਿੱਤੇ ਗਏ ਤਾਂ ਅਟਲ ਬਿਹਾਰੀ ਵਾਜਪਾਈ ਸਾਹਿਬ ਦਿੱਲੀ ਤੋਂ ਉਚੇਚੇ ਉਥੇ ਆਏ ਸਨ। ਉਨ੍ਹਾ ਦੇ ਭਾਸ਼ਣ ਦਾ ਇੱਕ-ਇੱਕ ਸ਼ਬਦ ਹੁਣ ਤੱਕ ਲੋਕ ਯਾਦ ਕਰ ਸਕਦੇ ਹਨ। ਵਾਜਪਾਈ ਸਾਹਿਬ ਨੇ ਅਫਸੋਸ ਵੀ ਨਾ ਕਰਨ ਆਏ ਅਕਾਲੀਆਂ ਬਾਰੇ ਉਸ ਭਾਸ਼ਣ ਦੌਰਾਨ ਕੀ ਕਿਹਾ ਸੀ, ਸਭ ਨੂੰ ਯਾਦ ਹੈ। ਨਹੀਂ ਯਾਦ ਤਾਂ ਭਾਜਪਾ ਦੀ ਦਿੱਲੀ ਦੀ ਭੂਮਿਕਾ ਯਾਦ ਨਹੀਂ। ਜਦੋਂ ਦਿੱਲੀ ਵਿਚ ਸਿੱਖਾਂ ਦੇ ਵਿਰੁਧ ਇੱਕ-ਤਰਫਾ ਖੂਨ-ਖਰਾਬਾ ਕੀਤਾ ਜਾ ਰਿਹਾ ਸੀ, ਜਿਸ ਵਿਚ ਕਾਂਗਰਸ ਦੇ ਕਈ ਆਗੂ ਮੋਹਰੀ ਬਣ ਕੇ ਤੁਰੇ ਹੋਏ ਸਨ, ਉਦੋਂ ਭਾਜਪਾ ਦੇ ਆਗੂ ਨੁੱਕਰੀਂ ਕਿਉਂ ਲੱਗੇ ਰਹੇ ਸਨ? ਉਹ ਬਾਹਰ ਕਿਉਂ ਨਹੀਂ ਸੀ ਆਏ? ਭਾਜਪਾ ਉਦੋਂ ਦਿੱਲੀ ਵਿਚ ਇਨੀ ਨਿਤਾਣੀ ਨਹੀਂ ਸੀ। ਦਿੱਲੀ ਵਿਚੋਂ ਪਾਰਲੀਮੈਂਟ ਦੀਆਂ ਸੱਤ ਸੀਟਾਂ ਵਿਚੋਂ ਇੱਕ ਸੀਟ ਤੋਂ ਅਟਲ ਬਿਹਾਰੀ ਵਾਜਪਾਈ ਜਿੱਤੇ ਹੋਏ ਸਨ। ਬਾਕੀ ਸੀਟਾਂ ਉਤੇ ਉਨ੍ਹਾਂ ਦੀ ਪਾਰਟੀ ਦੇ ਆਗੂ ਦੂਸਰੇ ਥਾਂ ਰਹਿ ਕੇ ਵੀ ਲੱਖਾਂ ਵੋਟਾਂ ਲੈ ਗਏ ਸਨ। ਬਾਅਦ ਦੀ ਇੱਕ ਚੋਣ ਮੌਕੇ ਉਸੇ ਦਿੱਲੀ ਤੋਂ ਲਾਲ ਕ੍ਰਿਸ਼ਨ ਅਡਵਾਨੀ ਸਮੇਤ ਸੱਤਾਂ ਵਿਚੋਂ ਚਾਰ ਸੀਟਾਂ ਭਾਜਪਾ ਵਾਲੇ ਜਿੱਤ ਗਏ ਸਨ। ਦਿੱਲੀ ਵਿਚ ਵਿਧਾਨ ਸਭਾ ਬਹਾਲ ਹੋਣ ਪਿੱਛੋਂ ਬਣੀ ਪਹਿਲੀ ਸਰਕਾਰ ਵੀ ਭਾਜਪਾ ਦੀ ਸੀ, ਜਿਸ ਦੇ ਪੰਜ ਸਾਲਾਂ ਵਿਚ ਤਿੰਨ ਮੁੱਖ ਮੰਤਰੀ ਮਦਨ ਲਾਲ ਖੁਰਾਣਾ, ਸਾਹਿਬ ਸਿੰਘ ਵਰਮਾ ਤੇ ਸੁਸ਼ਮਾ ਸਵਰਾਜ ਬਣਦੇ ਰਹੇ ਸਨ। ਸਾਫ ਹੈ ਕਿ ਪਾਰਟੀ ਉਥੇ ਮਜ਼ਬੂਤ ਸੀ। ਇਡੇ ਵਡੇ ਆਧਾਰ ਵਾਲੀ ਭਾਰਤੀ ਜਨਤਾ ਪਾਰਟੀ ਕੀ ਇਸ ਲਈ ਉਦੋਂ ਦਿੱਲੀ ਵਿਚ ਹੋ ਰਿਹਾ ਖੂਨ-ਖਰਾਬਾ ਰੋਕਣ ਲਈ ਅੱਗੇ ਆਉਣ ਤੋਂ ਝਿਜਕ ਗਈ ਸੀ ਕਿ ਉਸ ਨੂੰ ਆਪਣੀਆਂ ਵੋਟਾਂ ਨੂੰ ਖੋਰਾ ਲੱਗਣ ਦਾ ਉਹੋ ਡਰ ਸਤਾ ਰਿਹਾ ਸੀ, ਜਿਸ ਡਰ ਕਾਰਨ ਪੰਜਾਬ ਦੇ ਅਕਾਲੀ ਆਗੂ ਮੋਗੇ ਅਤੇ ਹੋਰ ਥਾਂਈਂ ਹੋਏ ਖੂਨੀ ਕਾਂਡਾਂ ਦਾ ਅਫਸੋਸ ਕਰਨ ਵੀ ਨਹੀਂ ਸਨ ਜਾ ਸਕੇ? ਇਹ ਵੀ ਇੱਕ ਗੁਨਾਹ ਸੀ।

ਪੰਜਾਬੀ ਦਾ ਇੱਕ ਲੇਖਕ ਹੈ ਭੁਪਿੰਦਰ, ਪਤਾ ਨਹੀਂ ਕਿੰਨੇ ਕੁ ਲੋਕਾਂ ਨੇ ਉਸ ਦੀ ਲਿਖੀ ਹੋਈ ਕਵਿਤਾ 'ਬੱਚਿਆਂ ਨਾਲ ਸੰਵਾਦ' ਪੜ੍ਹੀ ਹੋਵੇਗੀ। ਉਸ ਦਾ ਇੱਕ-ਇੱਕ ਅੱਖਰ ਇਸ ਦੁਖਾਂਤ ਬਾਰੇ ਸਵਾਲ ਪੁੱਛਦਾ ਹੈ,

ਅੱਗ ਦੀ ਖੇਡ ਦੀ ਗੱਲ
ਬੱਚਿਆਂ ਨਾਲ ਨਾ ਕਰੋ
ਪ੍ਰਸ਼ਨ ਚਿੰਨ੍ਹ ਬਣ
ਖਲੋ ਜਾਣਗੇ ਤੁਹਾਡੇ ਸਾਹਵੇਂ
ਕਿ ਇਸ ਅੱਗ ਦੇ ਖਿਲਾਫ
ਤੁਸੀਂ ਲੜੇ ਕਿਉਂ ਨਹੀਂ?
ਇਸ ਅੱਗ ਦੇ ਬਾਹਰ
ਤੁਸੀਂ ਦਰਸ਼ਕ ਬਣ ਕੇ ਹੀ
ਕਿਉਂ ਖੜੇ ਰਹੇ?
ਅੱਗ ਦੇ ਸਮੁੰਦਰ
ਤੁਸੀਂ ਤਰੇ ਕਿਉਂ ਨਹੀਂ?
ਤੁਹਾਡੇ ਹੱਥ ਪੈਰ
ਸੜੇ ਕਿਉਂ ਨਹੀਂ?
ਅੱਗਾਂ ਲਾ ਕੇ
ਅੱਗ ਸੇਕਦੇ ਹੱਥ
ਤੁਸੀਂ ਫੜੇ ਕਿਉਂ ਨਹੀਂ?
ਜੇ ਤੁਸੀਂ
ਲਾਉਣ ਵਾਲਿਆਂ ਵਿਚ ਨਹੀਂ ਸੀ
ਬੁਝਾਉਣ ਵਾਲਿਆਂ ਦੀ ਸੱਥ ਵਿਚ
ਵੜੇ ਕਿਉਂ ਨਹੀਂ?

ਅੱਜ ਇਹੋ ਸਵਾਲ ਪੁੱਛਣ ਦੀ ਗੁਸਤਾਖੀ ਅਸੀਂ ਕਰ ਰਹੇ ਹਾਂ ਕਿ ਜਿਹੜੇ ਲੋਕ ਆਏ ਦਿਨ ਉਨ੍ਹਾਂ ਦੰਗਿਆਂ ਦਾ ਜ਼ਿਕਰ ਕਰ ਕੇ ਪੀੜਤਾਂ ਦੇ ਜ਼ਖਮਾਂ ਦਾ ਸਿੱਕੜ ਝਰੀਟ ਕੇ ਰਾਜਨੀਤੀ ਕਰਦੇ ਹਨ, ਉਨ੍ਹਾਂ ਨੇ ਖੁਦ ਉਦੋਂ ਕੀ ਕੀਤਾ ਸੀ? ਉਨ੍ਹਾਂ ਨੇ ਅੱਗਾਂ ਲਾ ਕੇ ਅੱਗ ਸੇਕਦੇ ਹੱਥ ਫੜੇ ਕਿਉਂ ਨਹੀਂ ਸੀ? ਨਰਿੰਦਰ ਮੋਦੀ ਦੇ ਕਹਿਰ ਦੇ ਵੇਲੇ ਚੁੱਪ ਰਹਿਣ ਵਾਲੇ ਕਾਂਗਰਸੀਆਂ ਦੇ ਸਿਰ ਗੁਜਰਾਤ ਦਾ ਗੁਨਾਹ ਤੇ ਦਿੱਲੀ ਵਿਚ ਕਾਂਗਰਸੀਆਂ ਦੇ ਕਹਿਰ ਨੂੰ ਮੂਕ ਦਰਸ਼ਕ ਬਣ ਕੇ ਵੇਖਣ ਵਾਲੇ ਭਾਜਪਾਈਆਂ ਦੇ ਸਿਰ ਦਿੱਲੀ ਦਾ ਦੋਸ਼ ਵੀ ਹੈ ਤੇ ਪੰਜਾਬ ਵਿਚ ਨੀਂਵੀਂ ਪਾਉਣ ਵਾਲੇ ਅਕਾਲੀਆਂ ਨੂੰ ਵੀ ਇਸ ਤੋਂ ਬਾਹਰ ਨਹੀਂ ਕੀਤਾ ਜਾ ਸਕਦਾ। ਆਪੋ ਆਪਣੇ ਗੁਨਾਹ ਦਾ ਲੇਖਾ ਇਹ ਸਾਰੇ ਆਗੂ ਕਿਸ ਦਿਨ ਦੇਣਗੇ?



ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

*24/7 Customer Service Available*
*Same rate for lanline and mobile.*

ਟੌਲ ਫਰੀ ਨੰਬਰ 1-888-652-6268
732-983-4332/4333

# ਯਾਦਗਾਰੀ ਰਹੀਆਂ ਕਿਲਾ ਰਾਇਪੁਰ ਖੇਡਾਂ

## ਖੇਡਾਂ ਦਾ ਸ਼ਿੰਗਾਰ ਬਣੀਆਂ ਬੈਲਗੱਡੀਆਂ ਦੀਆਂ ਦੌੜਾਂ



**ਲੁਧਿਆਣਾ:** ਕਿਲਾ ਰਾਏਪੁਰ ਦਾ ਖੇਡ ਮੇਲਾ ਅਮਿੱਟ ਯਾਦਾਂ ਛੱਡਦਾ ਸਮਾਪਤ ਹੋ ਗਿਆ। ਮੇਲੇ ਦੇ ਆਖਰੀ ਦਿਨ ਬੈਲ ਗੱਡੀਆਂ ਦੀ ਦੌੜ ਗੋਲੂ ਜੋਧਾਂ ਸੁੱਖਨਾਗਰਾ ਦੇ ਬਲਦਾਂ ਨੇ ਜਿੱਤੀ ਤੇ ਇਕ ਲੱਖ ਰੁਪਏ ਦਾ ਇਨਾਮ ਆਪਣੇ ਨਾਂ ਕੀਤਾ। ਟਰੈਕਟਰ ਦੌੜ ਸਾਹੀਬਾਨਾ ਦੇ ਦਿਲਪ੍ਰੀਤ ਸਿੰਘ ਨੇ ਜਦੋਂਕਿ ਘੋੜਿਆਂ ਦੀ ਦੌੜ ਕਕਰਾਲਾ ਦੇ ਜੁਝਾਰ ਸਿੰਘ ਦੇ ਘੋੜੇ ਨੇ ਜਿੱਤੀ। ਇਸ ਮੇਲੇ ਵਿਚ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਮੁਨੀਸ਼ ਤਿਵਾੜੀ ਤੇ ਪੰਜਾਬ ਦੇ ਖੁਰਾਕ ਤੇ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਵਿਸ਼ੇਸ਼ ਤੌਰ 'ਤੇ ਪਹੁੰਚੇ।

ਬੈਲ ਗੱਡੀਆਂ ਦੀ ਦੌੜ ਵਿਚ ਦੂਜੇ ਸਥਾਨ 'ਤੇ ਆਸੀ ਕਲਾਂ ਦੇ ਜੱਗੀ ਦੇ ਬਲਦ ਰਹੇ ਜਿਸ ਨੂੰ 75 ਹਜ਼ਾਰ ਰੁਪਏ ਜਦੋਂਕਿ ਤੀਜੇ ਸਥਾਨ 'ਤੇ ਰਹੇ ਰਣਜੀਤ ਸਿੰਘ ਰਾਹੂਵਾਰੀਆ ਦੇ ਬਲਦਾਂ ਨੇ 51 ਹਜ਼ਾਰ ਰੁਪਏ ਦਾ ਇਨਾਮ ਜਿੱਤਿਆ। ਇਸ ਤੋਂ ਬਾਅਦ ਟਰੈਕਟਰ ਦੌੜ ਵਿਚ ਟੂਸੇ ਦੇ ਹਰਵਿੰਦਰ ਸਿੰਘ ਨੇ ਦੂਜਾ ਤੇ ਬੁਘਰਾਨ ਦੇ ਜਾਗਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਘੋੜਿਆਂ ਦੀ ਦੌੜ ਵਿਚ ਕਕਰਾਲ ਦੇ ਜੁਝਾਰ ਸਿੰਘ ਦਾ ਘੋੜਾ ਪਹਿਲੇ, ਲਖਨੌਰ ਦੇ ਸਤਪਾਲ ਸਿੰਘ ਦਾ ਘੋੜਾ ਦੂਜੇ ਤੇ ਧੂਲਕੋਟ ਦੇ ਸਰਪੰਚ ਮਲਕੀਤ ਸਿੰਘ ਦਾ ਘੋੜਾ ਤੀਜੇ ਸਥਾਨ 'ਤੇ ਰਿਹਾ।

ਸਿਕਸ ਸਾਈਡ ਅੰਡਰ-17 ਹਾਕੀ ਦੇ ਖਿਤਾਬੀ ਮੁਕਾਬਲੇ ਵਿਚ ਜਰਖੜ ਹਾਕੀ ਅਕੈਡਮੀ ਨੇ ਸੰਗਰੂਰ ਹਾਕੀ ਅਕੈਡਮੀ ਨੂੰ 6-4 ਗੋਲਾਂ ਦੇ ਫਰਕ ਨਾਲ ਹਰਾਇਆ। ਸੱਤਰ ਸਾਲਾਂ ਗੱਭਰੂਆਂ ਦੀ 100 ਮੀਟਰ ਦੌੜ ਵਿਚ ਅਜੀਤ ਸਿੰਘ ਰੰਧਾਵਾ ਪਹਿਲੇ ਤੇ ਫੁੱਲਾਂਵਾਲ ਦਾ ਤੇਜਾ ਸਿੰਘ ਦੂਜੇ ਸਥਾਨ 'ਤੇ ਰਿਹਾ। 80 ਤੋਂ ਉਪਰ ਉਮਰ ਦੇ ਬਜ਼ੁਰਗਾਂ ਵਿਚੋਂ ਤੇਜਾ ਸਿੰਘ ਪਹਿਲੇ, ਦਲੀਪ ਸਿੰਘ ਦੂਜੇ ਤੇ ਅਮਰ ਸਿੰਘ ਤੀਜੇ ਸਥਾਨ 'ਤੇ ਰਿਹਾ। ਔਰਤਾਂ ਦੀ 200 ਦੌੜ ਵਿਚ ਸੰਨੀ, ਸੰਦੀਪ ਕੌਰ, ਕੁਲਵਿੰਦਰ ਕੌਰ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹੀਆਂ।

ਕਿਲਾ ਰਾਏਪੁਰ ਦਾ ਪੇਂਡੂ ਖੇਡ ਮੇਲਾ ਪੰਜਾਬ ਦੇ ਪੇਂਡੂ ਉਲੰਪਿਕਸ ਦੇ ਨਾਂ ਨਾਲ ਮਸ਼ਹੂਰ ਹੈ। ਇਹ ਸਭ ਤੋਂ ਵੱਡਾ ਪੇਂਡੂ ਖੇਡ ਮੇਲਾ ਹੈ। ਇਨ੍ਹਾਂ ਖੇਡਾਂ ਦਾ ਆਰੰਭ 1933 ਵਿਚ ਕਿਲਾ ਰਾਏਪੁਰ ਦੇ ਮੋਢੀਆਂ ਨੇ ਰਲ ਕੇ ਕੀਤਾ। ਉਨ੍ਹਾਂ ਗਰੇਵਾਲ ਸਪੋਰਟਸ ਐਸੋਸੀਏਸ਼ਨ ਦਾ ਗਠਨ ਕੀਤਾ ਜਿਸ ਦੇ ਮੋਢੀ ਇੰਦਰ ਸਿੰਘ ਗਰੇਵਾਲ ਨੂੰ ਥਾਪਿਆ ਗਿਆ। ਹਿੰਦ-ਪਾਕਿ ਦੀ ਵੰਡ ਤੱਕ ਗਰੇਵਾਲ ਇਸ ਐਸੋਸੀਏਸ਼ਨ ਦੇ ਪ੍ਰਧਾਨ ਰਹੇ।

ਵੰਡ ਹੋਣ ਤੋਂ ਪਹਿਲਾਂ ਇਸ ਖੇਡ ਮੇਲੇ 'ਚ ਲਾਹੌਰ ਦੀ ਕਬੱਡੀ ਟੀਮ ਵੀ ਹਿੱਸਾ ਲਿਆ ਕਰਦੀ ਸੀ। ਭਾਰਤ-ਪਾਕਿ ਵੰਡ ਪਿੱਛੋਂ ਇਸ ਮੇਲੇ 'ਚ ਆਧੁਨਿਕ ਖੇਡਾਂ ਅਥਲੈਟਿਕਸ, ਹਾਕੀ, ਵਾਲੀਬਾਲ ਤੇ ਜਿਮਨਾਸਟਿਕ ਨੂੰ ਵੀ ਸ਼ਾਮਲ ਕੀਤਾ ਗਿਆ। 1955 ਵਿਚ ਗੁਆਂਢੀ ਪਿੰਡ ਦੇ ਧਨਾਡ ਵਪਾਰੀ ਪ੍ਰਹਿਲਾਦ ਸਿੰਘ ਨੇ ਆਪਣੇ ਪੁੱਤਰ ਭਗਵੰਤ ਸਿੰਘ ਦੀ ਯਾਦ ਵਿਚ 100 ਤੋਲੇ ਦਾ ਸ਼ੁੱਧ ਸੋਨੇ ਦਾ ਕੱਪ ਬਣਾ ਕੇ ਇਸ ਐਸੋਸੀਏਸ਼ਨ ਨੂੰ ਦਿੱਤਾ ਜੋ ਹਾਕੀ ਮੁਕਾਬਲਿਆਂ ਲਈ ਰੱਖਿਆ ਗਿਆ।

ਸਾਲ 1964 ਵਿੱਚ ਗਰੇਵਾਲ ਸਪੋਰਟਸ ਐਸੋਸੀਏਸ਼ਨ ਦਾ ਕਾਰਜ ਕੌਮੀ ਪੱਧਰ ਦੇ ਖਿਡਾਰੀ ਹਰਭਜਨ ਸਿੰਘ ਤੇ ਦਲਜੀਤ ਸਿੰਘ ਨੂੰ ਸੌਂਪਿਆ ਗਿਆ। ਇਸੇ ਸਦਕਾ 1977 ਦੇ ਖੇਡ ਮੇਲੇ 'ਚ ਖੇਡ ਪ੍ਰੇਮੀਆਂ ਦੀ ਗਿਣਤੀ ਤਿੰਨ ਲੱਖ ਤੋਂ ਉਪਰ ਪਹੁੰਚੀ। ਇਸ ਖੇਡ ਮੇਲੇ 'ਚ ਰਵਾਇਤੀ ਤੇ ਨਵੀਨ ਖੇਡਾਂ ਦਾ ਖੂਬਸੂਰਤ ਸੁਮੇਲ ਹੁੰਦਾ ਹੈ। ਕਈ ਅਜੋਕੀਆਂ ਖੇਡਾਂ ਇਸ ਖੇਡ ਮੇਲੇ 'ਚ ਵੇਖਣ ਨੂੰ ਮਿਲਦੀਆਂ ਹਨ। ਇਸ ਦੇ ਨਾਲ ਨਾਲ ਪੁਰਾਤਨ ਖੇਡਾਂ ਨੂੰ ਜਿਊਂਦਾ ਰੱਖਣ ਦਾ ਸਿਹਰਾ ਵੀ ਕਿਲਾ ਰਾਏਪੁਰ ਦੀਆਂ ਖੇਡਾਂ ਦੇ ਸਿਰ ਹੀ ਜਾਂਦਾ ਹੈ।



ਖੇਡ ਮੇਲੇ 'ਚ ਬੈਲ ਗੱਡੀਆਂ ਦੀਆਂ ਦੌੜਾਂ ਤੋਂ ਇਲਾਵਾ ਘੋੜ ਸਵਾਰੀ, ਊਠ ਦੌੜ ਤੇ ਖੱਚਰ ਦੌੜ ਵੀ ਇਸ ਖੇਡ ਮੇਲੇ 'ਚ ਕਾਫੀ ਰੰਗ ਬੰਨ੍ਹਦੀ ਹੈ। ਇਨ੍ਹਾਂ ਖੇਡਾਂ ਤੋਂ ਇਲਾਵਾ ਸੁਹਾਗਾ ਦੌੜ, ਭੇਡੂਆਂ ਦੀ ਲੜਾਈ, ਕੁੱਕੜਾਂ ਦੀ ਲੜਾਈ, ਬੋਰੀ ਚੁੱਕਣ, ਮੁਧਕਰ ਚੁੱਕਣਾ, ਬਾਜ਼ੀਗਰ ਦੇ ਕਰਤਵ, ਸਾਈਕਲ ਦੌੜ, ਬੁਲ ਫਾਈਟਿੰਗ ਖੇਡਾਂ ਵੀ ਵੇਖਣ ਨੂੰ ਮਿਲਦੀਆਂ ਹਨ। ਖੇਡ ਮੇਲੇ 'ਚ ਲੜਕੀਆਂ ਦੀ ਹਾਕੀ, ਕਬੱਡੀ, ਜਿਮਨਾਸਟਿਕ ਤੇ ਅਥਲੈਟਿਕਸ ਦੇ ਵੀ ਮੁਕਾਬਲੇ ਕਰਵਾਏ ਜਾਂਦੇ ਹਨ।

## ਦੇਸੀ ਖੇਡਾਂ ਨੇ ਬੰਨ੍ਹਿਆ ਰੰਗ



**ਚੰਡੀਗੜ੍ਹ:** ਕਿਲ੍ਹਾ ਰਾਏਪੁਰ ਦੀਆਂ ਖੇਡਾਂ ਦਾ ਨਾਂ ਕਿਸੇ ਤੋਂ ਭੁੱਲਿਆ ਹੋਇਆ ਨਹੀਂ। ਇਥੇ ਬਲਦਾਂ ਨੂੰ ਭਜਾਉਣਾ ਤੇ ਉਨ੍ਹਾਂ ਨੂੰ ਭੱਜਦੇ ਦੇਖਣਾ ਲੋਕ ਆਪਣਾ ਮਾਣ ਸਮਝਦੇ ਹਨ। ਇਕ ਚਾਬਕ ਬੈਲ ਦੌੜਾਉਣ ਦੇ 200 ਤੋਂ 1000 ਰੁਪਏ ਲੈਂਦਾ ਹੈ। ਇਕੋ ਘਰ ਵਿਚ ਰੱਖੇ ਦੋ ਬੈਲ ਮਿਲ ਜਾਣ ਕਰਕੇ ਇਕੱਠੇ ਨਹੀਂ ਦੌੜਦੇ। ਬਲਵਿੰਦਰ ਸਿੰਘ ਕਿਲ੍ਹਾ ਰਾਏਪੁਰ 'ਚ ਹੀ ਨਹੀਂ ਬਲਕਿ ਹੋਰ ਖੇਡ ਮੇਲਿਆਂ ਵਿਚ ਵੀ ਬੈਲਗੱਡੀਆਂ ਦੌੜਾਉਣ ਦਾ ਮਾਹਿਰ ਹੈ। ਉਹ ਪਿਛਲੇ 43 ਸਾਲਾਂ ਤੋਂ ਲਗਾਤਾਰ ਕਿਲ੍ਹਾ ਰਾਏਪੁਰ ਦੇ ਖੇਡੇ ਮੇਲੇ ਵਿਚ ਬੈਲ ਦੌੜਾਉਣ ਆਉਂਦਾ ਹੈ।

ਉਸ ਅਨੁਸਾਰ ਉਹ ਛੋਟਾ ਬੱਚਾ ਹੀ ਸੀ ਜਦੋਂ ਤੋਂ ਉਸ ਨੇ ਬੈਲ ਭਜਾਉਣੇ ਸ਼ੁਰੂ ਕਰ ਦਿੱਤੇ ਸਨ। ਇਥੇ ਬੈਲ ਲੈ ਕੇ ਆਉਂਦੇ ਬਹੁਤੇ ਮਾਲਕ ਉਸ ਨੂੰ ਹੀ ਆਪਣੇ ਬਲਦਾਂ ਦਾ ਚਾਬਕ ਬਣਾਉਂਦੇ ਹਨ। ਉਹ ਹਰ ਇਕ ਬੈਲਗੱਡੀ ਨੂੰ ਦੌੜਾਉਣ ਲਈ 200, 500, 1000 ਰੁਪਏ ਤੱਕ ਲੈ ਲੈਂਦਾ ਹੈ। ਚਾਰ ਹੀਟ ਵਾਲੀਆਂ ਬੈਲਗੱਡੀਆਂ ਭਜਾਉਣ ਵਿਚ ਮਾਹਿਰ ਬਲਵਿੰਦਰ ਦਾ ਕਹਿਣਾ ਹੈ ਕਿ ਨਵੇਂ ਚਾਬਕ ਬਹੁਤ ਘੱਟ ਜਾਣਦੇ ਹਨ ਕਿ ਬੈਲਾਂ ਨੂੰ ਕਿਵੇਂ ਤੇਜ਼ ਦੌੜਾਉਣਾ ਹੈ। ਉਸ ਨੇ ਦੱਸਿਆ ਕਿ ਉਹ ਬੈਲ ਭਜਾਉਣ ਦੇ ਨਾਲ-ਨਾਲ ਮੇਲੇ ਵਿਚ ਆਪਣੇ ਪਾਲੇ ਹੋਏ ਬੈਲ ਲੈ ਕੇ ਵੀ ਆਉਂਦਾ ਹੈ।

ਇਸ ਵਾਰ ਮੇਲੇ ਵਿਚ ਉਸ ਦੇ ਬੈਲਾਂ ਨੂੰ ਜਪਾਨ ਤੋਂ ਆਏ ਸਟੰਟਮੈਨ ਤੋਮਿਤਾ ਤੇ ਕਤਸੂਈਆ ਨੇ ਦੌੜਾਇਆ ਹੈ। ਜਪਾਨੀ ਜੋੜੀ ਨੇ ਉਸ ਦੇ ਬੈਲ ਦੌੜਾਉਣ ਲਈ ਉਸ ਨੂੰ 16000 ਰੁਪਏ ਦੇਣੇ ਹਨ। ਉਸ ਵੱਲੋਂ ਭਜਾਏ ਬਲਦਾਂ ਨੇ ਕਈ ਵਾਰ ਕਿਲ੍ਹਾ ਰਾਏਪੁਰ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਇਨਾਮ ਵੀ ਜਿੱਤੇ ਹਨ। ਪਿੰਡ ਜੜਤੌਲੀ ਤੋਂ ਆਪਣੇ ਬਲਦ ਲੈ ਕੇ ਆਏ ਗੁਲਾਮਦੀਨ ਨੇ ਕਿਹਾ ਕਿ ਉਹ 1992 ਤੋਂ ਇਥੇ ਬਲਦ ਭਜਾਉਣ ਲਈ ਲੈ ਕੇ ਆ ਰਿਹਾ ਹੈ।

ਰਾਏਕੋਟ ਦੇ ਤਾਜਪੁਰ ਇਲਾਕੇ ਵਿਚੋਂ ਆਪਣੇ ਬਲਦ ਲੈ ਕੇ ਆਏ ਅਮਨਦੀਪ ਸਿੰਘ ਨੇ ਦੱਸਿਆ ਕਿ ਉਹ ਆਪਣੇ ਬਲਦਾਂ ਨੂੰ ਛੋਲਿਆਂ ਦਾ ਦੋ-ਢਾਈ ਕਿਲੋ ਦਾਣਾ, ਦੁੱਧ, ਅਲਸੀ, ਤਾਰਾਮੀਰਾ ਦਿੰਦਾ ਹੈ ਤਾਂ ਜੋ ਬਲਦ ਤਕੜੇ ਹੋਣ ਦੇ ਨਾਲ-ਨਲ ਫੁਰਤੀਲੇ ਵੀ ਰਹਿਣ। ਪਿੰਡ ਮਾਣੂੰਕੇ ਤੋਂ ਆਏ ਜਰਨੈਲ ਸਿੰਘ ਨੇ ਦੱਸਿਆ ਕਿ ਉਹ 1972 ਤੋਂ ਇਥੇ ਆਪਣੇ ਬਲਦ ਦੌੜਾਉਣ ਲਈ ਆ ਰਿਹਾ ਹੈ। ਉਸ ਦੇ ਬਲਦ 2012 ਵਿਚ ਜੇਤੂ ਰਹੇ ਸਨ। ਉਹ ਆਪਣੇ ਦੁੱਗੇ, ਚੌਗੇ ਤੇ ਛਿੱਗੇ ਬੈਲ ਇਸ ਮੈਦਾਨ 'ਤੇ ਦੌੜਾ ਚੁੱਕਾ ਹੈ। ਉਹ ਕਹਿੰਦਾ ਹੈ ਕਿ ਚੰਗੇ ਬਲਦ ਦੀ ਪਛਾਣ ਸਿੱਧੀਆਂ ਲੱਤਾਂ, ਛੋਟੀ ਪੂਛ, ਮੋਟੀਆਂ ਅੱਖਾਂ, ਲੰਬੀ ਧੌਣ, ਖੁਰ ਸਿੱਧੇ ਤੇ ਪਤਲੇ ਕੰਨ ਹਨ। ਉਹ ਆਪਣੇ ਬਲਦਾਂ ਨੂੰ ਸਵੇਰੇ 2 ਤੋਂ 3 ਕਿਲੋਮੀਟਰ ਤੱਕ ਸੈਰ ਵੀ ਕਰਾਉਂਦਾ ਹੈ। ਮਾਧਪੁਰ ਤੋਂ ਬਲਦ ਲੈ ਕੇ ਆਏ ਹਰਦੇਵ ਸਿੰਘ ਨੇ ਦੱਸਿਆ ਕਿ ਉਹ ਵੀ ਪਿਛਲੇ 30 ਕੁ ਸਾਲ ਤੋਂ ਇੱਥੇ ਬਲਦ ਲੈ ਕੇ ਆ ਰਿਹਾ ਹੈ। ਉਸ ਨੇ ਕਈ ਬਲਦ ਪਾਲੇ ਹਨ ਜੋ ਰਾਜਸਥਾਨ ਤੋਂ ਖਰੀਦ ਕੇ ਲਿਆਂਦੇ ਸਨ। ਇਸੇ ਤਰ੍ਹਾਂ ਗੁੱਜਰਵਾਲ ਦੀਆਂ ਬੈਲਗੱਡੀਆਂ ਦੀਆਂ ਦੌੜਾਂ ਵਿਚੋਂ ਕਾਰ ਜਿੱਤਣ ਵਾਲਾ ਹਰਪ੍ਰੀਤ ਵੀ ਇਨ੍ਹਾਂ ਖੇਡਾਂ ਵਿਚ ਆਪਣੇ ਬੈਲ ਦੌੜਾਉਣ ਲਈ ਲੈ ਕੇ ਆਇਆ ਹੋਇਆ ਸੀ। ਉਸ ਦਾ ਕਹਿਣਾ ਸੀ ਕਿ ਭਾਵੇਂ ਲੋਕਾਂ ਨੇ ਕਈ-ਕਈ ਬਲਦ ਪਾਲੇ ਹੋਏ ਹਨ ਪਰ ਉਹ ਇੱਥੇ ਆ ਕੇ ਕਿਸੇ ਹੋਰ ਬੈਲ ਨਾਲ ਜੋੜੀ ਬਣਾ ਕੇ ਹੀ ਬਲਦ ਭਜਾਉਂਦਾ ਹੈ ਕਿਉਂਕਿ ਇਕੋ ਘਰ ਵਿਚ ਰੱਖੇ ਦੋ ਬੈਲ ਮਿਲ ਜਾਂਦੇ ਹਨ ਤੇ ਉਹ ਦੌੜਦੇ ਨਹੀਂ। ਇਹ ਹੀ ਗੱਲ ਇਥੇ ਆਪੋ ਆਪਣੇ ਬੈਲ ਲੈ ਕੇ ਆਏ ਹੋਰ ਲੋਕਾਂ ਨੇ ਵੀ ਸਵੀਕਾਰ ਕੀਤੀ ਹੈ। ਇਸ ਮੇਲੇ ਦੀਆਂ ਰੌਣਕਾਂ ਸਿਰਫ ਬੈਲਾਂ ਨਾਲ ਹੀ ਨਹੀਂ ਸਗੋਂ ਬੈਲਾਂ ਨੂੰ ਸਜਾਉਣ ਵਾਲੀਆਂ ਚੀਜ਼ਾਂ ਨੂੰ ਦੇਖਣ ਵਾਲਿਆਂ ਦੀ ਵੀ ਹੈ। ਮੈਦਾਨ ਦੇ ਬਾਹਰ ਹੀ ਮਾਲੇਰਕੋਟਲਾ ਤੋਂ ਆਏ ਇਕ ਨੌਜਵਾਨ ਨੇ ਆਪਣੀ ਫੜ੍ਹੀ ਲਾਈ ਹੋਈ ਹੈ ਜਿਸ 'ਤੇ ਬੈਲਾਂ ਨੂੰ ਸਜਾਉਣ ਵਾਲੀਆਂ ਚੀਜ਼ਾਂ ਰੱਖੀਆਂ ਹੋਈਆਂ ਹਨ। ਉਸ ਵੱਲੋਂ ਕੋਕਿਆਂ ਨਾਲ ਸ਼ਿੰਗਾਰੇ ਖੂੰਡੇ ਵੀ ਮੇਲੀਆਂ ਨੂੰ ਆਕਰਸ਼ਿਤ ਕਰ ਰਹੇ ਹਨ।

## ਕਾਂਗਰਸ ਨਾਲੋਂ ਨਾਤਾ ਤੋੜਨ ਬਾਰੇ ਹੁਕਮਨਾਮਾ ਜਾਰੀ ਹੋਵੇ:ਰਾਜੋਆਣਾ

**ਪਟਿਆਲਾ:** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਨੇ ਕਿਹਾ ਹੈ ਕਿ ਦਿੱਲੀ ਵਿਚ ਹੋਏ ਸਿੱਖ ਵਿਰੋਧੀ ਦੰਗਿਆਂ ਬਾਰੇ ਰਾਹੁਲ ਗਾਂਧੀ ਦੇ ਖੁਲਾਸੇ ਬਾਅਦ ਕਾਂਗਰਸ ਦਾ ਅਸਲੀ ਚੇਹਰਾ ਬੇਨਕਾਬ ਹੋ ਗਿਆ ਹੈ। ਇਸ ਲਈ ਹੁਣ ਅਕਾਲ ਤਖਤ ਸਾਹਿਬ ਤੋਂ ਸਿੱਖ ਭਾਈਚਾਰੇ ਲਈ ਕਾਂਗਰਸ ਨਾਲੋਂ ਨਾਤਾ ਤੋੜਨ ਬਾਰੇ ਹੁਕਮਨਾਮਾ ਜਾਰੀ ਕਰਨਾ ਚਾਹੀਦਾ ਹੈ।

ਇਥੇ ਜੇਲ੍ਹ ਵਿਚ ਮੁਲਾਕਾਤ ਲਈ ਆਈ ਆਪਣੀ ਭੈਣ ਕਮਲਦੀਪ ਕੌਰ ਦੇ ਹੱਥ ਭੇਜੇ ਪੱਤਰ ਵਿਚ ਉਨ੍ਹਾਂ ਕਿਹਾ ਹੈ ਕਿ ਜੇਕਰ ਡੇਰਾ ਮੁਖੀ ਨਾਲ ਸਾਂਝ ਰੱਖਣ ਵਾਲੇ ਸਿੱਖਾਂ ਨੂੰ ਵਰਜਦਾ ਹੁਕਮਨਾਮਾ ਜਾਰੀ ਹੋ ਸਕਦਾ ਹੈ ਤਾਂ ਫਿਰ ਸਿੱਖਾਂ ਨੂੰ ਕਾਂਗਰਸ ਨਾਲੋਂ ਨਾਤਾ ਤੋੜਨ ਦੀ ਹਦਾਇਤ ਕਰਨੀ ਵੀ ਗਲਤ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦਾ ਰਵੱਈਆ ਹਮੇਸ਼ਾ ਹੀ ਸਿੱਖ ਵਿਰੋਧੀ ਰਿਹਾ ਹੈ ਪਰ ਹੁਣ ਤਾਂ ਰਾਹੁਲ ਗਾਂਧੀ ਨੇ ਖ਼ੁਦ ਕਾਂਗਰਸੀਆਂ ਦੇ ਸਿੱਖ ਵਿਰੋਧੀ ਦੰਗਿਆਂ ਵਿਚ ਸ਼ਾਮਲ ਹੋਣ ਦੀ ਪੁਸ਼ਟੀ ਕਰ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਿੱਖ ਸਮਾਜ ਨੂੰ ਕਾਂਗਰਸ ਦਾ ਬਾਈਕਾਟ ਕਰਨਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਵੀ ਜਦੋਂ ਰਾਜੋਆਣਾ ਨੂੰ ਫਾਂਸੀ ਲਗਾਉਣ ਦੇ ਹੁਕਮ ਜਾਰੀ ਹੋਏ ਸਨ ਤਾਂ ਅਕਾਲ ਤਖਤ ਸਾਹਿਬ ਵੱਲੋਂ ਬੇਅੰਤ ਸਿੰਘ ਕਤਲ ਕੇਸ ਦੌਰਾਨ ਮਨੁੱਖੀ ਬੰਬ ਬਣੇ ਪਟਿਆਲਾ ਵਾਸੀ ਦਿਲਾਵਰ ਸਿੰਘ ਨੂੰ ਰਾਜੋਆਣਾ ਦੀ ਅਪੀਲ 'ਤੇ ਕੌਮੀ ਸ਼ਹੀਦ ਦਾ ਦਰਜਾ ਦਿੱਤਾ ਗਿਆ ਸੀ ਜਦੋਂਕਿ ਬਲਵੰਤ ਸਿੰਘ ਰਾਜੋਆਣਾ ਨੂੰ ਅਕਾਲ ਤਖ਼ਤ ਨੇ ਜਿੰਦਾ ਸ਼ਹੀਦ ਦਾ ਖਿਤਾਬ ਦਿੱਤਾ ਸੀ।

## ਬਾਬਾ ਜਰਨੈਲ ਸਿੰਘ ਉਤੇ ਹਮਲਾ

**ਆਨੰਦਪੁਰ ਸਾਹਿਬ:** ਸ੍ਰੀ ਗੁਰੂ ਗੋਬਿੰਦ ਸਿੰਘ ਦੇ ਵਿਆਹ ਪੁਰਬ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਮਰਹੂਮ ਜਥੇਦਾਰ ਗਿਆਨੀ ਤ੍ਰਿਲੋਚਨ ਸਿੰਘ ਦੇ ਵੱਡੇ ਭਰਾ ਬਾਬਾ ਜਰਨੈਲ ਸਿੰਘ ਕਾਰ ਸੇਵਾ ਕਿਲ੍ਹਾ ਆਨੰਦਗੜ੍ਹ ਸਾਹਿਬ ਵਾਲਿਆਂ, ਉਨ੍ਹਾਂ ਦੇ ਲੜਕੇ ਚੌਹਾਨ ਸਿੰਘ ਤੇ ਭਤੀਜੇ ਗੁਰਪ੍ਰੀਤ ਸਿੰਘ 'ਤੇ 6 ਅਣਪਛਾਤੇ ਨੌਜਵਾਨਾਂ ਵੱਲੋਂ ਕਾਤਲਾਨਾ ਹਮਲਾ ਕੀਤਾ ਗਿਆ। ਇਸ ਹਮਲੇ ਵਿਚ ਤਿੰਨੋਂ ਜਣੇ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਭਾਈ ਜੈਤਾ ਜੀ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਜਾਣਕਾਰੀ ਅਨੁਸਾਰ ਜਦੋਂ ਬਾਬਾ ਜਰਨੈਲ ਸਿੰਘ ਗੁਰੂ ਕਾ ਲਾਹੌਰ ਦੇ ਦੀਵਾਨ ਹਾਲ ਦੀ ਸਟੇਜ ਤੋਂ ਬੋਲ ਕੇ ਲੰਗਰ ਹਾਲ ਕੋਲ ਵਾਪਸ ਆ ਰਹੇ ਸਨ ਤਾਂ 5-6 ਅਣਪਛਾਤੇ ਨੌਜਵਾਨਾਂ ਨੇ ਹਥਿਆਰਾਂ ਨਾਲ ਬਾਬਾ ਜਰਨੈਲ ਸਿੰਘ ਤੇ ਬੇਟੇ ਤੇ ਭਤੀਜੇ 'ਤੇ ਹਮਲਾ ਕਰਕੇ ਜ਼ਖਮੀ ਕਰ ਦਿੱਤਾ।

## ਮੁੱਖ ਮੰਤਰੀ ਹੁੱਡਾ ਦੇ ਥੱਪੜ ਮਾਰਨ ਦੀ ਕੋਸ਼ਿਸ਼

**ਪਾਣੀਪਤ:** ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਸੁਰੱਖਿਆ ਵਿਚ ਉਸ ਸਮੇਂ ਵੱਡੀ ਖਾਮੀ ਦੇਖਣ ਨੂੰ ਮਿਲੀ ਜਦੋਂ ਇਕ ਨੌਜਵਾਨ ਨੇ ਉਨ੍ਹਾਂ ਨੂੰ ਥੱਪੜ ਮਾਰਨ ਦੀ ਕੋਸ਼ਿਸ਼ ਕੀਤੀ। ਇਸ ਹਮਲੇ ਦੌਰਾਨ ਸ੍ਰੀ ਹੁੱਡਾ ਨੂੰ ਧੱਫਾ ਜ਼ਰੂਰ ਵੱਜਿਆ। ਹਮਲਾ ਕਰਨ ਵਾਲੇ ਨੌਜਵਾਨ ਨੂੰ ਪੁਲਿਸ ਨੇ ਕਾਬੂ ਕਰ ਲਿਆ ਹੈ ਤੇ ਸਭ ਦੇ ਸਾਹਮਣੇ ਚੰਗਾ ਕੁਟਾਪਾ ਚਾੜ੍ਹਨ ਤੋਂ ਬਾਅਦ ਉਸ ਨੂੰ ਮੌਕੇ ਤੋਂ ਲੈ ਗਏ। ਉਸ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।



ਖੁੱਲ੍ਹੀ ਜੀਪ ਵਿਚ ਸਵਾਰ ਸ੍ਰੀ ਹੁੱਡਾ ਦੇ ਸਵਾਗਤ ਲਈ ਕਾਫਿਲਾ ਜਦ ਹੈਦਰਬਾਦੀ ਹਸਪਤਾਲ ਨੇੜੇ ਰੁਕਿਆ ਤਾਂ ਨੌਜਵਾਨ ਕਮਲ ਮੁਖੀਜਾ ਜੀਪ ਨੇੜੇ ਪਹੁੰਚਿਆ ਤੇ ਉਸ ਨੇ ਮੁੱਖ ਮੰਤਰੀ ਦੇ ਮੂੰਹ 'ਤੇ ਥੱਪੜ ਮਾਰਨ ਦੀ ਕੋਸ਼ਿਸ਼ ਕੀਤੀ। ਉਸ ਦਾ ਧੱਫਾ ਸ੍ਰੀ ਹੁੱਡਾ ਦੇ ਖੱਬੇ ਮੋਢੇ 'ਤੇ ਲੱਗਿਆ ਤੇ ਉਨ੍ਹਾਂ ਨੇ ਵੀ ਨੌਜਵਾਨ ਨੂੰ ਧੱਕਾ ਮਾਰ ਦਿੱਤਾ। ਇਸ ਘਟਨਾ ਤੋਂ ਬਾਅਦ ਪੁਲਿਸ ਹਰਕਤ ਵਿਚ ਆਈ ਤੇ ਉਸ ਨੂੰ ਕੱਟਦੀ ਹੋਈ ਗੱਡੀ ਵਿਚ ਪਾ ਕੇ ਲੈ ਗਈ। ਸੋਨੀਪਤ ਜ਼ਿਲ੍ਹੇ ਦੇ ਗੋਹਾਣਾ ਵਾਸੀ ਕਮਲ ਮੁਖੀਜਾ ਨੇ ਡੀਐਸਪੀ ਭਰਤੀ ਲਈ ਕੁਝ ਸਾਲ ਪਹਿਲਾਂ ਪ੍ਰੀਖਿਆ ਦਿੱਤੀ ਸੀ ਪਰ ਉਸ ਦੀ ਚੋਣ ਨਹੀਂ ਹੋਈ ਸੀ। ਇਸ ਤੋਂ ਬਾਅਦ ਉਹ ਨਿਰਾਸ਼ ਚਲਿਆ ਆ ਰਿਹਾ ਸੀ।

# ਗੁਰਦੁਆਰਾ ਸੈਨ ਹੋਜ਼ੇ 'ਚ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਤੇ ਭਾਈ ਦਵਿੰਦਰ ਸਿੰਘ ਸੋਢੀ ਦਾ ਸਨਮਾਨ

**ਸੈਨ ਹੋਜ਼ੇ (ਬਿਊਰੋ):** ਪੰਥ ਪ੍ਰਸਿਧ ਵਿਦਵਾਨ ਅਤੇ ਕਥਾਵਾਚਕ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਯੂ. ਕੇ. ਦਾ ਇਥੇ ਗੁਰਦੁਆਰਾ ਸੈਨ ਹੋਜ਼ੇ ਵਿਖੇ ਸੱਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਰਾਇ ਦੇ ਪ੍ਰਕਾਸ਼ ਪੁਰਬ ਮੌਕੇ ਐਤਵਾਰ ਨੂੰ ਸਜੇ ਦੀਵਾਨ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਸੰਗਤਾਂ ਵਲੋਂ ਉਨ੍ਹਾਂ ਦੀਆਂ ਜੀਵਨ ਭਰ ਦੀਆਂ ਪੰਥਕ ਸੇਵਾਵਾਂ ਨੂੰ ਧਿਆਨ ਵਿਚ ਰਖਦਿਆਂ ਸਿਰੋਪਾਉ ਅਤੇ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਪੰਥ ਪ੍ਰਸਿਧ ਰਾਗੀ ਭਾਈ ਦਵਿੰਦਰ ਸਿੰਘ ਸੋਢੀ ਦਾ ਵੀ ਪ੍ਰਬੰਧਕ ਕਮੇਟੀ ਵਲੋਂ ਉਨ੍ਹਾਂ ਦੀਆਂ ਪੰਥਕ ਸੇਵਾਵਾਂ ਲਈ ਮਾਣ-ਸਨਮਾਨ ਕੀਤਾ ਗਿਆ।

ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਅਤੇ ਪੰਥਕ ਏਕਤਾ ਦੇ ਮੁਦੱਈ ਗਿਆਨੀ ਗੁਲਸ਼ਨ 1965 ਤੋਂ ਗੁਰਮਤਿ ਪ੍ਰਚਾਰ ਲਈ ਵਿਦੇਸ਼ਾਂ ਵਿਚ ਸਰਗਰਮ ਹਨ ਅਤੇ ਗੁਰ ਸ਼ਬਦ ਦੀ ਸਿਧਾਂਤਕ ਵਿਆਖਿਆ ਵਿਚ ਆਪਣੀ ਮਿਸਾਲ ਆਪ ਹਨ।



ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

ਉਨ੍ਹਾਂ 'ਦਰਪਣ ਸਿੱਖ ਰਹਿਤ ਮਰਯਾਦਾ' ਤੇ 'ਬਾਦਸ਼ਾਹ ਦਰਵੇਸ਼' ਨਾਂ ਦੀਆਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਦੋ ਪੁਸਤਕਾਂ ਅਤੇ ਅਨੇਕਾਂ ਸੀਡੀਆਂ ਸਿੱਖ ਜਗਤ ਨੂੰ ਦਿੱਤੀਆਂ ਹਨ। ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਦਾ ਸਨਮਾਨ ਕਰਨ ਸਮੇਂ ਡਾ. ਪ੍ਰਭਜੋਤ ਸਿੰਘ, ਭਾਈ ਧਰਮ ਸਿੰਘ ਅਖੰਡ ਕੀਰਤਨੀ ਜਥਾ, ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ ਮੁਖੀ 'ਸਰਵੈਂਟਸ ਆਫ਼ ਹਿਊਮੈਨਿਟੀ', ਗਿਆਨੀ ਸਕੱਤਰ ਸਿੰਘ ਸਾਬਕਾ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਗਮੋਹਨ ਸਿੰਘ ਸਾਹਨੀ, ਡਾ. ਮਨਪ੍ਰੀਤ ਕੌਰ, ਹੈਡ ਗ੍ਰੰਥੀ ਭਾਈ ਮਹਿੰਦਰ ਸਿੰਘ ਬਾਜਵਾ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਤੱਖਰ, ਜਨਰਲ ਸਕੱਤਰ ਭੁਪਿੰਦਰ ਸਿੰਘ ਢਿਲੋਂ ਤੋਂ ਇਲਾਵਾ ਡਾ. ਗੁਰਿੰਦਰਪਾਲ ਸਿੰਘ, ਸਰਬਜੋਤ ਸਿੰਘ ਸਵੱਦੀ, ਰਾਜਿੰਦਰ ਸਿੰਘ ਮੰਘਰ, ਨਰਿੰਦਰਪਾਲ ਸਿੰਘ, ਹਰਿਭਜਨ ਸਿੰਘ ਜੌਹਲ ਅਤੇ ਹੋਰ ਕਮੇਟੀ ਮੈਂਬਰ ਹਾਜ਼ਰ ਸਨ।



ਭਾਈ ਦਵਿੰਦਰ ਸਿੰਘ ਸੋਢੀ ਦਾ ਸਿਰੋਪਾਓ ਨਾਲ ਸਨਮਾਨ ਕਰਦੇ ਹੋਏ ਪ੍ਰਬੰਧਕ

# ਨਸ਼ਾ ਵਿਰੋਧੀ ਮੁਹਿੰਮ ਨੂੰ ਲੀਹੋਂ ਲਾਉਣ ਦੇ ਕੋਝੇ ਯਤਨ-ਮਹੇੜੂ

**ਫਰੀਮਾਂਟ (ਬਿਊਰੋ):** ਪੰਜਾਬ ਵਿਚ ਚਲ ਰਹੇ ਨਸ਼ਿਆਂ ਦੇ ਹੜ੍ਹ ਖਿਲਾਫ ਉਠੇ ਰੋਹ ਨੂੰ ਲੀਹੋਂ ਲਾਹੁਣ ਲਈ ਸੌੜੀ ਰਾਜਨੀਤੀ ਇਕ ਵਾਰ ਫਿਰ



ਜਖਮਾਂ 'ਤੇ ਮੱਲ੍ਹਮ ਲਾਉਣ ਦੀ ਬਜਾਏ ਲੂਣ ਛਿੜਕ ਕੇ ਦੁਖੀ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਲੱਗੀ ਹੈ ਤਾਂ ਜੋ ਇਸ ਵਬਾ ਵਲੋਂ ਆਮ ਲੋਕਾਂ ਦਾ ਧਿਆਨ ਪਾਸੇ ਕੀਤਾ ਜਾ ਸਕੇ। ਇਹ ਵਿਚਾਰ ਕੈਲੀਫੋਰਨੀਆ ਦੇ ਨਾਮੀ ਖੇਡ ਕਲੱਬ ਯੂਨਾਈਟਿਡ ਸਪੋਰਟਸ ਦੇ ਜਨਰਲ ਸਕੱਤਰ ਗੁਰਦਾਵਰ ਸਿੰਘ ਮਹੇੜੂ ਨੇ ਇਥੇ ਜਾਰੀ ਇਕ ਬਿਆਨ ਵਿਚ ਪ੍ਰਗਟਾਏ।

ਸ. ਮਹੇੜੂ ਨੇ ਆਖਿਆ ਕਿ ਪੰਜਾਬ ਵਿਚ ਇਸ ਸਮੇਂ ਨਸ਼ਿਆਂ ਕਾਰਨ ਜਵਾਨੀ ਦਾ ਘਾਣ ਹੋ ਰਿਹਾ ਹੈ ਪਰ ਕਿਸੇ ਵੀ ਸਿਆਸੀ ਪਾਰਟੀ ਨੂੰ ਇਸ ਦਾ ਕੋਈ ਫਿਕਰ ਨਹੀਂ। ਸਭ ਨੂੰ ਆਪੋ ਆਪਣੇ ਸਿਆਸੀ ਹਿੱਤਾਂ ਦਾ ਫਿਕਰ ਹੈ ਅਤੇ ਇਹੋ ਕਾਰਨ ਹੈ ਕਿ ਪਾਰਟੀ ਭਾਵੇਂ ਕੋਈ ਵੀ ਹੋਵੇ, ਸਭ ਵਲੋਂ ਅਪਰਾਧੀਆਂ ਤੇ ਸਮੱਗਲਰਾਂ ਨੂੰ ਕਿਵੇਂ ਨਾ ਕਿਵੇਂ ਬਚਾਉਣ ਦੀ ਕੋਸ਼ਿਸ਼ ਲਗਾਤਾਰ ਜਾਰੀ ਹੈ। ਉਨ੍ਹਾਂ ਕਿਹਾ ਕਿ ਯਾਦੂ, ਨਿਸ਼ਾਨ, ਔਲਖ ਜਾਂ ਚਾਹਲ ਵਰਗੇ ਕਿੰਨੀਆਂ ਜਾਨਾਂ ਖਾ ਜਾਣ, ਕਿਸੇ ਨੂੰ ਕੋਈ ਫਿਕਰ ਨਹੀਂ ਕਿਉਂਕਿ ਇਹ ਲੋਕ ਉਨ੍ਹਾਂ ਲਈ ਕਮਾਈ ਦਾ ਸਾਧਨ ਹਨ। ਬੱਸ ਐਂਵੇ ਕਦੇ ਭੋਲ਼ੇ ਵਰਗਾ ਕੋਈ ਕਈ ਵਾਰ ਬੋਲ ਪੈਂਦਾ ਹੈ। ਨਸ਼ਿਆਂ ਦੇ ਰੋਗ ਤੋਂ ਬਚਣ ਦਾ ਇਕੋ ਇਕ ਉਪਾਅ ਲੋਕਾਂ ਵਲੋਂ ਇਸ ਦੇ ਵਿਰੋਧ ਵਿਚ ਸਾਂਝੀ ਅਵਾਜ਼ ਉਠਾਉਣਾ ਹੈ ਅਤੇ ਇਹੋ ਸਿਆਸੀ ਲੋਕ ਹੋਣ ਨਹੀਂ ਦੇਣਾ ਚਾਹੁੰਦੇ।

# ਆਸਾਰਾਮ ਕੋਲ 10 ਹਜ਼ਾਰ ਕਰੋੜ ਦੀ ਦੌਲਤ

**ਸੂਰਤ:** ਬਾਪੂ ਆਸਾਰਾਮ 10 ਹਜ਼ਾਰ ਕਰੋੜ ਰੁਪਏ ਦੀ ਦੌਲਤ ਤੇ ਦੇਸ਼ ਭਰ ਵਿਚ ਬੇਸ਼ੁਮਾਰ ਜ਼ਮੀਨ ਦਾ ਮਾਲਕ ਹੈ। ਸੂਰਤ ਦੇ ਪੁਲਿਸ ਕਮਿਸ਼ਨਰ ਰਾਕੇਸ਼ ਅਸਥਾਨਾ ਮੁਤਾਬਕ ਛਾਪੇ ਦੌਰਾਨ ਜ਼ਬਤ ਕੀਤੇ ਗਏ ਦਸਤਾਵੇਜ਼ਾਂ ਦੀ ਪੁਣਛਾਣ ਤੋਂ ਪਤਾ ਚੱਲਿਆ ਹੈ ਕਿ ਆਸਾਰਾਮ ਦੇ ਆਸ਼ਰਮ ਦੀ ਬੈਂਕ ਖਾਤਿਆਂ ਤੇ ਹੋਰ ਨਿਵੇਸ਼ ਜਿਵੇਂ ਸ਼ੇਅਰ, ਡਿਬੈਂਚਰ, ਸਰਕਾਰੀ ਬੌਂਡ ਆਦਿ ਦੀ ਕੁੱਲ ਮਿਲਾ ਕੇ ਕੀਮਤ 9000-10,000 ਕਰੋੜ ਰੁਪਏ ਹੈ। ਇਸ ਵਿਚ ਜ਼ਮੀਨ ਦੀ ਕੀਮਤ ਸ਼ਾਮਲ ਨਹੀਂ ਹੈ।

ਉਨ੍ਹਾਂ ਕਿਹਾ ਕਿ ਇਹ ਕੀਮਤ ਵਧ ਸਕਦੀ ਹੈ ਕਿਉਂਕਿ ਅਜੇ ਕਈ ਹੋਰ ਦਸਤਾਵੇਜ਼ ਬਰਾਮਦ ਨਹੀਂ ਕੀਤੇ ਜਾ ਸਕੇ। ਸਿਟੀ ਪੁਲਿਸ ਨੇ ਸੈਂਟਰਲ ਬੋਰਡ ਆਫ ਡਾਇਰੈਕਟ ਟੈਕਸਿਜ਼, ਆਮਦਨ ਕਰ ਵਿਭਾਗ ਤੇ ਐਨਫੋਰਸਮੈਂਟ ਡਾਇਰੈਕਟੋਰੇਟ ਨੂੰ ਅਗਲੇਰੀ ਕਾਰਵਾਈ ਲਈ ਲਿਖ ਭੇਜਿਆ ਹੈ। ਕੁਝ ਮਹੀਨੇ ਪਹਿਲਾਂ ਅਹਿਮਦਾਬਾਦ ਵਿਚ ਆਸਾਰਾਮ ਦੇ ਆਸ਼ਰਮ 'ਤੇ ਮਾਰੇ ਗਏ ਛਾਪੇ ਦੌਰਾਨ ਹਜ਼ਾਰਾਂ ਦਸਤਾਵੇਜ਼ ਬਰਾਮਦ ਹੋਏ ਸਨ ਜੋ 40 ਬੈਗਾਂ ਵਿਚ ਭਰ ਕੇ ਸੂਰਤ ਲਿਆਂਦੇ ਗਏ ਸਨ।

ਇਕੱਲੇ ਗੁਜਰਾਤ ਵਿਚ ਹੀ ਆਸਾਰਾਮ ਦੇ ਆਸ਼ਰਮ ਦੀਆਂ 10 ਜ਼ਿਲ੍ਹਿਆਂ ਵਿਚ 45 ਥਾਵਾਂ 'ਤੇ ਜ਼ਮੀਨ ਹੈ। ਇਸ ਤੋਂ ਇਲਾਵਾ ਰਾਜਸਥਾਨ, ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਆਂਧਰਾ ਪ੍ਰਦੇਸ਼ ਵਿਚ 33 ਥਾਵਾਂ 'ਤੇ ਜ਼ਮੀਨ ਹੈ।










# ਦਿੱਲੀ ਕਤਲੇਆਮ ਦੀ ਮੁੜ ਜਾਂਚ ਲਈ ਇਕਸੁਰ ਨਹੀਂ ਸਿੱਖ

**ਅੰਮ੍ਰਿਤਸਰ:** ਨਵੰਬਰ 1984 ਦੇ ਸਿੱਖ ਕਤਲੇਆਮ ਤੋਂ 30 ਸਾਲਾਂ ਬਾਅਦ ਮੁੜ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਉਣ ਦੇ ਪ੍ਰਸਤਾਵ ਨਾਲ ਸਿੱਖ ਜਗਤ ਇਕਸੁਰ ਨਹੀਂ ਹੈ ਤੇ ਇਸ ਬਾਰੇ ਸਿੱਖ ਆਗੂਆਂ ਦੀ ਵੱਖ-ਵੱਖ ਰਾਏ ਹੈ ਪਰ ਇਹ ਸਮੂਹਿਕ ਮੰਗ ਹੈ ਕਿ ਇਸ ਮਾਮਲੇ ਵਿਚ ਦੋਸ਼ੀਆਂ ਖਿਲਾਫ਼ ਕਾਰਵਾਈ ਹੋਵੇ ਤੇ ਪੀੜਤਾਂ ਨੂੰ ਨਿਆਂ ਮਿਲੇ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਉਥੋਂ ਦੇ ਉਪ ਰਾਜਪਾਲ ਨਾਲ ਮੁਲਾਕਾਤ ਕਰਕੇ ਸਿੱਖ ਕਤਲੇਆਮ ਦੀ ਜਾਂਚ ਲਈ ਨਵੀਂ ਵਿਸ਼ੇਸ਼ ਜਾਂਚ ਟੀਮ ਬਣਾਉਣ ਦੀ ਮੰਗ ਕੀਤੀ ਗਈ ਹੈ। ਇਹ ਮੰਗ ਨੌਜਵਾਨ ਕਾਂਗਰਸੀ ਆਗੂ ਰਾਹੁਲ ਗਾਂਧੀ ਵੱਲੋਂ ਕਾਂਗਰਸੀਆਂ ਦੀ ਕਤਲੇਆਮ ਵਿਚ ਸ਼ਮੂਲੀਅਤ ਬਾਰੇ ਕੀਤੇ ਗਏ ਖੁਲਾਸੇ ਤੋਂ ਬਾਅਦ ਉੱਭਰੀ ਹੈ।

ਇਸ ਮਾਮਲੇ ਵਿਚ ਸਿੱਖ ਆਗੂਆਂ ਦੀ ਵੱਖ-ਵੱਖ ਰਾਏ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਵਿਸ਼ੇਸ਼ ਜਾਂਚ ਟੀਮ ਦੀ ਲੋੜ ਨਹੀਂ ਹੈ ਕਿਉਂਕਿ ਇਸ ਤੋਂ ਪਹਿਲਾਂ ਕਈ ਜਾਂਚ ਟੀਮਾਂ ਜਾਂਚ ਕਰ ਚੁੱਕੀਆਂ ਹਨ ਤੇ ਉਨ੍ਹਾਂ ਕਾਂਗਰਸੀਆਂ ਦੀ ਸ਼ਮੂਲੀਅਤ ਦਾ ਖੁਲਾਸਾ ਕੀਤਾ ਸੀ ਪਰ ਇਸ ਮਾਮਲੇ ਵਿਚ ਕੋਈ ਕਾਰਵਾਈ ਨਹੀਂ ਹੋਈ। ਇਸ ਵੇਲੇ ਅਜਿਹੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਲੋੜ ਹੈ। ਉਧਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਿਸ਼ੇਸ਼ ਜਾਂਚ ਟੀਮ ਬਣਾਉਣ ਦੀ ਮੰਗ ਦੀ ਹਮਾਇਤ ਕਰ ਰਹੇ ਹਨ ਪਰ ਉਨ੍ਹਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਕਾਂਗਰਸ ਦੀ ਮਦਦ ਨਹੀਂ ਲੈਣੀ ਚਾਹੀਦੀ।

ਇਸ ਮਾਮਲੇ ਵਿਚ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਆਖਿਆ ਕਿ ਵਿਸ਼ੇਸ਼ ਜਾਂਚ ਟੀਮ ਦੇ ਬਣਨ ਨਾਲ ਮੁੜ ਉਨ੍ਹਾਂ ਕੇਸਾਂ ਦੀ ਜਾਂਚ ਸੰਭਵ ਹੋ ਸਕੇਗੀ ਜਿਨ੍ਹਾਂ ਉਸ ਵੇਲੇ ਪੁਲਿਸ ਨੇ ਸਿਆਸੀ ਦਬਾਅ ਹੇਠ ਬੰਦ ਕਰ ਦਿੱਤਾ ਸੀ। ਉਨ੍ਹਾਂ ਆਖਿਆ ਕਿ ਸਿੱਖ ਕਤਲੇਆਮ ਦੇ ਮਾਮਲੇ ਵਿਚ ਦਿੱਲੀ ਵਿਚ 587 ਐਫ.ਆਈ.ਆਰ. ਦਰਜ ਹੋਈਆਂ ਸਨ ਜਿਨ੍ਹਾਂ ਵਿਚੋਂ 241 ਮਾਮਲਿਆਂ ਨੂੰ ਬਿਨਾਂ ਜਾਂਚ ਦੇ ਹੀ ਬੰਦ ਕਰ ਦਿੱਤਾ ਗਿਆ ਸੀ। ਉਨ੍ਹਾਂ ਆਖਿਆ ਕਿ ਪ੍ਰਸਤਾਵਿਤ ਵਿਸ਼ੇਸ਼ ਜਾਂਚ ਟੀਮ ਦੀ ਨਿਗਰਾਨੀ ਸੁਪਰੀਮ ਕੋਰਟ ਨੂੰ ਕਰਨੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਉਹ ਜਲਦੀ ਹੀ ਸੁਪਰੀਮ ਕੋਰਟ ਦੇ ਮੁੱਖ ਜੱਜ ਨੂੰ ਮਿਲ ਕੇ ਮੰਗ ਕਰਨਗੇ ਕਿ ਕਤਲੇਆਮ ਦੇ ਮਾਮਲਿਆਂ ਦੀ ਸੁਣਵਾਈ ਫਾਸਟ ਟਰੈਕ ਕੋਰਟ ਵਿਚ ਕਰਨ।

ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਸਿੱਧੇ ਰੂਪ ਵਿਚ ਇਸ ਪ੍ਰਸਤਾਵ ਦੀ ਹਮਾਇਤ ਕਰਨ ਦੀ ਥਾਂ ਆਖਿਆ ਕਿ ਪੀੜਤਾਂ ਨੂੰ ਜਲਦੀ ਨਿਆਂ ਮਿਲਣਾ ਚਾਹੀਦਾ ਹੈ ਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ। ਇਸ ਬਾਰੇ ਮੁੱਖ ਮੰਤਰੀ ਕੇਜਰੀਵਾਲ ਨੇ ਵੀ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਗੱਲ ਆਖੀ ਹੈ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਮੀਤ ਪ੍ਰਧਾਨ ਤੇ ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਨੇ ਆਖਿਆ ਕਿ ਸਿੱਖ ਨਸਲਕੁਸ਼ੀ ਦੀ ਜਾਂਚ ਲਈ ਦਿੱਲੀ ਸਰਕਾਰ ਵੱਲੋਂ ਵਿਸ਼ੇਸ਼ ਜਾਂਚ ਟੀਮ ਬਣਾਏ ਜਾਣ ਦਾ ਫੈਸਲਾ ਸਵਾਗਤਯੋਗ ਹੈ ਪਰ ਇਸ ਟੀਮ ਨੂੰ ਜਾਂਚ ਦਾ ਕੰਮ ਮਿਥੇ ਸਮੇਂ ਵਿਚ ਕਰਨਾ ਚਾਹੀਦਾ ਹੈ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਭਾਰਤ ਸਰਕਾਰ ਵੱਲੋਂ ਪਹਿਲਾਂ ਵੀ ਇਸ ਮਾਮਲੇ ਵਿਚ ਜਾਂਚ ਕਮੇਟੀਆਂ ਤੇ ਜਾਂਚ ਕਮਿਸ਼ਨ ਬਣਾਏ ਜਾ ਚੁੱਕੇ ਹਨ ਪਰ ਹੁਣ ਤਕ ਪੀੜਤਾਂ ਨੂੰ ਨਿਆਂ ਨਹੀਂ ਮਿਲਿਆ। ਇਸ ਲਈ ਅਜਿਹੀਆਂ ਜਾਂਚ ਕਮੇਟੀਆਂ ਬੇਮਾਇਨੇ ਹੋ ਗਈਆਂ ਹਨ। ਦੂਜੇ ਪਾਸੇ ਸਿੱਖ ਵਿਰੋਧੀ ਦੰਗਿਆਂ ਵਿਚ ਪੀੜਤਾਂ ਦੇ ਕੇਸ ਲੜ ਰਹੇ ਉਘੇ ਸਿੱਖ ਵਕੀਲ ਐਚ.ਐਸ. ਫੂਲਕਾ ਨੇ ਆਖਿਆ ਕਿ ਵਿਸ਼ੇਸ਼ ਜਾਂਚ ਟੀਮ ਦੇ ਗਠਨ ਹੋਣ ਮਗਰੋਂ ਉਨ੍ਹਾਂ ਕੇਸਾਂ ਦੀ ਜਾਂਚ ਹੋਵੇਗੀ ਜਿਨ੍ਹਾਂ ਨੂੰ ਪੁਲਿਸ ਵੱਲੋਂ ਬੰਦ ਕਰ ਦਿੱਤਾ ਗਿਆ ਸੀ।

1984 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਦੌਰਾਨ ਸਰਕਾਰੀ ਅੰਕੜੇ ਅਨੁਸਾਰ ਹਜ਼ਾਰਾਂ ਸਿੱਖਾਂ ਨੂੰ ਕਤਲ ਕਰ ਦਿੱਤਾ ਗਿਆ ਸੀ ਤੇ ਉਨ੍ਹਾਂ ਦੇ ਕਾਰੋਬਾਰਾਂ ਤੇ ਦੁਕਾਨਾਂ ਦੀ ਸਾੜ ਫੂਕ ਕੀਤੀ ਗਈ ਸੀ। ਇਹ ਹੁਣ ਤੱਕ ਦੇਸ਼ ਦੇ ਇਤਿਹਾਸ ਦਾ ਸਭ ਤੋਂ ਵੱਡਾ ਦਾਗ ਹੈ ਤੇ 30 ਸਾਲ ਬਾਅਦ ਦਿੱਲੀ ਸਰਕਾਰ ਵੱਲੋਂ ਐਸ.ਆਈ.ਟੀ. ਬਣਾਉਣ ਨਾਲ ਪੀੜਤਾ ਨੂੰ ਕੁਝ ਰਾਹਤ ਦੀ ਆਸ ਬੱਝੀ ਹੈ।

ਇਸ ਨਾਲ ਪਹਿਲਾਂ ਤੋਂ ਅਦਾਲਤ ਵਿਚ ਚੱਲ ਰਹੇ ਕੇਸਾਂ ਤੇ ਕੋਈ ਫ਼ਰਕ ਨਹੀ ਪਵੇਗਾ ਬਲਕਿ ਪੁਲਿਸ ਵੱਲੋਂ ਬੰਦ ਕੀਤੇ 237 ਕੇਸਾਂ ਨੂੰ ਮੁੜ ਖੋਲ੍ਹ ਕੇ ਜਾਂਚ ਸੰਭਵ ਹੋਵੇਗੀ। ਉਨ੍ਹਾਂ ਆਖਿਆ ਕਿ ਵਿਸ਼ੇਸ਼ ਜਾਂਚ ਟੀਮ ਦੇ ਗਠਨ ਬਾਰੇ ਸ਼ੰਕਾਵਾਂ ਪੈਦਾ ਕਰਨੀਆਂ ਠੀਕ ਨਹੀਂ। ਉਹ ਮਹਿਸੂਸ ਕਰਦੇ ਹਨ ਕਿ ਵਿਸ਼ੇਸ਼ ਜਾਂਚ ਟੀਮ ਦੀ ਜਾਂਚ ਦੇ ਸਾਰਥਕ ਸਿੱਟੇ ਸਾਹਮਣੇ ਆਉਣਗੇ। ਉਨ੍ਹਾਂ ਆਖਿਆ ਕਿ ਜਿਹੜੇ ਮਾਮਲੇ ਜਾਂਚ ਤੋਂ ਵਾਂਝੇ ਰਹਿ ਗਏ ਸਨ, ਉਨ੍ਹਾਂ ਨੂੰ ਹੁਣ ਜਾਂਚ ਲਈ ਇਕ ਹੋਰ ਮੌਕਾ ਮਿਲੇਗਾ। ਉਨ੍ਹਾਂ ਆਖਿਆ ਕਿ ਇਸ ਵੇਲੇ ਵੀ ਵੱਡੀ ਗਿਣਤੀ ਵਿਚ ਦਿੱਲੀ ਦੰਗਿਆਂ ਨਾਲ ਸਬੰਧਤ ਗਵਾਹ ਮੌਜੂਦ ਹਨ ਜਿਨ੍ਹਾਂ ਦੀਆਂ ਗਵਾਹੀਆਂ ਇਸ ਕੇਸ ਦੀ ਜਾਂਚ ਵਿਚ ਲਾਹੇਵੰਦ ਸਾਬਤ ਹੋਣਗੀਆਂ।




## ਸਿੱਖ ਕਤਲੇਆਮ ਦਾ ਰਿਕਾਰਡ ਨਸ਼ਟ ਕਰਨ ਦੇ ਮਾਮਲੇ 'ਤੇ ਦਿੱਲੀ ਪੁਲਿਸ ਤਲਬ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਦੇ ਇਕ ਮਾਮਲੇ ਦੀ ਸੁਣਵਾਈ ਕਰ ਰਹੀ ਅਦਾਲਤ ਨੇ ਦਿੱਲੀ ਪੁਲਿਸ ਦੇ ਚਾਰ ਸੀਨੀਅਰ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਜਾਂਚ ਏਜੰਸੀ ਦੇ ਸਰਕਾਰੀ ਰਿਕਾਰਡ ਨੂੰ ਨਸ਼ਟ ਕਰਨ ਬਾਰੇ ਵਿਧਾਨਕ ਨਿਯਮ ਪੇਸ਼ ਕਰੇ। ਅਦਾਲਤ ਨੇ ਇਹ ਹਦਾਇਤ ਇਕ ਅਰਜ਼ੀ 'ਤੇ ਸੁਣਵਾਈ ਕਰਦਿਆਂ ਦਿੱਤੀ ਜਿਸ ਵਿਚ 1992 ਵਿਚ ਨਾਂਗਲੋਈ ਮਾਮਲੇ ਦੀ ਰਿਕਾਰਡ ਤੇ ਫਾਈਲਾਂ ਨਸ਼ਟ ਕਰਨ ਲਈ ਉਸ ਸਮੇਂ ਦੇ ਇਕ ਸਹਾਇਕ ਪੁਲਿਸ ਕਮਿਸ਼ਨਰ ਸਮੇਤ ਚਾਰ ਪੁਲਿਸ ਅਧਿਕਾਰੀਆਂ 'ਤੇ ਕੇਸ ਚਲਾਉਣ ਦੀ ਮੰਗ ਕੀਤੀ ਗਈ ਹੈ।

ਅਦਾਲਤ ਕਤਲੇਆਮ ਦੇ ਮਾਮਲੇ ਦੀ ਸੁਣਵਾਈ ਕਰ ਰਹੀ ਹੈ ਜਿਹੜਾ ਚਾਰ ਵਿਅਕਤੀਆਂ ਨੂੰ ਮਾਰਨ ਸਬੰਧੀ 1991 ਵਿਚ ਦਰਜ ਕੀਤਾ ਗਿਆ ਸੀ। ਵਧੀਕ ਸੈਸ਼ਨਜ਼ ਜੱਜ ਕਾਮਿਨੀ ਲੌਅ ਨੇ ਕਿਹਾ ਕਿ ਉਹ ਡਿਪਟੀ ਕਮਿਸ਼ਨਰ ਪੁਲਿਸ (ਪੱਛਮੀ) ਤੇ ਡਿਪਟੀ ਕਮਿਸ਼ਨਰ ਪੁਲਿਸ (ਲੀਗਲ) ਨੂੰ ਹਦਾਇਤ ਕਰਦੇ ਹਨ ਕਿ ਪੀ.ਪੀ.ਪੀ. ਵਿਹਾਰ, ਰੋਡ ਸਰਟੀਫਿਕੇਟ, ਐਨ.ਸੀ.ਆਰ ਬੁਕਸ, ਦਾਇਰ ਬੇਨਤੀਆਂ, ਗੁੰਮ ਤੇ ਰੱਦ ਫਾਈਲਾਂ ਸਮੇਤ ਰੋਜ਼ਨਾਮਚਾ ਏ ਤੇ ਬੀ ਨਾਲ ਸਬੰਧਤ ਸਰਕਾਰੀ ਰਿਕਾਰਡ ਨਸ਼ਟ ਕਰਨ ਬਾਰੇ ਕਾਨੂੰਨੀ ਨਿਯਮਾਂ ਨੂੰ ਅਦਾਲਤ ਸਾਹਮਣੇ ਪੇਸ਼ ਕਰੇ।

## ਰਾਜੀਵ ਗਾਂਧੀ ਨੇ ਨਹੀਂ ਸੀ ਸੁਣਿਆ ਗਿਆਨੀ ਜ਼ੈਲ ਸਿੰਘ ਦਾ ਫੋਨ

**ਨਵੀਂ ਦਿੱਲੀ:** ਕਾਂਗਰਸ ਪਾਰਟੀ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਦੇ ਸਿੱਖ ਕਤਲੇਆਮ 'ਤੇ ਦਿੱਤੇ ਗਏ ਬਿਆਨ ਦੇ ਬਾਅਦ ਸਿਆਸਤ ਕਾਫੀ ਗਰਮਾ ਗਈ ਹੈ। ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਤਤਕਾਲੀਨ ਪ੍ਰੈੱਸ ਸਕੱਤਰ ਨੇ ਦਾਅਵਾ ਕੀਤਾ ਹੈ ਕਿ 1984 ਦੇ ਕਤਲੇਆਮ ਦੌਰਾਨ ਗਿਆਨੀ ਜ਼ੈਲ ਸਿੰਘ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਹਾਲਾਤ 'ਤੇ ਗੱਲਬਾਤ ਕਰਨਾ ਚਾਹੁੰਦੇ ਸਨ ਪਰ ਰਾਜੀਵ ਗਾਂਧੀ ਨੇ ਉਨ੍ਹਾਂ ਦਾ ਫ਼ੋਨ ਨਹੀਂ ਸੀ ਉਠਾਇਆ।

ਕੁਝ ਦਿਨ ਪਹਿਲਾਂ ਰਾਹੁਲ ਗਾਂਧੀ ਨੇ ਨਿਊਜ਼ ਚੈਨਲ ਨੂੰ ਇੰਟਰਵਿਊ ਵਿਚ ਕਿਹਾ ਸੀ ਕਿ ਦਿੱਲੀ ਵਿਚ ਸਿੱਖਾਂ ਵਿਰੁੱਧ ਭੜਕੇ ਦੰਗਿਆਂ ਨੂੰ ਰੋਕਣ ਲਈ ਕਾਂਗਰਸ ਸਰਕਾਰ ਨੇ ਸੰਭਵ ਕੋਸ਼ਿਸ਼ ਕੀਤੀ ਸੀ। ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਦੇ ਪ੍ਰੈੱਸ ਸਕੱਤਰ ਰਹੇ ਤ੍ਰਿਲੋਚਨ ਸਿੰਘ ਨੇ ਸਿੱਖ ਕਤਲੇਆਮ ਤੇ ਸਾਲ 2002 ਵਿਚ ਗੁਜਰਾਤ ਦੰਗਿਆਂ ਦੀ ਤੁਲਨਾ ਕਰਦੇ ਹੋਏ ਕਿਹਾ ਕਿ ਗੁਜਰਾਤ ਦੰਗੇ ਤੁਰੰਤ ਭੜਕੇ ਸਨ। ਉਨ੍ਹਾਂ ਨੇ ਕਿਹਾ ਕਿ ਪੁਲਿਸ ਨੇ ਗੁਜਰਾਤ ਦੰਗਿਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਿਸ ਵਿਚ 137 ਲੋਕਾਂ ਦੀ ਮੌਤ ਹੋ ਗਈ ਜਦੋਂਕਿ ਦਿੱਲੀ ਵਿਚ ਇਸ ਕਾਰਵਾਈ ਵਿਚ ਇਕ ਵਿਅਕਤੀ ਦੀ ਜਾਨ ਗਈ ਸੀ।

ਉਨ੍ਹਾਂ ਕਿਹਾ ਕਿ ਇੰਦਰਾ ਗਾਂਧੀ ਨੂੰ ਸਵੇਰੇ ਗੋਲੀ ਮਾਰੀ ਗਈ ਸੀ ਪਰ ਪਹਿਲੇ ਦੰਗੇ ਸ਼ਾਮ ਨੂੰ ਹੋਏ ਸਨ। ਗਿਆਨੀ ਜੀ ਨੇ ਖੁਦ ਇਹ ਜਾਣਕਾਰੀ ਪ੍ਰਾਪਤ ਕੀਤੀ ਕਿ ਰਾਜੀਵ ਦੇ ਕੋਲਕਾਤਾ ਤੋਂ ਵਾਪਸ ਆਉਣ ਤੋਂ ਪਹਿਲਾਂ ਹੀ ਕਾਂਗਰਸ ਨੇਤਾਵਾਂ ਦੀ ਇਕ ਬੈਠਕ ਹੋਈ ਜਿਸ ਵਿਚ ਖ਼ੂਨ ਦਾ ਬਦਲਾ ਖ਼ੂਨ ਦਾ ਨਾਅਰਾ ਦੇਣ ਦੀ ਗੱਲ ਹੋਈ ਸੀ। ਉਨ੍ਹਾਂ ਕਿਹਾ ਕਿ ਜੇਕਰ ਦੰਗੇ ਤੁਰੰਤ ਹੀ ਭੜਕੇ ਹੁੰਦੇ ਤਾਂ ਸਵੇਰੇ ਹੀ ਹੋ ਜਾਂਦੇ। ਉਨ੍ਹਾਂ ਨੇ ਦੋਸ਼ ਲਾਇਆ ਕਿ ਦੰਗੇ ਰੋਕਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਗਈ ਜਿਸ ਕਰਕੇ ਦੰਗੇ ਹੁੰਦੇ ਰਹੇ।

## ਸਿੱਖ ਕਤਲੇਆਮ ਤੇ ਗੋਦਰਾ ਦੰਗਿਆਂ ਦਾ ਕੋਈ ਮੇਲ ਨਹੀਂ: ਬਾਦਲ

**ਮਲੋਟ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ 1984 ਵਿਚ ਸਿੱਖਾਂ ਦੇ ਕਤਲੇਆਮ ਤੇ 2002 ਵਿਚ ਗੁਜਰਾਤ ਵਿਚ ਹੋਏ ਗੋਦਰਾ ਦੰਗਿਆਂ ਦੀ ਤੁਲਨਾ ਕਰਨਾ ਪੂਰੀ ਤਰ੍ਹਾਂ ਨਾਲ ਗ਼ਲਤ ਹੈ ਕਿਉਂਕਿ ਇਨ੍ਹਾਂ ਦੋਹਾਂ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਉਨ੍ਹਾਂ ਕਿਹਾ ਕਿ ਗੁਜਰਾਤ ਦੇ ਗੋਦਰਾ ਸ਼ਹਿਰ ਵਿਚ ਵਾਪਰੀ ਮੰਦਭਾਗੀ ਹਿੰਸਾ ਦੰਗੇ ਸਨ ਜਦਕਿ 1984 ਦਾ ਸਿੱਖ ਕਤਲੇਆਮ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਕੀਤਾ ਗਿਆ ਸੀ।

ਉਨ੍ਹਾਂ ਕਿਹਾ ਕਿ ਦੰਗੇ ਹਮੇਸ਼ਾ ਦੋ ਭਾਈਚਾਰਿਆਂ ਵਿਚ ਵਾਪਰੀ ਹਿੰਸਾ ਨੂੰ ਆਖਦੇ ਹਨ ਜਦਕਿ 1984 ਵੇਲੇ ਕੇਂਦਰ ਸਰਕਾਰ ਨੇ ਆਪਣੀ ਸਾਰੀ ਤਾਕਤ ਲਾ ਕੇ ਸਿੱਖਾਂ ਨੂੰ ਖਤਮ ਕਰਨ ਦੀ ਸਾਜ਼ਿਸ਼ ਰਚੀ ਸੀ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਤੇ ਪੁਲਿਸ ਵੱਲੋਂ ਕੋਈ ਕਾਰਵਾਈ ਨਾ ਹੋਣ ਸਦਕਾ ਕਾਂਗਰਸੀ ਆਗੂਆਂ ਦੀ ਅਗਵਾਈ ਵਾਲੀ ਭੀੜ ਨੇ ਨਿਰਦੋਸ਼ ਸਿੱਖਾਂ ਦੇ ਕਤਲੇਆਮ ਨੂੰ ਅੰਜਾਮ ਦਿੱਤਾ। ਉਨ੍ਹਾਂ ਕਿਹਾ ਕਿ 1984 ਦੇ ਕਤਲੇਆਮ ਤੋਂ ਬਾਅਦ ਹੋਈਆਂ ਵੱਖ ਵੱਖ ਜਾਂਚਾਂ ਨੇ ਵੀ ਕਾਂਗਰਸੀ ਆਗੂਆਂ ਨੂੰ ਦਿੱਲੀ ਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਹੋਏ ਸਿੱਖ ਕਤਲੇਆਮ ਦਾ ਦੋਸ਼ੀ ਠਹਿਰਾਇਆ ਸੀ ਪਰ ਉਨ੍ਹਾਂ ਕਿਹਾ ਕਿ ਸਾਰੇ ਸਬੂਤਾਂ ਦੇ ਬਾਵਜੂਦ ਵੀ ਇਸ ਦਰਦਨਾਕ ਕਾਰੇ ਦੇ ਸਾਰੇ ਦੋਸ਼ੀ ਆਜ਼ਾਦ ਘੁੰਮ ਰਹੇ ਹਨ ਤੇ ਉਨ੍ਹਾਂ ਖਿਲਾਫ ਕੋਈ ਵੀ ਕਦਮ ਚੁੱਕਣ ਦੀ ਬਜਾਏ ਕਾਂਗਰਸ ਪਾਰਟੀ ਉਨ੍ਹਾਂ ਨੂੰ ਉੱਚ ਅਹੁਦਿਆਂ ਨਾਲ ਸਨਮਾਨਤ ਕਰ ਰਹੀ ਹੈ।

## ਸਿੱਖ ਕੈਦੀਆਂ ਦੀ ਪੱਕੀ ਰਿਹਾਈ ਲਈ ਚਾਰਾਜੋਈ

**ਚੰਡੀਗੜ੍ਹ:** ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਉਹ ਸਿਆਸੀ ਸਿੱਖ ਕੈਦੀ ਜੋ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਦੀ ਪੱਕੀ ਰਿਹਾਈ ਨੂੰ ਲੈ ਕੇ ਕਾਨੂੰਨੀ ਚਾਰਾਜੋਈ ਸ਼ੁਰੂ ਕੀਤੀ ਗਈ ਹੈ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਲੰਘੇ ਦਿਨੀਂ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਭਾਈ ਗੁਰਮੀਤ ਸਿੰਘ ਉਰਫ਼ ਮੀਤਾ ਦੀ ਅਰਜ਼ੀ 'ਤੇ ਸੁਣਵਾਈ ਕੀਤੀ। ਉਸ ਨੂੰ ਪੈਰੋਲ ਖਤਮ ਹੋਣ ਤੋਂ ਬਾਅਦ ਮੁੜ ਜੇਲ੍ਹ ਵਿਚ ਜਾਣਾ ਪਿਆ ਹੈ।

ਅਦਾਲਤ ਨੇ ਉਸ ਨੂੰ ਕੋਈ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਬਾਰੇ ਪੰਜਾਬ, ਚੰਡੀਗੜ੍ਹ ਪ੍ਰਸ਼ਾਸਨ ਤੇ ਕੇਂਦਰ ਨੇ ਆਪਣਾ ਪੱਖ ਪੇਸ਼ ਕੀਤਾ ਜਾਣਾ ਸੀ ਜਿਸ ਨੂੰ ਲੈ ਕੇ ਕੇਂਦਰ ਦਾ ਨੁਮਾਇੰਦਾ ਤਾਂ ਹਾਜ਼ਰ ਨਹੀਂ ਹੋ ਸਕਿਆ ਪਰ ਪੰਜਾਬ ਸਰਕਾਰ ਤੇ ਯੂ.ਟੀ. ਵੱਲੋਂ ਇਸ ਕੇਸ ਵਿਚ ਰਿਹਾਈ ਨੂੰ ਲੈ ਕੇ ਆਪਣਾ ਪੱਖ ਰੱਖਣ ਬਾਬਤ ਹੋਰ ਸਮੇਂ ਦੀ ਮੰਗ ਕੀਤੀ ਗਈ।

ਇਸ ਬਾਰੇ ਹਾਈਕੋਰਟ ਦੇ ਜਸਟਿਸ ਰਾਜੀਵ ਭੱਲਾ ਤੇ ਜਸਟਿਸ ਜਸਪਾਲ ਸਿੰਘ ਵਾਲੇ ਡਵੀਜ਼ਨ ਬੈਂਚ ਨੇ ਅਗਲੀ ਸੁਣਵਾਈ ਲਈ ਆਉਂਦੀ 28 ਫਰਵਰੀ ਦੀ ਤਾਰੀਕ ਤੈਅ ਕਰਦਿਆਂ ਉਸ ਦਿਨ ਇਨ੍ਹਾਂ ਦੋਵਾਂ ਦੇ ਨਾਲ-ਨਾਲ ਕੇਂਦਰ ਸਰਕਾਰ ਨੂੰ ਵੀ ਆਪਣਾ ਪੱਖ ਸਪਸ਼ਟ ਕਰਨ ਲਈ ਕਿਹਾ ਗਿਆ ਹੈ।

## ਹੋਂਦ ਚਿੱਲੜ ਦੇ ਪੀੜਤਾਂ ਦੀ ਜਿਰ੍ਹਾ ਦਾ ਪਹਿਲਾ ਪੜਾਅ ਮੁਕੰਮਲ

### ਅਗਲੀ ਸੁਣਵਾਈ 12 ਫਰਵਰੀ ਨੂੰ

**ਚੰਡੀਗੜ੍ਹ:** ਹੋਂਦ ਚਿੱਲੜ ਕਾਂਡ ਦੀ ਸੁਣਵਾਈ ਦਾ ਇਕ ਪੜਾਅ ਮੁਕੰਮਲ ਹੋ ਗਿਆ ਹੈ ਤੇ ਅਗਲੇ ਪੜਾਅ ਦੀ ਸੁਣਵਾਈ ਲਈ ਸਰਕਾਰੀ ਧਿਰ ਨੂੰ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਇਕ ਮੈਂਬਰੀ ਕਮਿਸ਼ਨ ਵੱਲੋਂ ਸੁਣਵਾਈ 12 ਫਰਵਰੀ ਤੋਂ ਕੀਤੀ ਜਾਵੇਗੀ। ਹੋਂਦ ਚਿੱਲੜ ਕੇਸ ਦੀ ਪੈਰਵੀ ਕਰ ਰਹੀ ਤਾਲਮੇਲ ਕਮੇਟੀ ਨੇ ਕਮਿਸ਼ਨ ਕੋਲੋਂ ਉਸ ਵੇਲੇ ਦੇ ਰਿਵਾੜੀ ਜ਼ਿਲ੍ਹੇ ਦੇ ਪੁਲੀਸ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਸੇਵਾਮੁਕਤ ਜੱਜ ਟੀ.ਪੀ. ਗਰਗ ਸਾਹਮਣੇ ਹਿਸਾਰ ਵਿਚ ਪੀੜਤ ਧਿਰ ਦੇ ਗਵਾਹਾਂ ਤੇ ਪੀੜਤਾਂ ਦੀ ਜਿਰ੍ਹਾ ਮੁਕੰਮਲ ਹੋ ਗਈ।

ਦੋ ਨਵੰਬਰ 1984 ਨੂੰ ਹੋਂਦ ਚਿੱਲੜ ਪਿੰਡ ਵਿਚ ਭੀੜ ਵੱਲੋਂ ਕੀਤੀ ਹਿੰਸਾ ਦੀ ਸਥਿਤੀ ਬਿਆਨ ਕਰਦਿਆਂ ਚਸ਼ਮਦੀਦ ਗਵਾਹ ਉਤਮ ਸਿੰਘ ਨੇ ਕਮਿਸ਼ਨ ਨੂੰ ਦੱਸਿਆ ਕਿ ਪਿੰਡ ਵਿਚ ਇਕ ਸਿੱਖ ਫੌਜੀ ਸਵੇਰੇ ਪਹੁੰਚਿਆ ਸੀ ਤੇ ਪਿੰਡ ਨੂੰ ਦਿਨੇ ਗਿਆਰਾਂ ਵਜੇ ਭੀੜ ਨੇ ਘੇਰਾ ਪਾ ਲਿਆ ਸੀ। ਭੀੜ ਨੇ ਫੌਜੀ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਸੀ। ਇਸ ਫੌਜੀ ਦੀ ਪਤਨੀ ਕੰਵਲਜੀਤ ਕੌਰ ਨੂੰ ਕਈ ਵਰ੍ਹਿਆਂ ਤੱਕ ਆਪਣੇ ਫੌਜੀ ਪਤੀ ਦੀ ਕੋਈ ਖਬਰਸਾਰ ਨਹੀਂ ਮਿਲੀ ਸੀ। ਉਸ ਨੂੰ ਸਿਰਫ ਏਨਾ ਹੀ ਪਤਾ ਸੀ ਕਿ ਉਸ ਦਾ ਪਤੀ ਛੁੱਟੀ 'ਤੇ ਘਰ ਆ ਰਿਹਾ ਸੀ ਪਰ ਰਸਤੇ ਵਿਚ ਹੀ ਕਿਧਰੇ ਲਾਪਤਾ ਹੋ ਗਿਆ। ਫੌਜ ਨੇ ਪੁੱਛ ਪੜਤਾਲ ਕਰਕੇ ਸੱਤ ਸਾਲ ਬਾਅਦ ਇਸ ਫੌਜੀ ਨੂੰ ਮ੍ਰਿਤਕ ਐਲਾਨਿਆ ਸੀ।



ਹੋਂਦ ਚਿੱਲੜ ਦੇ ਖੰਡਰ

ਸਾਲ 2011 ਦੇ ਮਾਰਚ ਮਹੀਨੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਸ਼ਰਧਾਲੂਆਂ ਨੇ ਹੋਂਦ ਚਿੱਲੜ ਪਿੰਡ ਵਿਚ ਮਾਰੇ ਗਏ ਸਿੱਖ ਪਰਿਵਾਰਾਂ ਦੀ ਯਾਦ ਵਿਚ ਪ੍ਰੋਗਰਾਮ ਕਰਵਾਇਆ ਸੀ ਤੇ ਬੇਨਾਮ ਫੌਜੀ ਦੀ ਖਬਰ ਪੜ੍ਹ ਕੇ ਫੌਜੀ ਦੀ ਪਤਨੀ ਕੰਵਲਜੀਤ ਕੌਰ ਹੋਦ ਚਿੱਲੜ ਪਿੰਡ ਵਿਚ ਪਹੁੰਚੀ ਸੀ। ਉਸ ਨੇ ਆਪਣੇ ਪਤੀ ਦੀ ਫੋਟੋ ਉਤਮ ਸਿੰਘ ਨੂੰ ਦਿਖਾਈ ਸੀ ਤੇ ਉਸ ਨੇ ਫੋਟੋ ਦੇਖਦਿਆਂ ਹੀ ਪਛਾਣ ਲਿਆ ਸੀ ਕਿ ਇਹ ਉਹੀ ਜਵਾਨ ਸੀ ਜਿਸ ਨੂੰ ਭੀੜ ਨੇ ਕਤਲ ਕੀਤਾ ਸੀ। ਇਸ ਫੌਜੀ ਦੀ ਪਤਨੀ ਨੇ ਜਦੋਂ ਇਕ ਮੈਂਬਰੀ ਕਮਿਸ਼ਨ ਕੋਲ ਆਪਣੇ ਬਿਆਨ ਦਰਜ ਕਰਵਾਏ ਤਾਂ ਉਸ ਦਿਨ ਫੌਜ ਦੇ ਅਧਿਕਾਰੀ ਵੀ ਅਦਾਲਤ ਵਿਚ ਹਾਜ਼ਰ ਸਨ। ਉਨ੍ਹਾਂ ਨੇ ਇਸ ਗੱਲ ਦੀ ਪੁਸ਼ਟੀ ਕਰਨ ਦੇ ਯਤਨ ਕੀਤੇ ਸਨ ਕਿ ਇਸ ਪਿੰਡ ਵਿਚ ਮਾਰਿਆ ਗਿਆ ਫੌਜੀ ਇੰਦਰਜੀਤ ਸਿੰਘ ਜਾਂ ਕੋਈ ਹੋਰ ਸੀ। ਹੋਂਦ ਚਿੱਲੜ ਕਾਂਡ ਨਾਲ ਸਬੰਧਤ ਪੀੜਤਾਂ ਦੀ ਜਿਰ੍ਹਾ ਮੁਕੰਮਲ ਹੋ ਗਈ ਹੈ ਤੇ ਹੁਣ ਸਰਕਾਰੀ ਧਿਰ ਦੇ ਗਵਾਹਾਂ ਦੀ ਜਿਰ੍ਹਾ 12 ਫਰਵਰੀ ਤੋਂ ਸ਼ੁਰੂ ਹੋਵੇਗੀ।



ਫੌਜੀ ਇੰਦਰਜੀਤ ਸਿੰਘ ਦੀ ਤਸਵੀਰ।

ਸੁਣਵਾਈ ਸਮੇਂ ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਕਮਿਸ਼ਨ ਕੋਲੋਂ ਮੰਗ ਕੀਤੀ ਕਿ ਉਨ੍ਹਾਂ ਪੁਲਿਸ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਵੇ ਜਿਹੜੇ ਅਮਨ ਕਾਨੂੰਨ ਨੂੰ ਬਰਕਰਾਰ ਰੱਖਣ ਵਿਚ ਅਸਫਲ ਸਾਬਤ ਹੋਏ ਸਨ। ਜੇਕਰ ਉਹ ਅਧਿਕਾਰੀ ਨੌਕਰੀ ਵਿਚ ਹੋਣ ਤਾਂ ਉਨ੍ਹਾਂ ਨੂੰ ਮੁਅੱਤਲ ਕੀਤਾ ਜਾਵੇ ਤੇ ਜੇ ਸੇਵਾ ਮੁਕਤ ਹੋ ਗਏ ਹੋਣ ਤਾਂ ਉਨ੍ਹਾਂ ਦੀਆਂ ਪੈਨਸ਼ਨਾਂ ਰੋਕੀਆਂ ਜਾਣ। ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾ ਉਹ ਅੰਦੋਲਨ ਕਰਨ ਲਈ ਮਜਬੂਰ ਹੋਣਗੇ।

# Join our 2014 Truck Compliance Seminar

FREE!

## This February 15, 2014 at 2575 Collier Canyon Road Livermore, CA 94551.

-ਅਸੀਂ ਪਿਛਲੇ 22 ਸਾਲਾਂ ਤੋਂ ਤੁਹਾਡੀ ਸੇਵਾ ਵਿਚ ਹਾਂ
-ਅਸੀਂ ਗਲੋਬਲ ਹਾਕ ਸਮੇਤ ਹੋਰ ਬਹੁਤ ਸਾਰੀਆਂ ਅੱਵਲ ਦਰਜੇ ਦੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਜੁੜੇ ਹੋਏ ਹਾਂ ਅਤੇ ਟਰੱਕਾਂ ਦੀ ਇੰਸ਼ੋਰੈਂਸ ਵਿਚ ਸਾਡੀ ਮੁਹਾਰਤ ਹੈ
-ਤੁਸੀਂ ਓਨਰ ਅਪਰੇਟਰ ਹੋ ਜਾਂ ਤੁਹਾਡੀ ਆਪਣੀ ਟਰੱਕਿੰਗ ਕੰਪਨੀ ਹੈ, ਤੁਹਾਡੇ ਕੋਲ ਇਕ ਟਰੱਕ ਹੈ ਜਾਂ ਸੈਂਕੜੇ ਟਰੱਕ ਹਨ-ਅਸੀਂ ਤੁਹਾਨੂੰ ਸਹੀ ਸਲਾਹ ਦੇ ਕੇ ਇੰਸ਼ੋਰੈਂਸ ਕਰਾਂਗੇ।
-ਆਟੋ ਤੇ ਜਨਰਲ ਲਾਇਬਿਲਿਟੀ, ਕਾਰਗੋ, ਫਿਜ਼ੀਕਲ ਡੈਮੇਜ, ਲੋਕਲ ਲਾਂਗ ਹਾਲ।
-ਬਸ ਇਕੋ ਕਾਲ 'ਤੇ ਤੁਹਾਡੀ ਮਦਦ ਲਈ ਇੰਸ਼ੋਰੈਂਸ ਟੀਮ ਹਾਜ਼ਰ ਹੋਵੇਗੀ।

-ਜਸਬੀਰ ਸਿੰਘ ਬਾਂਦੀ, ਸੀ ਈ ਓ



- CARB laws
- Hours of Service rules
- And much more!

## Come and Meet our Team



**Dominic Flamiano**
Transportation Lawyer with 25 years experience.



**BIT Consultant**
Longtime Inspector available to help with Driver Qualification Files, Interstate vs. Intrastate Regulations and Compliance Issues.



**California Highway Patrol**
An Officer will give you tips and answer all your questions.

## Our Team of Experts Can Help to Grow Your Business

**GCIB** has teamed up with the California Highway Patrol, Risk Managers, BIT Inspectors, Transportation Lawyers and other trucking professionals to help you move your trucking business forward.

**GCIB** has teamed up with **GHINS, Lloyds of London, American Safety Insurance Company** and other **A** rated companies to offer competitive rates for trucking companies of all sizes.

**We Insure**

- Auto liability
- Physical damage
- Cargo
- Local & 48 states
- Sand & gravel
- Container trucks
- Tow trucks
- Owner Operators
- Trucking Company (ies) (& drivers)
- Dump Trucks
- Seasonal Vegetable Haulers.
- Delivery Services
- CateringTrucks, Ice Cream & more

Global Century Insurance Brokers, Inc.
License No. 0E52042

**More Info Call Kelly**
**925.493.7525 Ext.115**

Faith P. Fisher, ARM
FFisher@gcib.net
www.gcib.net

ਕਿਸ਼ਤ 5

# ਸ਼ਹੀਦਾਨਿ-ਵਫ਼ਾ

## ਅੱਲ੍ਹਾ ਯਾਰ ਖ਼ਾਂ ਜੋਗੀ

*ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਇਕ ਸਦੀ ਪਹਿਲਾਂ 1913 ਵਿਚ ਲੰਮੀ ਨਜ਼ਮ 'ਸ਼ਹੀਦਾਨਿ ਵਫ਼ਾ' ਲਿਖੀ ਸੀ। 37 ਪੰਨਿਆਂ ਦੀ ਇਹ ਉਰਦੂ ਨਜ਼ਮ ਸਾਕਾ ਸਰਹਿੰਦ ਦੀ ਦਿਲ ਕੰਬਾਊ ਘਟਨਾ ਦੀ ਝਾਕੀ ਪੇਸ਼ ਕਰਦੀ ਹੈ। ਇਸ ਨਜ਼ਮ ਦੇ 110 ਬੰਦ ਹਨ ਅਤੇ ਹਰ ਬੰਦ ਦੇ 6-6 ਮਿਸਰੇ ਹਨ। ਸ਼ਾਇਰ ਨੇ ਇਹ ਨਜ਼ਮ ਨੂੰ ਮਰਸੀਏ ਦੀ ਸ਼ੈਲੀ ਵਿਚ ਲਿਖੀ ਹੈ। ਉਹ ਸ਼ਹਾਦਤ ਤੇ ਸ਼ਾਇਰੀ ਦੇ ਫ਼ਲਸਫ਼ੇ ਨੂੰ ਖ਼ੂਬ ਸਮਝਦਾ ਹੈ। ਤਾਂ ਹੀ ਤਾਂ ਉਹਨੇ ਸ਼ਹਾਦਤ ਦੀ ਘਟਨਾ ਨੂੰ ਬਿਆਨ ਕਰਨ ਲਈ ਮਰਸੀਏ ਦੀ ਸ਼ੈਲੀ ਦੀ ਚੋਣ ਕੀਤੀ ਹੈ ਅਤੇ ਕਰੁਣਾ ਤੇ ਬੀਰ ਰਸਾਂ ਤੋਂ ਇਲਾਵਾ ਅਦਭੁਤ, ਰੌਦਰ ਤੇ ਭਿਆਨਕ ਰਸਾਂ ਦੀ ਬੜੀ ਮੁਹਾਰਤ ਨਾਲ ਵਰਤੋਂ ਕੀਤੀ ਹੈ। ਉਸ ਨੇ 1915 ਵਿਚ ਸਾਕਾ ਚਮਕੌਰ ਸਾਹਿਬ ਬਾਰੇ 'ਗੰਜਿ-ਸ਼ਹੀਦਾਂ' ਨਾਂ ਦੀ ਲੰਮੀ ਨਜ਼ਮ ਵੀ ਲਿਖੀ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਅੱਲ੍ਹਾ ਯਾਰ ਖ਼ਾਂ ਜੋਗੀ ਦੀ ਲਾਸਾਨੀ ਰਚਨਾ 'ਸ਼ਹੀਦਾਨਿ-ਵਫ਼ਾ' ਲੜੀਵਾਰ ਛਾਪ ਰਹੇ ਹਾਂ। -ਸੰਪਾਦਕ*

## ਨਾਨਕ ਕਾ ਬਾਗ਼ ਖ਼ੂਨ-ਏ-ਜਿਗਰ ਸੇ ਖਿਲਾਊਂਗਾ

41

ਤਾਰੀਖ਼ ਮੇਂ ਲਿਖਾ ਹੈ ਕਿ ਦਰ-ਜੋਸ਼-ਏ-ਕਾਰਜ਼ਾਰ।
ਸਤਿਗੁਰ ਬੜ੍ਹਾਤੇ ਹੀ ਗਏ ਆਗੇ ਕੋ ਰਾਹਵਾਰ।
ਹਮਰਾਹ ਰਹ ਗਏ ਥੇ ਗ਼ਰਜ਼ ਚੰਦ ਜਾਂ-ਨਿਸਾਰ।
ਫ਼ਰਜ਼ੰਦੋਂ ਮੇਂ ਥੇ ਸਾਥ ਅਜੀਤ ਔਰ ਥੇ ਜੁਝਾਰ।
ਜ਼ੋਰਾਵਰ ਔਰ ਫ਼ਤਹ ਜੋ ਦਾਦੀ ਕੇ ਸਾਥ ਥੇ।
ਦਾਯੇਂ ਕੀ ਜਗਹ ਚਲ ਦੀਯੇ ਵੁਹ ਬਾਯੇਂ ਹਾਥ ਥੇ।
*(ਦਰ-ਜੋਸ਼-ਏ-ਕਾਰਜ਼ਾਰ=ਲੜਾਈ ਦੇ ਜੋਸ਼ ਵਿਚ, ਰਾਹਵਾਰ=ਘੋੜਾ)*

42

ਹਰਚੰਦ ਕੀ ਤਲਾਸ਼ ਨ ਪਾਯਾ ਨਿਸ਼ਾਂ ਕਹੀਂ।
ਛੋੜਾ ਥਾ ਜਿਸ ਜਗਹ ਪਿ ਨਹੀਂ ਥੇ ਵਹਾਂ ਕਹੀਂ।
ਪਾ ਜਾਏਂ ਫ਼ਿਕਰ ਥਾ ਨਾ ਉਨ੍ਹੇਂ ਦੁਸ਼ਮਨਾਂ ਕਹੀਂ।
ਮਾਤਾ ਕੇ ਸਾਥ ਚਲ ਦੀਯੇ ਸ਼ਾਹਜ਼ਾਦਗਾਂ ਕਹੀਂ।
ਲਖ਼ਤ-ਏ-ਜਿਗਰ ਹੁਜ਼ੂਰ ਕੇ ਜਿਸ ਦਮ ਬਿਛੜ ਗਏ।
ਪਾਓਂ ਵਹੀਂ ਵਫਖਰ-ਏ-ਮੁਹੱਬਤ ਸੇ ਗੜ ਗਏ।
*(ਲਖ਼ਤ-ਏ-ਜਿਗਰ=ਜਿਗਰ ਦੇ ਟੋਟੇ, ਵਫਖਰ= ਬਹੁਤਾਤ)*

43

ਫ਼ੌਰਨ ਮਰਾਕਬੇ ਮੇਂ ਗਏ ਪੀਰ-ਏ-ਖ਼ੁਸ਼-ਖ਼ਸਾਲ।
ਚੌਦਹ ਤਬਕ ਕਾ ਕਰ ਲੀਯਾ ਮਾਲੂਮ ਪਲ ਮੇਂ ਹਾਲ।
ਫ਼ਰਮਾਏ ਜਾਂ-ਨਿਸਾਰੋਂ ਸੇ ਕਯੋਂ ਹੋਤੇ ਹੋ ਨਿਢਾਲ।
ਮਾਤਾ ਕੇ ਸਾਥ ਚਲ ਦੀਯੇ ਕੁਰਬਾਨ ਹੋਨੇ ਲਾਲ।
ਬੁਨਿਯਾਦ ਮੇਂ ਧਰਮ ਕੀ ਚੁਨੇਂਗੇ ਉਦੂ ਉਨ੍ਹੇਂ।
ਕਰਤਾਰ ਚਾਹਤਾ ਹੈ ਕਰੇ ਸੁਰਖ਼ਰੂ ਉਨ੍ਹੇਂ।
*(ਪੀਰ-ਏ-ਖ਼ੁਸ਼- ਖ਼ਸਾਲ=ਚੰਗੇ ਸੁਭਾਅ ਵਾਲਾ ਗੁਰੂ)*

44

ਹਮ ਨੇ ਭੀ ਇਸ ਮਕਾਮ ਪਿ ਜਾਨਾ ਹੈ ਜਲਦ ਤਰ।
ਜਿਸ ਜਗਹ ਤੁਮ ਕੋ ਅਪਨੇ ਕਟਾਨੇ ਪੜੇਂਗੇ ਸਰ।
ਹੋਂਗੇ ਸ਼ਹੀਦ ਲੜਕੇ ਯਿਹ ਬਾਕੀ ਕੇ ਦੋ ਪਿਸਰ।
ਰਹ ਜਾਊਂਗਾ ਅਕੇਲਾ ਮੈਂ ਕਲ ਤਕ ਲੁਟਾ ਕੇ ਘਰ।
ਪਹਲੇ ਪਿਤਾ ਕਟਾਯਾ ਅਬ ਬੇਟੇ ਕਟਾਊਂਗਾ।
ਨਾਨਕ ਕਾ ਬਾਗ਼ ਖ਼ੂਨ-ਏ-ਜਿਗਰ ਸੇ ਖਿਲਾਊਂਗਾ।

45

ਯਿਹ ਕਹਕੇ ਫਿਰ ਹੁਜ਼ੂਰ ਤੋ ਚਮਕੌਰ ਚਲ ਦੀਏ।
ਹਾਲਤ ਪਿ ਅਪਨੀ ਕੁਛ ਨ ਕੀਯਾ ਗ਼ੌਰ ਚਲ ਦੀਏ।
ਕਰਤਾਰ ਕੇ ਧਯਾਨ ਮੇਂ ਫ਼ਿਲਫ਼ੌਰ ਚਲ ਦੀਏ।
ਰਾਜ਼ੀ ਹੂਏ ਰਜ਼ਾ ਪਿ ਬਹਰ-ਤੌਰ ਚਲ ਦੀਏ।
ਜੋ ਕੁਛ ਵਹਾਂ ਪੇ ਗੁਜ਼ਰੀ ਯਿਹ ਲਿਖਨਾ ਮੁਹਾਲ ਹੈ।
ਯਿਹ ਮਰਸੀਯਾ ਸੁਨਾਨਾ ਤੁਮ੍ਹੇਂ ਅਗਲੇ ਸਾਲ ਹੈ।
*(ਫ਼ਿਲਫ਼ੌਰ=ਫ਼ੌਰਨ, ਬਹਰ-ਤੌਰ=ਫਿਰ ਵੀ)*

46

ਹੈ ਜ਼ਿੰਦਗੀ ਤੋ ਅਗਲੇ ਬਰਸ ਲਿਖ ਕੇ ਲਾਊਂਗਾ।
ਅਰਸ਼ਦ ਸੇ ਬੜ੍ਹ ਕੇ ਮਰਸੀਯਾ ਸਬ ਕੋ ਸੁਨਾਊਂਗਾ।
ਸਤਿਗੁਰ ਕੇ ਗ਼ਮ ਮੇਂ ਰੋਊਂਗਾ ਤੁਮਕੋ ਰੁਲਾਊਂਗਾ।
ਦਰਬਾਰ-ਏ-ਨਾਨਕੀ ਸੇ ਸਿਲਾ ਇਸ ਕਾ ਪਾਊਂਗਾ।
ਜ਼ੋਰਾਵਰ ਔਰ ਫ਼ਤਹ ਕਾ ਇਸ ਦਮ ਬਯਾਂ ਸੁਨੋ।
ਪਹੁੰਚੇ ਬਿਛੜ ਕੇ ਹਾਏ ਕਹਾਂ ਸੇ ਕਹਾਂ ਸੁਨੋ।

47

ਬਹਰ-ਏ-ਦਵਾਤ ਖ਼ੂਨ-ਏ-ਸ਼ਹੀਦਾਂ ਬਹਮ ਕਰੂੰ।
ਸੀਨੇ ਕੋ ਅਪਨੇ ਚਾਕ ਮਿਸਾਲ-ਏ-ਕਲਮ ਕਰੂੰ।
ਬਿਛੜੇ ਹੁਓਂ ਕੀ ਅਬ ਮੈਂ ਮੁਸੀਬਤ ਰਕਮ ਕਰੂੰ।
ਰੋ ਦੋ ਅਗਰ ਬਯਾਂ ਮੈਂ ਖ਼ੁਦਾ ਕੀ ਕਸਮ ਕਰੂੰ।
ਰਸਤੇ ਸੇ ਜਬ ਭਟਕ ਗਏ ਨਨ੍ਹੇ ਸਵਾਰ ਥੇ।
ਤਕਤੇ ਪਿਤਾ ਕੋ ਚਾਰੋਂ ਤਰਫ਼ ਬਾਰ ਬਾਰ ਥੇ।
*(ਬਹਰ-ਏ-ਦਵਾਤ=ਦਵਾਤ ਲਈ, ਬਹਮ=ਇਕੱਠਾ)*

48

ਦਾਦੀ ਸੇ ਬੋਲੇ ਅਪਨੇ ਸਿਪਾਹੀ ਕਿਧਰ ਗਏ।
ਦਰਿਯਾ ਪਿ ਹਮ ਕੋ ਛੋੜ ਕੇ ਰਾਹੀ ਕਿਧਰ ਗਏ।
ਤੜਪਾ ਕੇ ਹਾਇ ਸੂਰਤ-ਏ-ਮਾਹੀ ਕਿਧਰ ਗਏ।
ਅੱਬਾ ਭਗਾ ਕੇ ਲਸ਼ਕਰ-ਏ-ਸ਼ਾਹੀ ਕਿਧਰ ਗਏ।
ਭਾਈ ਭੀ ਹਮ ਕੋ ਭੂਲ ਗਏ ਸ਼ੌਕ-ਏ-ਜੰਗ ਮੇਂ।
ਅਪਨਾ ਖ਼ਯਾਲ ਤਕ ਨਹੀਂ ਜ਼ੌਕ-ਏ-ਤੁਫ਼ੰਗ ਮੇਂ।
*(ਸੂਰਤ-ਏ-ਮਾਹੀ=ਮੱਛੀ ਵਾਂਗ)*

49

ਜਬ ਰਨ ਅਜੀਤ ਜੀਤ ਕੇ ਤਸ਼ਰੀਫ਼ ਲਾਏਂਗੇ।
ਅੱਬਾ ਕੇ ਸਾਥ ਜਿਸ ਘੜੀ ਜੁਝਾਰ ਆਏਂਗੇ।
ਕਰਕੇ ਗਿਲਾ ਹਰ ਏਕ ਸੇ ਹਮ ਰੂਠ ਜਾਏਂਗੇ।
ਮਾਤਾ ਕਭੀ, ਪਿਤਾ ਕਭੀ ਭਾਈ ਮਨਾਏਂਗੇ।
ਹਮੇ ਗਲੇ ਲਗਾ ਕੇ ਕਹੇਂਗੇ ਵੁਹ ਬਾਰ ਬਾਰ।
ਮਾਨ ਜਾਓ ਲੇਕਿਨ ਹਮ ਨਹੀਂ ਮਾਨੇਂਗੇ ਜ਼ਿਨਹਾਰ।

50

ਇਕਰਾਰ ਲੇਂਗੇ ਸਬ ਸੇ ਭੁਲਾਨਾ ਨਾ ਫਿਰ ਕਭੀ।
ਬਾਰ-ਏ-ਦਿਗਰ ਬਿਛੜ ਕੇ ਸਤਾਨਾ ਨਾ ਫਿਰ ਕਭੀ।
ਹਮ ਕੋ ਅਕੇਲੇ ਛੋੜ ਕੇ ਜਾਨਾ ਨਾ ਫਿਰ ਕਭੀ।
ਕਹ ਦੇਤੇ ਹੈਂ ਯੋਂ ਹਮ ਕੋ ਰੁਲਾਨਾ ਨਾ ਫਿਰ ਕਭੀ।
ਬੱਚੋਂ ਕੀ ਗੁਫ਼ਤਗੂ ਜੋ ਸੁਨੀ ਦਾਦੀ ਜਾਨ ਨੇ।
ਬੇਇਖ਼ਤਿਯਾਰ ਰੋ ਦੀਯਾ ਇਸ ਵਾਲਾ-ਸ਼ਾਨ ਨੇ।
*(ਬਾਰ-ਏ-ਦਿਗਰ=ਦੂਜੀ ਵਾਰ, ਵਾਲਾ-ਸ਼ਾਨ= ਉੱਚੀ ਸ਼ਾਨ ਵਾਲੇ)* **(ਚਲਦਾ)**



### ਹਕੀਮਾਂ ਦਾ ਟੱਬਰ

*ਅੱਲਾ ਯਾਰ ਖ਼ਾਂ ਜੋਗੀ ਦੇ ਜਨਮ ਬਾਰੇ ਕਿਤਿਉਂ ਮੁਕੰਮਲ ਜਾਣਕਾਰੀ ਨਹੀਂ ਮਿਲਦੀ। ਹੁਣ ਤੱਕ ਹਾਸਲ ਹੋਏ ਕੁਝ ਤੱਥਾਂ ਮੁਤਾਬਕ ਉਨ੍ਹਾਂ ਦੇ ਵਡੇਰੇ ਦੱਖਣ ਦੇ ਕਿਸੇ ਇਲਾਕੇ 'ਚੋਂ ਆ ਕੇ ਲਾਹੌਰ ਵਸ ਗਏ ਸਨ। ਇਹ ਕਿੱਤੇ ਵਜੋਂ ਤਬੀਬ (ਵੈਦ) ਸਨ। ਅੱਲਾ ਯਾਰ ਖ਼ਾਂ ਜੋਗੀ ਦੇ ਨਾਂ ਅੱਗੇ ਇਸੇ ਕਰ ਕੇ ਹਕੀਮ ਲਿਖਿਆ ਮਿਲਦਾ ਹੈ। ਉਹ ਅਰਬੀ ਅਤੇ ਫਾਰਸੀ ਭਾਸ਼ਾਵਾਂ ਦੇ ਮਾਹਿਰ ਸਨ। ਜੋਗੀ ਦਾ ਜਨਮ 1870ਵਿਆਂ ਵਿਚ ਲਾਹੌਰ ਦੇ ਨੇੜੇ ਹੀ ਕਿਸੇ ਥਾਂ ਹੋਇਆ।*

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਫਰਵਰੀ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-103



*ਤਸਵੀਰ: ਇੰਦਰਮੋਹਨ ਸਿੰਘ ਛਾਬੜਾ*

**ਕੱਕਰਾਂ ਵਿਚ ਵੀ ਪਲਦੀਆਂ ਫਸਲਾਂ, ਦੇਖ ਕਾਮੇ ਦਾ ਜੇਰਾ।**
**ਚੌਵੀ ਘੰਟੇ ਚੱਲ ਸੋ ਚੱਲ ਹੈ, ਐਸੀ ਕਰੂ ਕੁਰਬਾਨੀ ਕਿਹੜਾ।**

## ਕੈਪਸ਼ਨ ਮੁਕਾਬਲਾ-101



ਕਿੰਨਾ ਭੋਲਾ ਕਿੰਨਾ ਖੁੱਲ੍ਹਾ,
ਬਚਪਨ ਵਾਲਾ ਵੇਲਾ।
ਨਾ ਹੀ ਲਹਿੰਦੀ ਚੜ੍ਹਦੀ ਕੋਈ,
ਨਾ ਹੀ ਚਿੰਤਾ ਧੇਲਾ।
ਹਰ ਪਾਸੇ ਹੀ ਖੁਸ਼ੀਆਂ ਨੱਚਣ,
ਨਾਲੇ ਨੱਚਣ ਚਾਅ,
ਰੋਜ਼ ਸਵੇਰੇ ਸ਼ਾਮਾਂ ਤੀਕਰ,
ਲੱਗਾ ਰਹਿੰਦਾ ਮੇਲਾ।
***-ਪਲਵਿੰਦਰ ਸਿੰਘ***
***ਮਿਲਪੀਟਸ, ਕੈਲੀਫੋਰਨੀਆ।***

---

ਚਿਤ ਚੋਰ ਕਰਦਾ ਏ
ਰੋਜ਼ ਚਿਤ ਚੋਰੀਆਂ।
ਫੁੱਲ ਵਾਂਗੂ ਖਿੜੀਆਂ
ਸੁਣਾਈਆਂ ਸੀ ਜੋ ਲੋਰੀਆਂ।
ਅੱਖਾਂ ਵਿਚ ਨੱਚਦੀ ਏ
ਮਸਤੀ ਪਿਆਰਾਂ ਵਾਲੀ,
ਚਿਹਰੇ ਉਤੇ ਚਾਅ
ਗੱਲ੍ਹਾਂ ਕਾਲੀਆਂ ਕੀ ਗੋਰੀਆਂ।
***-ਫਕੀਰ ਚੰਦ ਸੈਂਪਲਾ, ਐਲ ਏ***

---

ਆਹ ਨ੍ਹੀਂ ਕਰਨਾ ਅਹੁ ਨ੍ਹੀਂ ਕਰਨਾ,
ਸਦਾ ਅਸੀਂ ਇਹ ਸੁਣਦੇ ਰਹੀਏ।
ਅੱਜ ਨਹੀਂ ਕੋਈ ਰੋਕਣ ਵਾਲਾ,
ਕਿਉਂ ਨਾ ਪੂਰੀ ਲੱਜ਼ਤ ਲਈਏ।

ਭਾਵੇਂ ਸੁਆਹ ਦਾ ਵਟਣਾ ਮਲੀਏ,
ਭਾਵੇਂ ਚੁੱਲ੍ਹੇ ਦੇ ਵਿਚ ਪਈਏ।
***-ਜਗਮੀਤ ਸਿੰਘ ਪੰਧੇਰ***

---

ਅਸੀਂ ਭੀ ਮਾਂ ਮਿੱਟੀ ਦੇ ਜਾਏ
ਜੋ ਸੰਗ ਕੁਦਰਤ ਦੇ ਖੇਡੇ।
ਖਿਡੌਣੇ, ਪੰਘੂੜੇ ਤਾਂ ਮਿਲ ਨਾ ਸਕੇ
ਪਰ ਜਿਗਰੇ ਸਾਡੇ ਰੱਬ ਜੇਡੇ।
ਅਸਾਂ ਨਵੀਆਂ ਨਵੀਆਂ ਖੇਡਾਂ ਲੱਭੀਏ
ਗੰਦੇ-ਸੋਹਣੇ ਦਾ ਅਹਿਸਾਸ ਨਹੀਂ।
ਚੁੱਲ੍ਹਾ ਚੌਂਕਾ, ਘਰ ਦੀ ਵੀਹੀ
ਸਾਡੇ ਲਈ ਸਭ ਖਾਸ ਸਹੀ।
ਦਾਤਾ ਦਾ ਲੱਖ ਸ਼ੁਕਰ ਹਾਂ ਕਰਦੇ
ਇਨਸਾਨੀ ਜਿਸ ਨੇ ਜਨਮ ਦਿਤਾ।
ਗਰੀਬਾਂ ਦੇ ਵਿਹੜੇ ਪੈਦਾ ਕਰਕੇ
ਜ਼ਿੰਦਗੀ ਨਾਲ ਲੜਨ ਦਾ ਮਾਣ ਦਿੱਤਾ।
***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਬੱਚੇ ਹੁੰਦੇ ਮਨ ਦੇ ਸੱਚੇ
ਬੱਚੇ ਰੱਬ ਦਾ ਰੂਪ।
ਭਾਵੇਂ ਰਾਖ 'ਚ ਹੋਵਣ ਲਿਬੜੇ
ਲੱਗਣ ਨਾ ਕਰੂਪ।
ਨਾ ਮਾਰੀਂ, ਨਾ ਮਾਰੀਂ
ਇਹ ਕੋਮਲ ਸੁੰਦਰ ਸਰੂਪ।
***-ਗੁਰਦੇਵ ਸਿੰਘ ਵਿਰਦੀ, ਕੈਨੇਡਾ***
***ਫੋਨ: 226-345-7126***

---

ਬਚਪਨ ਚੇਤੇ ਆ ਗਿਆ
ਫੋਟੋ ਵਿਚ ਵੇਖ ਬੱਚੇ ਦਾ ਕਾਰਾ।
ਵੇਖ ਲੈਂਦੀ ਸੀ ਜਦੋਂ ਮਾਂ
ਫਿਰ ਪੈ ਜਾਂਦਾ ਸੀ ਪੁਆੜਾ।
ਚੁੱਲ੍ਹੇ ਦੀ ਸੁਆਹ ਮਲ ਮੂੰਹ-ਸਿਰ 'ਤੇ
ਕਰ ਲੈਂਦੇ ਸੀ ਤਨ ਕਾਲਾ।
ਇਹ ਸਨ ਬਚਪਨ ਦੀਆਂ ਖੇਡਾਂ
ਤੇ ਨਾਲੇ ਸ਼ਰਾਰਤ ਪਿਆਰੀ।
ਮਾਰਦੀ ਸੀ ਮਾਂ ਦਬਕੇ
ਨਾਲੇ ਮਲ ਮਲ ਕੇ ਸੀ ਨੁਹਾਉਂਦੀ।
ਫੋਟੋ ਵੇਖ ਇਸ ਬੱਚੇ ਦੀ
ਬਚਪਨ ਦੀ ਯਾਦ ਬੜੀ ਹੈ ਆਉਂਦੀ।
***-ਗੋਰਾ ਪ੍ਰਜਾਪਤ, ਨਿਊ ਯਾਰਕ***

The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

COMMERCIAL GRADE SECURITY SOLUTIONS




MORE THAN SECURITY
LICENCE PLATE READER
BILL READER
LONG RANGE
CASH REGISTER INTERFACE
HD SERIES CAMERAS

SPECIAL OFFER 4 CAMERAS WITH 4 CH DVR LED MONITOR INCLUDED ~~1549~~ $1349 +Tax
SPECIAL OFFER 8 CAMERAS INSTALLATION INCLUDED LED MONITOR INCLUDED ~~2749~~ $2349 +Tax
SPECIAL OFFER 12 CAMERAS INSTALLATION INCLUDED LED MONITOR INCLUDED ~~4249~~ $3749 +Tax

Vista CCTV TECHNOLOGY
Buy Online : www.ezchase.com
Email : commvision@sbcglobal.net
Call Sukhpal
661-586-5080

ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ
Punjab Truck Wash & Repair 2301 Simpson Street, Kingsburg, CA 93631
ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114




*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour
All major and minor repairs.

ਤਸੱਲੀਬਖਸ਼ ਕੰਮ ਵਾਜਬ ਰੇਟ

Free Parking






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

# ਮੋਤੀ ਬਾਗ ਤੋਂ ਪਿੰਡ ਬਾਦਲ ਨੂੰ ਬਣੀ ਨਵੀਂ ਸੜਕ

## ਲੋਕ-ਦਰਦ

**ਹਰਜਿੰਦਰ ਦੁਸਾਂਝ**
ਫੋਨ: 530-301-1753

ਧਰਤੀ ਦੇ ਜਿਸ ਜਰਖੇਜ ਹਿੱਸੇ ਪੰਜਾਬ ਵਿਚ ਜੰਮਿਆ ਸਾਂ, ਉਸ ਦੀ ਮਿੱਟੀ ਮੱਥੇ ਲਾਇਆਂ ਇਕ ਦਹਾਕੇ ਤੋਂ ਉਪਰ ਹੋ ਗਿਆ ਹੈ। ਪਹਿਲੀ ਵਾਰ ਉਸ ਮਿੱਟੀ ਦੀ ਛੋਹ ਛੱਡਣ ਤੋਂ ਲੈ ਕੇ ਅੱਜ ਤਕ ਕਦੇ ਵੀ ਏਨਾ ਉਦਾਸ ਤੇ ਨਿਰਾਸ਼ ਨਹੀਂ ਸੀ ਹੋਇਆ। ਉਦਾਸੀ ਤੇ ਨਿਰਾਸ਼ਾ ਦਾ ਆਲਮ ਪਹਿਲਾਂ ਹੀ ਸੀ ਪਰ ਪੰਜਾਬੋਂ ਆਏ ਦੋ ਫੋਨਾਂ ਨੇ ਘੋਰ ਨਿਰਾਸ਼ ਹੀ ਨਹੀਂ ਕੀਤਾ ਸਗੋਂ ਦਿਲ ਵੀ ਤੋੜ ਦਿੱਤਾ। ਅੱਖਾਂ ਨਮ ਹੋ ਗਈਆਂ ਤੇ ਗਲਾ ਭਰ ਆਇਆ। ਇਕ ਫੋਨ ਆਇਆ ਪੰਜਾਬੀ ਸਭਿਆਚਾਰ ਦੀ 'ਦਿੱਲੀ' ਪਟਿਆਲਾ ਤੋਂ, ਤੇ ਦੂਜਾ ਪੰਜਾਬੀ ਮੀਡੀਆ ਦੇ ਕੇਂਦਰ ਬਿੰਦੂ, ਜਲੰਧਰ ਤੋਂ। ਫੋਨ ਕਰਨ ਵਾਲੇ ਦੋਵੇਂ ਪੰਜਾਬੀ ਦੇ ਸਿਰੇ ਦੇ ਸਿਆਣੇ ਤੇ ਜ਼ਿੰਮੇਵਾਰ ਬੰਦੇ ਨੇ ਜਿਨ੍ਹਾਂ ਦੀ ਗੱਲ ਨੂੰ ਨਾ ਨਜ਼ਰਅੰਦਾਜ਼, ਨਾ ਅਣਗੌਲਿਆ ਤੇ ਨਾ ਅਣਸੁਣਿਆ ਕੀਤਾ ਜਾ ਸਕਦਾ ਹੈ। ਦੋਵਾਂ ਦੀ ਪੰਜਾਬੀ ਸਮਾਜ ਦੀ ਨਬਜ਼ 'ਤੇ ਪੂਰੀ ਪਕੜ ਹੈ। ਇੱਕ ਸਮਾਜ ਸ਼ਾਸਤਰੀ ਪੱਤਰਕਾਰ ਅਤੇ ਦੂਜੇ ਦੇ ਮੋਢਿਆਂ 'ਤੇ ਲੋਕਾਂ ਦੀ ਸੁਰੱਖਿਆ ਦਾ ਬੋਝ ਹੈ।

ਬੀਤੇ ਦਿਨੀਂ ਇਕ ਮਾਸੂਮ, ਲਾਚਾਰ ਤੇ ਗਰੀਬ ਬੱਚੀ ਚਾਰ 'ਕਾਕਿਆਂ' ਦੇ ਹੱਥੇ ਆ ਆਬਰੂ ਗੁਆ ਬੈਠੀ। ਸ਼ਿਕਾਇਤ ਕਰਨ ਗਈ ਤਾਂ ਸ਼ਿਕਾਇਤ ਦਰਜ ਕਰਨ ਵਾਲਿਆਂ ਨੇ ਆਪਣਾ ਰੰਗ ਖਾਕੀ ਤੋਂ ਕਾਲਾ ਕਰ ਲਿਆ। ਸਭ ਕੁਝ ਉਲਟਾ ਕੇ ਮਜ਼ਲੂਮ ਨੂੰ ਮੁਜਰਮ ਅਤੇ ਮੁਜਰਮ ਨੂੰ ਮਜ਼ਲੂਮ ਮੁੱਦਈ ਬਣਾ ਦਿੱਤਾ। ਸਿਰੇ ਦਾ ਈਮਾਨਦਾਰ ਤੇ ਦਲੇਰ ਸਮਝਿਆ ਜਾਂਦਾ ਪੁਲਿਸ ਮੁਖੀ ਰਿਪੋਰਟ ਹੀ ਨਹੀਂ ਲਿਖ ਰਿਹਾ। ਸੁਣਨ 'ਚ ਆਇਆ ਹੈ ਕਿ ਉਸ ਦੀ ਪੁਲਿਸ ਦੇ ਬੰਦੇ ਵੀ ਗੁਨਾਹਗਾਰ ਹਨ। ਇਹ ਵੀ ਭਿਣਕ ਪੈ ਰਹੀ ਹੈ ਕਿ ਇਕ ਸੀਨੀਅਰ ਅਕਾਲੀ ਆਗੂ ਗੁਨਾਹਗਾਰ 'ਕਾਕਿਆਂ' ਦੇ ਗੁਨਾਹ ਨਸ਼ਰ ਕਰਨ ਦੀ ਥਾਂ ਉਨ੍ਹਾਂ ਨੂੰ ਪਨਾਹ ਦੇ ਰਿਹਾ ਹੈ। ਸਾਡੇ ਕੁਝ ਦੋਸਤ ਇਨਸਾਫ਼ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦੇ ਯਤਨਾਂ ਵਿਚ ਤਿੱਲ ਫੁੱਲ ਭੇਟਾ ਪਾਉਣ ਦੀ ਕੋਸ਼ਿਸ਼ ਮੈਂ ਵੀ ਕੀਤੀ। ਇਸੇ ਕਰ ਕੇ ਦੋ ਸੱਜਣਾਂ ਦੇ ਅੱਜ ਸਵੱਖਤੇ ਫੋਨ ਖੜਕੇ। ਇਹ ਵੀ ਅਜੀਬ ਸਬੱਬ ਬਣਿਆ ਕਿ ਦੋਵਾਂ ਦੇ ਫੋਨ ਇਕੋ ਫਿਕਰੇ ਨਾਲ ਸ਼ੁਰੂ ਹੋਏ। ਦੋਵਾਂ ਨੇ ਕਿਹਾ ਕਿ ਇਸ ਕੇਸ 'ਚ ਕੁਝ ਖਾਸ ਨਹੀਂ ਹੋ ਸਕਣਾ। ਮੇਰਾ ਜੁਆਬ ਸੀ ਕਿਉਂ? ਦੋਹਾਂ ਦਾ ਇਕੋ ਜਿਹਾ ਜਵਾਬ ਸੀ ਕਿ ਕਦੇ ਸਮਝਿਆ ਜਾਂਦਾ ਸੀ 'ਸਭ ਤੋਂ ਖਤਰਨਾਕ ਹੁੰਦਾ ਸੁਪਨਿਆਂ ਦਾ ਮਰ ਜਾਣਾ', ਹੁਣ ਤਾਂ ਲੋਕ ਹੀ ਮਰ ਗਏ ਹਨ। ਲੋਕਾਂ ਦਾ ਮੱਚ ਮਰ ਗਿਆ ਹੈ। ਕਹਿਣ ਲੱਗੇ, ਪਟਿਆਲੇ 'ਚ ਇਹ ਪਹਿਲੀ ਘਟਨਾ ਨਹੀਂ, ਬਾਰਵੀਂ ਜਾਂ ਤੇਰਵੀਂ ਹੈ। ਕੇਸ ਦਰਜ ਹੁੰਦੇ ਹਨ। ਪਰਚੇ ਪੁਲਿਸ ਦੇ ਖਿਲਾਫ਼ ਵੀ ਕੱਟੇ ਜਾਂਦੇ ਹਨ। ਬਾਅਦ 'ਚ ਕੁੜੀ ਵਾਲੇ ਦੋਸ਼ੀਆਂ ਨਾਲ ਸਮਝੌਤਾ ਕਰ ਲੈਂਦੇ ਹਨ। ਕਈ ਕੇਸਾਂ ਦੇ ਹਵਾਲੇ ਦਿੱਤੇ ਗਏ। ਪਟਿਆਲਾ ਜ਼ਿਲ੍ਹੇ ਦੇ ਪਿੰਡ ਬਾਦਸ਼ਾਹਪੁਰ ਤੇ ਮੁਹਾਲੀ ਦੇ ਕੇਸਾਂ ਦਾ ਉਚੇਚਾ ਜ਼ਿਕਰ ਕੀਤਾ ਗਿਆ। ਰਾਜਸੀ ਲੋਕਾਂ ਦੇ ਧੜੇ ਬਣੇ ਹੋਏ ਹਨ। ਅਜਿਹੇ ਮੌਕਿਆਂ 'ਤੇ ਇੱਕ ਦੂਜੇ ਨੂੰ ਠਿੱਬੀ ਲਾ ਸੁੱਟਣ ਦੀ ਤਾਕ 'ਚ ਹੁੰਦੇ ਹਨ।

ਜ਼ਿਕਰ ਕੀਤਾ ਗਿਆ ਤੇ ਕਿਹਾ ਗਿਆ ਕਿ ਤੁਸੀਂ ਕੀ ਕਰੋਗੇ? ਲੁਧਿਆਣੇ ਇਕ ਆਹਲਾ ਪੁਲਿਸ ਅਫਸਰ, ਰਾਜਸੀ ਗੁੰਡਿਆਂ ਨੇ ਕੁੱਟਿਆ। ਵਾਰਦਾਤ ਵਾਲੀ ਥਾਂ 'ਤੇ ਲੱਗੇ ਸੀ.ਸੀ.ਟੀ.ਵੀ. ਕੈਮਰੇ ਦੀ ਫਿਲਮ ਸਬੂਤ ਹੈ। ਗੁੰਡਿਆਂ ਤੋਂ ਲੱਤ ਤੁੜਵਾ ਕੇ ਵੀ ਸਮਝੌਤਾ ਕਰ ਲਿਆ। ਕਹਿ ਰਿਹਾ ਕਿ ਉਸ ਨੂੰ ਕਿਸੇ ਨੇ ਨਹੀਂ ਕੁੱਟਿਆ ਸਗੋਂ ਉਸ ਦੀ ਲੱਤ ਤਾਂ ਗਲਾਸੀ ਦੀ ਲੋਰ 'ਚ ਪੌੜੀਆਂ 'ਚੋਂ ਡਿੱਗ ਕੇ ਟੁੱਟੀ ਹੈ। ਪੁਲਿਸ ਅਫਸਰਾਂ ਦਾ ਇਹ ਹਾਲ ਹੈ, ਆਮ ਪਬਲਿਕ ਦੀ ਤਾਂ ਗੱਲ ਹੀ ਛੱਡੋ।

ਫੋਨ ਕਰਨ ਵਾਲੇ ਦੋਵਾਂ 'ਚੋਂ ਇਕ ਦੱਸ ਰਿਹਾ ਸੀ- ਅੰਮ੍ਰਿਤਸਰ ਜਿਸ ਧੀ ਦਾ ਥਾਣੇਦਾਰ ਪਿਉ ਰਾਜਸੀ ਗੁੰਡਿਆਂ ਨੇ ਮਾਰਿਆ ਸੀ, ਉਹ ਧੀ ਕਹਿ ਰਹੀ ਸੀ ਕਿ ਕਦੇ ਮਜੀਠੀਏ ਦੇ ਮੱਥੇ ਨਹੀਂ ਲੱਗੇਗੀ ਪਰ ਹੁਣ ਗੱਲ ਹੋਰ ਸੁਣੀਂਦੀ ਹੈ। ਉਹ ਧੀ ਕੇਸ ਦੀਆਂ ਤਰੀਕਾਂ 'ਤੇ ਤਾਂ ਜਾਂਦੀ ਹੈ ਪਰ ਕੇਸ ਕਿੱਧਰ ਨੂੰ ਜਾਣਾ ਹੈ, ਕੁਝ ਕਿਹਾ ਨਹੀਂ ਜਾ ਸਕਦਾ। ਵੱਡੀ ਸਰਕਾਰ ਕਹਿ ਰਹੀ ਹੈ ਕਿ ਕੇਸ ਚਲਾਉ ਤਰੀਕਾਂ ਪਾਉ, ਧੀ ਨੂੰ ਤਰੀਕਾਂ 'ਤੇ ਹਾਜ਼ਰ ਕਰੋ, ਇਸ ਕੇਸ 'ਚ ਬਦਨਾਮੀ ਬਹੁਤ ਹੋ ਚੁੱਕੀ ਹੈ। ਜਿਸ ਕੇਸ ਦਾ ਮੈਂ ਜ਼ਿਕਰ ਕਰ ਰਿਹਾਂ, ਉਸ ਬਾਬਤ ਇਕ ਸੱਜਣ ਨੇ ਕਿਹਾ ਕਿ ਕੋਈ ਬੰਦਾ ਵੀ, ਉਸ ਅਕਾਲੀ ਨਾਲ ਸਿੱਧੀ ਟੱਕਰ ਲੈਣ ਤੋਂ ਝਿਜਕ ਰਿਹਾ ਹੈ ਜਿਸ ਦਾ ਨਾਂ ਦੋਸ਼ੀ ਕਾਕਿਆਂ ਦੀ ਮਦਦ ਕਰਨ ਵਿਚ ਗੂੰਜ ਰਿਹਾ ਹੈ। ਜੇ ਗੱਲ ਸੱਚਮੁੱਚ ਹੀ ਇਥੋਂ ਤੱਕ ਪਹੁੰਚ ਗਈ ਹੈ ਤਾਂ ਇਹ ਗੱਲ ਠੀਕ ਨਹੀਂ ਕਿ ਪੰਜਾਬ ਅੱਜ ਗੂੰਗੀ ਤੇ ਅਦਿੱਖ ਦਹਿਸ਼ਤਗਰਦੀ ਦੀ ਮਾਰ ਹੇਠ ਹੈ? ਪੰਜਾਬ ਦੇ ਲੋਕਾਂ ਦੇ ਮਨਾਂ 'ਚ ਰਾਜਸੀ ਗੁੰਡਾਗਰਦੀ ਦਾ ਜਿਹੜਾ ਖੌਫ ਤੇ ਨਿਰਾਸ਼ਾ ਹੈ, ਉਸ ਦੇ ਖਿਲਾਫ ਕੌਣ ਤੇ ਕਿਵੇਂ ਲੜੇ? ਇਹ ਵੱਡਾ ਸੁਆਲ ਹੈ।

ਸਾਡਾ ਖਿਆਲ ਹੈ ਕਿ ਇਹ ਲੜਾਈ ਪੰਜਾਬ ਦੇ ਲੋਕਾਂ ਨੂੰ ਖੁਦ ਲੜਨੀ ਪੈਣੀ ਹੈ। ਸ਼ੁਰੂ 'ਚ ਜਿਨ੍ਹਾਂ ਦੋ ਸੱਜਣਾਂ ਦੇ ਫੋਨਾਂ ਦਾ ਜ਼ਿਕਰ ਕੀਤਾ ਸੀ, ਉਨ੍ਹਾਂ ਦਾ ਕਹਿਣਾ ਸੀ ਕਿ ਪੰਜਾਬ ਨੂੰ ਕਿਸੇ ਕੇਜਰੀਵਾਲ ਦੀ ਲੋੜ ਹੈ। ਮੇਰਾ ਜੁਆਬ ਸੀ ਕਿ ਕਿਸੇ ਤੋਂ ਆਸ ਕਿਉਂ ਕਰਦੇ ਹੋ, ਸ਼ੁਰੂਆਤ ਨਿੱਜ ਤੋਂ ਕਰਨੀ ਪੈਣੀ ਹੈ। ਹਨ੍ਹੇਰਿਆਂ ਖਿਲਾਫ ਲੜਨ ਲਈ ਨਿੱਜ ਤੋਂ ਉਪਰ ਉਠਣਾ ਪੈਂਦਾ ਤੇ ਆਪਣੇ ਦੀਵੇ ਇਕੱਠੇ ਕਰਨੇ ਪੈਂਦੇ ਹਨ। ਦੀਵਿਆਂ ਦੇ ਇਕੱਠ 'ਚ ਚਾਨਣ ਦੇ ਨਾਲ ਸੇਕ ਵੀ ਹੁੰਦਾ ਹੈ। ਇਕੱਲੇ-ਇਕਹਿਰੇ ਦੀਵੇ ਨੂੰ ਤਾਂ ਹਵਾ ਦਾ ਮਾੜਾ ਬੁੱਲਾ ਹੀ ਬੁਝਾ ਦਿੰਦਾ ਹੈ। ਸੋ, ਰੋਸ਼ਨੀ ਭਾਲਦੇ ਚਿਰਾਗਦਾਨੋਂ! ਲੋੜ ਇਕੱਠੇ ਚਿਰਾਗ ਬਾਲਣ ਦੀ ਹੈ। ਜਿਨ੍ਹਾਂ ਦੋ ਫੋਨਾਂ ਨੇ ਮੇਰੇ ਮਨ ਨੂੰ ਨਿਰਾਸ਼ ਕੀਤਾ, ਉਨ੍ਹਾਂ ਦੇ ਹੀ ਬੋਲਾਂ ਨੇ ਮਨ 'ਚ ਗੁੱਸਾ ਤੇ ਰੋਸ ਵੀ ਪੈਦਾ ਕੀਤਾ; ਇਕ ਸੁਆਲ ਵੀ ਖੜ੍ਹਾ ਕੀਤਾ ਕਿ ਵਿਦੇਸ਼ਾਂ 'ਚ ਰਹਿੰਦੇ ਪੰਜਾਬੀਆਂ ਦਾ ਕੀ ਫਰਜ਼ ਹੈ? ਕੀ ਆਪਣੇ ਵਿਰਸੇ ਤੇ ਉਨ੍ਹਾਂ ਕਦਰਾਂ ਕੀਮਤਾਂ ਨੂੰ ਸਾਂਭਣ ਲਈ ਵੀ ਅੱਗੇ ਆਵਾਂਗੇ ਜਿਨ੍ਹਾਂ ਦਾ ਅਸੀਂ ਵਿਦੇਸ਼ੀ ਪੰਜਾਬੀ ਮਾਣ ਤੇ ਗੁਣਗਾਨ ਕਰਦੇ ਹਾਂ?

ਦੁਨੀਆਂ ਭਰ ਦੇ ਪਰਵਾਸੀ ਪੰਜਾਬੀਆਂ ਗੋਚਰੇ ਅਪੀਲ ਹੈ ਕਿ ਜਦੋਂ ਕਦੇ ਕੋਈ ਨੇਤਾ ਦੇਸ਼ ਤੋਂ ਆਵੇ, ਉਹਦਾ ਬਣਦਾ ਮਾਣ-ਤਾਣ ਕਰੋ; ਗੁਰਦਆਰਿਆਂ, ਮੰਦਿਰਾਂ ਵਿਚ ਸਿਰੋਪੇ ਦੇਣ ਤੋਂ ਲੈ ਕੇ ਹੋਟਲਾਂ ਤੇ ਕਲੱਬਾਂ 'ਚ ਹਾਰ ਵੀ ਪਾਓ ਪਰ ਇਨ੍ਹਾਂ ਨਾਲ ਪੰਜਾਬ ਦੇ ਲੋਕਾਂ ਦੇ ਦੁੱਖ-ਦਰਦ ਵੀ ਸਾਂਝੇ ਕਰੋ। ਇਹ ਵਿਦੇਸ਼ਾਂ 'ਚ ਇਲਾਜ ਕਰਵਾਉਣ ਆਉਂਦੇ ਹਨ; ਜੀਅ ਸਦਕੇ ਕਰਵਾਉ ਇਨ੍ਹਾਂ ਦਾ ਇਲਾਜ ਪਰ ਇਸ ਦੇ ਨਾਲ ਪੰਜਾਬ ਦੇ ਹਸਪਤਾਲਾਂ ਦੀ ਸਿਹਤ ਦਾ ਹਾਲ ਚਾਲ ਵੀ ਪੁੱਛ ਲਿਆ ਕਰੋ। ਹਰ ਸਾਲ ਸਰਕਾਰੀ ਮਹਿਮਾਨ ਐਨ.ਆਰ.ਆਈ. ਪੰਜਾਬ ਬਣ ਕੇ ਜਾਉ ਪਰ ਸਰਕਾਰੀ ਡਿਨਰ ਤੇ ਲੰਚ ਕਰਨ ਵੇਲੇ ਮੰਤਰੀਆਂ ਤੇ ਸੰਤਰੀਆਂ ਦੇ ਹਾਸੇ ਮਸ਼ਕੂਲੇ ਹੀ ਨਾ ਸੁਣ ਕੇ ਆ ਜਾਇਆ ਕਰੋ, ਸਖ਼ਤ ਮਿਹਨਤਾਂ ਕਰਦੇ ਆਪਣੇ ਪਰਵਾਸੀ ਵੀਰਾਂ ਤੇ ਪੰਜਾਬ 'ਚ ਮੁਸ਼ੱਕਤ ਕਰਦੇ ਪੰਜਾਬੀਆਂ ਦੇ ਦੁੱਖ ਵੀ ਸਾਂਝੇ ਕਰੋ। ਇਸ ਵਿਚ ਕੋਈ ਲਾਲ, ਨੀਲੇ ਜਾਂ ਚਿੱਟੇ ਰੰਗ ਦਾ ਫਰਕ ਨਹੀਂ, ਨੇਤਾ ਤਾਂ ਨੇਤਾ ਹੁੰਦੇ ਹਨ। ਹਰ ਇਕ ਨੂੰ ਸੁਆਲ ਕਰੋ।

ਪੰਜਾਬ ਜਦ ਵੀ ਮਰਿਆ, ਆਪਣਿਆਂ ਹੱਥੋਂ ਮਰਿਆ। ਵਿਦੇਸ਼ੀ ਹਮਲਾਵਰਾਂ ਦੀ ਵੱਢ-ਟੁੱਕ ਤੇ ਲੁੱਟ-ਘਸੁੱਟ ਨਾਲ ਤਾਂ ਇਹ ਛਾਂਗੇ ਤੂਤ ਵਾਂਗ ਹੋਰ ਮੌਲਿਆਂ ਤੇ ਗੁਲਾਬ ਵਾਂਗ ਮਹਿਕਿਆ ਹੈ। ਨਾਦਰਾਂ, ਅਬਦਾਲੀਆਂ ਤੇ ਤੈਮੂਰਾਂ ਨੂੰ ਤਾਂ ਇਸ ਨੇ ਕਦੇ ਟਕੇ ਸੇਰ ਨਹੀਂ ਸਮਝਿਆ। ਤਵਾਰੀਖ ਗਵਾਹ ਹੈ, ਪੰਜਾਬ 'ਤੇ ਹਮਲਾ ਕਰਨਾ ਵਾਲਾ ਪਹਿਲਾ ਜ਼ਿਕਰਯੋਗ ਹਮਲਾਵਰ ਸਿਕੰਦਰ ਸੀ। ਜਿਸ ਤਰ੍ਹਾਂ ਮਹਾਨ ਦੇਸ਼ ਭਗਤ ਬਾਬਾ ਪੋਰਸ ਉਸ ਨਾਲ ਲੜਿਆ, ਤੇ ਪੇਸ਼ ਆਇਆ, ਪੋਰਸ ਹਾਰ ਕੇ ਵੀ ਜੇਤੂ ਰਿਹਾ।

ਦਿਲਚਸਪ ਗੱਲ ਹੈ ਕਿ ਪੰਜਾਬ 'ਤੇ ਹਮਲਾ ਕਰਨ ਲਈ ਸੱਦਾ ਦੇਣ ਵਾਲਾ ਵੀ ਬਾਬੇ ਪੋਰਸ ਦਾ ਅਕ੍ਰਿਤਘਣ ਤੇ ਦੇਸ਼ ਧਰੋਹੀ ਰਾਜਾ ਅੰਬੀ ਸੀ ਜਿਸ ਨੇ ਸਿਕੰਦਰ ਦਾ ਯੁੱਧ 'ਚ ਸਾਥ ਵੀ ਦਿੱਤਾ। ਅਸਲੀਅਤ ਪਤਾ ਲੱਗਣ 'ਤੇ ਸਿਕੰਦਰ ਨੇ ਖੁਦ ਹੀ ਅੰਬੀ ਦਾ ਕਤਲ ਕਰ ਕੇ ਪੋਰਸ ਨਾਲ ਸਦਾ ਸਦਾ ਲਈ ਦੋਸਤੀ ਕਰ ਲਈ, ਤੇ ਪੰਜਾਬ ਉਸ ਦੇ ਹਵਾਲੇ ਕਰ ਕੇ ਪਰਤ ਗਿਆ। ਚੜ੍ਹਦੇ ਤੇ ਲਹਿੰਦੇ ਪੰਜਾਬ 'ਚ ਬਾਬੇ ਪੋਰਸ ਦੇ ਵਾਰਿਸ ਦੇਸ਼ ਧਰੋਹੀ ਅੰਬੀ ਦੇ ਵਾਰਿਸਾਂ ਨਾਲ ਲੰਬੇ ਸਮੇਂ ਤੋਂ ਲੋਹਾ ਲੈਂਦੇ ਆ ਰਹੇ ਹਨ। ਜਿੱਤ ਆਖਿਰ ਪੋਰਸ ਦੇ ਵਾਰਿਸਾਂ ਦੀ ਹੋਣੀ ਏ। ਆਓ, ਪਰਵਾਸੀ ਪੰਜਾਬੀਓ ਰਲ ਕੇ ਤੁਰੀਏ! ਪਿੱਛੇ ਪੰਜਾਬ ਦੇ ਜੂਝ ਰਹੇ ਫੋਨ ਵਾਲੇ ਭਾਈ ਕਹਿ ਰਹੇ ਸਨ ਕਿ ਮੋਤੀ ਬਾਗ ਤੋਂ ਬਾਦਲ ਪਿੰਡ ਨੂੰ ਸੜਕ ਬਣ ਗਈ ਹੈ। ਹੁਣ ਪੰਜਾਬੀਆਂ ਨੂੰ ਉਠਣਾ ਹੀ ਪੈਣਾ।

# ਲਓ, ਆ ਗਿਆ ਹਕੀਮਪੁਰ ਦਾ ਖੇਡ ਮੇਲਾ

**ਪ੍ਰਿੰ. ਸਰਵਣ ਸਿੰਘ**

ਲੱਖਾਂ ਦੇ ਇਨਾਮਾਂ ਵਾਲਾ ਹਕੀਮਪੁਰ ਦਾ ਪੁਰੇਵਾਲ ਖੇਡ ਮੇਲਾ 8-9 ਫਰਵਰੀ ਨੂੰ ਜਗਤਪੁਰ ਦੇ ਸਟੇਡੀਅਮ ਵਿਚ ਹੋ ਰਿਹੈ। ਸ. ਹਰਬੰਸ ਸਿੰਘ ਪੁਰੇਵਾਲ ਸਪੋਰਟਸ ਕਲੱਬ ਤੇ ਵੀਟਿਲਸੀ ਵੱਲੋਂ ਕੋ-ਸਪਾਂਸਰ ਕੀਤੇ 23ਵੇਂ ਅੰਤਰਰਾਸ਼ਟਰੀ ਮੇਲੇ ਦੇ ਅੰਤਰ ਫੈਡਰੇਸ਼ਨ ਕਬੱਡੀ ਕੱਪ ਉਤੇ 20 ਲੱਖ ਰੁਪਏ ਦੇ ਇਨਾਮ ਲੱਗੇ ਹਨ। ਕਬੱਡੀ ਫੈਡਰੇਸ਼ਨਾਂ ਦੀਆਂ ਕਹਿੰਦੀਆਂ ਕਹਾਉਂਦੀਆਂ 12 ਟੀਮਾਂ ਆਪਸ ਵਿਚ ਭਿੜਨਗੀਆਂ। ਪਹਿਲਾ ਇਨਾਮ 5 ਲੱਖ ਤੇ ਦੂਜਾ 3 ਲੱਖ ਰੁਪਏ ਹੈ। ਇਹ ਪਹਿਲੀ ਵਾਰ ਹੋਵੇਗਾ ਕਿ ਤਿੰਨਾਂ ਕਬੱਡੀ ਫੈਡਰੇਸ਼ਨਾਂ ਦੇ ਸਟਾਰ ਖਿਡਾਰੀ ਇਕੋ ਦਾਇਰੇ ਵਿਚ ਖੇਡਣਗੇ। ਪੰਜਾਬ ਤੇ ਹਰਿਆਣੇ ਦੀਆਂ ਲੜਕੀਆਂ ਵਿਚਕਾਰ ਕਾਂਟੇਦਾਰ ਮੈਚ ਹੋਵੇਗਾ। ਇੰਜ ਵਿਸ਼ਵ ਕਬੱਡੀ ਕੱਪ ਜਿੱਤਣ ਵਾਲੇ ਸਾਰੇ ਖਿਡਾਰੀਆਂ ਦੀ ਖੇਡ ਫਿਰ ਵੇਖਣ ਨੂੰ ਮਿਲੇਗੀ। ਉਲੰਪਿਕ ਖੇਡਾਂ 'ਚੋਂ ਸੋਨੇ ਦੇ ਤਿੰਨ ਤਮਗ਼ੇ ਜਿੱਤਣ ਤੇ ਫਾਈਨਲ ਮੈਚ ਵਿਚ ਸਭ ਤੋਂ ਵੱਧ ਗੋਲ ਕਰਨ ਵਾਲੇ ਉਲੰਪਿਕ ਖੇਡਾਂ ਦੇ ਹੀਰੇ ਸੀਨੀਅਰ ਬਲਬੀਰ ਸਿੰਘ ਖਿਡਾਰੀਆਂ ਨੂੰ ਅਸ਼ੀਰਵਾਦ ਦੇਣ ਪੁੱਜਣਗੇ।

ਹਕੀਮਪੁਰ ਦੇ ਜੰਮਪਲ ਪੁਰੇਵਾਲ ਭਰਾਵਾਂ- ਮਲਕੀਤ ਸਿੰਘ, ਚਰਨ ਸਿੰਘ ਅਤੇ ਗੁਰਜੀਤ ਸਿੰਘ ਨੇ ਆਪਣੇ ਪਿਤਾ ਸ. ਹਰਬੰਸ ਸਿੰਘ ਪੁਰੇਵਾਲ ਦੀ ਯਾਦ ਵਿਚ ਇਹ ਮੇਲਾ 1988 ਵਿਚ ਸ਼ੁਰੂ ਕੀਤਾ ਸੀ। ਕਬੱਡੀ ਦਾ ਇਨਾਮ ਪਹਿਲੀ ਵਾਰ ਲੱਖ ਰੁਪਏ ਰੱਖਣ ਨਾਲ ਇਹ ਲੱਖਾਂ ਦੇ ਇਨਾਮਾਂ ਵਾਲਾ ਖੇਡ ਮੇਲਾ ਮਸ਼ਹੂਰ ਹੋ ਗਿਆ। ਇਸ ਵਿਚ ਅਜੋਕੀਆਂ ਖੇਡਾਂ ਦੇ ਨਾਲ ਨਾਲ ਵਿਰਾਸਤੀ ਖੇਡਾਂ ਦੇ ਮੁਕਾਬਲੇ ਵੀ ਹੁੰਦੇ ਹਨ। ਵਿਦੇਸ਼ੀ ਖਿਡਾਰੀਆਂ ਦੀ ਸ਼ਮੂਲੀਅਤ ਕਰਕੇ ਇਹ ਅੰਤਰਰਾਸ਼ਟਰੀ ਖੇਡ ਮੇਲਾ ਕਿਹਾ ਜਾਂਦੈ। ਕਿਲਾ ਰਾਏਪੁਰ ਦੀਆਂ ਖੇਲ੍ਹਾਂ ਦੀ ਤਰਜ਼ 'ਤੇ ਇਹ ਦੁਆਬੇ ਦੀ ਪੇਂਡੂ ਉਲੰਪਿਕਸ ਹੈ।

ਤਿੰਨੇ ਪੁਰੇਵਾਲ ਭਰਾ ਕਬੱਡੀ ਦੇ ਨਾਮੀ ਖਿਡਾਰੀ ਸਨ ਜੋ ਕੈਨੇਡਾ ਦੀਆਂ ਟੀਮਾਂ ਵਿਚ ਵੀ ਖੇਡਦੇ ਰਹੇ। ਉਹ ਕਬੱਡੀ ਤੇ ਕੁਸ਼ਤੀ ਦੇ ਤਕੜੇ ਪ੍ਰਮੋਟਰ ਹਨ ਤੇ ਕੈਨੇਡਾ ਦੀ ਕਬੱਡੀ ਦੇ ਵਿਕਾਸ ਵਿਚ ਉਨ੍ਹਾਂ ਦਾ ਵਿਸ਼ੇਸ਼ ਯੋਗਦਾਨ ਹੈ। ਉਨ੍ਹਾਂ ਦੇ ਲੜਕੇ ਵੀ ਖੇਡਾਂ ਦਾ ਸ਼ੌਕ ਰੱਖਦੇ ਹਨ। ਹਰਮਨ ਤਕੜਾ ਜਾਫੀ ਰਿਹੈ ਤੇ ਟੈਰੀ ਪੁਰੇਵਾਲ ਕਬੱਡੀ ਦੇ ਵਿਸ਼ਵ ਕੱਪ ਖੇਡਿਆ। ਉਨ੍ਹਾਂ ਦਾ ਬਾਬਾ ਊਧਮ ਸਿੰਘ ਆਪਣੇ ਸਮੇਂ ਦਾ ਤਕੜਾ ਭਾਰ-ਚੁਕਾਵਾ ਸੀ। ਪੁਰੇਵਾਲ ਆਪਣੀ ਕਿਰਤ ਕਮਾਈ ਦਾ ਦਸਵੰਧ ਖੇਡਾਂ ਨਮਿੱਤ ਲਾਉਣਾ ਆਪਣਾ ਫ਼ਰਜ਼ ਸਮਝਦੇ ਹਨ।

ਪੁਰੇਵਾਲ ਖੇਡ ਮੇਲੇ 'ਚ ਜਿਥੇ ਕੁਸ਼ਤੀ ਦੇ ਓਲੰਪਿਕ ਚੈਂਪੀਅਨ ਡੇਨੀਅਲ ਇਗਾਲੀ ਤੇ ਉਲੰਪੀਅਨ ਸੁਸ਼ੀਲ ਕੁਮਾਰ ਵਰਗੇ ਪਹਿਲਵਾਨ ਪੁੱਜਦੇ ਰਹੇ, ਉਥੇ ਅੰਤਰਰਾਸ਼ਟਰੀ ਪੱਧਰ ਦੇ ਅਨੇਕਾਂ ਖਿਡਾਰੀ ਭਾਗ ਲੈਂਦੇ ਰਹੇ। ਨਾਇਜੀਰੀਆ ਤੇ ਜਾਰਜੀਆ ਦੇ ਪਹਿਲਵਾਨ ਪੰਜਾਬੀ ਦਰਸ਼ਕਾਂ ਨੂੰ ਕੁਸ਼ਤੀਆਂ ਵਿਖਾਉਂਦੇ ਰਹੇ। ਪੁਰੇਵਾਲ ਭਰਾ ਅਮਰਦੀਪ ਮੈਮੋਰੀਅਲ ਕਾਲਜ ਮੁਕੰਦਪੁਰ ਵਿਚ ਹਰਬੰਸ ਸਿੰਘ ਪੁਰੇਵਾਲ ਕੁਸ਼ਤੀ ਅਕੈਡਮੀ ਵੀ ਚਲਾ ਰਹੇ ਹਨ। ਉਨ੍ਹਾਂ ਦਾ ਕਾਰੋਬਾਰ ਪਿੱਟ ਮੀਡੋਜ਼ ਵਿਚ ਬਲਿਊ ਬੇਰੀ ਫਾਰਮ ਤੇ ਕੇਨਰੀ ਦਾ ਹੈ।



ਵਿਟਿਲਸੀ ਪੁਰੇਵਾਲ ਖੇਡ ਮੇਲੇ 'ਚ ਕੁਸ਼ਤੀਆਂ ਦੇ ਪੰਜ ਟਾਈਟਲਾਂ ਲਈ 11 ਲੱਖ ਰੁਪਏ ਦੇ ਇਨਾਮ ਹਨ। ਮਹਾਂ ਭਾਰਤ ਕੇਸਰੀ ਹਕੀਮਪੁਰ ਦਾ ਪਹਿਲਾ ਇਨਾਮ 1 ਲੱਖ 11 ਹਜ਼ਾਰ ਤੇ ਦੂਜਾ 61 ਹਜ਼ਾਰ ਰੁਪਏ ਦਾ ਹੈ। ਕਬੱਡੀ ਦੀ ਖਿਡਾਰਨ ਪ੍ਰਿਯੰਕਾ ਨੂੰ 31 ਹਜ਼ਾਰ ਰੁਪਏ ਦਾ ਮਾਤਾ ਸੁਰਜੀਤ ਕੌਰ ਪੁਰੇਵਾਲ ਅਵਾਰਡ ਦਿੱਤਾ ਜਾਵੇਗਾ ਤੇ ਵਿਸ਼ਵ ਯੂਥ ਮਹਿਲਾ ਮੁੱਕੇਬਾਜ਼ੀ ਮੁਕਾਬਲਿਆਂ 'ਚੋਂ ਬਰਾਂਜ ਮੈਡਲ ਜਿੱਤਣ ਵਾਲੀ ਸ਼ੇਰੇ ਪੰਜਾਬ ਅਕੈਡਮੀ ਚਕਰ ਦੀ ਸਿਮਰਨਜੀਤ ਕੌਰ ਚਕਰ ਨੂੰ 11 ਹਜ਼ਾਰ ਰੁਪਏ ਨਾਲ ਸਨਮਾਨਿਆ ਜਾਵੇਗਾ। ਬੈਲਗੱਡੀਆਂ ਦੀ ਦੌੜ, ਹਲਟ ਦੌੜ, ਕੁੱਤਿਆਂ ਦੀ ਦੌੜ, ਘੋੜ ਦੌੜ, ਨੇਜ਼ਾਬਾਜ਼ੀ ਤੇ ਰੱਸਾਕਸ਼ੀ ਦੀਆਂ ਪੇਂਡੂ ਖੇਡਾਂ ਲਈ 6 ਲੱਖ ਰੁਪਏ ਦੇ ਇਨਾਮ ਹਨ। ਅਥਲੈਟਿਕਸ ਈਵੈਂਟਾਂ ਦੇ ਇਨਾਮ 7500, 5000, 3500 ਰੁਪਏ ਦੇ ਹਨ। ਕੋਈ ਅਥਲੀਟ ਕੌਮੀ/ਕੌਮਾਂਤਰੀ ਰਿਕਾਰਡ ਤੋੜੇ ਤਾਂ 50,000/100,000 ਦਾ ਵਿਸ਼ੇਸ਼ ਇਨਾਮ ਦਿੱਤਾ ਜਾਵੇਗਾ। ਮੇਲੇ 'ਚ ਵੀਟਿਲਸੀ ਉਤਪਾਦਾਂ ਦੀਆਂ ਨੁਮਾਇਸ਼ਾਂ ਲੱਗਣਗੀਆਂ।

ਇਸ ਖੇਡ ਮੇਲੇ ਦਾ ਉਹ ਨਜ਼ਾਰਾ ਕੌਤਕੀ ਹੁੰਦਾ ਹੈ ਜਦੋਂ ਇਕ ਪਾਸੇ ਬੈਲਗੱਡੀਆਂ ਦੀਆਂ ਦੌੜਾਂ ਹੋ ਰਹੀਆਂ ਹੁੰਦੀਆਂ ਹਨ, ਦੂਜੇ ਪਾਸੇ ਹਲਟ ਦੌੜਾਂ, ਤੀਜੇ ਪਾਸੇ ਕੁੱਤਿਆਂ ਦੀਆਂ ਦੌੜਾਂ ਤੇ ਚੌਥੇ ਪਾਸੇ ਰੱਸਾਕਸ਼ੀ ਹੋ ਰਹੀ ਹੁੰਦੀ ਹੈ। ਬਾਜ਼ੀਗਰਾਂ ਦੀਆਂ ਬਾਜ਼ੀਆਂ, ਨਿਹੰਗ ਸਿੰਘਾਂ ਦੀ ਨੇਜ਼ੇਬਾਜ਼ੀ, ਘੋੜੇ ਨਾਚ ਕਰਦੇ, ਹਾਥੀ ਮੇਲ੍ਹਦੇ, ਜੁਆਨ ਅਹਿਰਨਾਂ ਦੇ ਬਾਲੇ ਕੱਢਦੇ, ਬੋਰੀਆਂ ਚੁੱਕਦੇ ਤੇ ਕਸਬੀ ਕਲਾਕਾਰ ਦੰਗ ਕਰਨ ਵਾਲੇ ਕਰਤਬ ਵਿਖਾਉਂਦੇ ਹਨ। ਅਥਲੀਟ ਟਰੈਕ ਵਿਚ ਦੌੜਦੇ, ਬਜ਼ੁਰਗ ਮੂੰਗਲੀਆਂ ਫੇਰਦੇ ਅਤੇ ਪਹਿਲਵਾਨ ਘੋਲ ਘੁਲਦੇ ਹਨ, ਕਬੱਡੀ ਦੇ ਰੇਡ ਪੈਂਦੇ ਤੇ ਜੱਫੇ ਲੱਗਦੇ ਹਨ। ਪਹਿਲਵਾਨ ਜ਼ੋਰ ਅਜ਼ਮਾਈ ਕਰਦੇ ਹਨ। ਇਸ ਵਾਰ ਲੜਕੀਆਂ ਦੀ ਮੁੱਕੇਬਾਜ਼ੀ ਵੀ ਹੋਵੇਗੀ ਜਿਸ ਵਿਚ ਸ਼ੇਰੇ ਪੰਜਾਬ ਅਕੈਡਮੀ ਚਕਰ ਦੀਆਂ ਸ਼ੇਰਨੀਆਂ ਗਰਜਣਗੀਆਂ। ਜਗਤਪੁਰ ਸਟੇਡੀਅਮ ਫਿਲੌਰ ਤੇ ਫਗਵਾੜੇ ਤੋਂ 20 ਕਿਲੋਮੀਟਰ ਤੇ ਬੰਗੇ ਤੋਂ 10 ਕਿਲੋਮੀਟਰ ਹੈ।

# ਸੰਸਾਰ ਦੇ ਕੁੱਲ ਕੋਹੜ ਰੋਗੀਆਂ ਵਿਚੋਂ ਅੱਧੇ ਭਾਰਤ ਵਿਚ

**ਚੰਡੀਗੜ੍ਹ:** ਵਿਸ਼ਵ ਦੇ ਕੁੱਲ ਕੁਸ਼ਟ ਰੋਗੀਆਂ ਵਿਚੋਂ 50 ਫ਼ੀਸਦ ਤੋਂ ਜ਼ਿਆਦਾ ਭਾਰਤੀ ਹਨ। ਕੁਸ਼ਟ ਰੋਗ ਨਾਲ ਹਰ ਤੀਜਾ ਮਰੀਜ਼ ਅੰਗਹੀਣ ਹੋ ਰਿਹਾ ਹੈ। ਇਹ ਖੁਲਾਸਾ ਪੀ.ਜੀ.ਆਈ ਦੇ ਇਕ ਤਾਜ਼ਾ ਅਧਿਐਨ ਵਿਚ ਕੀਤਾ ਗਿਆ ਹੈ। ਇਸ ਰੋਗ ਨੂੰ ਭਾਰਤ ਲਈ ਅਜੇ ਵੀ ਚੁਣੌਤੀ ਦੱਸਿਆ ਗਿਆ ਹੈ ਤੇ ਲੰਘੇ ਸਾਲ ਦੌਰਾਨ 2014 ਨਵੇਂ ਮਰੀਜ਼ ਸਾਹਮਣੇ ਆਏ ਹਨ। ਪੀ.ਜੀ.ਆਈ ਦਾ ਚਮੜੀ ਰੋਗ ਵਿਭਾਗ ਇਸ ਬੀਮਾਰੀ ਦੇ ਇਲਾਜ ਲਈ ਪੂਰੇ ਵਿਸ਼ਵ ਵਿਚ ਮੋਹਰੀ ਮੰਨਿਆ ਗਿਆ ਹੈ।

ਵਿਭਾਗ ਦੇ ਡਾ. ਸੁਨੀਲ ਡੋਗਰਾ ਵੱਲੋਂ ਤਿਆਰ ਕੀਤੀ ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਲੈਪਰੋਸੀ ਕਲੀਨਿਕ ਵਿਚ ਪਿਛਲੇ ਦਸ ਸਾਲਾਂ ਦੌਰਾਨ 1225 ਨਵੇਂ ਕੇਸ ਇਲਾਜ ਲਈ ਆਏ ਹਨ ਜਿਨ੍ਹਾਂ ਵਿਚੋਂ 59 ਬੱਚੇ ਹਨ। ਇਹ ਪ੍ਰਤੀਸ਼ਤਤਾ 4.81 ਬਣਦੀ ਹੈ ਜਿਸ ਵਿਚੋਂ 3.91 ਫ਼ੀਸਦੀ ਮੁੰਡੇ ਦੱਸੇ ਜਾਂਦੇ ਹਨ। ਕੁਸ਼ਟ ਰੋਗ ਦਾ ਸੰਤਾਪ ਭੋਗਣ ਵਾਲੇ ਬੱਚਿਆਂ ਵਿਚੋਂ ਸਭ ਤੋਂ ਛੋਟਾ ਦਸ ਮਹੀਨਿਆਂ ਦਾ ਹੈ।ਅਧਿਐਨ ਤੋਂ ਇਹ ਵੀ ਪਤਾ ਲੱਗਾ ਹੈ ਕਿ 54.3 ਫੀਸਦੀ ਦਾ ਸਰੀਰ ਦਾ ਉਪਰਲਾ ਤੇ ਬਾਕੀ ਦੇ ਸਰੀਰ ਦਾ ਹੇਠਲਾ ਹਿੱਸਾ ਪ੍ਰਭਾਵਿਤ ਹੋਇਆ ਹੈ। ਜਿਨ੍ਹਾਂ ਦੇ ਸਰੀਰ ਦਾ ਉਪਰਲਾ ਹਿੱਸਾ ਇਸ ਬੀਮਾਰੀ ਨਾਲ ਪ੍ਰਭਾਵਿਤ ਹੋਇਆ ਹੈ ਉਨ੍ਹਾਂ ਵਿਚੋਂ 40 ਫ਼ੀਸਦੀ ਦਾ ਚਿਹਰਾ ਕਰੂਪ ਹੋਇਆ ਹੈ ਜਦਕਿ 3.4 ਫ਼ੀਸਦੀ ਦੀਆਂ ਨਸਾਂ ਨੂੰ ਬੀਮਾਰੀ ਨੇ ਨਿਗਲ ਲਿਆ ਹੈ।

ਇਕ ਹੋਰ ਅਹਿਮ ਗੱਲ ਸਾਹਮਣੇ ਆਈ ਹੈ ਕਿ 40.7 ਫ਼ੀਸਦੀ ਦਾ ਰੋਗ ਇਲਾਜ ਦੌਰਾਨ ਹੋਰ ਵਧਿਆ ਹੈ ਤੇ ਇਨ੍ਹਾਂ ਵਿਚ 10.2 ਫੀਸਦ ਬੱਚੇ ਹਨ। ਬਚਪਨ ਵਿਚ ਹੀ ਇਸ ਬੀਮਾਰੀ ਦੇ ਲਗਾਤਾਰ ਹੋ ਹਰੇ ਹਮਲੇ ਨੂੰ ਵੱਡੀ ਚੁਣੌਤੀ ਦੱਸਦਿਆਂ ਕਿਹਾ ਹੈ ਕਿ ਕੇਂਦਰ ਸਰਕਾਰ ਦੇ ਕੁਸ਼ਟ ਰੋਗ ਨੂੰ ਖ਼ਤਮ ਕਰਨ ਦੇ ਪ੍ਰੋਗਰਾਮ ਪੂਰੀ ਤਰ੍ਹਾਂ ਸਫਲ ਨਹੀਂ ਹੋਏ ਹਨ।

ਰਿਪੋਰਟ ਵਿਚ ਵਿਸ਼ਵ ਸਿਹਤ ਸੰਸਥਾ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਸੰਸਾਰ ਭਰ ਵਿਚ ਕੁਸ਼ਟ ਰੋਗ ਦੇ ਵਧਣ ਦੀ ਪ੍ਰਤੀਸ਼ਤਤਾ 0.34 ਤੋਂ ਘੱਟ ਕੇ 0.33 ਹੋ ਗਈ ਹੈ, ਪਰ ਨਾਲ ਹੀ ਜਾਣਕਾਰੀ ਦਿੱਤੀ ਹੈ ਕਿ ਸਿਰਫ ਦੱਖਣੀ ਤੇ ਦੱਖਣੀ ਪੂਰਬ ਏਸ਼ੀਆ ਵਿਚ ਹੀ ਕੁੱਲ ਦੇ 71 ਫ਼ੀਸਦ ਕੇਸ ਮਿਲੇ ਹਨ। ਜਿਹੜੇ ਦੇਸ਼ ਇਸ ਰੋਗ ਤੋਂ ਸਭ ਤੋਂ ਵੱਧ ਪ੍ਰਭਾਵਿਤ ਹਨ ਉਨ੍ਹਾਂ ਵਿਚ ਭਾਰਤ ਦਾ ਨਾਂ ਸਿਖਰ 'ਤੇ ਹੈ। ਇਸ ਤੋਂ ਬਾਅਦ ਇੰਡੋਨੇਸ਼ੀਆ, ਬੰਗਲਾਦੇਸ਼, ਨੇਪਾਲ, ਸ੍ਰੀ ਲੰਕਾ, ਫਿਲਪੀਨ ਅਤੇ ਚੀਨ ਦਾ ਨਾਂਅ ਆ ਰਿਹਾ ਹੈ। ਸਾਲ 2005 ਤੋਂ 2010 ਤੱਕ ਇਸ ਰੋਗ ਦੇ ਵਧਣ ਦੀ ਰਫ਼ਤਾਰ ਕੁਝ ਮੱਠੀ ਪਈ ਸੀ, ਪਰ 2012 ਵਿਚ 6231 ਕੇਸਾਂ ਦਾ ਪਤਾ ਲੱਗ ਗਿਆ ਸੀ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਵਿਸ਼ਵ ਭਰ ਵਿਚ 16 ਮਿਲੀਅਨ ਮਰੀਜ਼ਾਂ ਦਾ ਇਲਾਜ ਕੀਤਾ ਗਿਆ ਹੈ।

ਉਧਰ ਏ.ਐਨ.ਸੀ.ਡੀ.ਆਰ ਦੀ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਸਾਲ 2012 ਤੋਂ ਬਾਅਦ ਇਸ ਰੋਗ ਦੇ ਮਰੀਜ਼ਾਂ ਦੀ ਗਿਣਤੀ ਵਿਚ ਪਹਿਲਾਂ ਨਾਲੋਂ ਤਿੰਨ ਗੁਣਾ ਦਾ ਵਾਧਾ ਹੋਇਆ ਹੈ। ਡਾਕਟਰ ਦੱਤਾ ਦਾ ਕਹਿਣਾ ਹੈ ਕਿ ਕੁਸ਼ਟ ਰੋਗ ਇਕ ਬੈਕਟੀਰੀਆ ਤੋਂ ਲਗਦਾ ਹੈ। ਇਹ ਛੂਤ ਦੀ ਬਿਮਾਰੀ ਨਹੀਂ ਹੈ।

# ਧੋਖਾਧੜੀ ਦੇ ਮਾਮਲੇ ਵਿਚ ਪੰਜਾਬਣ ਬਰੀ

**ਲੰਡਨ:** ਇਥੋਂ ਦੀ ਅਦਾਲਤ ਨੇ ਪੰਜਾਬਣ ਪਰਮਜੀਤ ਕੌਰ ਨੂੰ ਹਾਦਸੇ ਦੇ ਸ਼ਿਕਾਰ ਲੋਕਾਂ ਦੇ ਵੇਰਵੇ ਚੋਰੀ ਕਰਨ ਦੀ ਸਾਜ਼ਿਸ਼ ਰਚਨ ਦੇ ਦੋਸ਼ ਵਿਚੋਂ ਬਰੀ ਕਰ ਦਿੱਤਾ ਹੈ। 26 ਸਾਲਾ ਪੰਜਾਬਣ 'ਤੇ ਸਰਕਾਰੀ ਦਫਤਰ ਵਿਚ ਆਪਣੇ ਪਤੀ ਰਜ਼ਾ ਖਾਨ ਤੇ ਉਸ ਦੀ ਪ੍ਰੇਮਿਕਾ ਸਾਬਕਾ ਪੁਲਿਸ ਅਧਿਕਾਰੀ ਸੁਗਰਾ ਹਨੀਫ ਨਾਲ ਗਲਤ ਕੰਮ ਕਰਨ ਦੇ ਦੋਸ਼ ਸਨ। ਖਾਨ ਤੇ ਹਨੀਫ ਨੂੰ ਹਾਦਸੇ ਦੇ ਸ਼ਿਕਾਰ ਲੋਕਾਂ ਦੇ ਵੇਰਵੇ ਚੋਰੀ ਕਰਨ ਕਰਕੇ ਪੀੜਤਾਂ ਦੇ ਵਕੀਲਾਂ ਨੂੰ ਵੇਚਣ ਦਾ ਦੋਸ਼ੀ ਠਹਿਰਾਇਆ ਗਿਆ ਹੈ।

*To Advertise with Punjab Times Call: 847-359-0746*

# ਓਬਾਮਾ ਵੱਲੋਂ ਇਰਾਨ 'ਤੇ ਨਵੀਆਂ ਪਾਬੰਦੀਆਂ ਦਾ ਵਿਰੋਧ

**ਵਾਸ਼ਿੰਗਟਨ:** ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਜੇਕਰ ਅਮਰੀਕੀ ਸੰਸਦ ਨੇ ਇਰਾਨ 'ਤੇ ਨਵੀਆਂ ਆਰਥਿਕ ਪਾਬੰਦੀਆਂ ਲਾਉਣ ਲਈ ਕੋਈ ਬਿੱਲ ਲਿਆਂਦਾ ਤਾਂ ਉਹ ਉਸ ਨੂੰ ਵੀਟੋ (ਰੱਦ) ਕਰ ਦੇਣਗੇ। ਉਨ੍ਹਾਂ ਕਿਹਾ ਕਿ ਕੂਟਨੀਤੀ ਨੂੰ ਇਕ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਤੇ ਵਧੇਰੇ ਸੁਰੱਖਿਆ ਯਕੀਨੀ ਬਣਾਉਣ ਲਈ ਅਮਰੀਕਾ ਨੂੰ ਏਸ਼ੀਆ ਪ੍ਰਸ਼ਾਂਤ ਖਿੱਤੇ 'ਤੇ ਧਿਆਨ ਕੇਂਦਰਤ ਰੱਖਣਾ ਚਾਹੀਦਾ ਹੈ।



ਅਮਰੀਕੀ ਸੰਸਦ ਵਿਚ ਆਪਣਾ ਛੇਵਾਂ ਸਾਲਾਨਾ ਭਾਸ਼ਣ ਦਿੰਦਿਆਂ ਸ੍ਰੀ ਓਬਾਮਾ ਨੇ ਦੁਨੀਆਂ ਦੇ ਵੱਖ-ਵੱਖ ਖੇਤਰਾਂ ਨੂੰ ਛੂਹਿਆ ਤੇ ਆਪਣੀ ਵਿਦੇਸ਼ ਨੀਤੀ ਦੇ ਮੁੱਖ ਪਹਿਲੂਆਂ ਦਾ ਵਖਿਆਨ ਵੀ ਕੀਤਾ। ਉਂਜ, 76 ਮਿੰਟ ਦੇ ਆਪਣੇ ਭਾਸ਼ਣ ਵਿਚ ਭਾਰਤ ਬਾਰੇ ਕੋਈ ਜ਼ਿਕਰ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਜਟਿਲ ਖ਼ਤਰਿਆਂ ਵਾਲੀ ਇਸ ਦੁਨੀਆਂ ਵਿਚ ਅਮਰੀਕਾ ਦੀ ਸੁਰੱਖਿਆ ਤੇ ਲੀਡਰਸ਼ਿਪ ਇਸ ਦੀ ਸ਼ਕਤੀ ਦੇ ਸਾਰੇ ਕਾਰਕਾਂ ਉੱਤੇ ਮੁਨੱਸਰ ਕਰਦੀ ਹੈ।

ਉਨ੍ਹਾਂ ਮੰਨਿਆ ਕਿ ਤਹਿਰਾਨ ਨੂੰ ਗੱਲਬਾਤ ਦੀ ਮੇਜ਼ 'ਤੇ ਲੈ ਕੇ ਆਉਣ ਵਿਚ ਸਖ਼ਤ ਪਾਬੰਦੀਆਂ ਨੇ ਯੋਗਦਾਨ ਪਾਇਆ ਸੀ, ਪਰ ਜੇਕਰ ਇਰਾਨ 'ਤੇ ਨਵੀਆਂ ਪਾਬੰਦੀਆਂ ਲਾਉਣ ਲਈ ਸੰਸਦ ਵਿਚ ਕੋਈ ਬਿੱਲ ਲਿਆਂਦਾ ਗਿਆ ਤਾਂ ਉਹ ਇਸ ਨੂੰ ਵੀਟੋ ਕਰ ਦੇਣਗੇ, ਕਿਉਂਕਿ ਇਰਾਨ ਨਾਲ ਉਸ ਦੇ ਪਰਮਾਣੂ ਹਥਿਆਰਾਂ ਦੇ ਪ੍ਰੋਗਰਾਮ ਨੂੰ ਸੀਮਤ ਕਰਨ ਬਾਰੇ ਵਾਰਤਾ ਜਾਰੀ ਰਹਿਣੀ ਚਾਹੀਦੀ ਹੈ। ਉਨ੍ਹਾਂ ਦਲੀਲ ਦਿੱਤੀ ਕਿ ਅਮਰੀਕੀ ਕੂਟਨੀਤੀ ਕਰਕੇ ਹੀ ਇਰਾਨ ਦਾ ਪਰਮਾਣੂ ਪ੍ਰੋਗਰਾਮ ਰੋਕਿਆ ਗਿਆ ਤੇ ਇਸ ਦਾ ਇਕ ਹਿੱਸਾ ਵਾਪਸ ਲਿਆ ਗਿਆ, ਜੋ ਇਕ ਦਹਾਕੇ ਵਿਚ ਪਹਿਲੀ ਵਾਰ ਹੋਇਆ। ਇਰਾਨ ਨੇ ਜ਼ਿਆਦਾ ਸੋਧੇ ਹੋਏ ਯੂਰੇਨੀਅਮ ਦੇ ਆਪਣੇ ਜ਼ਖ਼ੀਰੇ ਖ਼ਤਮ ਕਰਨੇ ਸ਼ੁਰੂ ਕਰ ਦਿੱਤੇ ਹਨ।

ਅਫ਼ਗਾਨਿਸਤਾਨ ਦਾ ਜ਼ਿਕਰ ਕਰਦਿਆਂ ਸ੍ਰੀ ਓਬਾਮਾ ਨੇ ਕਿਹਾ ਕਿ 2014 ਤੋਂ ਬਾਅਦ ਅਫ਼ਗਾਨਿਸਤਾਨ ਵਿਚ ਥੋੜ੍ਹੀ ਜਿਹੀ ਅਮਰੀਕੀ ਫ਼ੌਜ ਰਹਿ ਸਕਦੀ ਹੈ, ਜੋ ਅਫ਼ਗਾਨ ਦਸਤਿਆਂ ਨੂੰ ਸਿਖਲਾਈ ਦੇਣ ਤੇ ਅਲ-ਕਾਇਦਾ ਦੀ ਰਹਿੰਦ-ਖੂੰਹਦ ਨਾਲ ਸਿੱਝਣ ਲਈ ਅਪਰੇਸ਼ਨ ਕਰਨ ਜਿਹੇ ਕੰਮ ਕਰੇਗੀ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਜੇਕਰ ਅਫ਼ਗਾਨ ਸਰਕਾਰ ਦੁਵੱਲੇ ਸੁਰੱਖਿਆ ਸਮਝੌਤੇ 'ਤੇ ਸਹੀ ਪਾ ਦਿੰਦੀ ਹੈ ਤਾਂ ਅਮਰੀਕੀ ਫ਼ੌਜ ਦਾ ਇਕ ਛੋਟਾ ਜਿਹਾ ਹਿੱਸਾ ਉਥੇ ਟਿਕਿਆ ਰਹੇਗਾ।

ਸ੍ਰੀ ਓਬਾਮਾ ਨੇ ਕਿਹਾ ਕਿ ਜਿਹੜਾ ਦੇਸ਼ ਨਵੀਆਂ ਕਾਢਾਂ 'ਤੇ ਜ਼ੋਰ ਦੇਵੇਗਾ ਆਉਣ ਵਾਲੇ ਕੱਲ੍ਹ ਦੇ ਆਲਮੀ ਅਰਥਚਾਰੇ 'ਤੇ ਉਸੇ ਦਾ ਸਿੱਕਾ ਚੱਲੇਗਾ। ਉਨ੍ਹਾਂ ਕਿਹਾ ਕਿ ਅਮਰੀਕਾ ਨੂੰ ਇਸ ਮਾਮਲੇ ਵਿਚ ਆਪਣੀ ਬੜ੍ਹਤ ਗੁਆਉਣੀ ਨਹੀਂ ਚਾਹੀਦੀ। ਕਾਂਗਰਸ ਨੂੰ ਪਿਛਲੇ ਸਾਲ ਬੁਨਿਆਦੀ ਖੋਜ ਲਈ ਬਜਟ 'ਤੇ ਲਾਈਆਂ ਕਟੌਤੀਆਂ ਦੀ ਭਰਪਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਕੰਟ੍ਰੈਕਟ ਕਾਮਿਆਂ ਲਈ ਘੱਟੋ-ਘੱਟ ਉਜਰਤ 10.10 ਡਾਲਰ ਫੀ ਘੰਟਾ ਕਰਨ ਲਈ ਉਹ ਇਕ ਫਰਮਾਨ ਜਾਰੀ ਕਰਨਗੇ। ਅਮਰੀਕਾ ਵਿਚ ਇਸ ਵੇਲੇ ਘੱਟੋ-ਘੱਟ ਉਜਰਤ 7.25 ਡਾਲਰ ਫੀ ਘੰਟਾ ਹੈ।

## ਸੰਯੁਕਤ ਰਾਸ਼ਟਰ ਨੇ ਕੀਤੀ ਭਾਰਤੀ ਸੁਪਰੀਮ ਕੋਰਟ ਦੀ ਪ੍ਰਸ਼ੰਸਾ

**ਸੰਯੁਕਤ ਰਾਸ਼ਟਰ:** ਭਾਰਤ ਦੀ ਸੁਪਰੀਮ ਕੋਰਟ ਵੱਲੋਂ 15 ਵਿਅਕਤੀਆਂ ਦੀ ਸਜ਼ਾ-ਏ-ਮੌਤ, ਉਮਰ ਕੈਦ ਵਿਚ ਬਦਲਣ ਦੀ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਬਾਰੇ ਮਾਹਰਾਂ ਨੇ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਭਾਰਤ ਸਜ਼ਾ-ਏ-ਮੌਤ ਨੂੰ ਖਤਮ ਹੀ ਕਰ ਦੇਵੇ। ਸੰਯੁਕਤ ਰਾਸ਼ਟਰ ਦੇ ਕ੍ਰਿਸਟੋਫ ਹੇਨਸ ਨੇ ਕਿਹਾ ਹੈ ਕਿ ਸੁਪਰੀਮ ਕੋਰਟ ਦੇ ਫੈਸਲੇ ਨਾਲ ਭਾਰਤੀ ਸੰਵਿਧਾਨ ਮੁਤਾਬਕ ਮਨੁੱਖਤਾ ਤੇ ਮਨੁੱਖੀ ਅਧਿਕਾਰਾਂ ਲਈ ਸਤਿਕਾਰ ਪ੍ਰਗਟਾਇਆ ਗਿਆ ਹੈ। 21 ਜਨਵਰੀ ਨੂੰ ਸੁਪਰੀਮ ਕੋਰਟ ਨੇ ਉਨ੍ਹਾਂ 15 ਵਿਅਕਤੀਆਂ ਦੀ ਸਜ਼ਾ-ਏ-ਮੌਤ ਉਮਰ ਕੈਦ ਵਿਚ ਬਦਲ ਦਿੱਤੀ ਸੀ, ਜਿਨ੍ਹਾਂ ਦੀ ਰਹਿਮ ਦੀ ਅਪੀਲ 'ਤੇ ਸਰਕਾਰ ਨੇ ਫੈਸਲਾ ਲੈਣ ਵਿਚ ਲੰਮਾ ਸਮਾਂ ਲੰਘਾ ਦਿੱਤਾ ਸੀ। ਅਦਾਲਤ ਨੇ ਮਾਨਸਿਕ ਬਿਮਾਰ ਦੋ ਜਣਿਆਂ ਦੀ ਮੌਤ ਦੀ ਸਜ਼ਾ ਵੀ ਉਮਰ ਕੈਦ ਵਿਚ ਬਦਲ ਦਿੱਤੀ ਸੀ। ਸੰਯੁਕਤ ਰਾਸ਼ਟਰ ਦੇ ਇਕ ਹੋਰ ਮਨੁੱਖੀ ਅਧਿਕਾਰ ਮਾਹਰ ਜੁਆਨ ਈ ਮੈਂਡੇਜ਼ ਨੇ ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਗਤ ਕੀਤਾ ਹੈ।

## ਮੋਦੀ ਬਾਰੇ ਅਮਰੀਕਾ ਨਰਮ

**ਵਾਸ਼ਿੰਗਟਨ:** ਅਮਰੀਕਾ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਹੈ ਕਿ ਭਾਜਪਾ ਦੇ ਪ੍ਰਧਾਨ ਮੰਤਰੀ ਲਈ ਉਮੀਦਵਾਰ ਨਰਿੰਦਰ ਮੋਦੀ ਉਨ੍ਹਾਂ ਦੇ ਮੁਲਕ ਦਾ ਵੀਜ਼ਾ ਲੈਣ ਲਈ ਅਰਜ਼ੀ ਦੇਣ ਵਾਸਤੇ ਸੁਤੰਤਰ ਹਨ ਪਰ ਵੀਜ਼ਾ ਦੇਣ ਬਾਰੇ ਫੈਸਲਾ ਤੈਅ ਨਿਯਮਾਂ ਤਹਿਤ ਹੀ ਹੋਵੇਗਾ।

ਵਿਦੇਸ਼ ਮੰਤਰਾਲੇ ਦੀ ਉਪ ਤਰਜਮਾਨ ਮੈਰੀ ਹਰਫ਼ ਨੇ ਦੱਸਿਆ ਕਿ ਮੋਦੀ ਵੀਜ਼ਾ ਲਈ ਅਰਜ਼ੀ ਦੇਣ ਲਈ ਆਜ਼ਾਦ ਹਨ ਤੇ ਵੀਜ਼ਾ ਦੇਣ ਬਾਰੇ ਨਿਯਮਾਂ ਦੀ ਪਾਲਣਾ ਕੀਤੀ ਜਾਵੇਗੀ।

## ਭਗੌੜੇ ਉਲਫਾ ਆਗੂ ਸਣੇ 14 ਨੂੰ ਫਾਂਸੀ ਦੀ ਸਜ਼ਾ

**ਢਾਕਾ:** ਬੰਗਲਾਦੇਸ਼ ਦੀ ਅਦਾਲਤ ਨੇ ਭਾਰਤ ਵਿਚ ਪਾਬੰਦੀਸ਼ੁਦਾ ਜਥੇਬੰਦੀ ਉਲਫਾ ਦੇ ਮੁੱਖ ਆਗੂ ਪਰੇਸ਼ ਬਰੂਆ, ਦੋ ਸਾਬਕਾ ਮੰਤਰੀਆਂ ਤੇ ਦੋ ਫ਼ੌਜੀ ਜਰਨੈਲਾਂ ਸਮੇਤ 14 ਵਿਅਕਤੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ। ਦੇਸ਼ ਵਿਚ ਤਕਰੀਬਨ 10 ਸਾਲ ਪਹਿਲਾਂ ਸਭ ਤੋਂ ਵੱਡਾ ਅਸਲਾ ਭੰਡਾਰ ਫੜਿਆ ਗਿਆ ਸੀ ਤੇ ਇਨ੍ਹਾਂ ਨੂੰ ਹਥਿਆਰ ਐਕਟ ਤੇ ਅਸਲੇ ਦੀ ਤਸਕਰੀ ਲਈ ਸਪੈਸ਼ਲ ਪਾਵਰਜ਼ ਐਕਟ 1974 ਤਹਿਤ ਦੋਸ਼ੀ ਠਹਿਰਾਇਆ ਗਿਆ ਹੈ।

ਪਰੇਸ਼ ਬਰੂਆ ਜੋ ਇਸ ਸਮੇਂ ਭਗੌੜਾ ਹੈ, ਨੂੰ ਗੈਰਹਾਜ਼ਰੀ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਹੈ। ਅਪਰੈਲ 2004 ਵਿਚ ਚਾਰ ਹਜ਼ਾਰ ਹਥਿਆਰਾਂ ਤੇ ਇਕ ਕਰੋੜ ਤੋਂ ਵੱਧ ਗੋਲੀਆਂ ਨਾਲ ਭਰੇ 10 ਟਰੱਕ ਫੜੇ ਗਏ ਸਨ। ਇਹ ਹਥਿਆਰ ਉਲਫ਼ਾ ਦੇ ਭਾਰਤੀ ਟਿਕਾਣਿਆਂ 'ਤੇ ਪਹੁੰਚਾਏ ਜਾਣੇ ਸਨ। ਚਿਟਾਗਾਉਂ ਅਦਾਲਤ ਨੇ ਜਮਾਤ-ਏ-ਇਸਲਾਮੀ ਮੁਖੀ ਅਤੇ ਸਾਬਕਾ ਮੰਤਰੀ ਮਤੀ-ਉਰ-ਰਹਿਮਾਨ ਨਿਜ਼ਾਮੀ ਤੇ ਸਾਬਕਾ ਗ੍ਰਹਿ ਮੰਤਰੀ ਲੁਤਫੋਜ਼ਮਾਨ ਬਾਬਰ ਨੂੰ ਵੀ ਫਾਂਸੀ ਦੀ ਸਜ਼ਾ ਦਿੱਤੀ ਗਈ ਹੈ।

ਸਾਬਕਾ ਵਧੀਕ ਸਕੱਤਰ ਨੂਰ-ਉਲ-ਅਮੀਨ, ਦੋ ਸਾਬਕਾ ਜਰਨੈਲਾਂ, ਨੈਸ਼ਨਲ ਸਕਿਉਰਟੀ ਇੰਟੈਲੀਜੈਂਸ ਦੇ ਸਾਬਕਾ ਡੀਜੀ ਬ੍ਰਿਗੇਡੀਅਰ ਜਨਰਲ ਅਬਦੁਰ ਰਹੀਮ ਤੇ ਇਕ ਹੋਰ ਸਾਬਕਾ ਡਾਇਰੈਕਟਰ ਮੇਜਰ ਜਨਰਲ ਰਜ਼ਾਕ-ਉਲ-ਹੈਦਰ ਚੌਧਰੀ ਨੂੰ ਵੀ ਫਾਂਸੀ ਦੀ ਸਜ਼ਾ ਦਿੱਤੀ ਗਈ ਹੈ। ਪਰੇਸ਼ ਬਰੂਆ ਪਾਬੰਦੀਸ਼ੁਦਾ ਜਥੇਬੰਦੀ ਯੂਨਾਈਟਿਡ ਲਿਬਰੇਸ਼ਨ ਫਰੰਟ ਅਸਾਮ (ਉਲਫਾ) ਦੇ ਫੌਜੀ ਵਿੰਗ ਦਾ ਮੁਖੀ ਹੈ ਤੇ ਇਸ ਸਮੇਂ ਉਹ ਵੱਖਰੇ ਧੜੇ ਦੀ ਅਗਵਾਈ ਕਰ ਰਿਹਾ ਹੈ ਜੋ ਭਾਰਤ ਸਰਕਾਰ ਨਾਲ ਗੱਲਬਾਤ ਵਿਰੋਧੀ ਹੈ।

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

ਜਾਇਦਾਦ ਦੀ ਖਰੀਦ-ਵੇਚ
ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ
ਪੂਨੀਆ ਰੀਅਲ ਅਸਟੇਟ:94173-34049
ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL MULTI SERVICES
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਯੂਨੀਵਰਸਿਟੀ ਦਾ ਪਹਿਲਵਾਨ ਤੇ ਅਥਲੀਟ-ਗੁਰਮੀਤ ਸਿੰਘ ਗੰਡਮ



ਖੇਡ ਸੰਸਾਰ

ਇਕਬਾਲ ਜੱਬੋਵਾਲੀਆ
ਫੋਨ:917-375-6395

ਫਗਵਾੜਾ ਦੇ ਰਾਮਗੜ੍ਹੀਆ ਕਾਲਜ ਨੂੰ ਖੇਡਾਂ ਦਾ ਸੈਂਟਰ ਕਿਹਾ ਜਾਂਦੈ ਕਿਉਂਕਿ ਉਥੋਂ ਹਰ ਤਰ੍ਹਾਂ ਦੇ ਖਿਡਾਰੀ ਜਨਮੇ ਹਨ। ਜਿਲ੍ਹਾ ਕਪੂਰਥਲਾ ਦੇ ਇਸ ਕਾਲਜ ਤੋਂ ਪਹਿਲਵਾਨ, ਵੇਟ-ਲਿਫ਼ਟਰ, ਪਾਵਰ-ਲਿਫ਼ਟਰ, ਕੋਚ, ਅਥਲੀਟ ਅਤੇ ਕਬੱਡੀ ਖਿਡਾਰੀ ਉਭਰੇ ਹਨ। ਜੇ ਅਥਲੀਟਾਂ ਦੀ ਗੱਲ ਕਰੀਏ ਤਾਂ ਗੁਰਮੀਤ ਸਿੰਘ ਗੰਡਮ ਦਾ ਨਾਂ ਸਿਤਾਰੇ ਵਾਂਗ ਚਮਕਦਾ ਹੈ। ਆਪਣੇ ਵੇਲਿਆਂ ਵਿਚ ਉਹ ਕਾਲਜ ਖੇਡਾਂ ਦਾ ਹੀਰੋ ਸਮਝਿਆ ਜਾਂਦਾ ਸੀ। ਟੂ-ਇਨ-ਵਨ ਅਥਲੀਟ ਤਾਂ ਬਹੁਤ ਹੋਏ ਹੋਣਗੇ ਪਰ ਥਰੀ-ਇਨ-ਵਨ ਬਹੁਤ ਘੱਟ। ਗੁਰਮੀਤ ਸਿੰਘ ਨੇ ਅਥਲੈਟਿਕਸ ਦੇ ਨਾਲ ਨਾਲ ਵੇਟ-ਲਿਫ਼ਟਿੰਗ ਅਤੇ ਭਲਵਾਨੀ ਵੀ ਬਰਾਬਰ ਦੀ ਕੀਤੀ। ਇਸ ਲੱਠੇ ਗੱਭਰੂ ਨੇ ਕਾਲਜ ਨੂੰ ਮਾਣ ਬਖਸ਼ਿਆ ਅਤੇ ਯੂਨੀਵਰਸਿਟੀ ਮੁਕਾਬਲਿਆਂ ਵਿਚ ਕਈ ਇਨਾਮ ਜਿੱਤੇ।

ਫ਼ਗਵਾੜੇ ਤੋਂ ਜਲੰਧਰ ਵੱਲ ਨਿਕਲਦਿਆਂ ਹੀ ਹਾਈਵੇ ਦੇ ਦੋਨੋਂ ਪਾਸੀਂ ਜਿਲ੍ਹਾ ਕਪੂਰਥਲਾ ਦੇ ਪ੍ਰਸਿੱਧ ਪਿੰਡਾਂ ਮੇਹਟਾਂ-ਗੰਡਮਾਂ ਦੇ ਅੱਡੇ ਆਉਂਦੇ ਹਨ। ਸੱਜੇ ਗੰਡਵਾਂ ਅਤੇ ਖੱਬੇ ਮੇਹਟਾਂ। 5 ਮਈ 1955 ਨੂੰ ਪਿਤਾ ਬਖਸ਼ੀਸ਼ ਸਿੰਘ ਅਤੇ ਮਾਤਾ ਚੰਨਣ ਕੌਰ ਦੇ ਘਰ ਪਿੰਡ ਗੰਡਮਾਂ 'ਚ ਜਨਮੇ ਗੁਰਮੀਤ ਨੇ ਮੁਢਲੀ ਪੜ੍ਹਾਈ ਪਿੰਡੋਂ ਅਤੇ ਮਿਡਲ ਤੇ ਹਾਇਰ ਸੈਕੰਡਰੀ ਹਦੀਆਬਾਦ ਤੋਂ ਕੀਤੀ। ਖੇਡਾਂ ਦਾ ਸ਼ੌਕ ਤਾਂ ਉਥੋਂ ਹੀ ਲੱਗ ਗਿਆ ਸੀ ਕਿਉਂਕਿ ਉਥੇ ਕੇਵਲ ਕੈਲੈ, ਸੱਤੀ, ਸਤਨਾਮ ਅਤੇ ਚਮਨ ਲਾਲ ਵਰਗੇ ਸਿਰਕੱਢ ਕਬੱਡੀ ਖਿਡਾਰੀ ਹੁੰਦੇ ਸਨ ਜੋ ਕਈ ਸਾਲ ਸਕੂਲਾਂ ਦੀ ਚੈਂਪੀਅਨਸ਼ਿਪ ਜਿੱਤਦੇ ਰਹੇ। ਹਦੀਆਬਾਦ ਦੀ ਪੜ੍ਹਾਈ ਤੋਂ ਬਾਅਦ ਉਹ ਰਾਮਗੜ੍ਹੀਆ ਕਾਲਜ ਦਾਖਲ ਹੋਇਆ। ਇਕ ਸਾਲ ਉਥੇ ਲਾਉਣ ਉਪਰੰਤ ਗੁਰਮੀਤ ਦੇ ਵੱਡੇ ਭਰਾ ਦਾ ਲੈਕਚਰਾਰ ਦੋਸਤ ਅਤੇ ਵੇਟ-ਲਿਫਟਿੰਗ ਕੋਚ ਜਸਵੰਤ ਸਿੰਘ ਗੰਡਮ ਗੁਰਮੀਤ ਦਾ ਖੇਡਾਂ, ਭਲਵਾਨੀ ਅਤੇ ਵੇਟ-ਲਿਫ਼ਟਿੰਗ ਦਾ ਸ਼ੌਕ ਵੇਖ ਓਹਨੂੰ ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ ਲੈ ਗਿਆ। ਭਾਰ ਚੁੱਕਣ ਦਾ ਸ਼ੌਕ ਉਥੇ ਜਾ ਹੋਰ ਪ੍ਰਫੁਲਿਤ ਹੋਣ ਲੱਗਾ। ਇਥੇ ਮਾਣਕਾਂ-ਘੁੰਮਣਾਂ ਦਾ ਕੋਚ ਸੀਤਲ ਸਿੰਘ, ਜੌਹਲ ਕੋਚ ਅਤੇ ਵਡਾਲੇ ਦਾ ਬਾਸੀ ਕੋਚ ਹੁੰਦੇ ਸਨ ਜੋ ਵੇਟ ਲਿਫ਼ਟਿੰਗ ਦੀ ਕੋਚਿੰਗ ਦਿੰਦੇ ਸਨ। ਕਾਲਜ ਦੇ ਪ੍ਰਿੰਸੀਪਲ ਸ. ਮੋਹਣ ਸਿੰਘ ਜੌਹਲ ਨੂੰ ਖੁਦ ਖੇਡਾਂ ਦਾ ਸ਼ੌਕ ਸੀ।

ਸਾਰਿਆਂ ਦੀ ਹੱਲਾਸ਼ੇਰੀ ਨਾਲ ਗੁਰਮੀਤ ਨੇ ਦੋ ਸਾਲ ਪੁਜ਼ੀਸ਼ਨਾਂ ਲਈਆਂ। ਉਸ ਨੇ ਜੈਵਲਿਨ ਸੁਟਿਆ, ਭਾਰ ਚੁੱਕਿਆ, ਗੋਲਾ ਸੁੱਟਿਆ, ਸਾਈਕਲ ਚਲਾਇਆ ਅਤੇ 100, 200, 400 ਮੀਟਰ ਰੇਸਾਂ ਲਾ ਬੈਸਟ ਅਥਲੀਟ ਦੀ ਟੀਸੀ 'ਤੇ ਜਾ ਬੈਠਾ। ਆਪਣੇ ਭਾਰ ਵਰਗ ਵਿਚ 125 ਕਿਲੋਗ੍ਰਾਮ ਦੀ ਜ਼ਰਕ ਅਤੇ 100 ਕਿਲੋਗ੍ਰਾਮ ਦੀ ਸਨੈਚ ਲਾਈ।



ਕਾਲਜ ਸਟਾਫ ਨਾਲ ਪਹਿਲੀ ਪੁਜ਼ੀਸ਼ਨ 'ਤੇ ਖੜਾ ਗੁਰਮੀਤ ਸਿੰਘ।

ਪਲਾਹੀ ਦਾ ਸੁਰਿੰਦਰ ਅਤੇ ਵਿਰਕਾਂ ਦਾ ਸ਼ਿੰਦਰ ਰਾਮਗੜ੍ਹੀਆ ਦੇ ਤਕੜੇ ਵੇਟ ਲਿਫ਼ਟਰ ਹੁੰਦੇ ਸਨ। ਗੁਰਮੀਤ ਨੇ ਉਨ੍ਹਾਂ ਤੋਂ ਵੀ ਬਹੁਤ ਕੁਝ ਸਿਖਿਆ ਅਤੇ 'ਕੱਠਿਆਂ ਪ੍ਰੈਕਟਿਸ ਕੀਤੀ। ਰਾਏਪੁਰ ਡੱਬੀਆਂ ਦਾ ਜੈਲਾ ਤੇ ਕੇਵਲ ਕੈਲੇ ਰਾਮਗੜ੍ਹੀਆ ਦੇ ਭਲਵਾਨ ਹੁੰਦੇ ਸਨ ਪਰ ਜ਼ੋਰ 'ਕੱਠੇ ਕਰਿਆ ਕਰਦੇ ਸਨ। ਗੁਰਮੀਤ ਦੇ ਕਾਲਜ ਦੇ ਪੁਰਾਣੇ ਸਾਥੀ ਅਤੇ ਦੋਸਤ ਚਮਨ ਲਾਲ ਥਾਪਰ, ਬਲਵੀਰ ਸਿੰਘ ਨਵਾਂ ਪਿੰਡ ਅਤੇ ਮਾਮੇ ਦਾ ਪੁੱਤ ਗੁਰਨਾਮ ਸਿੰਘ ਰਸੂਲਪੁਰ ਜੋ ਹੁਣ ਪਰਦੇਸੀਂ ਵੱਸੇ ਹੋਏ ਹਨ, ਵਿਆਹਾਂ-ਸ਼ਾਦੀਆਂ ਜਾਂ ਹੋਰ ਖ਼ੁਸ਼ੀ-ਸਮਾਗਮਾਂ ਵਿਚ ਅਕਸਰ ਕਿਤੇ ਨਾ ਕਿਤੇ 'ਕੱਠੇ ਜ਼ਰੂਰ ਹੁੰਦੇ ਰਹਿੰਦੇ ਹਨ।

ਕੈਨੇਡਾ ਰਹਿੰਦਾ ਕੇਵਲ ਕੈਲੇ ਵੀ ਉਥੇ ਹੁੰਦਾ ਸੀ। ਜ਼ੋਰ ਅਜ਼ਮਾਈ ਵੀ ਇਕ ਸਾਥ ਕਰਦੇ। ਵੱਡਾ ਭਲਵਾਨ ਕੇਵਲ ਕੱਦ-ਕਾਠ ਅਤੇ ਜ਼ੋਰ 'ਚ ਉਹਦੇ ਨਾਲੋਂ ਤਕੜਾ ਸੀ। ਪਰ ਆਪਣੇ ਭਾਰ ਵਰਗ ਵਿਚ ਗੁਰਮੀਤ ਵੀ ਘੱਟ ਨਹੀਂ ਸੀ। ਸ਼ਾਟ-ਪੁੱਟ ਵਿਚ ਗੁਰਮੀਤ 36 ਫ਼ੁੱਟ ਸੁੱਟਦਾ ਜਦ ਕਿ ਕੇਵਲ 2 ਕੁ ਫ਼ੁੱਟ ਜਿਆਦਾ ਯਾਨਿ 38 ਫ਼ੁੱਟ ਸੁੱਟ ਦਿੰਦਾ। ਲੜਕਿਆਂ ਦੇ ਗੋਲੇ ਦਾ ਭਾਰ 16 ਪੌਂਡ ਜਦ ਕਿ ਲੜਕੀਆਂ ਦੇ ਗੋਲੇ ਦਾ 12 ਪੌਂਡ। ਇਕ ਮੁਕਾਬਲੇ 'ਚ 70 ਮੀਟਰ ਦੂਰ ਜੈਵਲਿਨ ਸੁੱਟ ਕੇ ਪਹਿਲੀ ਪੁਜ਼ੀਸ਼ਨ ਦਾ ਹੱਕਦਾਰ ਬਣਿਆ।



ਜਨਵਰੀ 2014 'ਚ ਨਿਊ ਯਾਰਕ ਫ਼ੇਰੀ ਸਮੇਂ (ਖੱਬਿਉਂ) ਗੁਰਮੀਤ ਦਾ ਬੇਟਾ ਹਰਵੀਰ, ਗੁਰਨਾਮ, ਗੁਰਮੀਤ, ਚਮਨ ਤੇ ਕਬੱਡੀ ਖਿਡਾਰੀ ਮੰਗਾ ਇਕਬਾਲ ਸਿੰਘ ਦੇ ਘਰ।

ਘੁੱਲਣ ਦੇ ਸ਼ੌਕ ਬਾਰੇ ਇਕ ਸਵਾਲ 'ਤੇ ਹੱਸਦੇ ਗੁਰਮੀਤ ਨੇ ਦੱਸਿਆ ਕਿ ਉਹਦੇ ਪਰਿਵਾਰਕ ਮੁੰਡੇ ਨੇ ਘੁੱਲਣ ਲਾ ਦਿਤਾ। ਇਕ ਵਾਰ ਸ਼ੁਗਲ ਨਾਲ ਘੁੱਲਦਿਆਂ ਉਹਨੇ ਉਹਨੂੰ ਢਾਅ ਲਿਆ। ਗੁਰਮੀਤ ਨੇ ਛੇ ਮਹੀਨੇ ਫਿਰ ਸਾਗ 'ਚ ਚੰਗਾ ਘਿਉ-ਮੱਖਣ ਪਾ ਕੇ ਖਾਧਾ। ਅਧਰਿੜਕਾ ਪੀਤਾ ਅਤੇ ਦੱਬ ਕੇ ਕਸਰਤ ਕੀਤੀ। ਫਿਰ ਉਹਨੂੰ ਢਾਹਿਆ। ਘੁੱਲਣ ਦਾ ਇਹ ਸ਼ੌਕ ਕਾਲਜ ਦੀਆਂ ਖੇਡਾਂ ਦਾ ਹਿੱਸਾ ਬਣਿਆ। ਯੂਨੀਵਰਸਿਟੀ ਮੁਕਾਬਲਿਆਂ ਲਈ ਡੀ ਪੀ ਈ ਸੀਤਲ ਸਿੰਘ ਟੀਮ ਸਿਲੈਕਸ਼ਨ ਲਈ ਸਾਰੇ ਭਲਵਾਨਾਂ ਨੂੰ ਮੱਦੀ ਦੇ ਅਖਾੜੇ ਵੱਲ ਲੈ ਗਿਆ। ਫ਼ਗਵਾੜੇ ਉਸ ਵੇਲੇ ਮੱਦੀ ਦਾ ਇਕੋ ਅਖਾੜਾ ਹੁੰਦਾ ਸੀ। ਜਦੋਂ ਗੁਰਮੀਤ ਨੇ ਕੱਪੜੇ ਲਾਹੇ ਤਾਂ ਮੱਦੀ ਉਸਤਾਦ ਕਹਿਣ ਲੱਗਾ ਕਿ ਇਹ ਮੁੰਡਾ ਜਰੂਰ ਕੁਝ ਬਣੇਗਾ। ਤਿੰਨਾਂ ਭਲਵਾਨਾਂ ਨਾਲ ਗੁਰਮੀਤ ਦੀਆਂ ਕੁਸ਼ਤੀਆਂ ਹੋਈਆਂ ਤੇ ਤਿੰਨੇ ਢਾਹੇ।

ਹੱਸਦੇ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੇ ਪਿੰਡ ਦੇ ਸਿਵਿਆਂ 'ਚ ਰਹਿੰਦੇ ਇਕ ਸਾਧ ਨੇ ਉਹਨੂੰ ਕਾਫੀ ਦਾਅ-ਪੇਚ ਦੱਸੇ। ਉਹ ਸਾਧ ਭਲਵਾਨੀ ਦਾ ਬੜਾ ਮਾਹਰ ਅਤੇ ਭਲਾਮਾਣਸ ਸੀ। ਜਾਦੂ-ਟੂਣੇ ਤੋਂ ਡਰਦੇ ਗੁਰਮੀਤ ਨੇ ਉਹਦੇ ਕੋਲ ਜਾਣਾ ਛੱਡ ਦਿਤਾ ਕਿ ਪਤਾ ਨਹੀਂ ਹੁੰਦਾ, ਕਿਸੇ ਦਾ ਸੋਹਣਾ ਸੁਨੱਖਾ, ਗੱਭਰੂ ਜਾਨਦਾਰ ਮੁੰਡਾ ਵੇਖ ਕੇ ਕੋਈ ਜਾਦੂ ਨਾ ਕਰ ਦੇਵੇ।

ਭਲਵਾਨੀ ਦੀ ਹੋਰ ਕੋਚਿੰਗ ਲੈ 75 'ਚ ਯੂਨੀਵਰਸਿਟੀ ਦੇ ਕੁਸ਼ਤੀ ਮੁਕਾਬਲਿਆਂ 'ਚ ਜਲੰਧਰ ਹਿੱਸਾ ਲਿਆ। ਉਹ ਲਾਗਲੇ ਪਿੰਡਾਂ-ਭਾਣੋਕੀ, ਦਰਵੇਸ਼, ਦਾਦੂਵਾਲ ਆਦਿ ਵਿਚ ਛਿੰਜਾਂ ਵਿਚ ਵੀ ਘੁਲਦਾ ਅਤੇ ਤਕੜੇ ਭਲਵਾਨਾਂ ਨੂੰ ਹਰਾ ਕੇ ਝੰਡੀ ਗੱਡੀ।

ਗੁਰੂ ਨਾਨਕ ਕਾਲਜ ਦਾ ਸਿਰਮੌਰ ਖਿਡਾਰੀ ਗੁਰਮੀਤ ਜੂਨ 1978 'ਚ ਜਰਮਨੀ ਚਲੇ ਗਿਆ। ਉਥੇ ਵੀ ਸ਼ੌਕ ਨਹੀਂ ਛੱਡਿਆ। ਫ਼ਰੈਂਕਫ਼ਰਟ ਵਿਚ ਕਬੱਡੀ ਟੂਰਨਾਮੈਂਟਾਂ ਵਿਚ ਭਾਰ ਚੁੱਕ ਕੇ ਬੱਲੇ-ਬੱਲੇ ਕਰਾਈ। ਕਲੋਨ ਵੀ ਟੂਰਨਾਮੈਂਟ ਹੁੰਦੇ ਸਨ। ਫ਼ਰੈਂਕਫ਼ਰਟ, ਕਲੋਨ, ਬੋਨ ਅਤੇ ਡਸਲਡੌਰਫ਼ ਦੇ ਟੂਰਨਾਮੈਂਟਾਂ ਵਿਚ ਪੰਜਾਬੀਆਂ ਦੀ ਚੰਗੀ ਭੀੜ ਜੁੜਦੀ। ਚਮਨ ਅਤੇ ਗੁਰਨਾਮ ਨੇ ਗੁਰਮੀਤ ਸਿੰਘ ਦੀ ਤਾਕਤ ਦੀ ਗੱਲ ਕਰਦਿਆਂ ਦੱਸਿਆ ਕਿ ਜਰਮਨੀ ਵਿਚ ਇਕ ਕਹਿੰਦਾ-ਕਹਾਉਂਦਾ ਇਟਾਲੀਅਨ ਗੋਰਾ ਗੁਰਮੀਤ ਦੇ ਨਾਲ ਹੀ ਫ਼ੈਕਟਰੀ ਦੇ ਵੇਅਰਹਾਊਸ ਵਿਚ ਕੰਮ ਕਰਦਾ ਸੀ ਜੋ ਦਸਤਪੰਜਾ ਪਾਉਣ ਦਾ ਮਾਹਰ ਸੀ। ਮਾੜੀ-ਧੀੜੇ ਨੂੰ ਉਹ ਲਾਗੇ ਨਹੀਂ ਸੀ ਲੱਗਣ ਦਿੰਦਾ। ਗੁਰਮੀਤ ਨੇ ਵੰਗਾਰ ਕੇ ਉਸ ਨਾਲ ਪੰਜਾ ਪਾਇਆ ਤੇ ਉਸ ਦੀ ਜ਼ੋਰ ਅਜ਼ਮਾਈ ਵਿਚ ਚੰਗੀ ਆਕੜ ਭੰਨੀ।

ਚਾਰ ਸਾਲ ਜਰਮਨੀ ਰਹਿਣ ਤੋਂ ਬਾਅਦ ਸੰਨ 1983 'ਚ ਉਹ ਇੰਗਲੈਂਡ ਦੇ ਸ਼ਹਿਰ ਸਲੋਹ ਜਾ ਵਸਿਆ। ਉਥੇ ਵੀ ਖੇਡਾਂ ਦਾ ਸ਼ੌਕ ਨਾ ਛੱਡਿਆ। ਦੋ ਬੇਟੀਆਂ, ਇਕ ਬੇਟੇ ਅਤੇ ਪਤਨੀ ਨਾਲ ਉਹ ਖ਼ੁਸ਼ੀ ਭਰਿਆ ਜੀਵਨ ਬਸਰ ਕਰ ਰਿਹੈ।

ਗੰਡਮ ਪਰਿਵਾਰ ਦੀ ਖੇਡ-ਵੇਲ ਨੂੰ ਹਰਿਆ-ਭਰਿਆ ਰੱਖਣ ਲਈ ਗੁਰਮੀਤ ਨੇ ਬੇਟੇ ਹਰਵੀਰ ਨੂੰ ਖੇਡਾਂ ਲਈ ਤਿਆਰ ਕੀਤਾ ਜੋ ਪਹਿਲਾਂ ਸਾਕਰ ਦਾ ਤਕੜਾ ਖਿਡਾਰੀ ਬਣਿਆ ਤੇ ਫਿਰ ਕ੍ਰਿਕਟ ਵੱਲ ਨੂੰ ਹੋ ਗਿਆ। ਇੰਗਲੈਂਡ ਦੇ ਸਕੂਲਾਂ ਦੀ ਟੀਮ ਦਾ ਉਹ ਨਾਮੀ ਕ੍ਰਿਕਟ ਖਿਡਾਰੀ ਬਣਿਆ। ਮੀਡੀਏ ਦੀਆਂ ਸੁਰਖ਼ੀਆਂ ਵਿਚ ਆਉਣ ਕਰਕੇ ਗੰਡਮ ਪਰਿਵਾਰ ਨੂੰ ਬੜਾ ਮਾਣ ਮਹਿਸੂਸ ਹੁੰਦਾ। ਉਦੋਂ ਦੁਖ ਹੋਇਐ ਜਦੋਂ ਭਿੰਨ-ਭੇਦ ਕਰਕੇ ਗੋਰਿਆਂ ਨੇ ਉਹਨੂੰ ਟੀਮ ਵਿਚ ਨਾ ਪਾਇਆ।



ਗੁਰਨਾਮ ਤੇ ਗੁਰਮੀਤ ਜਰਮਨੀ 1980-81 ਵਿਚ।

38 ਸਾਲਾਂ ਬਾਅਦ ਪੁਰਾਣੇ ਦੋਸਤ-ਗੁਰਮੀਤ, ਗੁਰਨਾਮ ਤੇ ਚਮਨ ਮੇਰੇ ਘਰ ਫਿਰ 'ਕੱਠੇ ਹੋ ਗਏ। ਪੁਰਾਣੀਆਂ ਯਾਦਾਂ ਸਾਂਝੀਆਂ ਕਰਨ ਬਹਿ ਗਏ। ਖੇਡ-ਇਤਿਹਾਸ ਦੀਆਂ ਗੱਲਾਂ ਦਾ ਕਬੱਡੀ ਖਿਡਾਰੀ ਮੰਗੇ ਅਤੇ ਗੁਰਮੀਤ ਦੇ ਬੇਟੇ ਹਰਵੀਰ ਨੇ ਵੀ ਅਨੰਦ ਮਾਣਿਆ। ਪੁਰਾਣੀਆਂ ਖ਼ੁਰਾਕਾਂ ਦੀ ਗੱਲ ਛਿੜੀ ਤਾਂ ਕਿਸੇ ਸਾਥੀ ਖਿਡਾਰੀ ਦੀ ਗੱਲ ਛੇੜ ਲਈ ਕਿ ਇਕ ਵਾਰ ਸਾਈਕਲ-ਰੇਹੜੀ 'ਤੇ ਜਾਂਦੇ ਜੂਸ ਵਾਲੇ ਨੂੰ ਰੋਕ ਕੇ ਕਿਹਾ, "ਐਹ ਲੈ ਫੜ੍ਹ ਪੰਜਾਹ ਰੁਪਏ ਤੇ ਉਹਨੂੰ ਜੂਸ ਨਾਲ ਰਜਾ ਦੇ।" 40 ਸਾਲ ਪਹਿਲਾਂ ਪੰਜਾਹ ਰੁਪਏ ਵੱਡੀ ਰਕਮ ਹੁੰਦੀ ਸੀ। ਉਹ ਕਬੱਡੀ ਖਿਡਾਰੀ ਜੂਸ ਦੇ 18 ਗਲਾਸ ਪੀ ਗਿਆ ਤੇ ਫਿਰ ਹੋਰ ਮੰਗੇ। ਗੁੱਸੇ 'ਚ ਆ ਕੇ ਜੂਸ ਵਾਲੇ ਨੇ ਪੰਜਾਹ ਰੁਪਏ ਚੁੱਕ ਕੇ ਮੂਹਰੇ ਮਾਰੇ ਤੇ ਕਿਹਾ, "ਚੱਕੋ ਆਪਣੇ ਪੈਸੇ, ਮੈਂ ਆਪਣੇ ਨਿਆਣੇ ਭੁੱਖੇ ਨ੍ਹੀਂ ਮਾਰਨੇ।" ਫਿਰ ਹੋਰ ਸਾਥੀ ਖਿਡਾਰੀ ਦੀ ਗੱਲ ਛੇੜ ਲਈ ਕਿ ਕੇਲਿਆਂ ਵਾਲੀ ਰੇਹੜੀ 'ਤੇ ਕੇਲੇ ਖਾਣ ਦੀ ਸ਼ਰਤ ਲਾ ਲਈ। ਚਾਰ ਦਰਜਨ ਕੇਲੇ ਖਾ ਕੇ ਪੰਜਵੀਂ ਨੂੰ ਹੱਥ ਪਾਉਣ ਲੱਗਾ ਤਾਂ ਕੇਲਿਆਂ ਵਾਲੇ ਨੇ ਮਿੰਨਤਾਂ ਕਰ ਕੇ ਉਹਦੇ ਕੋਲੋਂ ਮਸਾਂ ਜਾਨ ਛੁਡਾਈ!

ਗੁਰਮੀਤ ਹੁਣੀਂ ਤਿੰਨ ਭਰਾ ਤੇ ਤਿੰਨ ਭੈਣਾਂ ਹਨ। ਆਪੋ ਆਪਣੀ ਜਗ੍ਹਾ ਸਾਰੇ ਸੈਟ ਹਨ। ਵੱਡੀ ਭੈਣ ਇੰਗਲੈਂਡ ਅਤੇ ਦੋ ਛੋਟੀਆਂ ਕੈਲੀਫ਼ੋਰਨੀਆ ਹਨ। ਆਪ ਤਿੰਨੇ ਭਰਾ ਇੰਗਲੈਂਡ ਰਹਿੰਦੇ ਹਨ। ਗੁਰਮੀਤ ਤੋਂ ਛੁੱਟ ਸਾਰਾ ਪਰਿਵਾਰ ਸਮੇਤ ਬੱਚਿਆਂ, ਸਿੱਖੀ ਸਰੂਪ ਦਾ ਧਾਰਨੀ ਹੈ।

ਠੰਡੇ ਸੁਭਾਅ, ਨੇਕ ਅਤੇ ਮਿਲਾਪੜੇ ਇਨਸਾਨ ਗੁਰਮੀਤ ਸਿੰਘ ਦਾ ਪੰਜਾਬੀਆਂ ਨੂੰ ਪੈਗ਼ਾਮ ਹੈ ਕਿ ਆਪਸੀ ਲੜਾਈਆਂ ਛੱਡ ਕੇ ਆਪਣੀ ਪਛਾਣ ਬਣਾਓ, ਦੁਖ ਝੱਲ ਕੇ ਆਪਣੇ ਬੱਚਿਆਂ ਦਾ ਰਾਹ ਸਾਫ਼ ਕਰੋ। ਬੱਚਿਆਂ ਨੂੰ ਖੇਡਾਂ ਨਾਲ ਜੋੜੋ। ਨਸ਼ਿਆਂ ਤੋਂ ਦੂਰ ਰਹੋ। ਸਿਹਤਮੰਦ ਸਰੀਰ ਲਈ ਖੇਡਾਂ ਜ਼ਿੰਦਗੀ ਦਾ ਜ਼ਰੂਰੀ ਅੰਗ ਹਨ। ਖੇਡਾਂ ਜ਼ਰੂਰ ਖੇਡੋ।

## ਪੱਚੀ ਫੀਸਦੀ ਰੂਸੀਆਂ ਦੀ ਮੌਤ ਦਾ ਕਾਰਨ ਵੋਦਕਾ

**ਲੰਡਨ:** ਰੂਸ ਵਿਚ 25 ਫੀਸਦੀ ਪੁਰਸ਼ਾਂ ਦੀ ਮੌਤ ਲਈ ਸ਼ਰਾਬ ਖਾਸ ਤੌਰ 'ਤੇ ਵੋਦਕਾ ਜ਼ਿੰਮੇਵਾਰ ਹੈ। ਬਹੁਤੀ ਵੋਦਕਾ ਪੀਣ ਵਾਲੇ 55 ਸਾਲ ਦੀ ਉਮਰ ਤੱਕ ਵੀ ਨਹੀਂ ਪੁੱਜ ਸਕੇ। ਇਹ ਅਧਿਐਨ ਰੂਸੀ ਕੈਂਸਰ ਸੈਂਟਰ ਮਾਸਕੋ, ਆਕਸਫੋਰਡ ਯੂਨੀਵਰਸਿਟੀ ਯੂ.ਕੇ ਤੇ ਵਿਸ਼ਵ ਸਿਹਤ ਸੰਸਥਾ ਦੀ ਕੌਮਾਂਤਰੀ ਕੈਂਸਰ ਖੋਜ ਏਜੰਸੀ ਫਰਾਂਸ ਵੱਲੋਂ ਰੂਸ ਦੇ ਤਿੰਨ ਸ਼ਹਿਰਾਂ ਵਿਚ ਸ਼ਰਾਬ ਪੀਣ ਦੇ ਢੰਗ-ਤਰੀਕਿਆਂ 'ਤੇ ਕੀਤਾ ਗਿਆ ਹੈ। ਇਹ ਬੀਤੇ 10 ਸਾਲਾਂ ਦਾ ਅਧਿਐਨ ਹੈ।

ਅਧਿਐਨ ਵਿਚ ਪੁਰਸ਼ਾਂ ਦੀ ਮੌਤ ਬਾਰੇ ਜੋ ਅੰਕੜੇ ਕੱਢੇ ਗਏ ਹਨ, ਮੁਤਾਬਕ 25 ਫੀਸਦੀ ਮੌਤਾਂ ਸ਼ਰਾਬ, ਖਾਸ ਤੌਰ 'ਤੇ ਵੋਦਕਾ ਪੀਣ ਵਾਲਿਆਂ ਦੀਆਂ ਹਨ। ਵੋਦਕਾ ਦੇ ਸ਼ੌਕੀਨ 55 ਸਾਲ ਤੱਕ ਵੀ ਨਹੀਂ ਪੁੱਜ ਸਕੇ। ਵੱਧ ਵੋਦਕਾ ਪੀਣ ਵਾਲਿਆਂ ਦੀਆਂ ਮੌਤਾਂ ਜਿਗਰ ਖਰਾਬ ਹੋਣ ਤੋਂ ਇਲਾਵਾ ਸੜਕ ਹਾਦਸਿਆਂ ਤੇ ਆਪਣੀ ਝਗੜਿਆਂ ਕਾਰਨ ਹੋਈਆਂ। ਰਿਪੋਰਟ ਮੁਤਾਬਕ ਜਿਹੜੇ ਲੋਕ ਹਫਤੇ ਵਿਚ ਤਕਰੀਬਨ ਡੇਢ ਲਿਟਰ ਵੋਦਕਾ ਪੀਂਦੇ ਸਨ, ਉਨ੍ਹਾਂ ਦੀ ਮੌਤ ਪਹਿਲਾਂ ਹੋਈ।

ਮਰਨ ਵਾਲਿਆਂ ਦੇ ਪਰਿਵਾਰਾਂ ਨੇ ਵੀ ਮੰਨਿਆ ਹੈ ਕਿ ਉਨ੍ਹਾਂ ਦੇ ਜੀਆਂ ਦੀ ਮੌਤ ਵੱਧ ਸ਼ਰਾਬ ਪੀਣ ਕਾਰਨ ਹੋਈ। ਇਥੇ ਹੀ ਬਸ ਨਹੀਂ, ਬਹੁਤੇ ਸ਼ਰਾਬੀ ਸਿਗਰਟਨੋਸ਼ੀ ਵੀ ਨਾਲੋ-ਨਾਲ ਕਰਦੇ ਸਨ, ਜਿਸ ਨਾਲ ਮੌਤ ਦਾ ਖਤਰਾ ਵਧ ਗਿਆ।ਰੂਸ ਵਿਚ ਸਾਲ 2006 ਤੋਂ ਸ਼ਰਾਬ ਬਾਰੇ ਸਖਤੀ ਲਿਆਂਦੀ ਗਈ ਹੈ। ਸਰਕਾਰ ਨੇ ਜਿਥੇ ਇਸ 'ਤੇ ਟੈਕਸ ਵਧਾ ਦਿੱਤਾ, ਉਥੇ ਵਿਕਰੀ ਵੀ ਸੀਮਤ ਕੀਤੀ ਹੋਈ ਹੈ।

## ਭਾਰਤ ਵਿਚ ਸਭ ਤੋਂ ਵੱਧ ਬਾਲਗ ਅਨਪੜ੍ਹ

**ਸੰਯੁਕਤ ਰਾਸ਼ਟਰ:** ਭਾਰਤ ਦੇ 28.70 ਕਰੋੜ ਬਾਲਗ ਅਨਪੜ੍ਹ ਹਨ ਜੋ ਵਿਸ਼ਵ ਦੇ ਅਨਪੜ੍ਹਾਂ ਦੀ ਕੁੱਲ ਗਿਣਤੀ ਦਾ 37 ਫੀਸਦੀ ਬਣਦਾ ਹੈ। ਇਕ ਖੁਲਾਸਾ ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਵਿਚ ਕੀਤਾ ਗਿਆ ਹੈ। ਇਸ ਰਿਪੋਰਟ ਨਾਲ ਦੇਸ਼ ਦੇ ਅਮੀਰ ਤੇ ਗਰੀਬ ਤਬਕੇ ਵਿਚ ਸਿੱਖਿਆ ਦੇ ਪੱਧਰਾਂ ਵਿਚ ਮੌਜੂਦਾ ਵੱਡੇ ਖੱਪੇ ਦੀ ਨਿਸ਼ਾਨਦੇਹੀ ਹੋਈ ਹੈ।

'2013-14 ਐਜੂਕੇਸ਼ਨ ਫਾਰ ਆਲ ਗਲੋਬਲ ਮੌਨੀਟਰਿੰਗ ਰਿਪੋਰਟ' 'ਚ ਕਿਹਾ ਗਿਆ ਹੈ ਕਿ ਭਾਰਤ ਦੀ ਸਾਖਰਤਾ ਦਰ 1991 ਦੇ 48% ਤੋਂ ਵਧ ਕੇ 2006 ਵਿਚ 63 ਫੀਸਦੀ ਹੋ ਗਈ ਪਰ ਵਸੋਂ ਦਾ ਵਾਧਾ ਇਸ ਸਾਖਰਤਾ ਦਰ ਨੂੰ ਮਨਫ਼ੀ ਕਰ ਰਿਹਾ ਹੈ ਕਿਉਂਕਿ ਅਨਪੜ੍ਹ ਬਾਲਗਾਂ ਦੀ ਗਿਣਤੀ ਵਿਚ ਕੋਈ ਤਬਦੀਲੀ ਨਹੀਂ ਆਈ।

ਸੰਯੁਕਤ ਰਾਸ਼ਟਰ ਦੀ ਸਿੱਖਿਆ, ਵਿਗਿਆਨਕ ਤੇ ਸੱਭਿਆਚਾਰਕ ਆਰਗੇਨਾਈਜ਼ੇਸ਼ਨ ਵੱਲੋਂ ਪ੍ਰਕਾਸ਼ਤ ਰਿਪੋਰਟ ਵਿਚ ਕਿਹਾ ਗਿਆ ਕਿ ਭਾਰਤ 28.70 ਕਰੋੜ ਅਨਪੜ੍ਹ ਬਾਲਗਾਂ ਨਾਲ ਇਸ ਸੂਚੀ ਵਿਚ ਸਿਖ਼ਰ ਉੱਤੇ ਹੈ। ਰਿਪੋਰਟ ਵਿਚ ਦੱਸਿਆ ਗਿਆ ਕਿ ਵਿਸ਼ਵ ਦੇ ਦਸ ਮੁਲਕਾਂ ਵਿਚ ਅਨਪੜ੍ਹ ਬਾਲਗਾਂ ਦੀ ਕੁੱਲ ਗਿਣਤੀ ਦਾ 72 ਫੀਸਦੀ ਜਾਂ 55.70 ਕਰੋੜ ਲੋਕ ਹਨ। ਗ਼ਰੀਬ ਮੁਲਕਾਂ ਦਾ ਚਾਰ ਵਿਚੋਂ ਇਕ ਬਾਲਗ ਇਕ ਵਾਕ ਪੜ੍ਹਨ ਦੇ ਯੋਗ ਵੀ ਨਹੀਂ ਹੈ।

ਭਾਰਤ ਦੇ ਸਭ ਤੋਂ ਅਮੀਰ ਸੂਬਿਆਂ ਵਿਚੋਂ ਇਕ ਕੇਰਲਾ ਵਿਚ ਬੱਚਿਆਂ ਦੀ ਸਿੱਖਿਆ ਉੱਤੇ ਤਕਰੀਬਨ 685 ਅਮਰੀਕੀ ਡਾਲਰ ਖਰਚੇ ਜਾ ਰਹੇ ਹਨ। ਭਾਰਤ ਦੇ ਪੇਂਡੂ ਖੇਤਰਾਂ ਵਿਚ ਵੀ ਅਮੀਰ ਤੇ ਗਰੀਬ ਵਿਚਾਲੇ ਸਿੱਖਿਆ ਦੇ ਮਾਮਲੇ ਵਿਚ ਵੱਡਾ ਪਾੜਾ ਹੈ ਪਰ ਅਮੀਰ ਸੂਬਿਆਂ ਵਿਚ ਗਰੀਬ ਲੜਕੀਆਂ ਹੇਠਲੇ ਪੱਧਰ 'ਤੇ ਗਣਿਤ ਵਿਚ ਚੰਗੀ ਕਾਰਗੁਜ਼ਾਰੀ ਦਿਖਾ ਰਹੀਆਂ ਹਨ। ਤਾਮਿਲਨਾਡੂ ਤੇ ਮਹਾਂਰਾਸ਼ਟਰ ਵਰਗੇ ਖ਼ੁਸ਼ਹਾਲ ਸੂਬਿਆਂ ਵਿਚ 2012 ਵਿਚ ਪੰਜਵੀਂ ਤੱਕ ਪੁੱਜਣ ਵਾਲੇ ਜ਼ਿਆਦਾ ਬੱਚੇ ਪੇਂਡੂ ਖੇਤਰਾਂ ਦੇ ਸਨ। ਇਨ੍ਹਾਂ ਸੂਬਿਆਂ ਦੇ ਪੇਂਡੂ ਖੇਤਰ ਦੇ ਅਮੀਰ ਘਰਾਂ ਦੇ ਬੱਚਿਆਂ ਵਿਚੋਂ ਮੁੰਡਿਆਂ ਨਾਲੋਂ ਕੁੜੀਆਂ ਅੱਗੇ ਹਨ। ਪੰਜਵੀਂ ਜਮਾਤ ਤੱਕ ਦੀਆਂ ਤਿੰਨ ਵਿਚੋਂ ਦੋ ਲੜਕੀਆਂ ਗਿਣਤੀ ਤੇ ਦੋ ਅੰਕਾਂ ਵਾਲੇ ਜੋੜ ਤੇ ਘਟਾਓ ਦੇ ਸਵਾਲ ਕਰਨ ਦੇ ਯੋਗ ਹਨ।

### ਮੋਦੀ ਦੇ ਕਤਲ ਲਈ ਸੁਪਾਰੀ!

**ਨਵੀਂ ਦਿੱਲੀ:** ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਕਤਲ ਲਈ ਸੁਪਾਰੀ ਦਿੱਤੀ ਗਈ ਹੈ। ਅਤਿਵਾਦੀ ਸੰਗਠਨ ਇੰਡੀਅਨ ਮੁਜਾਹਦੀਨ ਤੇ ਲਸ਼ਕਰ-ਏ-ਤਾਇਬਾ ਨੇ 3 ਸ਼ੂਟਰਾਂ ਨੂੰ ਮੋਦੀ ਦੀ ਹੱਤਿਆ ਲਈ ਤਿਆਰ ਕੀਤਾ ਹੈ। ਖ਼ੁਫੀਆ ਏਜੰਸੀ ਆਈ.ਬੀ. ਦੇ ਸੂਤਰਾਂ ਅਨੁਸਾਰ ਨਰਿੰਦਰ ਮੋਦੀ ਜਿਥੇ-ਜਿਥੇ ਵੀ ਜਾਂਦੇ ਹਨ, ਉਨ੍ਹਾਂ ਥਾਂਵਾਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ।

# ਸੰਤ ਲੌਂਗੋਵਾਲ ਦੀ ਹੱਤਿਆ-ਪੁਲਿਸ ਚੀਫ ਦੀ ਜ਼ਬਾਨੀ

***ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਕੀਤੇ ਰਾਜ਼ੀਨਾਮੇ ਦਾ ਨਾਂ ਪੰਜਾਬ ਸਮਝੌਤਾ ਸੀ। ਇਸ ਦਾ ਪਿਛੋਕੜ, ਮਨੋਰਥ ਅਤੇ ਸਿੱਟੇ ਸਭ ਵਿਵਾਦ ਵਾਲੇ ਹਨ ਤੇ ਇਸ ਵਿਚਲੀ ਕਿਸੇ ਮੱਦ ਉਪਰ ਅਮਲ ਨਹੀਂ ਹੋਇਆ। ਜਦੋਂ ਦੋਵਾਂ ਧਿਰਾਂ ਨੇ ਇਸ ਰਾਜ਼ੀਨਾਮੇ ਉਪਰ ਦਸਤਖਤ ਕੀਤੇ, ਉਦੋਂ ਇਕ ਮਜ਼ਾਕ ਵੀ ਪ੍ਰਚੱਲਤ ਹੋਇਆ ਸੀ ਕਿ ਪੰਨਾ ਲਾਲ ਦੀ ਲੜਾਈ ਤਾਂ ਜੰਗ ਸਿੰਘ ਨਾਲ ਹੋਈ ਸੀ ਪਰ ਰਾਜ਼ੀਨਾਮਾ ਉਹਨੇ ਸੰਤ ਸਿੰਘ ਨਾਲ ਕਰ ਲਿਆ। ਜਿਸ ਸਮੇਂ ਦੇ ਇਹ ਵਾਕਿਆਤ ਹਨ, ਸ. ਕਿਰਪਾਲ ਸਿੰਘ ਢਿਲੋਂ ਉਦੋਂ ਪੰਜਾਬ ਪੁਲਿਸ ਦੇ ਚੀਫ ਸਨ। ਉਨ੍ਹਾਂ ਦੀ ਪੈਂਗੁਇਨ ਵਲੋਂ ਛਾਪੀ ਕਿਤਾਬ 'ਟਾਈਮ ਪ੍ਰੈਜ਼ੈਂਟ ਐਂਡ ਟਾਈਮ ਪਾਸਟ' ਆਈ ਹੈ ਜਿਸ ਵਿਚ ਅਹਿਮ ਜਾਣਕਾਰੀ ਹੈ। ਪਾਠਕਾਂ ਲਈ ਕੁਝ ਅੰਸ਼ ਪੇਸ਼ ਹਨ।***



ਸੰਤ ਹਰਚੰਦ ਸਿੰਘ ਲੌਂਗੋਵਾਲ

ਆਪ੍ਰੇਸ਼ਨ ਬਲੂਸਟਾਰ ਤੋਂ ਠੀਕ ਇਕ ਮਹੀਨਾ ਬਾਅਦ, 3 ਜੁਲਾਈ 1984 ਨੂੰ ਮੈਂ ਪੰਜਾਬ ਪੁਲਿਸ ਦੇ ਮੁਖੀ ਵਜੋਂ ਅਹੁਦਾ ਸੰਭਾਲਿਆ। ਭਾਰਤੀ ਸੰਵਿਧਾਨ ਵਿਚ ਬੇਸ਼ਕ ਮਾਰਸ਼ਲ ਲਾਅ ਦੀ ਵਿਵਸਥਾ ਨਹੀਂ ਹੈ, ਤਾਂ ਵੀ ਲੋੜ ਪੈਣ 'ਤੇ ਫੌਜ ਸਿਵਲ ਪ੍ਰਸ਼ਾਸਨ ਦੀ ਮਦਦ ਵਾਸਤੇ ਆ ਜਾਂਦੀ ਹੈ। ਜ਼ਿਲ੍ਹੇ ਵਿਚ ਗੜਬੜ ਹੋਵੇ ਤਾਂ ਡੀ.ਸੀ. ਲਿਖਤੀ ਮੰਗ ਕਰਦਾ ਹੈ ਤੇ ਸੂਬੇ ਵਿਚ ਗੜਬੜ ਹੋਵੇ ਤਾਂ



**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਸਟੇਟ ਚੀਫ ਲਿਖਤੀ ਪੱਤਰ ਭੇਜ ਕੇ ਫੌਜੀ ਮਦਦ ਦੀ ਮੰਗ ਕਰਦਾ ਹੈ। ਪੰਜਾਬ ਵਿਚ ਅਜਿਹਾ ਨਹੀਂ ਹੋਇਆ। ਗਵਰਨਰੀ ਰਾਜ ਸੀ ਪਰ ਰਾਜਪਾਲ ਨੇ ਅਜਿਹੀ ਮੰਗ ਨਹੀਂ ਕੀਤੀ। ਗ੍ਰਿਫਤਾਰ ਕੀਤੇ ਬੰਦਿਆਂ ਨੂੰ ਅੱਠ ਪਹਿਰ ਅੰਦਰ ਅਦਾਲਤ ਵਿਚ ਪੇਸ਼ ਕਰ ਕੇ ਰਿਮਾਂਡ ਲੈਣਾ ਹੁੰਦਾ ਹੈ, ਪੰਜਾਬ ਵਿਚ ਅਜਿਹਾ ਵੀ ਨਹੀਂ ਸੀ ਹੋ ਰਿਹਾ। ਫੌਜੀ ਛਾਉਣੀਆਂ ਵਿਚ ਤਫਤੀਸ਼ ਹੁੰਦੀ ਰਹਿੰਦੀ।

ਲੋਕਾਂ ਦਾ ਪੁਲਿਸ ਤੋਂ ਇਤਬਾਰ ਉਠ ਗਿਆ ਸੀ, ਇਸ ਕਰ ਕੇ ਨਾਜਾਇਜ਼ ਹਿਰਾਸਤ ਵਿਚਲੇ ਬੰਦੀਆਂ ਨੂੰ ਛੁਡਾਉਣ ਲਈ ਉਹ ਹਾਈਕੋਰਟ ਦਾ ਬੂਹਾ ਖੜਕਾਉਂਦੇ। ਅੰਮ੍ਰਿਤਸਾਰ ਜ਼ਿਲੇ ਦੇ ਇਕ ਪਰਿਵਾਰ ਦੇ ਬੰਦੀ ਇਸੇ ਤਰ੍ਹਾਂ ਹਾਈਕੋਰਟ ਦੇ ਰੇਡ ਕਾਰਨ ਰਿਹਾ ਹੋਏ। ਮੇਰੀ ਇੱਛਾ ਸੀ ਕਿ ਜ਼ਿਲ੍ਹਾ ਪੁਲਿਸ ਮੁਖੀ ਸਮੇਤ ਸਾਰੇ ਕਸੂਰਵਾਰ ਪੁਲਸੀਆਂ ਨੂੰ ਮੁਅੱਤਲ ਕਰ ਕੇ ਪੜਤਾਲ ਕਰਾਵਾਂ। ਯੂ.ਪੀ. ਕੇਡਰ ਦਾ ਇਕ ਡੀ.ਆਈ.ਜੀ. ਮੇਰੇ ਨਾਲ ਸਹਿਮਤ ਸੀ ਪਰ ਮੈਂ ਸੋਚਿਆ, ਪੰਜਾਬ ਕੇਡਰ ਦੇ ਅਫਸਰ ਦੀ ਸਲਾਹ ਲਵਾਂ। ਮੈਂ ਆਈ.ਜੀ. ਹਰਜੀਤ ਰੰਧਾਵਾ ਦੇ ਕਮਰੇ ਵਿਚ ਗਿਆ ਤੇ ਗੱਲ ਕੀਤੀ। ਉਹ ਬੋਲਿਆ, ਨਹੀਂ ਸਰ, ਅਜਿਹਾ ਨਹੀਂ ਕਰਨਾ। ਪੁਲਿਸ ਫੋਰਸ ਦਾ ਮਨੋਬਲ ਡਿਗ ਜਾਏਗਾ। ਮੈਂ ਪੁੱਛਿਆ, ਪਰ ਹਾਈਕੋਰਟ ਆਰਡਰ ਦਾ ਕੀ ਕਰੀਏ? ਇਕ ਅੱਖ ਦਬਾ ਕੇ ਉਹ ਬੋਲਿਆ, ਇਹ ਤਾਂ ਚੁਟਕੀ ਦਾ ਕੰਮ ਐ। ਜਿਨ੍ਹਾਂ ਬੰਦਿਆਂ ਦੀ ਰਿਹਾਈ ਹੋਈ ਐ, ਉਹ ਹਲਫੀਆ ਬਿਆਨ ਦੇ ਦੇਣਗੇ ਕਿ ਉਨ੍ਹਾਂ ਨੂੰ ਨਾ ਕਿਸੇ ਨੇ ਕਦੀ ਗ੍ਰਿਫਤਾਰ ਕੀਤਾ, ਨਾ ਰਿਹਾਈ ਕਰਵਾਈ। ਇਹੋ ਹੋਇਆ। ਜਾਣਦਾ ਹਾਂ, ਇਹ ਗੱਲ ਕਾਨੂੰਨਨ ਗਲਤ ਸੀ ਪਰ ਇਹੋ ਜਿਹੇ ਹਾਲਾਤ ਵਿਚ ਕਈ ਕੁਝ ਕਰਨਾ ਪੈਂਦਾ ਹੈ।

ਸਿੱਖ ਸਦਮੇ ਵਿਚ ਸਨ, ਅਫਗਾਨਾਂ ਤੋਂ ਬਾਅਦ ਹੁਣ ਫਿਰ ਦਰਬਾਰ ਸਾਹਿਬ ਉਪਰ ਹਮਲਾ। ਉਹ ਸਿੱਖ ਜਿਨ੍ਹਾਂ ਦਾ ਅਤਿਵਾਦ ਨਾਲ ਕੋਈ ਲੈਣ ਦੇਣ ਨਹੀਂ ਸੀ, ਨਿਰਾਸ਼ ਸਨ। ਦਰਬਾਰ ਸਾਹਿਬ ਦਰਸ਼ਨਾਂ ਲਈ ਖੁੱਲ੍ਹਿਆ ਤਾਂ ਕੰਧਾਂ ਉਪਰ ਗੋਲੀਆਂ ਦੇ ਨਿਸ਼ਾਨਾਂ ਨੂੰ ਉਹ ਇਉਂ ਪਲੋਸ ਰਹੇ ਸਨ ਜਿਵੇਂ ਉਨ੍ਹਾਂ ਦੇ ਗੁਰੂ ਦੇ ਜਿਸਮ ਉਪਰ ਜ਼ਖਮ ਹੋਣ, ਸਿਸਕੀਆਂ, ਹੰਝੂ।

ਬੂਟਾ ਸਿੰਘ ਅਤੇ ਨਿਹੰਗ ਮੁਖੀ ਸੰਤਾ ਸਿੰਘ ਨੇ ਜਿਹੜਾ ਅਕਾਲ ਤਖਤ ਸਰਕਾਰੀ ਪੈਸੇ ਨਾਲ ਉਸਾਰਿਆ, ਸਿੱਖਾਂ ਨੇ ਢੇਰੀ ਕਰ ਦਿੱਤਾ। ਇਨ੍ਹਾਂ ਦੋਵਾਂ ਨੂੰ ਅਤੇ ਗਿਆਨੀ ਜ਼ੈਲ ਸਿੰਘ ਨੂੰ ਅਕਾਲ ਤਖਤ ਉਪਰ ਤਲਬ ਕੀਤਾ ਗਿਆ। ਗਿਆਨੀ ਜੀ ਰਾਸ਼ਟਰਪਤੀ ਹੋਣ ਕਾਰਨ ਫੌਜਾਂ ਦੇ ਚੀਫ ਸਨ, ਸੋ ਉਹ ਬਰਾਬਰ ਦੇ ਜ਼ਿੰਮੇਵਾਰ ਹੋਏ। ਜਦੋਂ ਗਿਆਨੀ ਜੀ ਪੇਸ਼ ਹੋਏ; ਕੌਮੀ, ਕੌਮਾਂਤਰੀ ਮੀਡੀਆ ਮੌਜੂਦ ਸੀ ਤੇ ਰਾਗੀ ਕੀਰਤਨ ਕਰ ਰਹੇ ਸਨ, ਕੁਤਾ ਰਾਜ ਬਹਾਲੀਐ ਫਿਰਿ ਚਕੀ ਚੱਟੈ॥

31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦਾ ਕਤਲ ਹੋਇਆ ਤਾਂ ਮੀਡੀਏ ਨੇ ਭੜਕਾਊ ਦ੍ਰਿਸ਼ ਫਲੈਸ਼ ਕੀਤੇ। ਹਿੰਦੂ ਭੀੜਾਂ ਸਿੱਖ ਵਿਰੋਧੀ ਨਾਹਰੇ ਮਾਰਦੀਆਂ ਜਾਂਦੀਆਂ ਦਿਖਾਈਆਂ। ਯੋਜਨਾਬਧ ਤਰੀਕੇ ਨਾਲ ਸਿੱਖਾਂ ਦਾ ਕਤਲੇਆਮ ਹੋਇਆ। ਹੱਥਾਂ ਵਿਚ ਵੋਟਰ ਸੂਚੀਆਂ ਫੜੀ ਕਾਂਗਰਸੀ ਲੀਡਰ ਧਾੜਵੀਆਂ ਦੀ ਅਗਵਾਈ ਕਰ ਰਹੇ ਸਨ। ਇੰਦਰਾ ਗਾਂਧੀ ਦੇ ਕਾਤਲਾਂ ਨੂੰ ਫਾਂਸੀ ਹੋਈ, ਸਿੱਖਾਂ ਦੇ ਕਾਤਲਾਂ ਨੂੰ ਸਜ਼ਾ ਨਹੀਂ ਮਿਲੀ।

ਅਰਜਨ ਸਿੰਘ ਨੂੰ ਰਾਜੀਵ ਗਾਂਧੀ ਨੇ ਪੰਜਾਬ ਦਾ ਗਵਰਨਰ ਲਾਇਆ। ਅਰਜਨ ਸਿੰਘ ਦਾ ਪਿਤਾ ਉਦਯੋਗ ਮੰਤਰੀ ਸੀ। ਉਸ ਨੇ ਮੁੰਬਈ ਦੇ ਇਕ ਉਦਯੋਗਪਤੀ ਤੋਂ ਮੋਟੀ ਰਕਮ ਮੰਗੀ। ਇਹ ਉਦਯੋਗਪਤੀ ਸਰਦਾਰ ਪਟੇਲ ਦੇ ਕਰੀਬ ਸੀ। ਮੰਤਰੀ ਨੂੰ ਦਿੱਲੀ ਦੀ ਸਪੈਸ਼ਲ ਪੁਲਿਸ ਨੇ ਫੜ ਲਿਆ ਤੇ ਉਸ ਨੇ ਕਈ ਸਾਲ ਜੇਲ੍ਹ ਦੀ ਹਵਾ ਖਾਧੀ। ਮਾਰਚ 1985 ਵਿਚ ਭਾਵੇਂ ਅਰਜਨ ਸਿੰਘ ਦੂਜੀ ਵਾਰ ਭਾਰੀ ਬਹੁਮਤ ਨਾਲ ਅਸੈਂਬਲੀ ਚੋਣ ਜਿੱਤ ਗਿਆ ਸੀ ਪਰ ਭੋਪਾਲ ਗੈਸ ਕਾਂਡ ਵਕਤ ਨਿਭਾਈ ਉਸ ਦੀ ਭੂਮਿਕਾ ਠੀਕ ਨਹੀਂ ਸੀ। ਯੂਨੀਅਨ ਕਾਰਬਾਈਡ ਦਾ ਅਮਰੀਕਨ ਚੇਅਰਮੈਨ ਆਪ ਹਾਲਾਤ ਦਾ ਜਾਇਜ਼ਾ ਲੈਣ ਆਇਆ ਤਾਂ ਗ੍ਰਿਫਤਾਰ ਕਰ ਲਿਆ। ਅਮਰੀਕਾ ਨੇ ਜਦੋਂ ਸਖਤ ਨਾਰਾਜ਼ਗੀ ਦਿਖਾਈ ਤਾਂ ਦਿੱਲੀ ਹਾਈਕਮਾਂਡ ਨੇ ਅਰਜਨ ਸਿੰਘ ਦੀ ਖਿਚਾਈ ਕੀਤੀ ਤਾਂ ਚੇਅਰਮੈਨ ਰਿਹਾ ਹੋਇਆ।

ਅਰਜਨ ਸਿੰਘ ਨੂੰ ਪੰਜਾਬ ਭੇਜ ਕੇ ਕਾਂਗਰਸ ਪਾਰਟੀ ਨੇ ਇਕ ਤੀਰ ਨਾਲ ਦੋ ਸ਼ਿਕਾਰ ਕਰਨੇ ਚਾਹੇ-ਜੇ ਪੰਜਾਬ ਵਿਚ ਸ਼ਾਂਤੀ ਹੋ ਗਈ, ਪਾਰਟੀ ਦੀ ਸ਼ਾਨ ਬਣੇਗੀ। ਜੇ ਸ਼ਾਂਤੀ ਨਾ ਹੋਈ, ਅਰਜਨ ਸਿੰਘ ਦੀ ਬੇਇਜ਼ਤੀ ਹੋਏਗੀ।

ਸ੍ਰੀ ਰਾਜੀਵ ਗਾਂਧੀ ਨੂੰ ਸਲਾਹ ਮਿਲੀ ਕਿ ਦਰਬਾਰ ਸਾਹਿਬ ਮੱਥਾ ਟੇਕ ਕੇ ਆਪ੍ਰੇਸ਼ਨ ਬਲੂਸਟਾਰ ਅਤੇ ਦੰਗਿਆਂ ਦੀ ਖਿਮਾ ਮੰਗੇ। ਅਸੀਂ ਸੁਰੱਖਿਆ ਦਾ ਪੂਰਾ ਬੰਦੋਬਸਤ ਕੀਤਾ। ਜਿਹੜੇ ਪੁਲਿਸ ਅਫਸਰ ਪ੍ਰਧਾਨ ਮੰਤਰੀ ਦੇ ਗਾਰਡ ਹੋਣ, ਸਭ ਉਸ ਦੇ ਕੱਦ ਤੋਂ ਉਚੇ ਹੋਣ, ਪਰ ਇਹ ਸਕੀਮ ਆਖਰ ਆਈ.ਬੀ. ਦੇ ਕਹਿਣ 'ਤੇ ਰੱਦ ਕਰ ਦਿੱਤੀ ਗਈ।

ਅਰਜਨ ਸਿੰਘ ਨੇ ਅਕਾਲੀ ਦਲ ਵਿਚੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਦਿੱਲੀ ਰਾਜ਼ੀਨਾਮੇ ਵਾਸਤੇ ਜਾਣ ਲਈ ਤਿਆਰ ਕਰ ਲਿਆ। ਬਾਦਲ ਸਾਹਿਬ ਅਤੇ ਟੌਹੜਾ ਸਾਹਿਬ ਨਹੀਂ ਮੰਨੇ। ਸ. ਸੁਰਜੀਤ ਸਿੰਘ ਬਰਨਾਲਾ ਅਤੇ ਸ. ਬਲਵੰਤ ਸਿੰਘ ਤਿਆਰ ਹੋ ਗਏ। ਬਲਵੰਤ ਸਿੰਘ, ਅਰਜਨ ਸਿੰਘ ਦਾ ਵਫਾਦਾਰ ਬੰਦਾ ਸੀ, ਲੌਂਗੋਵਾਲ ਦਾ ਨਹੀਂ। ਸੰਤ 'ਚ ਅਰਜਨ ਸਿੰਘ ਵਰਗੀ ਕੂਟਨੀਤੀ ਕਿਥੇ? 24 ਜੁਲਾਈ 1985 ਨੂੰ ਰਾਜੀਵ-ਲੌਂਗੋਵਾਲ ਪੰਜਾਬ ਅਕਾਰਡ ਤੇ ਦੋਵਾਂ ਦੇ ਦਸਤਖਤ ਹੋ ਗਏ। ਪਤਾ ਲੱਗਾ ਕਿ ਦਸਤਖਤ ਕਰਨ ਪਿਛੋਂ ਸੰਤ ਚਿੰਤਾਤੁਰ ਹੋ ਗਏ, ਡਿਪਰੈਸ਼ਨ ਵਿਚ ਚਲੇ ਗਏ।

ਅਰਜਨ ਸਿੰਘ ਦਾ ਪਲੈਨ ਸੀ ਕਿ ਹੁਣ ਪੰਜਾਬ ਵਿਚ ਚੋਣਾਂ ਇਸ ਤਰ੍ਹਾਂ ਕਰਵਾਈਏ ਕਿ ਅਕਾਲੀ ਅਸੈਂਬਲੀ ਬਣ ਜਾਏ, ਫਿਰ ਅਕਾਲੀ ਜਾਣਨ ਜਾਂ ਖਾੜਕੂ। ਕਾਂਗਰਸੀ ਅਤੇ ਅਕਾਲੀ ਉਮੀਦਵਾਰ ਕਿਹੜੇ ਹੋਣਗੇ, ਇਹ ਫੈਸਲਾ ਅਰਜਨ ਸਿੰਘ ਨੇ ਕੀਤਾ। ਵਫਾਦਾਰੀ ਕਾਰਨ ਦਹਾਕਿਆਂ ਤੱਕ ਕਾਂਗਰਸ ਨੇ ਬਰਨਾਲਾ ਨੂੰ ਵੱਡੀਆਂ ਕੁਰਸੀਆਂ ਦਿੱਤੀਆਂ।

ਲੌਂਗੋਵਾਲ ਨੂੰ ਜਲਦੀ ਮਹਿਸੂਸ ਹੋ ਗਿਆ ਕਿ ਉਹ ਠੱਗੇ ਗਏ ਹਨ। ਸਿੱਖਾਂ ਨੂੰ ਇਸ ਵਿਚੋਂ ਕੁਝ ਨਹੀਂ ਮਿਲਿਆ, ਖਾੜਕੂਆਂ ਦੀ ਸ਼ਕਤੀ ਵਧਣੀ ਹੀ ਸੀ। ਸੰਤ ਲੌਂਗੋਵਾਲ ਪੁਲਿਸ ਵਲੋਂ ਮਾਰੇ ਜਾ ਰਹੇ ਖਾੜਕੂਆਂ ਦੇ ਭੋਗਾਂ ਵਿਚ ਜਾਣ ਲੱਗ ਪਏ।

ਸਰਕਾਰ ਨੂੰ ਲੱਗਾ ਕਿ ਸੰਤ ਦੀ ਜਾਨ ਨੂੰ ਖਤਰਾ ਹੈ। ਮੈਂ ਖੁਫੀਆ ਵਿੰਗ ਦੇ ਆਈ.ਜੀ. ਤ੍ਰਿੱਖਾ ਨੂੰ ਕਿਹਾ, ਜ਼ੀਰੋ ਡਿਫੈਕਟ ਇੰਤਜ਼ਾਮ ਕਰੋ। ਤ੍ਰਿੱਖਾ ਨੇ ਸੰਗਰੂਰ ਵਿਖੇ ਪੀ.ਏ.ਪੀ. ਦੇ ਆਈ.ਜੀ. ਅਤੇ ਸਿਕਿਉਰਟੀ ਦੇ ਆਈ.ਜੀ., ਐਸ.ਪੀ. ਸੰਗਰੂਰ ਅਤੇ ਸਬੰਧਤ ਹੋਰ ਅਫਸਰਾਂ ਦੀ ਮੀਟਿੰਗ ਬੁਲਾ ਕੇ ਪੁਖਤਾ ਇੰਤਜ਼ਾਮ ਦੀ ਸਕੀਮ ਤਿਆਰ ਕਰਨ ਲਈ ਕਿਹਾ। ਐਸ.ਪੀ. ਰੈਂਕ ਦਾ ਪੀ.ਏ.ਪੀ. ਅਫਸਰ ਗੁਰਬਚਨ ਸਿਘ ਮਾਨ, ਸੰਤ ਲੌਂਗੋਵਾਲ ਦੇ ਨਜ਼ਦੀਕ ਸੀ। ਉਸ ਨੂੰ ਸੁਰੱਖਿਆ ਦਾ ਮੁੱਖ ਇੰਚਾਰਜ ਲਾ ਦਿੱਤਾ। ਕੁਝ ਗਾਰਦ ਸਿਵਲ ਵਿਚ ਤੇ ਕੁਝ ਵਰਦੀ ਵਿਚ ਸੰਤ ਨੂੰ ਕਵਰ ਕਰੇਗੀ। ਕੇਵਲ ਵਧੀਆ ਹਥਿਆਰ ਨਹੀਂ, ਵਧੀਆ ਸੰਚਾਰ ਯੰਤਰ ਵੀ ਦਿੱਤੇ ਤਾਂ ਕਿ ਫੌਰਨ ਕਿਸੇ ਨਾਲ ਵੀ ਸੰਪਰਕ ਕਰ ਸਕਣ। ਫੈਸਲਾ ਹੋਇਆ ਕਿ ਮਾਨ ਵਾਲੇ ਇਸ ਯੂਨਿਟ ਦੀ ਨਿਗਰਾਨੀ ਆਈ.ਜੀ. ਇਟੈਲੀਜੈਂਸ ਤੇ ਡੀ.ਆਈ.ਜੀ. ਸੁਰੱਖਿਆ ਕਰਨਗੇ, ਉਹੀ ਟਰੇਨਿੰਗ ਦੇਣਗੇ, ਬਦਲੀਆਂ ਕਰਨਗੇ ਤੇ ਹਦਾਇਤਾਂ ਦੇਣਗੇ। ਆਈ.ਜੀ. ਨੇ ਪੁਲਿਸ ਚੀਫ ਨੂੰ ਤਾਜ਼ਾ ਜਾਣਕਾਰੀ ਦਿੰਦੇ ਰਹਿਣਾ ਹੋਵੇਗਾ। ਸਾਰਾ ਅਮਲਾ ਪੀ.ਏ.ਪੀ. ਦਾ ਹੋਣਾ ਹੈ।

ਪੰਜਾਬ ਅਕਾਰਡ 'ਤੇ ਦਸਤਖਤ ਹੋਣ ਪਿਛੋਂ ਲੌਂਗੋਵਾਲ ਪਿੰਡ ਦੇ ਨਜ਼ਦੀਕ ਸ਼ੇਰਪੁਰ ਵਿਖੇ ਸੰਤ ਦੀ ਹੱਤਿਆ ਹੋ ਗਈ। ਸੰਤ ਨੂੰ ਕਿਸ ਨੇ ਕਿਉਂ ਕਤਲ ਕੀਤਾ, ਇਸ ਰਹੱਸ ਤੋਂ ਪਰਦਾ ਨਹੀਂ ਉਠਿਆ। ਰਾਜਪਾਲ ਦੇ ਸੁਰੱਖਿਆ ਸਲਾਹਕਾਰ ਲੈਫਟੀਨੈਂਟ ਜਨਰਲ ਗੌਰੀ ਸ਼ੰਕਰ ਨੇ ਪੜਤਾਲ ਕੀਤੀ ਪਰ ਉਸ ਨੇ ਰਿਪੋਰਟ ਵਿਚ ਕੀ ਲਿਖਿਆ? ਕਿਸੇ ਨੂੰ ਪਤਾ ਨਹੀਂ। ਹਾਂ, ਕੁਝ ਪੁਲਿਸ ਮੁਲਾਜ਼ਮ ਸਸਪੈਂਡ ਕਰ ਦਿੱਤੇ, ਕੁਝ ਡਿਸਮਿਸ। ਗੌਰੀ ਸ਼ੰਕਰ ਨੇ ਛੇਤੀ ਅਸਤੀਫਾ ਦੇ ਦਿੱਤਾ। ਮਰਜ਼ੀ ਨਾਲ ਕਿ ਦਬਾਅ ਅਧੀਨ, ਪਤਾ ਨਹੀਂ। ਜਦੋਂ ਉਹ ਮਦਰਾਸ ਆਪਣੇ ਘਰ ਚਲਾ ਗਿਆ ਤਾਂ ਮੇਰੇ ਕੋਲ ਫੋਨ ਆਇਆ ਕਿ ਉਸ ਨੇ ਮੈਨੂੰ ਕੋਈ ਸੂਚਨਾ ਦੇਣੀ ਹੈ। ਮੈਨੂੰ ਲੱਗਾ ਲੌਂਗੋਵਾਲ ਦੀ ਹੱਤਿਆ ਬਾਰੇ ਕੋਈ ਗੱਲ ਹੋਣੀ ਹੈ, ਪਰ ਛੇਤੀ ਹੀ ਗੌਰੀ ਸ਼ੰਕਰ ਦੀ ਵੀ ਮੌਤ ਹੋ ਗਈ। ਮੈਂ ਖੁਦ ਸੰਤ ਦੇ ਕਤਲ ਬਾਰੇ ਜਾਣਕਾਰੀ ਇਕੱਤਰ ਕਰਨ ਲੱਗਾ।

ਸੰਤ ਦੀ ਸੁਰੱਖਿਆ ਸਕੀਮ ਨੂੰ ਅੰਜਾਮ ਦਿੱਤਿਆਂ ਅਜੇ ਕੁਝ ਕੁ ਦਿਨ ਹੋਏ ਸਨ ਕਿ ਪੀ.ਏ.ਪੀ. ਦੇ ਆਈ.ਜੀ. ਨੇ ਗੁਰਬਚਨ ਸਿੰਘ ਮਾਨ ਦੀ ਥਾਂ ਐਸ.ਪੀ. (ਪੀ.ਏ.ਪੀ.) ਜੀਤ ਸਿੰਘ ਨੂੰ ਚਾਰਜ ਦੇ ਦਿੱਤਾ। ਜੀਤ ਸਿੰਘ ਵਿਰੁਧ ਵਿਭਾਗੀ ਪੜਤਾਲ ਚੱਲ ਰਹੀ ਸੀ ਕਿ ਉਸ ਦੇ ਖਤਰਨਾਕ ਬੰਦਿਆਂ ਨਾਲ ਲਿੰਕ ਹਨ। ਵਿਭਾਗ ਨੇ ਡਿਸਮਿਸ ਕਰਨ ਦੀ ਸਿਫਾਰਿਸ਼ ਕਰ ਕੇ ਰਾਜਪਾਲ ਅਰਜਨ ਸਿੰਘ ਪਾਸ ਫਾਈਲ ਭੇਜੀ ਹੋਈ ਸੀ, ਤਾਂ ਕਿ ਆਰਡਰ ਕਰ ਦੇਣ। ਇਹੋ ਜਿਹੇ ਬੰਦੇ ਨੂੰ ਸੰਤ ਦੀ ਸੁਰੱਖਿਆ ਲਈ ਤਾਇਨਾਤ ਕਰਨਾ ਬੜਾ ਗ਼ੈਰ ਜ਼ਿਮੇਵਾਰਾਨਾ ਫੈਸਲਾ ਸੀ। ਆਈ.ਜੀ. ਖੁਫੀਆ ਵਿਭਾਗ ਅਤੇ ਆਈ.ਜੀ. ਪੀ.ਏ.ਪੀ ਕੋਈ ਤਸੱਲੀਬਖਸ਼ ਜਵਾਬ ਨਹੀਂ ਦੇ ਸਕੇ। ਹੁਣ ਗਵਰਨਰ ਨੇ ਫਟਾਫਟ ਜੀਤ ਸਿੰਘ ਦੀ ਮੁਅੱਤਲੀ ਦੇ ਹੁਕਮ ਕਰ ਦਿੱਤੇ। ਆਈ.ਜੀ. ਖੁਫੀਆ ਵਿੰਗ ਦਾ ਰਾਜਪਾਲ ਨਾਲ ਸਿੱਧਾ ਰਾਬਤਾ ਸੀ। ਜਸਟਿਸ ਗੁਰਨਾਮ ਸਿੰਘ ਜਾਂਚ ਕਮਿਸ਼ਨ ਨੂੰ ਇਸ ਕਤਲ ਦੀ ਪੜਤਾਲ ਵਾਸਤੇ ਕਿਹਾ ਗਿਆ।

ਜੀ.ਆਈ.ਐਸ. ਭੁਲਰ ਨੇ ਮੇਰੇ ਕੋਲ ਇਸ ਘਟਨਾ ਦੀਆਂ ਕਈ ਪਰਤਾਂ ਖੋਲ੍ਹੀਆਂ। ਸੰਤ ਜੀ ਦੇ ਪਿਛੇ ਦੋ ਨੌਜਵਾਨ ਬੈਠੇ ਸਨ। ਅਰਦਾਸ ਪਿਛੋਂ ਸੰਤ ਜਦੋਂ ਮੱਥਾ ਟੇਕਣ ਲਈ ਝੁਕੇ ਤਾਂ ਇਨ੍ਹਾਂ ਨੇ ਰਿਵਾਲਵਰਾਂ ਨਾਲ ਸੰਤ 'ਤੇ ਫਾਇਰ ਕੀਤੇ। ਸੰਗਤ ਵਿਚ ਅਜਿਹੇ ਮੌਕੇ ਭਗਦੜ ਮੱਚਣੀ ਹੀ ਸੀ, ਪਰ ਸੰਤਾਂ ਦੇ ਕੁਝ ਸੂਝਵਾਨ ਸ਼ਰਧਾਲੂ ਉਨ੍ਹਾਂ ਦੇ ਸਰੀਰ ਉਪਰ ਲੇਟ ਗਏ ਤਾਂ ਕਿ ਹੋਰ ਗੋਲੀ ਨਾ ਵੱਜ ਸਕੇ। ਇਕ ਪੁਲਿਸ ਅਫਸਰ ਤੁਰੰਤ ਮੌਕੇ 'ਤੇ ਆਇਆ, ਤੇ ਲੇਟੇ ਸ਼ਰਧਾਲੂਆਂ ਨੂੰ ਕਿਹਾ, ਕਾਤਲ ਫੜੇ ਗਏ ਹਨ, ਉਠੋ। ਜਦੋਂ ਉਹ ਉਠ ਖਲੋਤੇ, ਉਦੋਂ ਸੰਤ 'ਤੇ ਦੁਬਾਰਾ ਮਾਰੂ ਫਾਇਰਿੰਗ ਹੋਈ। ਇਹ ਤੱਥ ਰਿਪੋਰਟ ਵਿਚ ਦਰਜ ਹੀ ਨਹੀਂ ਹੋਏ।

ਚੰਡੀਗੜ੍ਹ ਅਤੇ ਦਿੱਲੀ ਵਿਚ ਇਸ ਕਤਲ ਦੇ ਵੇਰਵੇ ਜਾਣਨ ਵਿਚ ਕਿਸੇ ਦੀ ਰੁਚੀ ਨਹੀਂ ਸੀ। ਸੰਤ ਦੀ ਸੁਰੱਖਿਆ ਛਤਰੀ ਵਿਚ ਅਦਲਾ-ਬਦਲੀ ਕਰਨ ਵਾਲਾ ਅਫਸਰ ਕੌਣ ਸੀ ਜਿਸ ਸਦਕਾ ਇਹ ਭਾਣਾ ਵਾਪਰਿਆ? ਕੀ ਪੀ.ਏ.ਪੀ. ਦੇ ਡੀ.ਆਈ.ਜੀ. ਅਤੇ ਆਈ.ਜੀ. ਨੂੰ ਜੀਤ ਸਿੰਘ ਬਾਰੇ ਕੁਝ ਵੀ ਪਤਾ ਨਹੀਂ ਸੀ ਕਿ ਉਸ ਦਾ ਪਿਛੋਕੜ ਕਿਹੋ ਜਿਹਾ ਹੈ? ਇਨ੍ਹਾਂ ਦੋਵਾਂ ਅਫਸਰਾਂ ਨੇ ਹੀ ਪੜਤਾਲ ਕਰ ਕੇ ਜੀਤ ਸਿੰਘ ਨੂੰ ਡਿਸਮਿਸ ਕਰਨ ਦੀ ਸਿਫਾਰਿਸ਼ ਭੇਜੀ ਸੀ। ਸੰਤ ਦੀ ਸੁਰੱਖਿਆ ਵਾਸਤੇ ਤਾਇਨਾਤੀ ਤੋਂ ਪਹਿਲਾਂ ਕੀ ਇਨ੍ਹਾਂ ਨੇ ਆਈ.ਜੀ. ਖੁਫੀਆ ਵਿਭਾਗ ਦੀ ਆਗਿਆ ਲੈ ਲਈ ਸੀ? ਜੇ ਹਾਂ, ਤਾਂ ਆਈ.ਜੀ. ਖੁਫੀਆ ਵਿੰਗ ਨੇ ਮੈਨੂੰ ਕਿਉਂ ਨਹੀਂ ਦੱਸਿਆ? ਰਾਜਪਾਲ ਨੇ ਬਰਖਾਸਤਗੀ ਦੀ ਫਾਈਲ ਲੰਮਾ ਸਮਾਂ ਆਪਣੇ ਕੋਲ ਕਿਉਂ ਧਰੀ ਰੱਖੀ? ਪੀ.ਏ.ਪੀ. ਦੇ ਆਈ.ਜੀ. ਨੂੰ ਵਾਇਰਲੈਸ ਰਾਹੀਂ ਇਸ ਘਟਨਾਕ੍ਰਮ ਬਾਰੇ ਜਿਹੜਾ ਪੱਤਰ ਘੱਲਿਆ, ਉਸ ਦਾ ਕਦੀ ਜਵਾਬ ਨਹੀਂ ਆਇਆ।

ਮੈਨੂੰ ਪਤਾ ਲੱਗਾ, ਰਾਜਪਾਲ ਲੌਂਗੋਵਾਲ ਪਿੰਡ ਸਸਕਾਰ ਉਤੇ ਪੁੱਜ ਗਏ ਹਨ। ਮੈਂ ਉਨ੍ਹਾਂ ਨੂੰ ਕਿਹਾ, ਮੈਂ ਜਲਦੀ ਪੁੱਜ ਰਿਹਾ ਹਾਂ। ਉਨ੍ਹਾਂ ਕਿਹਾ, ਨਹੀਂ, ਤੁਸੀਂ ਚੰਡੀਗੜ੍ਹ ਰਹੋ, ਸੁਰੱਖਿਆ ਦੀ ਨਿਗਰਾਨੀ ਕਰੋ। ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਆਈ.ਜੀ. ਪੀ.ਏ.ਪੀ. ਅਤੇ ਆਈ.ਜੀ. ਖੁਫੀਆ ਵਿੰਗ ਨਾਲ ਉਨ੍ਹਾਂ ਉਥੇ ਮੀਟਿੰਗ ਕੀਤੀ ਤੇ ਕੁਝ ਹਦਾਇਤਾਂ ਦਿੱਤੀਆਂ। ਇਹ ਉਹੋ ਦੋ ਅਫਸਰ ਸਨ ਜਿਨ੍ਹਾਂ ਨੇ ਜੀਤ ਸਿੰਘ ਨੂੰ ਸੰਤਾਂ ਦੀ ਸੁਰੱਖਿਆ ਲਈ ਤਾਇਨਾਤ ਕੀਤਾ। ਜੋ ਹੋਇਆ, ਉਸ ਦੇ ਦੋਸ਼ ਤੋਂ ਇਹ ਕਿਵੇਂ ਬਚ ਸਕਦੇ ਸਨ? ਹੋਰ ਤਾਂ ਹੋਰ, ਮੇਰੇ ਅਧੀਨ ਕੰਮ ਕਰਦੇ ਇਨ੍ਹਾਂ ਅਫਸਰਾਂ ਨੇ ਮੈਨੂੰ ਇਹ ਦੱਸਣਾ ਵੀ ਮੁਨਾਸਬ ਨਹੀਂ ਸਮਝਿਆ ਕਿ ਲੌਂਗੋਵਾਲ ਪਿੰਡ ਰਾਜਪਾਲ ਨਾਲ ਮੀਟਿੰਗ ਵਿਚ ਕੀ ਵਿਚਾਰ ਵਟਾਂਦਰਾ ਹੋਇਆ। ਜੇ ਮੈਨੂੰ ਰਾਜਪਾਲ ਨੇ ਖੁਦ ਚੰਡੀਗੜ੍ਹ ਰਹਿਣ ਦਾ ਹੁਕਮ ਨਾ ਦਿੱਤਾ ਹੁੰਦਾ, ਮੈਂ ਲੌਂਗੋਵਾਲ ਜਾ ਕੇ ਮੌਕੇ ਦੀ ਸਾਰੀ ਸੂਚਨਾ ਇਕੱਠੀ ਕਰ ਕੇ ਕੇਂਦਰ ਨੂੰ ਭੇਜ ਦੇਣੀ ਸੀ। ਇਹੋ ਕੁਝ ਰਾਜਪਾਲ ਨੇ ਹੋਣ ਨਹੀਂ ਦੇਣਾ ਸੀ। ਇਹ ਕਤਲ ਅਣਗਹਿਲੀ ਦਾ ਨਤੀਜਾ ਸੀ ਕਿ ਸੰਗੀਨ ਸਾਜ਼ਿਸ਼, ਇਸ ਦਾ ਪਤਾ ਲਾਉਣਾ ਔਖਾ ਕੰਮ ਨਹੀਂ ਸੀ।

ਹੁਣ ਅੱਗਿਉਂ ਕੀ ਕੀਤਾ ਜਾਵੇ, ਰਾਜਪਾਲ ਨੇ ਮੇਰੀ ਸਲਾਹ ਲੈਣੀ ਵਾਜਬ ਨਹੀਂ ਸਮਝੀ। ਤਾਂ ਵੀ ਮੈਂ ਵਿਸਤ੍ਰਿਤ ਰਿਪੋਰਟ ਤਿਆਰ ਕੀਤੀ ਤੇ ਘਟਨਾਵਾਂ ਦੇ ਵੇਰਵੇ ਸਹਿਤ ਡਾਇਰੈਕਟਰ ਆਈ.ਬੀ. ਨੂੰ ਭੇਜ ਦਿੱਤੀ। ਮੇਰਾ ਨਹੀਂ ਖਿਆਲ, ਡਾਇਰੈਕਟਰ ਨੇ ਪ੍ਰਧਾਨ ਮੰਤਰੀ ਤੱਕ ਇਹ ਪੁਚਾਈ ਹੋਵੇ, ਸਗੋਂ ਰਾਜਪਾਲ ਨੇ ਪ੍ਰਧਾਨ ਮੰਤਰੀ ਨੂੰ ਕਹਿਣਾ ਸ਼ੁਰੂ ਕਰ ਦਿੱਤਾ ਕਿ ਸੰਤ ਲੌਂਗੋਵਾਲ ਦਾ ਕਤਲ ਪੁਲਿਸ ਚੀਫ ਢਿਲੋਂ ਦੀ ਅਣਗਹਿਲੀ ਕਾਰਨ ਹੋਇਆ ਹੈ। ਮੈਂ ਪ੍ਰਧਾਨ ਮੰਤਰੀ ਤੋਂ ਮਿਲਣ ਦਾ ਸਮਾਂ ਮੰਗਿਆ, ਨਹੀਂ ਮਿਲਿਆ। ਮੇਰੀ ਬਦਲੀ ਮੇਰੇ ਕੇਡਰ ਮੱਧ ਪ੍ਰਦੇਸ਼ ਵਿਚ ਹੋ ਗਈ। ਕੌਮੀ, ਕੌਮਾਂਤਰੀ ਪ੍ਰੈਸ ਵਿਚ ਇਸ ਖਬਰ ਦੀਆਂ ਵੱਡੀਆਂ ਸੁਰਖੀਆਂ ਛਪੀਆਂ। ਸਾਰਾ ਦਿਨ ਫੋਨ ਆਉਂਦੇ ਰਹੇ। ਅਮਰੀਕਾ ਤੋਂ ਮੇਰੀ ਭੈਣ ਦਾ ਫੋਨ ਆਇਆ, ਇਹੋ ਜਿਹੀ ਸਰਕਾਰ ਦੀ ਨੌਕਰੀ ਕਿਉਂ ਕਰਨੀ ਹੈ, ਅਸਤੀਫਾ ਦੇ ਦੇ।

***ਸੰਤ ਦੀ ਸੁਰੱਖਿਆ ਸਕੀਮ ਨੂੰ ਅੰਜਾਮ ਦਿੱਤਿਆਂ ਅਜੇ ਕੁਝ ਕੁ ਦਿਨ ਹੋਏ ਸਨ ਕਿ ਪੀ.ਏ.ਪੀ. ਦੇ ਆਈ.ਜੀ. ਨੇ ਗੁਰਬਚਨ ਸਿੰਘ ਮਾਨ ਦੀ ਥਾਂ ਐਸ.ਪੀ. (ਪੀ.ਏ.ਪੀ.) ਜੀਤ ਸਿੰਘ ਨੂੰ ਚਾਰਜ ਦੇ ਦਿੱਤਾ। ਜੀਤ ਸਿੰਘ ਵਿਰੁੱਧ ਵਿਭਾਗੀ ਪੜਤਾਲ ਚੱਲ ਰਹੀ ਸੀ ਕਿ ਉਸ ਦੇ ਖਤਰਨਾਕ ਬੰਦਿਆਂ ਨਾਲ ਲਿੰਕ ਹਨ। ਵਿਭਾਗ ਨੇ ਡਿਸਮਿਸ ਕਰਨ ਦੀ ਸਿਫਾਰਿਸ਼ ਕਰ ਕੇ ਰਾਜਪਾਲ ਅਰਜਨ ਸਿੰਘ ਪਾਸ ਫਾਈਲ ਭੇਜੀ ਹੋਈ ਸੀ, ਤਾਂ ਕਿ ਆਰਡਰ ਕਰ ਦੇਣ। ਇਹੋ ਜਿਹੇ ਬੰਦੇ ਨੂੰ ਸੰਤ ਦੀ ਸੁਰੱਖਿਆ ਲਈ ਤਾਇਨਾਤ ਕਰਨਾ ਬੜਾ ਗ਼ੈਰ ਜ਼ਿਮੇਵਾਰਾਨਾ ਫੈਸਲਾ ਸੀ। ਆਈ.ਜੀ. ਖੁਫੀਆ ਵਿਭਾਗ ਅਤੇ ਆਈ.ਜੀ. ਪੀ.ਏ.ਪੀ ਕੋਈ ਤਸੱਲੀਜਨਕ ਜਵਾਬ ਨਹੀਂ ਦੇ ਸਕੇ। ਹੁਣ ਗਵਰਨਰ ਨੇ ਫਟਾਫਟ ਜੀਤ ਸਿੰਘ ਦੀ ਡਿਸਮਿਸਲ ਦੇ ਆਰਡਰ ਕਰ ਦਿੱਤੇ। ਆਈ.ਜੀ. ਖੁਫੀਆ ਵਿੰਗ ਦਾ ਰਾਜਪਾਲ ਨਾਲ ਸਿੱਧਾ ਰਾਬਤਾ ਸੀ।***




ਕਿਤਾਬ 'ਟਾਈਮ ਪ੍ਰੈਜ਼ੈਂਟ ਐਂਡ ਟਾਈਮ ਪਾਸਟ' ਦਾ ਟਾਈਟਲ।



ਕਿਰਪਾਲ ਸਿੰਘ ਢਿਲੋਂ



ਸੰਤ ਹਰਚੰਦ ਸਿੰਘ ਲੌਂਗੋਵਾਲ ਪੰਜਾਬ ਸਮਝੌਤੇ ਤੋਂ ਕੁਝ ਦਿਨ ਬਾਅਦ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕ ਕੇ ਬਾਹਰ ਆਉਂਦੇ ਹੋਏ।

# ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ

## ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਗੁਰਮਤਿ ਵਿਚ ਮਨੁੱਖ ਲਈ ਅਕਾਲ ਪੁਰਖ ਦੇ ਭਾਣੇ ਨੂੰ ਮੰਨਣ ਅਤੇ ਉਸ ਦੇ ਹੁਕਮ ਵਿਚ ਚੱਲਣ ਨੂੰ ਉਸ ਅਕਾਲ ਪੁਰਖ ਦੀ ਮਿਹਰ ਪ੍ਰਵਾਨ ਕੀਤਾ ਗਿਆ ਹੈ। ਬਿਨਾ ਉਸ ਦੀ ਮਿਹਰ ਦੇ ਮਨੁੱਖ ਨੂੰ ਉਸ ਦੇ ਹੁਕਮ ਦੀ ਸੋਝੀ ਨਹੀਂ ਆਉਂਦੀ, ਨਾ ਹੀ ਭਾਣੇ ਨੂੰ ਮੰਨਣ ਅਤੇ ਉਸ ਅਨੁਸਾਰ ਚੱਲਣ ਦੀ ਜਾਚ ਆਉਂਦੀ ਹੈ। ਇਸ ਲਈ ਮਨੁੱਖ ਵਾਸਤੇ ਉਸ ਦੀ ਕਿਰਪਾ ਨੂੰ ਅਧਿਆਤਮਕ ਪ੍ਰਾਪਤੀ ਲਈ ਵੱਡੇ ਭਾਗ ਦੀ ਗੱਲ ਮੰਨਿਆ ਗਿਆ ਹੈ। ਇਸ ਪ੍ਰਾਪਤੀ ਲਈ ਮਨੁੱਖ ਨੂੰ ਉਦਮ ਕਰਨਾ ਪੈਂਦਾ ਹੈ, ਮਿਹਨਤ ਕਰਨੀ ਪੈਂਦੀ ਹੈ ਤਾਂ ਕਿ ਉਹ ਆਪਣੇ ਅੰਦਰ ਗੁਣ ਪੈਦਾ ਕਰਕੇ ਉਸ ਅਕਾਲ ਪੁਰਖ ਦੀ ਮਿਹਰ ਪ੍ਰਾਪਤ ਕਰ ਸਕੇ।

ਇਸੇ ਸਬੰਧ ਵਿਚ ਆਸਾ ਦੀ ਵਾਰ ਦੀ ਅਗਲੀ ਪਉੜੀ ਵਿਚ ਗੁਰੂ ਨਾਨਕ ਸਾਹਿਬ ਨੇ ਦੱਸਿਆ ਹੈ ਕਿ ਜਿਨ੍ਹਾਂ ਮਨੁੱਖਾਂ ਉਤੇ ਅਕਾਲ ਪੁਰਖ ਤੁੱਠ ਜਾਵੇ, ਜਿਨ੍ਹਾਂ ਉਤੇ ਉਸ ਦੀ ਮਿਹਰ ਹੋ ਜਾਵੇ ਉਨ੍ਹਾਂ ਤੋਂ ਹੀ ਅਕਾਲ ਪੁਰਖ ਉਹ ਕੰਮ ਕਰਾਉਂਦਾ ਹੈ ਜੋ ਉਸ ਨੂੰ ਚੰਗੇ ਲੱਗਦੇ ਹਨ ਅਰਥਾਤ ਭਲੇ ਕੰਮ ਕਰਾਉਂਦਾ ਹੈ। ਜਿਸ ਉਤੇ ਮਿਹਰ ਹੋ ਜਾਂਦੀ ਹੈ, ਉਸ ਨੂੰ ਉਸ ਅਕਾਲ ਪੁਰਖ ਦੀ ਰਜ਼ਾ ਵਿਚ ਚੱਲਣ ਦੀ ਜਾਚ ਆ ਜਾਂਦੀ ਹੈ। ਜਿਹੜੇ ਮਨੁੱਖਾਂ ਨੂੰ ਉਹ ਆਪਣੀ ਰਜ਼ਾ ਵਿਚ ਤੋਰਦਾ ਹੈ, ਉਹੀ ਉਸ ਦੀ ਸੇਵਾ ਕਰਦਾ ਹੈ। ਜਿਹੜਾ ਮਨੁੱਖ ਉਸ ਦੀ ਰਜ਼ਾ ਵਿਚ ਰਹਿ ਕੇ ਉਸ ਦੀ ਸੇਵਾ ਕਰਦਾ ਹੈ, ਉਸ ਦੀ ਸੇਵਾ ਪ੍ਰਵਾਨ ਹੋ ਜਾਂਦੀ ਹੈ। ਜਿਸ ਦੀ ਸੇਵਾ ਉਸ ਦੇ ਦਰ 'ਤੇ ਕਬੂਲ ਹੋ ਜਾਂਦੀ ਹੈ, ਉਸ ਨੂੰ ਆਪਣਾ ਅਸਲੀ ਘਰ ਅਰਥਾਤ ਕਰਤਾਪੁਰਖ ਦਾ ਦਰਵਾਜ਼ਾ ਲੱਭ ਜਾਂਦਾ ਹੈ। ਜਦੋਂ ਪਰਮਾਤਮਾ ਦਾ ਸੇਵਕ ਉਸ ਦੇ ਭਾਣੇ ਵਿਚ ਚੱਲਦਾ ਹੈ, ਉਸ ਦੀ ਰਜ਼ਾ ਅਨੁਸਾਰ ਕਰਮ ਕਰਦਾ ਹੈ ਤਾਂ ਉਸ ਨੂੰ ਮਨ-ਇੱਛਤ ਫਲ ਪ੍ਰਾਪਤ ਹੋ ਜਾਂਦਾ ਹੈ ਅਤੇ ਅਕਾਲ ਪੁਰਖ ਦੀ ਦਰਗਾਹ ਵਿਚ ਉਸ ਨੂੰ ਸਤਿਕਾਰ ਮਿਲਦਾ ਹੈ,

ਸਾਹਿਬੁ ਹੋਇ ਦਇਆਲੁ
ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ॥
ਸੋ ਸੇਵਕੁ ਸੇਵਾ ਕਰੇ
ਜਿਸ ਨੋ ਹੁਕਮੁ ਮਨਾਇਸੀ॥ (ਪੰਨਾ ੪੭੧)

ਗੁਰੂ ਨਾਨਕ ਦੇ ਸਮੇਂ ਵਿਚ ਬਾਹਰੋਂ ਆਏ ਮੁਸਲਮਾਨ ਤੁਰਕ ਹਾਕਮਾਂ ਦਾ ਰਾਜ ਸੀ। ਤੁਰਕ ਹਾਕਮਾਂ ਨੇ ਹਿੰਦੂਆਂ ਨੂੰ ਗੁਲਾਮੀ ਦਾ ਅਹਿਸਾਸ ਕਰਾਉਣ ਲਈ ਉਨ੍ਹਾਂ 'ਤੇ ਕਈ ਕਿਸਮ ਦੇ ਕਰ ਲਾਏ ਹੋਏ ਸਨ। ਹਿੰਦੂ ਕਰਮਚਾਰੀਆਂ ਦੇ ਰਾਹੀਂ ਹੀ ਇਹ ਕਰ ਉਗਰਾਹੇ ਜਾਂਦੇ ਸਨ, ਜਿਹੜੇ ਹਿੰਦੂ ਹੋਣ ਦੇ ਨਾਤੇ ਹਿੰਦੂ ਧਰਮ ਨਾਲ ਜੁੜੀਆਂ ਰਸਮਾਂ ਵੀ ਨਿਭਾਉਂਦੇ ਸੀ। ਇਸ ਤਰ੍ਹਾਂ ਉਹ ਦੂਹਰਾ ਕਿਰਦਾਰ, ਦੋਗਲਾਪਣ ਨਿਭਾਉਂਦੇ ਸਨ। ਉਨ੍ਹਾਂ ਦੀ ਇਸ ਗੁਲਾਮ ਜ਼ਹਿਨੀਅਤ ਵੱਲ ਹੀ ਅਗਲੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਨੇ ਇਸ਼ਾਰਾ ਕੀਤਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਇੱਕ ਪਾਸੇ ਤੂੰ ਗਊ ਅਤੇ ਬ੍ਰਾਹਮਣ-ਦੋਵਾਂ ਨੂੰ ਹੀ ਕਰ ਲਾਉਂਦਾ ਹੈਂ (ਹਿੰਦੂ ਧਰਮ ਵਿਚ ਗਊ ਅਤੇ ਬ੍ਰਾਹਮਣ ਦੋਵਾਂ ਨੂੰ ਹੀ ਪੂਜਨੀਕ ਮੰਨਿਆ ਜਾਂਦਾ ਹੈ) ਅਤੇ ਦੂਸਰੇ ਪਾਸੇ ਗਊ ਦੇ ਗੋਹੇ ਨਾਲ ਚੌਂਕੇ ਨੂੰ ਪੋਚਾ ਫੇਰਨ ਨੂੰ ਪਵਿੱਤਰ ਮੰਨਦਾ ਹੈਂ। ਗੁਰੂ ਸਾਹਿਬ ਕਹਿੰਦੇ ਹਨ, ਗੋਬਰ ਦਾ ਪੋਚਾ ਫੇਰਨ ਨਾਲ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਲੰਘ ਸਕੀਦਾ। ਇੱਕ ਪਾਸੇ ਬ੍ਰਾਹਮਣ ਅਤੇ ਗਊ ਨੂੰ ਕਰ ਲਾਉਂਦਾ ਹੈ ਅਤੇ ਪਵਿੱਤਰ ਹੋਣ ਦੀ ਨਿਸ਼ਾਨੀ ਧੋਤੀ ਪਹਿਨਦਾ ਹੈ, ਮੱਥੇ 'ਤੇ ਤਿਲਕ ਲਾਉਂਦਾ ਹੈ ਅਤੇ ਮਾਲਾ ਫੇਰਦਾ ਹੈ। ਦੂਸਰੇ ਪਾਸੇ, ਮੁਸਲਮਾਨ ਹਾਕਮਾਂ ਦੇ ਘਰ ਦਾ ਭੋਜਨ ਵੀ ਛਕਦਾ ਹੈ, ਜਿਸ ਨੂੰ ਮਲੇਛ ਅਰਥਾਤ ਅਪਵਿੱਤਰ ਵੀ ਕਹਿੰਦਾ ਹੈ। ਅੰਦਰ ਬੈਠ ਕੇ ਤੁਰਕ ਹਾਕਮਾਂ ਤੋਂ ਚੋਰੀ ਪੂਜਾ ਵੀ ਕਰਦਾ ਹੈ, ਬਾਹਰ ਉਨ੍ਹਾਂ ਨੂੰ ਦਿਖਾਉਣ ਲਈ ਉਨ੍ਹਾਂ ਦਾ ਧਰਮ ਗ੍ਰੰਥ ਕੁਰਾਨ ਵੀ ਪੜ੍ਹਦਾ ਹੈ ਅਤੇ ਮੁਸਲਮਾਨਾਂ ਵਾਲੀ ਰਹਿਤ ਵੀ ਰੱਖੀ ਹੋਈ ਹੈ। ਗੁਰੂ ਸਾਹਿਬ ਉਸ ਨੂੰ ਇਹ ਦੂਹਰਾ ਕਿਰਦਾਰ ਭਾਵ ਪਖੰਡ ਦਾ ਤਿਆਗ ਕਰਕੇ ਉਸ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨ ਦਾ ਉਪਦੇਸ਼ ਦਿੰਦੇ ਹਨ, ਜਿਸ ਰਾਹੀਂ ਇਸ ਸੰਸਾਰ-ਸਾਗਰ ਨੂੰ ਪਾਰ ਕਰ ਸਕਣਾ ਸੰਭਵ ਹੈ,

ਗਊ ਬਿਰਾਹਮਣ ਕਉ ਕਰੁ ਲਾਵਹੁ
ਗੋਬਰਿ ਤਰਣੁ ਨ ਜਾਈ॥
ਧੋਤੀ ਟਿਕਾ ਤੈ ਜਪਮਾਲੀ
ਧਾਨੁ ਮਲੇਛਾਂ ਖਾਈ॥
ਅੰਤਰਿ ਪੂਜਾ ਪੜਹਿ ਕਤੇਬਾ
ਸੰਜਮੁ ਤੁਰਕਾ ਭਾਈ॥
ਛੋਡੀਲੇ ਪਾਖੰਡਾ॥
ਨਾਮਿ ਲਇਐ ਜਾਹਿ ਤਰੰਦਾ॥੧॥
(ਪੰਨਾ ੪੭੧)

ਅਗਲੇ ਸਲੋਕ ਵਿਚ ਵੀ ਇਸੇ ਕਿਸਮ ਦੀ ਗੁਲਾਮ ਜ਼ਹਿਨੀਅਤ ਅਤੇ ਦੂਹਰੇ ਕਿਰਦਾਰ ਦੀ ਗੱਲ ਕੀਤੀ ਗਈ ਹੈ ਜੋ ਧਰਮ ਅਤੇ ਸਮਾਜ, ਹਿੰਦੂ ਜਨਤਾ ਅਤੇ ਮੁਸਲਮਾਨ ਤੁਰਕ ਹਾਕਮਾਂ-ਦੋਵਾਂ ਵਿਚ ਹੀ ਆਮ ਦੇਖਣ ਨੂੰ ਮਿਲਦਾ ਸੀ। ਗੁਰੂ ਨਾਨਕ ਮਨੁੱਖ ਹੱਥੋਂ ਮਨੁੱਖ ਦੇ ਸੋਸ਼ਣ ਨੂੰ ਨਕਾਰਦੇ ਹੀ ਨਹੀਂ, ਵੰਗਾਰਦੇ ਵੀ ਹਨ। ਜਿਹੜੇ ਮਨੁੱਖ ਦੂਸਰਿਆਂ ਦਾ ਸੋਸ਼ਣ ਕਰਦੇ ਹਨ, ਉਨ੍ਹਾਂ ਨੂੰ ਗੁਰੂ ਸਾਹਿਬ ਨੇ 'ਮਾਣਸ ਖਾਣੇ' ਕਿਹਾ ਹੈ। ਇਸ ਤੱਥ ਨੂੰ ਬਿਆਨ ਕਰਦੇ ਹੋਏ ਉਹ ਕਹਿੰਦੇ ਹਨ ਕਿ ਮੁਸਲਮਾਨ ਹਾਕਮ ਵੱਢੀਖੋਰ, ਮਨੁੱਖਾਂ ਦਾ ਲਹੂ ਪੀਣ ਵਾਲੇ ਹਨ ਪਰ ਉਹ ਨਮਾਜ਼ਾਂ ਪੜ੍ਹਦੇ ਹਨ। ਅਜਿਹੇ ਮੁਸਲਮਾਨ ਹਾਕਮਾਂ ਦੇ ਅੱਗੋਂ ਮੁਨਸ਼ੀ ਉਹ ਖੱਤਰੀ ਹਨ ਜਿਹੜੇ ਗਰੀਬਾਂ ਦੇ ਗਲੇ 'ਤੇ ਛੁਰੀ ਚਲਾਉਂਦੇ ਹਨ, ਭਾਵ ਗਰੀਬਾਂ ਦਾ ਸੋਸ਼ਣ ਕਰਦੇ ਹਨ ਪਰ ਗਲ ਵਿਚ ਜਨੇਊ ਪਹਿਨਦੇ ਹਨ। ਗਰੀਬਾਂ 'ਤੇ ਜ਼ੁਲਮ ਕਰਨ ਵਾਲੇ ਇਨ੍ਹਾਂ ਲੋਕਾਂ ਦੇ ਘਰਾਂ ਵਿਚ ਜਾ ਕੇ ਬ੍ਰਾਹਮਣ ਪੂਜਾ ਕਰਦੇ ਹਨ, ਸੰਖ ਵਜਾਉਂਦੇ ਹਨ (ਅਤੇ ਪੂਜਾ ਦਾ ਧਾਨ ਖਾਂਦੇ ਹਨ)। ਇਸ ਲਈ ਉਨ੍ਹਾਂ ਬ੍ਰਾਹਮਣਾਂ ਦੇ ਅੰਦਰ ਵੀ ਉਸ ਜ਼ੁਲਮ ਦੀ ਕਮਾਈ ਦਾ ਸੁਆਦ ਆਉਂਦਾ ਹੈ। ਇਹ ਝੂਠੀ ਪੂੰਜੀ ਹੈ ਅਤੇ ਝੂਠਾ ਹੀ ਇਨ੍ਹਾਂ ਦਾ ਵਾਪਾਰ ਹੈ। ਝੂਠ ਬੋਲ ਬੋਲ ਕੇ ਇਹ ਰੋਜ਼ੀ ਕਮਾਉਂਦੇ ਹਨ (ਦਾਨ ਕਰਨ ਨਾਲ ਝੂਠ ਦੀ ਕਮਾਈ ਸੱਚੀ ਨਹੀਂ ਬਣ ਜਾਂਦੀ)।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਅਜਿਹਾ ਸਮਾਂ ਚੱਲ ਰਿਹਾ ਹੈ ਜਦੋਂ ਸ਼ਰਮ ਤੇ ਧਰਮ ਦੀ ਸਭਾ ਉਠ ਗਈ ਹੈ। ਝੂਠ ਦੀ ਕਮਾਈ ਕਰਦਿਆਂ ਅਤੇ ਮਨੁੱਖਤਾ ਦਾ ਸੋਸ਼ਣ ਕਰਦਿਆਂ ਨਾ ਹੀ ਇਨ੍ਹਾਂ ਲੋਕਾਂ ਨੂੰ ਸ਼ਰਮ ਆਉਂਦੀ ਹੈ ਅਤੇ ਨਾ ਹੀ ਧਰਮ ਦਾ ਕੋਈ ਖਿਆਲ ਹੈ (ਅੱਜ ਕਲ੍ਹ ਵੀ ਇਹੀ ਕੁਝ ਹੋ ਰਿਹਾ ਹੈ)। ਗੁਰੂ ਸਾਹਿਬ ਕਹਿੰਦੇ ਹਨ ਕਿ ਹਰ ਪਾਸੇ ਝੂਠ ਹੀ ਪ੍ਰਧਾਨ ਹੋ ਗਿਆ ਹੈ। ਇਹ ਖੱਤਰੀ ਮੱਥੇ ਉਤੇ ਟਿੱਕਾ ਲਾਉਂਦੇ ਹਨ, ਲੱਕ ਦੁਆਲੇ ਗੇਰੂਏ ਰੰਗ ਦੀ ਧੋਤੀ ਬੰਨ੍ਹਦੇ ਹਨ, ਦੂਸਰੇ ਪਾਸੇ ਹੱਥ ਵਿਚ ਛੁਰੀ ਫੜੀ ਹੋਈ ਹੈ ਜਿਸ ਨਾਲ ਹਰ ਇੱਕ 'ਤੇ ਜ਼ੁਲਮ ਕਰ ਰਹੇ ਹਨ। ਤੁਰਕ ਹਾਕਮਾਂ ਦੀਆਂ ਨਜ਼ਰਾਂ ਵਿਚ ਪ੍ਰਵਾਨ ਚੜ੍ਹਨ ਲਈ ਨੀਲੇ ਰੰਗ ਦੇ ਕਪੜੇ ਪਾ ਕੇ ਉਨ੍ਹਾਂ ਨੂੰ ਮਿਲਣ ਜਾਂਦੇ ਹਨ ਕਿਉਂਕਿ ਉਨ੍ਹਾਂ ਦਾ ਪਹਿਰਾਵਾ ਪਾਉਣ ਨਾਲ ਹੀ ਉਨ੍ਹਾਂ ਕੋਲ ਜਾਣ ਦੀ ਆਗਿਆ ਮਿਲਦੀ ਹੈ। ਇੱਕ ਪਾਸੇ ਉਨ੍ਹਾਂ ਨੂੰ ਮਲੇਛ ਕਹਿੰਦੇ ਹਨ ਅਤੇ ਦੂਜੇ ਪਾਸੇ ਉਨ੍ਹਾਂ ਤੋਂ ਹੀ ਰੁਜ਼ਗਾਰ ਪ੍ਰਾਪਤ ਕਰਦੇ ਹਨ। ਇਹ ਸਭ ਕੁਝ ਕਰਦੇ ਹੋਏ ਧਾਰਮਿਕ ਦਿਖਾਵੇ ਲਈ ਪੁਰਾਣਾਂ ਦੀ ਪੂਜਾ ਕਰਦੇ ਹਨ (ਦਿਖਾਵਾ ਕਰਦੇ ਹਨ ਕਿ ਅਸੀਂ ਪੁਰਾਣਾਂ ਅਨੁਸਾਰ ਚੱਲ ਰਹੇ ਹਾਂ। ਪੁਰਾਣਾਂ ਵਿਚ ਹੀ ਸਭ ਤੋਂ ਵੱਧ ਵਿਆਖਿਆ ਕੀਤੀ ਗਈ ਹੈ ਕਿ ਧਰਮ ਅਨੁਸਾਰ ਕਿਵੇਂ ਚੱਲਣਾ ਹੈ)। ਇਨ੍ਹਾਂ ਦੀ ਖੁਰਾਕ ਉਹ ਬੱਕਰਾ ਹੈ ਜੋ ਕਲਮਾ ਪੜ੍ਹ ਕੇ ਮੁਸਲਿਮ ਤਰੀਕੇ ਨਾਲ ਹਲਾਲ ਕਰਕੇ ਰਿੰਨ੍ਹਿਆ ਜਾਂਦਾ ਹੈ। ਸਿਤਮ ਇਹ ਵੀ ਹੈ ਕਿ ਏਨਾ ਕੁਝ ਕਰਦੇ ਹੋਏ ਇਹ ਵੀ ਕਹਿੰਦੇ ਹਨ ਕਿ ਸਾਡੇ ਚੌਂਕੇ ਉਤੇ ਕੋਈ ਹੋਰ ਮਨੁੱਖ ਪੈਰ ਨਾ ਪਾਵੇ, ਇਸ ਲਈ ਚੌਂਕਾ ਬਣਾ ਕੇ ਦੁਆਲੇ ਲਕੀਰਾਂ ਕੱਢ ਦਿੰਦੇ ਹਨ ਅਤੇ ਇਸ ਵਿਚ ਅਜਿਹੇ ਮਨੁੱਖ ਆ ਬੈਠਦੇ ਹਨ ਜਿਨ੍ਹਾਂ ਦਾ ਸਾਰਾ ਕੰਮ ਹੀ ਝੂਠ ਦਾ ਪੁਲੰਦਾ ਹੈ। ਕਿਸੇ ਨੂੰ ਵੀ ਚੌਂਕੇ ਦੇ ਨੇੜੇ ਆਉਣ ਤੋਂ ਮਨ੍ਹਾਂ ਕਰਦੇ ਹਨ ਕਿ ਸਾਡਾ ਚੌਂਕਾ ਭਿੱਟਿਆ ਜਾਵੇਗਾ ਤੇ ਸਾਡਾ ਪਕਾਇਆ ਅੰਨ ਖਰਾਬ ਹੋ ਜਾਵੇਗਾ। ਅਪਵਿੱਤਰ ਸਰੀਰ ਨਾਲ ਬੁਰੇ ਕੰਮ ਕਰਦੇ ਹਨ, ਅੰਦਰੋਂ ਮਲੀਨ ਹੋਣ 'ਤੇ ਵੀ ਜੂਠੇ ਮਨ ਨਾਲ ਸੁੱਚੇ ਹੋਣ ਲਈ ਚੂਲੀਆਂ ਕਰਦੇ ਹਨ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਸ ਤਰ੍ਹਾਂ ਮਨੁੱਖ ਸੁੱਚਾ ਅਤੇ ਪਵਿੱਤਰ ਨਹੀਂ ਹੁੰਦਾ। ਉਸ ਅਕਾਲ ਪੁਰਖ ਦਾ ਸੱਚੇ ਮਨ ਨਾਲ ਸਿਮਰਨ ਕਰਨ ਨਾਲ ਜਦੋਂ ਉਹ ਸੱਚਾ ਪਰਮਾਤਮਾ ਮਿਲ ਪੈਂਦਾ ਹੈ ਤਾਂ ਹੀ ਮਨੁੱਖ ਪਵਿੱਤਰ ਅਤੇ ਸੁੱਚਾ ਹੁੰਦਾ ਹੈ,

ਮਾਣਸ ਖਾਣੇ ਕਰਹਿ ਨਿਵਾਜ॥
ਛੁਰੀ ਵਗਾਇਨਿ ਤਿਨ ਗਲਿ ਤਾਗ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ॥
ਉਨ੍ਹਾ ਭਿ ਆਵਹਿ ਓਈ ਸਾਦ॥
ਕੂੜੀ ਰਾਸਿ ਕੂੜਾ ਵਾਪਾਰੁ॥
ਕੂੜੁ ਬੋਲਿ ਕਰਹਿ ਆਹਾਰੁ॥ (ਪੰਨਾ ੪੭੧)

ਉਪਰ ਸਲੋਕ ਵਿਚ ਜਿੱਥੇ ਮਨੁੱਖ ਦੇ ਦੂਹਰੇ ਕਿਰਦਾਰ ਦੀ ਗੱਲ ਕੀਤੀ ਗਈ ਹੈ ਕਿ ਇੱਕ ਪਾਸੇ ਹਾਕਮ ਕਿਸਮ ਦੇ ਬੰਦੇ ਧਰਮੀ ਹੋਣ ਦਾ ਦਿਖਾਵਾ ਕਰਦੇ ਹਨ ਅਤੇ ਦੂਸਰੇ ਪਾਸੇ ਇਨਸਾਨਾਂ ਦਾ ਸੋਸ਼ਣ ਕਰਦੇ ਹਨ, ਉਥੇ ਹੀ ਇਸ ਪਉੜੀ ਵਿਚ ਦੱਸਿਆ ਹੈ ਕਿ ਮਨੁੱਖ ਦਾ ਕੀਤਾ ਹੋਇਆ ਕੋਈ ਵੀ ਕਰਮ ਅਕਾਲ ਪੁਰਖ ਤੋਂ ਲੁਕਿਆ ਹੋਇਆ ਨਹੀਂ ਹੈ। ਹਰ ਇੱਕ ਜੀਵ ਕਰਤਾਪੁਰਖ ਦੇ ਧਿਆਨ ਵਿਚ ਹੈ, ਉਹ ਹਰ ਇੱਕ ਨੂੰ ਦੇਖ ਰਿਹਾ ਹੈ, ਸਾਰੇ ਜੀਵਾਂ ਨੂੰ ਆਪਣੀ ਨਜ਼ਰ ਵਿਚ ਰੱਖ ਕੇ ਕਾਰੇ ਲਾਈ ਰੱਖਦਾ ਹੈ। ਉਹ ਸੰਸਾਰਕ ਜੀਵਾਂ ਨੂੰ ਉਨ੍ਹਾਂ ਦੇ ਕੀਤੇ ਚੰਗੇ ਕਰਮ ਕਰਨ 'ਤੇ ਵਡਿਆਈਆਂ ਵੀ ਬਖਸ਼ਿਸ਼ ਕਰਦਾ ਹੈ ਅਤੇ ਉਨ੍ਹਾਂ ਨੂੰ ਕਾਰਜ ਕਰਨ ਵੱਲ ਵੀ ਲਾਉਂਦਾ ਹੈ। ਉਹ ਕਰਤਾਪੁਰਖ ਸਭ ਤੋਂ ਉਚੀ ਹਸਤੀ ਹੈ, ਵੱਡਿਆਂ ਤੋਂ ਵੀ ਵੱਡਾ ਹੈ ਅਤੇ ਉਸ ਦੀ ਰਚੀ ਹੋਈ ਸ੍ਰਿਸ਼ਟੀ ਬੇਅੰਤ ਹੈ, ਅਸੀਮ ਹੈ। ਉਸ ਦੀ ਰਚਨਾ ਬੇਅੰਤ ਹੋਣ 'ਤੇ ਵੀ ਉਸ ਨੇ ਹਰ ਇੱਕ ਪ੍ਰਾਣੀ ਨੂੰ ਆਪਣੇ ਆਪਣੇ ਥਾਂ ਕਾਰਜ ਕਰਨ ਲਾਇਆ ਹੋਇਆ ਹੈ। ਹਰ ਕੋਈ ਉਸ ਦੀ ਨਜ਼ਰ ਵਿਚ ਹੈ, ਕੁਝ ਵੀ ਛੁਪਿਆ ਹੋਇਆ ਨਹੀਂ ਹੈ। ਇਸ ਲਈ ਜੇ ਉਹ ਦੁਨੀਆਂ ਦੇ ਪਾਤਸ਼ਾਹਾਂ 'ਤੇ ਵੀ ਗੁੱਸੇ ਵਾਲੀ ਨਜ਼ਰ ਕਰੇ (ਜੋ ਕਿ ਉਪਰ ਦੱਸੇ ਸਲੋਕ ਵਿਚ ਜਿਵੇਂ ਜ਼ਿਕਰ ਕੀਤਾ ਹੈ, ਦੂਸਰਿਆਂ ਦਾ ਲਹੂ ਪੀਣ ਵਰਗੇ ਗਲਤ ਕੰਮ ਕਰਨ ਕਰਕੇ ਹੁੰਦੀ ਹੈ) ਤਾਂ ਉਨ੍ਹਾਂ ਨੂੰ ਵੀ ਮੰਗਤਿਆਂ ਵਰਗਾ ਕਰ ਦਿੰਦਾ ਹੈ, ਕੱਖੋਂ ਹੌਲੇ ਕਰ ਦਿੰਦਾ ਹੈ। ਅਜਿਹੀ ਹਾਲਤ ਵਿਚ ਆਪਣੇ ਆਪ ਨੂੰ ਪਾਤਸ਼ਾਹ ਅਖਵਾਉਣ ਵਾਲੇ ਤੇ ਮਨ ਆਈਆਂ ਕਰਨ ਵਾਲੇ ਜਦੋਂ ਕਿਸੇ ਦੇ ਦਰਵਾਜ਼ੇ 'ਤੇ ਖੈਰ ਮੰਗਣ ਜਾਂਦੇ ਹਨ ਤਾਂ ਉਹ ਵੀ ਨਹੀਂ ਪੈਂਦੀ, ਅਰਥਾਤ ਉਨ੍ਹਾਂ ਨੂੰ ਕੋਈ ਨਹੀਂ ਪੁੱਛਦਾ,

ਚਿਤੈ ਅੰਦਰਿ ਸਭੁ ਕੋ
ਵੇਖਿ ਨਦਰੀ ਹੇਠਿ ਚਲਾਇਦਾ॥
ਆਪੇ ਦੇ ਵਡਿਆਈਆ
ਆਪੇ ਹੀ ਕਰਮ ਕਰਾਇਦਾ॥
ਵਡਹੁ ਵਡਾ ਵਡ ਮੇਦਨੀ
ਸਿਰੇ ਸਿਰਿ ਧੰਧੈ ਲਾਇਦਾ॥
ਨਦਰਿ ਉਪਠੀ ਜੇ ਕਰੇ
ਸੁਲਤਾਨਾ ਘਾਹੁ ਕਰਾਇਦਾ॥
ਦਰਿ ਮੰਗਨਿ ਭਿਖ ਨ ਪਾਇਦਾ॥੧੬॥
(ਪੰਨਾ ੪੭੨)

ਇੱਕ ਗਲਤ ਧਾਰਨਾ ਆਮ ਹੀ ਬਣੀ ਹੋਈ ਹੈ ਕਿ ਕਮਾਈ ਕਿਹੋ ਜਿਹੇ ਵੀ ਠੱਗੀ-ਠੋਰੀ ਵਰਗੇ ਮਾੜੇ ਢੰਗਾਂ ਨਾਲ ਕੀਤੀ ਹੋਵੇ ਪਰ ਜੇ ਉਸ ਵਿਚੋਂ ਦਾਨ ਕਰ ਦਿੱਤਾ ਜਾਵੇ ਤਾਂ ਸ਼ਾਇਦ ਉਹ ਹੱਕ ਦੀ ਅਤੇ ਠੀਕ ਕਮਾਈ ਬਣ ਜਾਂਦੀ ਹੈ। ਪਰ ਨੇਕ ਕਮਾਈ ਨੇਕ ਹੀ ਰਹਿੰਦੀ ਹੈ ਅਤੇ ਮਾੜੀ ਕਮਾਈ ਮਾੜੀ ਹੀ ਹੁੰਦੀ ਹੈ। ਅਗਲੇ ਸਲੋਕ ਵਿਚ ਗੁਰੂ ਨਾਨਕ ਇਸ ਤੱਥ 'ਤੇ ਹੀ ਚਾਨਣਾ ਪਾਉਂਦੇ ਹਨ ਕਿ ਦੂਸਰਿਆਂ ਨੂੰ ਠੱਗ ਕੇ ਕੀਤੀ ਕਮਾਈ ਠੱਗੀ ਹੀ ਰਹੇਗੀ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜੇ ਕੋਈ ਚੋਰ ਜਾਂ ਠੱਗ ਦੂਸਰਿਆਂ ਦਾ ਘਰ ਠੱਗ ਕੇ, ਚੋਰੀ ਕਰਕੇ ਉਸ ਪਰਾਏ ਘਰ ਨੂੰ ਠੱਗ ਕੇ ਕੀਤੀ ਕਮਾਈ ਵਿਚੋਂ ਆਪਣੇ ਪਿੱਤਰਾਂ ਦੇ ਨਾਮ 'ਤੇ ਦਾਨ ਕਰੇ, ਤਾਂ ਜੇ ਉਹ ਕੀਤਾ ਹੋਇਆ ਦਾਨ ਅਸਲ ਵਿਚ ਹੀ ਪਿੱਤਰਾਂ ਤੱਕ ਪਹੁੰਚਦਾ ਹੈ (ਜਿਸ ਸਿਧਾਂਤ ਨੂੰ ਗੁਰਮਤਿ ਦਰਸ਼ਨ ਵਿਚ ਰੱਦ ਕੀਤਾ ਹੋਇਆ ਹੈ) ਤਾਂ ਪਰਲੋਕ ਵਿਚ ਉਹ ਪਦਾਰਥ ਪਛਾਣਿਆ ਜਾਂਦਾ ਹੈ (ਆਮ ਤੌਰ 'ਤੇ ਪਿੱਤਰਾਂ ਦੇ ਨਾਮ 'ਤੇ ਭੋਜਨ, ਕਪੜਾ ਅਤੇ ਹੋਰ ਇਸ ਕਿਸਮ ਦੇ ਪਦਾਰਥਾਂ ਦਾ ਦਾਨ ਕੀਤਾ ਜਾਂਦਾ ਹੈ ਤਾਂ ਕਿ ਉਹ ਵਸਤਾਂ ਪਿੱਤਰਾਂ ਨੂੰ ਪਰਲੋਕ ਵਿਚ ਮਿਲ ਜਾਣ)। ਇਹ ਦਾਨ ਕੀਤੇ ਪਦਾਰਥ ਕਿਉਂਕਿ ਠੱਗੀ ਅਤੇ ਚੋਰੀ ਦੇ ਧਨ ਨਾਲ ਖਰੀਦੇ ਗਏ ਹਨ, ਇਸ ਲਈ ਪਿੱਤਰਾਂ ਨੂੰ ਵੀ ਚੋਰ ਅਤੇ ਠੱਗ ਕਰਕੇ ਜਾਣਿਆ ਜਾਵੇਗਾ। ਇਸ ਤਰ੍ਹਾਂ ਅਜਿਹਾ ਕਰਨ ਵਾਲਾ ਮਨੁੱਖ ਚੋਰੀ ਦੇ ਧਨ ਨਾਲ ਖ਼ਰੀਦੀਆਂ ਵਸਤਾਂ ਕਰਕੇ ਆਪਣੇ ਪਿੱਤਰਾਂ ਨੂੰ ਵੀ ਚੋਰ ਬਣਾਉਂਦਾ ਹੈ। ਪਰਮਾਤਮਾ ਆਪਣਾ ਇਨਸਾਫ਼ ਕਰਦੇ ਹੋਏ ਅਜਿਹੇ ਦਲਾਲ ਦੇ ਹੱਥ ਵੱਢ ਦਿੰਦਾ ਹੈ ਜੋ ਚੋਰੀ ਦੀਆਂ ਵਸਤਾਂ ਦਾ ਦਾਨ ਪਿੱਤਰਾਂ ਨਮਿਤ ਕਰਨ ਦਾ ਕਾਰਜ ਆਪਣੇ ਜਜਮਾਨ ਕੋਲੋਂ ਕਰਵਾਉਂਦਾ ਹੈ (ਪਿੱਤਰਾਂ ਦੇ ਨਾਮ 'ਤੇ ਦਾਨ ਆਮ ਤੌਰ 'ਤੇ ਬ੍ਰਾਹਮਣ ਰਾਹੀਂ ਕੀਤਾ ਜਾਂਦਾ ਹੈ, ਉਹ ਦਲਾਲ ਹੈ)। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਕਿਸੇ ਦਾ ਪਹੁੰਚਾਇਆ ਹੋਇਆ ਦਾਨ ਕਿਸੇ ਨੂੰ ਕੀ ਮਿਲਣਾ ਹੈ? ਅੱਗੇ ਤਾਂ ਆਪਣੀ ਕੀਤੀ ਹੋਈ ਕਮਾਈ ਦਾ ਹੀ ਫਲ ਮਿਲਦਾ ਹੈ। ਜੋ ਕੁਝ ਮਨੁੱਖ ਇਸ ਸੰਸਾਰ ਤੇ ਆਪਣੇ ਹੱਥਾਂ ਨਾਲ ਖੱਟਦਾ ਅਤੇ ਕਮਾਉਂਦਾ ਹੈ, ਕਿਸੇ ਨੂੰ ਦਾਨ ਦਿੰਦਾ ਹੈ, ਉਸੇ ਦਾ ਹੀ ਫਲ ਅੱਗੇ ਜਾ ਕੇ ਮਿਲਦਾ ਹੈ,

ਜੇ ਮੋਹਾਕਾ ਘਰੁ ਮੁਹੈ
ਘਰੁ ਮੁਹਿ ਪਿਤਰੀ ਦੇਇ॥
ਅਗੈ ਵਸਤੁ ਸਿਞਾਣੀਐ
ਪਿਤਰੀ ਚੋਰ ਕਰੇਇ॥
ਵਢੀਅਹਿ ਹਥ ਦਲਾਲ ਕੇ
ਮੁਸਫੀ ਏਹ ਕਰੇਇ॥
ਨਾਨਕ ਅਗੈ ਸੋ ਮਿਲੈ
ਜਿ ਖਟੇ ਘਾਲੇ ਦੇਇ॥੧॥ (ਪੰਨਾ ੪੭੨)

ਬ੍ਰਾਹਮਣਾਂ ਨੇ ਹਿੰਦੁਸਤਾਨੀ ਸਮਾਜ ਵਿਚ ਵੰਡ-ਪਾਊ ਨੀਤੀ ਦੇ ਅਧੀਨ ਅਤੇ ਸਮਾਜ ਉਤੇ ਆਪਣੀ ਉਚਤਾ ਨੂੰ ਕਾਇਮ ਰੱਖਣ ਲਈ ਬਹੁਤ ਸਾਰੇ ਵਹਿਮ-ਭਰਮ, ਸੁੱਚਮ ਦੇ ਨਿਯਮ ਕਾਇਮ ਕਰ ਰੱਖੇ ਹਨ। ਇਨ੍ਹਾਂ ਵਿਚੋਂ ਇੱਕ ਉਦਾਹਰਣ ਇਸਤਰੀ ਦੀ ਮਾਹਵਾਰੀ ਹੈ ਜੋ ਕੁਦਰਤ ਦਾ ਨਿਯਮ ਹੈ ਅਤੇ ਉਸ ਦੇ ਅੰਦਰੋਂ ਹੀ ਪੈਦਾ ਹੁੰਦੀ ਹੈ। ਇਸ ਨੂੰ ਵੀ ਅਪਵਿੱਤਰ ਮੰਨਿਆ ਜਾਂਦਾ ਹੈ ਅਤੇ ਇਸਤਰੀ ਨੂੰ ਧਰਮ ਕਰਮ ਤੋਂ ਦੂਰ ਰੱਖਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਝੂਠੇ ਮਨੁੱਖ ਦੇ ਮੂੰਹ ਵਿਚ ਸਦਾ ਝੂਠ ਹੀ ਵੱਸਦਾ ਹੈ ਅਤੇ ਇਸ ਲਈ ਉਹ ਸਦਾ ਦੁਖੀ ਰਹਿੰਦਾ ਹੈ। ਮਹਿਜ ਸਰੀਰ ਨੂੰ ਧੋ ਲੈਣ ਨਾਲ ਮਨੁੱਖ ਸੁੱਚਾ ਨਹੀਂ ਹੋ ਜਾਂਦਾ। ਜਿਹੜੇ ਲੋਕ ਨਿਰਾ ਇਸ਼ਨਾਨ ਕਰਕੇ, ਸਰੀਰ ਨੂੰ ਧੋ ਕੇ ਸੁੱਚੇ ਹੋ ਕੇ ਬੈਠ ਜਾਂਦੇ ਹਨ, ਉਨ੍ਹਾਂ ਨੂੰ ਸੁੱਚੇ ਨਹੀਂ ਕਿਹਾ ਜਾ ਸਕਦਾ। ਸੁੱਚੇ ਮਨੁੱਖ ਉਹੀ ਹਨ ਜਿਨ੍ਹਾਂ ਦੇ ਮਨ ਵਿਚ ਉਹ ਸੱਚਾ ਅਕਾਲ ਪੁਰਖ ਵੱਸਦਾ ਹੈ। ਕਹਿਣ ਤੋਂ ਭਾਵ ਹੈ ਕਿ ਜੋ ਮਨੁੱਖ ਆਪਣੇ ਅੰਦਰ ਉਸ ਸੱਚੇ ਰੱਬ ਦਾ ਵਾਸ ਅਨੁਭਵ ਕਰ ਲੈਂਦਾ ਹੈ, ਉਹ ਫਿਰ ਜੂਠਾ ਕਰਨ ਵਾਲੇ ਕੰਮ ਨਹੀਂ ਕਰਦਾ, ਇਸ ਲਈ ਸਦਾ ਸੁੱਚਾ ਰਹਿੰਦਾ ਹੈ,

ਜਿਉ ਜੋਰੂ ਸਿਰਨਾਵਣੀ
ਆਵੈ ਵਾਰੋ ਵਾਰ॥
ਜੂਠੇ ਜੂਠਾ ਮੁਖਿ ਵਸੈ
ਨਿਤ ਨਿਤ ਹੋਇ ਖੁਆਰੁ॥
ਸੂਚੇ ਏਹਿ ਨ ਆਖੀਅਹਿ
ਬਹਨਿ ਜਿ ਪਿੰਡਾ ਧੋਇ॥
ਸੂਚੇ ਸੇਈ ਨਾਨਕਾ
ਜਿਨ ਮਨਿ ਵਸਿਆ ਸੋਇ॥੨॥
(ਪੰਨਾ ੪੭੨)

## ਗੁਰਬਾਣੀ ਗਿਆਨ

# ਵਿਚਿ ਕਰਤਾ ਪੁਰਖੁ ਖਲੋਆ॥

**ਸੋਰਠਿ ਮਹਲਾ ੫**
ਵਿਚਿ ਕਰਤਾ ਪੁਰਖੁ ਖਲੋਆ॥
ਵਾਲੁ ਨ ਵਿੰਗਾ ਹੋਆ॥
ਮਜਨੁ ਗੁਰ ਆਂਦਾ ਰਾਸੇ॥
ਜਪਿ ਹਰਿ ਹਰਿ ਕਿਲਵਿਖ ਨਾਸੇ॥੧॥
ਸੰਤਹੁ ਰਾਮਦਾਸ ਸਰੋਵਰੁ ਨੀਕਾ॥
ਜੋ ਨਾਵੈ ਸੋ ਕੁਲੁ ਤਰਾਵੈ
ਉਧਾਰੁ ਹੋਆ ਹੈ ਜੀ ਕਾ॥੧॥ਰਹਾਉ॥
ਜੈ ਜੈ ਕਾਰੁ ਜਗੁ ਗਾਵੈ॥
ਮਨ ਚਿੰਦਿਅੜੇ ਫਲ ਪਾਵੈ॥
ਸਹੀ ਸਲਾਮਤਿ ਨਾਇ ਆਏ॥
ਅਪਣਾ ਪ੍ਰਭੂ ਧਿਆਏ॥੨॥
ਸੰਤ ਸਰੋਵਰ ਨਾਵੈ॥
ਸੋ ਜਨੁ ਪਰਮ ਗਤਿ ਪਾਵੈ॥
ਮਰੈ ਨ ਆਵੈ ਜਾਈ॥
ਹਰਿ ਹਰਿ ਨਾਮੁ ਧਿਆਈ॥੩॥
ਇਹੁ ਬ੍ਰਹਮ ਬਿਚਾਰੁ ਸੁ ਜਾਨੈ॥
ਜਿਸੁ ਦਇਆਲੁ ਹੋਇ ਭਗਵਾਨੈ॥
ਬਾਬਾ ਨਾਨਕ ਪ੍ਰਭ ਸਰਣਾਈ॥
ਸਭ ਚਿੰਤਾ ਗਣਤ ਮਿਟਾਈ॥੪॥

ਬਖਸ਼ਿਸ਼ਾਂ ਦੇ ਮਾਲਕ ਸਤਿਗੁਰ ਜੀ ਆਖ ਰਹੇ ਹਨ, ਹੇ ਭਾਈ! ਜਿਹੜੇ ਜੀਵ ਉਸ ਮਿਹਰਵਾਨ ਪ੍ਰਭੂ ਦੇ ਨਾਮ ਦਾ ਸਿਮਰਨ ਕਰਦੇ ਹਨ, ਉਹ ਸਰਬ ਵਿਆਪਕ ਕਰਤਾ ਪੁਰਖ ਪ੍ਰਭੂ ਆਪ ਉਨ੍ਹਾਂ ਦੇ ਨਾਲ ਆ ਕੇ ਖੜ੍ਹਾ ਹੋ ਜਾਂਦਾ ਹੈ ਅਤੇ ਫਿਰ ਉਨ੍ਹਾਂ ਦੀ ਆਤਮਿਕ ਕਮਾਈ ਦਾ ਜ਼ਰਾ ਜਿੰਨਾ ਭੀ ਨੁਕਸਾਨ ਨਹੀਂ ਹੋ ਸਕਦਾ। ਮਜਨੁ ਗੁਰਿ ਆਂਦਾ ਰਾਸੇ, ਹੇ ਭਾਈ! ਸਾਧ ਸੰਗਤ ਵਿਚ ਕੀਤਾ ਹੋਇਆ ਆਤਮਿਕ ਇਸ਼ਨਾਨ ਗੁਰੂ ਨੇ ਸਫ਼ਲ ਕਰ ਦਿੱਤਾ, ਤਾਂ ਜੀਵ ਨੇ ਹਰੀ ਨਾਮ ਜਪ ਜਪ ਕੇ ਪਾਪਾਂ ਦਾ ਨਾਸ ਕਰ ਲਿਆ।

ਸੰਤਹੁ ਰਾਮਦਾਸ ਸਰੋਵਰੁ ਨੀਕਾ॥
ਜੋ ਨਾਵੈ ਸੋ ਕੁਲੁ ਤਰਾਵੈ
ਉਧਾਰੁ ਹੋਆ ਹੈ ਜੀ ਕਾ॥੧॥ਰਹਾਉ॥

ਗੁਰਦੇਵ ਪ੍ਰਭੂ ਪਿਆਰਿਆਂ ਨੂੰ ਆਵਾਜ਼ ਦਿੰਦੇ ਹਨ, ਹੇ ਸੰਤ ਜਨੋ! ਸਾਧ ਸੰਗਤ ਤਾਂ ਸੁੰਦਰ ਸਰੋਵਰ ਦੀ ਨਿਆਈ ਹੈ; ਜੋ ਨਾਵੈ ਸੋ ਕੁਲੁ ਤਰਾਵੈ, ਅਰਥਾਤ ਜਿਹੜਾ ਵੀ ਜੀਵ ਇਸ ਸਾਧ ਸੰਗਤ ਰੂਪੀ ਸਰੋਵਰ ਤੋਂ ਆਤਮਿਕ ਇਸ਼ਨਾਨ ਕਰਦਾ ਹੈ, ਆਪਣੇ ਮਨ ਨੂੰ ਨਾਮ ਰੂਪੀ ਜਲ ਨਾਲ ਧੋ ਕੇ ਪਵਿੱਤਰ ਕਰਦਾ ਹੈ, ਉਸ ਵਡਭਾਗੇ ਜੀਵ ਦਾ ਵਿਕਾਰਾਂ ਦੇ ਸਾਗਰ ਤੋਂ ਪਾਰ ਉਤਾਰਾ ਹੋ ਜਾਂਦਾ ਹੈ ਅਤੇ ਉਹ ਜੀਵ ਆਪਣੀ ਸਾਰੀ ਕੁਲ ਨੂੰ ਭੀ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ।

ਜੈ ਜੈ ਕਾਰੁ ਜਗੁ ਗਾਵੈ॥
ਮਨ ਚਿੰਦਿਅੜੇ ਫਲ ਪਾਵੈ॥
ਸਹੀ ਸਲਾਮਤਿ ਨਾਇ ਆਏ॥
ਅਪਣਾ ਪ੍ਰਭੂ ਧਿਆਏ॥੨॥

ਗੁਰਦੇਵ ਪਿਤਾ ਬਖਸ਼ਿਸ਼ ਕਰਦੇ ਹਨ, ਹੇ ਭਾਈ! ਜੋ ਜੀਵ ਸਾਧ ਸੰਗਤ ਵਿਚ ਟਿਕ ਕੇ ਪ੍ਰਭੂ ਦਾ ਨਾਮ ਸਿਮਰਦਾ ਹੈ, ਉਹ ਵਡਭਾਗਾ ਤਾਂ ਸਤਸੰਗ ਰੂਪੀ ਸਰੋਵਰ ਵਿਚ ਆਤਮਿਕ ਇਸ਼ਨਾਨ ਕਰ ਕੇ ਆਪਣੀ ਸਿਮਰਨ ਬੰਦਗੀ ਦੀ ਰਾਸ ਪੂੰਜੀ ਪੂਰਨ ਤੌਰ 'ਤੇ ਬਚਾ ਲੈਂਦਾ ਹੈ ਅਤੇ ਫਿਰ ਇਹ ਸਾਰਾ ਸੰਸਾਰ ਉਸ ਦੀ ਸੋਭਾ ਗਾਉਂਦਾ ਹੈ। ਪ੍ਰਭੂ ਕ੍ਰਿਪਾ ਸਦਕਾ ਉਹ ਜੀਵ ਮਨ ਚਾਹੇ ਫਲ ਪ੍ਰਾਪਤ ਕਰ ਲੈਂਦਾ ਹੈ।

ਸੰਤ ਸਰੋਵਰ ਨਾਵੈ॥
ਸੋ ਜਨੁ ਪਰਮ ਗਤਿ ਪਾਵੈ॥
ਮਰੈ ਨ ਆਵੈ ਜਾਈ॥
ਹਰਿ ਹਰਿ ਨਾਮੁ ਧਿਆਈ॥੩॥

ਹੇ ਭਾਈ! ਜਗਤ ਵਿਚ ਰਹਿਣ ਵਾਲਿਓ, ਜਿਹੜਾ ਜੀਵ ਸਾਧ ਸੰਗਤ ਵਿਚ ਆਤਮਿਕ ਇਸ਼ਨਾਨ ਕਰਦਾ ਹੈ, ਉਹ ਜੀਵ ਸਭ ਤੋਂ ਉਚੀ ਸੁਚੀ ਆਤਮਿਕ ਅਵਸਥਾ ਹਾਸਲ ਕਰ ਲੈਂਦਾ ਹੈ। ਜਿਹੜਾ ਵਡਭਾਗਾ ਜੀਵ ਸਵਾਸ ਸਵਾਸ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ, ਉਹ ਨਾ ਮਰਦਾ ਹੈ ਅਤੇ ਨਾ ਹੀ ਫਿਰ ਜਨਮ ਲੈਂਦਾ ਹੈ। ਉਸ ਜੀਵ ਦਾ ਜਨਮ ਮਰਨ ਦਾ ਗੇੜ ਸਦਾ ਲਈ ਹੀ ਮੁੱਕ ਜਾਂਦਾ ਹੈ।

ਇਹੁ ਬ੍ਰਹਮ ਬਿਚਾਰੁ ਸੁ ਜਾਨੈ॥
ਜਿਸੁ ਦਇਆਲੁ ਹੋਇ ਭਗਵਾਨੈ॥
ਬਾਬਾ ਨਾਨਕ ਪ੍ਰਭ ਸਰਣਾਈ॥
ਸਭ ਚਿੰਤਾ ਗਣਤ ਮਿਟਾਈ॥੪॥

ਸਤਿਗੁਰ ਆਖ ਰਹੇ ਹਨ, ਹੇ ਭਾਈ! ਉਸ ਪ੍ਰਭੂ ਪ੍ਰੀਤਮ ਦੇ ਮਿਲਾਪ ਦਾ ਜੋ ਅਨੰਦ ਹੈ, ਉਹ ਹੀ ਜਾਣ ਸਕਦਾ ਹੈ; ਜਿਸੁ ਦਇਆਲੁ ਹੋਇ ਭਗਵਾਨੈ, ਜਿਸ ਉਤੇ ਪ੍ਰਭੂ ਆਪ ਮਿਹਰਵਾਨ ਹੁੰਦਾ ਹੈ; ਬਾਬਾ ਨਾਨਕ ਪ੍ਰਭ ਸਰਣਾਈ, ਬਾਬਾ ਨਾਨਕ ਆਖਦਾ ਹੈ, ਜਿਹੜਾ ਵੀ ਵਡਭਾਗਾ ਜੀਵ ਉਸ ਦਇਆ ਦੇ ਸਾਗਰ ਪ੍ਰਭੂ ਦੀ ਸ਼ਰਨ ਵਿਚ ਰਹਿੰਦਾ ਹੈ, ਉਹ ਆਪਣੇ ਸਾਰੇ ਹੀ ਫਿਕਰ ਅਤੇ ਚਿੰਤਾ ਦੂਰ ਕਰ ਲੈਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਤਸਵੀਰ ਦੇ ਦੋਵੇਂ ਪਾਸੇ

ਕਹਾਣੀ

***ਫਰਾਂਸ ਦੇ ਸੰਸਾਰ ਪ੍ਰਸਿੱਧ ਲੇਖਕ ਮੋਪਾਸਾਂ (5 ਅਗਸਤ 1850-6 ਜੁਲਾਈ 1893) ਦੀ ਸ਼ਾਹਕਾਰ 'ਬੂਲ ਦਿ ਸੁਫ' ਨਾਂ ਦੀ ਕਹਾਣੀ ਕਈ ਨਾਂਵਾਂ-'ਬਾਲ ਆਫ ਫੈਟ', 'ਬਟਰਬਾਲ', 'ਡੰਪਲਿੰਗ' ਹੇਠ ਅਨੁਵਾਦ ਹੋਈ ਹੈ। ਪੰਜਾਬੀ ਦੇ ਪ੍ਰਸਿੱਧ ਸਵਰਗੀ ਨਾਵਲਿਸਟ ਨਾਨਕ ਸਿੰਘ ਨੇ ਇਸ ਕਹਾਣੀ ਦਾ ਅਨੁਵਾਦ 'ਤਸਵੀਰ ਦੇ ਦੋਵੇਂ ਪਾਸੇ' ਸਿਰਲੇਖ ਤਹਿਤ ਕੀਤਾ ਸੀ। ਮੋਪਾਸਾਂ ਦੀ ਇਹ ਕਹਾਣੀ ਪਹਿਲੀ ਵਾਰ ਅਪਰੈਲ 1880 ਵਿਚ ਛਪੀ ਸੀ। ਕਹਾਣੀ ਕਹਿਣ ਵਿਚ ਮੋਪਾਸਾਂ ਦੀ ਕੋਈ ਰੀਸ ਨਹੀਂ। ਮੁਸੀਬਤ ਵਿਚ ਕਿਵੇਂ ਉਚ-ਨੀਚ, ਅਮੀਰੀ-ਗਰੀਬੀ ਭੁਲਾ ਕੇ ਬੰਦਾ ਸਿਰਫ ਇਨਸਾਨ ਰਹਿ ਜਾਂਦਾ ਹੈ, ਕਹਾਣੀ ਵਿਚ ਉਹ ਬਿਰਤਾਂਤ ਲਾਜਵਾਬ ਹੈ। ਕਹਾਣੀ ਦਸ ਯਾਤਰੂਆਂ ਦੁਆਲੇ ਘੁੰਮਦੀ ਹੈ ਪਰ ਉਂਜ ਇਸ ਦਾ ਘੇਰਾ ਅੰਬਰ ਜਿੱਡਾ ਹੈ। ਕੋਈ ਮੋਪਾਸਾਂ ਵਰਗਾ ਲੇਖਕ ਹੀ ਕਹਾਣੀ ਦੀ ਇੰਨੀ ਵੱਡੀ ਹਲਾਈਂ ਵਗਲ ਸਕਦਾ ਸੀ।-ਸੰਪਾਦਕ***

ਹਾਰੀ ਹੋਈ ਫ਼ੌਜ ਦੇ ਕਈ ਦਸਤੇ ਰੋਈਨ ਸ਼ਹਿਰ ਵਿਚੋਂ ਹੋ ਕੇ ਲੰਘ ਰਹੇ ਸਨ। ਇਹ ਦਾਣੀਆਂ ਬੜੀ ਉਘੜ-ਦੁਘੜੀ ਹਾਲਤ ਵਿਚ ਸਨ ਤੇ ਸਿਪਾਹੀਆਂ ਦੀ ਅਤਿ ਬੁਰੀ ਹਾਲਤ ਸੀ। ਦਾੜ੍ਹੀਆਂ ਗੰਦੀਆਂ ਤੇ ਬੇਸੁਰੀਆਂ ਵਧੀਆਂ ਹੋਈਆਂ। ਵਰਦੀਆਂ ਲੀਰੋ-ਲੀਰ। ਬੜੇ ਢਿੱਲਮ-ਢਿੱਲੇ ਜਿਹੇ ਢੰਗ ਨਾਲ ਤੁਰੇ ਜਾ ਰਹੇ ਸਨ। ਨਾ ਕੋਈ ਉਨ੍ਹਾਂ ਪਾਸ ਝੰਡਾ ਸੀ ਤੇ ਨਾ ਹੀ ਕੋਈ ਅਫ਼ਸਰ। ਸਭ ਦੇ ਸਭ ਥੱਕੇ ਹੋਏ, ਘਬਰਾਏ ਹੋਏ ਤੇ ਸੁਸਤ ਮਲੂਮ ਹੁੰਦੇ ਸਨ। ਉਹ ਲੋਕ ਜਿਵੇਂ ਨਾ ਕੁਝ ਸੋਚ ਸਕਦੇ ਸਨ, ਤੇ ਨਾ ਹੀ ਕੋਈ ਇਰਾਦਾ ਰੱਖਦੇ ਸਨ। ਜਾਪਦਾ ਸੀ ਜਿਵੇਂ ਆਦਤ ਦੇ ਬੰਨ੍ਹੇ ਹੋਏ ਹੀ ਤੁਰੇ ਜਾ ਰਹੇ ਹਨ। ਜਦੋਂ ਵੀ ਕਿਤੇ ਰੁਕਦੇ, ਝਟ-ਪਟ ਧਰਤੀ 'ਤੇ



**ਮੂਲ ਲੇਖਕ: ਮੋਪਾਸਾਂ**

**ਤਰਜਮਾ: ਨਾਨਕ ਸਿੰਘ**

ਲੇਟ ਜਾਂਦੇ ਜਿਵੇਂ ਸਰੀਰਾਂ ਵਿਚ ਜਾਨ ਹੀ ਨਹੀਂ ਹੁੰਦੀ।

ਇਸ ਦਾ ਇਕ ਕਾਰਨ ਇਹ ਵੀ ਸੀ ਕਿ ਇਸ ਫੌਜ ਵਿਚ ਆਮ ਕਰ ਕੇ ਸ਼ਹਿਰਾਂ ਦੇ ਨੱਥੂ ਖੈਰੇ ਹੀ ਭਰਤੀ ਕੀਤੇ ਹੋਏ ਸਨ। ਇਸੇ ਕਰ ਕੇ ਬੰਦੂਕ ਚਲਾਉਣੀ ਤਾਂ ਦੂਰ, ਮੋਢੇ 'ਤੇ ਚੁੱਕਣੀ ਵੀ ਵਿਚਾਰਿਆਂ ਨੂੰ ਭਾਰੂ ਸੀ। ਬਹੁਤ ਸਾਰੇ ਤਾਂ ਮੱਸ-ਫੁਟ ਗੱਭਰੂ ਹੀ ਸਨ, ਤੇ ਕਈ ਉਨ੍ਹਾਂ ਤੋਂ ਵੀ ਛੋਟੇ ਅਲੂੰਏਂ ਜਿਹੇ ਮੁੰਡੇ ਸਨ ਜਿਹੜੇ ਵਿਚਾਰੇ ਬੰਦੂਕ ਚੱਲਣ ਦੀ ਆਵਾਜ਼ ਸੁਣ ਕੇ ਤ੍ਰਭਕ ਜਾਂਦੇ। ਫਿਰ ਵੀ ਉਨ੍ਹਾਂ ਵਿਚ ਦੇਸ਼ ਭਗਤੀ ਦਾ ਸੁਭਾਵਿਕ ਜਿਹਾ ਉਤਸ਼ਾਹ ਜ਼ਰੂਰ ਸੀ। ਇਹ ਨੱਠਣ ਵਿਚ ਵੀ ਉਨੇ ਹੀ ਕਾਹਲੇ ਹੁੰਦੇ ਸਨ, ਜਿੰਨੇ ਹਮਲਾ ਕਰਨ ਵਿਚ।

ਇਸ ਮੁੰਡੀਰ ਵਾਧੇ ਵਿਚ ਲਾਲ ਬਿਰਜਸਾਂ ਵਾਲੇ ਪਕੇਰੇ ਸਿਪਾਹੀ ਵੀ ਟਾਂਵੇਂ ਟਾਂਵੇਂ ਦਿਖਾਈ ਦਿੰਦੇ ਸਨ। ਇਹ ਲੋਕ ਉਸ ਫੌਜ ਦੇ ਬਚੇ-ਖੁਚੇ ਜਵਾਨ ਸਨ ਜਿਹੜੀ ਦੁਸ਼ਮਣ ਦੇ ਭਿਆਨਕ ਹਮਲੇ ਦੀ ਮਾਰ ਹੇਠ ਆ ਚੁੱਕੀ ਸੀ। ਇਨ੍ਹਾਂ ਨਾਲ ਤੋਪਖਾਨੇ ਦੇ ਕੁਝ ਸਿਪਾਹੀ ਵੀ ਸਨ। ਇਸ ਲਈ ਕਿਤੇ-ਕਿਤੇ ਘੋੜ ਸਵਾਰਾਂ ਦੇ ਚਮਕਦਾਰ ਲੋਹੇ ਦੇ ਟੋਪ ਨਜ਼ਰੀਂ ਆਉਂਦੇ ਸਨ। ਇਨ੍ਹਾਂ ਸਵਾਰਾਂ ਨੂੰ ਪੈਦਲ ਸਿਪਾਹੀਆਂ ਨਾਲ ਰਲ ਕੇ ਤੁਰਨਾ ਬੜਾ ਔਖਾ ਜਾਪਦਾ ਸੀ।

ਤੇ ਇਨ੍ਹਾਂ ਜਥਿਆਂ ਦੇ ਅਫ਼ਸਰ ਕੌਣ ਸਨ? ਆੜ੍ਹਤੀ, ਨੌਜਵਾਨ ਜਾਂ ਸਾਬਣ ਫਰੋਸ਼ ਜਿਹੜੇ ਜਾਂ ਤਾਂ ਧਿੰਗੋਜ਼ੋਰੀ ਫੌਜ ਵਿਚ ਭਰਤੀ ਕੀਤੇ ਗਏ ਸਨ, ਜਾਂ ਫਿਰ ਕਿਸੇ ਲੈਕਚਰਾਰ ਦਾ ਭਰਤੀ ਬਾਰੇ ਜੋਸ਼ੀਲਾ ਲੈਕਚਰ ਸੁਣ ਕੇ ਭਰਤੀ ਹੋ ਗਏ ਸਨ। ਕੁਝ ਕੁ ਅਮੀਰਾਂ ਦੇ ਮੁੰਡੇ ਵੀ ਸਨ ਜਿਨ੍ਹਾਂ ਨੂੰ ਕੇਵਲ ਅਮੀਰਜ਼ਾਦੇ ਹੋਣ ਕਰ ਕੇ ਹੀ ਅਹੁਦੇਦਾਰ ਬਣਾ ਦਿੱਤਾ ਗਿਆ ਸੀ। ਇਹ ਲੋਕ ਬੜੀ ਸ਼ਾਨ ਨਾਲ ਹਥਿਆਰ ਸਜਾਈ, ਸੁਨਹਿਰੀ ਫੀਤਿਆਂ ਵਾਲੀਆਂ ਫਲਾਲੈਣ ਦੀਆਂ ਕੂਲੀਆਂ ਵਰਦੀਆਂ ਪਾਈ, ਆਕੜ ਕੇ ਗੱਲ ਕਰ ਕਰਦੇ, ਲੜਾਈ ਦੇ ਤੌਰ-ਤਰੀਕਿਆਂ ਬਾਰੇ ਬਹਿਸ-ਮੁਬਾਹਿਸਾ ਕਰਦੇ ਤੇ ਆਪ ਤੋਂ ਹੇਠਲਿਆਂ ਨਾਲ ਇੰਜ ਵਰਤਾਉ ਕਰਦੇ ਸਨ, ਜਿਵੇਂ ਫਰਾਂਸ ਦੀ ਕਾਮਯਾਬੀ ਦਾ ਸਾਰਾ ਬੋਝ ਇਨ੍ਹਾਂ ਦੇ ਮੋਢਿਆਂ 'ਤੇ ਹੈ; ਪਰ ਹਕੀਕਤ ਇਹ ਸੀ ਕਿ ਇਨ੍ਹਾਂ ਵਿਚੋਂ ਬਹੁਤੇ ਆਪਣੇ ਹੀ ਉਨ੍ਹਾਂ ਆਦਮੀਆਂ ਤੋਂ ਡਰਦੇ ਸਨ ਜਿਹੜੇ ਜੂਏਬਾਜ਼ੀ, ਚੋਰੀ-ਚਕਾਰੀ ਜਾਂ ਹੋਰ ਇਹੋ ਜਿਹਾ ਉਚੱਕਪਣਾ ਛੱਡ ਕੇ ਫੌਜ 'ਚ ਭਰਤੀ ਹੋ ਗਏ ਸਨ।

... ਤੇ ਅਫ਼ਵਾਹ ਫੈਲੀ ਹੋਈ ਸੀ ਕਿ ਜਰਮਨ ਫੌਜ ਰੋਈਨ ਕਸਬੇ ਵਿਚ ਦਾਖਲ ਹੋਣ ਵਾਲੀ ਹੈ।

ਦੇਸ਼ ਭਗਤ ਵਾਲੰਟੀਅਰ ਜਥੇ ਜਿਹੜੇ ਪਿਛਲੇ ਦੋ ਮਹੀਨਿਆਂ ਤੋਂ ਬੜੀ ਚੌਕਸੀ ਨਾਲ ਲਾਗਲੇ ਜੰਗਲਾਂ ਵਿਚ ਚੱਕਰ ਲਾ ਰਹੇ ਸਨ; ਜਿਹੜੇ ਕਈ ਵਾਰੀ ਰਤਾ ਜਿੰਨੇ ਖੜਾਕ ਤੋਂ ਘਬਰਾ ਕੇ ਆਪਣੇ ਹੀ ਸੰਤਰੀਆਂ 'ਤੇ ਗੋਲੀ ਚਲਾ ਦਿੰਦੇ ਤੇ ਜਦੋਂ ਹੀ ਕੋਈ ਹਰਨ ਜਾਂ ਸਹਿਆ ਜੰਗਲ ਵਿਚੋਂ ਸਰ ਕਰਦਾ ਲੰਘ ਜਾਂਦਾ, ਝਟ ਅਟੈਨਸ਼ਨ ਹੋ ਕੇ ਲੜਾਈ ਲਈ ਤਿਆਰ ਹੋ ਜਾਂਦੇ ਸਨ; ਹੁਣ ਇਹ ਸਾਰੇ ਘਰਾਂ ਨੂੰ ਮੁੜੇ ਆ ਰਹੇ ਸਨ। ਵਿਚਾਰਿਆਂ ਦੀ ਬੁਰੀ ਹਾਲਤ ਸੀ। ਉਨ੍ਹਾਂ ਦੀ ਐਂਠ-ਪੈਂਠ ਜਿਸ ਦੀ ਮਦਦ ਨਾਲ ਉਨ੍ਹਾਂ ਨੇ ਬਾਰਾਂ ਕੋਹਾਂ ਤੀਕ ਰਹਿਣ ਵਾਲੇ ਲੋਕਾਂ ਨੂੰ ਕਾਂਬਾਂ ਛੇੜ ਰੱਖਿਆ ਸੀ, ਇਸ ਵੇਲੇ ਸਭ ਘਰੂੰਲ ਹੋ ਚੁੱਕੀ ਸੀ।

ਫਰਾਂਸੀਸੀ ਫੌਜੀਆਂ ਦੀ ਛੇਕੜਲੀ ਟੁਕੜੀ 'ਪਾਂਟ ਉਡੇ ਮੇਰ' ਵੱਲ ਜਾਣ ਲਈ ਸੀਲ (ਦਰਿਆ) ਵਿਚ ਠਿੱਲ੍ਹ ਰਹੀ ਸੀ। ਟੁਕੜੀ ਦਾ ਕਮਾਂਡਰ ਦੂੰਹ ਅਰਦਲੀਆਂ ਵਿਚਾਲੇ ਚਲਿਆ ਜਾ ਰਿਹਾ ਸੀ। ਆਪਣੀ ਥੱਕੀ-ਹਾਰੀ ਤੇ ਬਚੀ-ਖੁਚੀ ਟੁਕੜੀ ਨੂੰ ਉਹ ਕੁਝ ਵੀ ਹੁਕਮ ਦੇਣੋਂ ਅਸਮਰੱਥ ਸੀ। ਉਸ ਨੂੰ ਹੈਰਾਨੀ ਹੋ ਰਹੀ ਸੀ ਕਿ ਜਿਸ ਦੇਸ਼ ਨੂੰ ਸਦਾ ਜਿੱਤਣ ਦੀ ਆਦਤ ਪਈ ਹੋਈ ਸੀ, ਉਹ ਆਪਣੀ ਇਤਿਹਾਸਕ ਬੀਰਤਾ ਦੇ ਹੁੰਦਿਆਂ-ਸੁੰਦਿਆਂ, ਅੱਜ ਕਦਮ-ਕਦਮ 'ਤੇ ਕਿਉਂ ਹਾਰਦਾ ਜਾ ਰਿਹਾ ਹੈ!

ਫੌਜੀ ਟੁਕੜੀਆਂ ਲੰਘ ਜਾਣ ਤੋਂ ਬਾਅਦ ਰੋਈਨ ਵਿਚ ਸੰਨਾਟਾ ਜਿਹਾ ਛਾ ਗਿਆ। ਸ਼ਹਿਰ ਦੇ ਸਾਰੇ ਵਾਸੀ ਕਿਸੇ ਭਵਿਖ ਦੇ ਡਰ ਨਾਲ ਸਹਿਮੇ ਹੋਏ ਫਿਰਦੇ ਸਨ। ਬਹੁਤ ਸਾਰੇ ਗੰਗੜ ਸ਼ਾਹ ਜਿਹੜੇ ਸਾਰੀ ਉਮਰ 'ਧੇਲੇ ਦੀ ਧੇਲੀ, ਤੇ ਧੇਲੀ ਦੀ ਹਵੇਲੀ' ਬਣਾਉਂਦੇ ਬਣਾਉਂਦੇ ਉਕਾ ਹੀ ਨਕਾਰੇ ਹੋ ਗਏ ਸਨ, ਬੜੀ ਚਿੰਤਾ ਨਾਲ ਆਪਣੇ ਦੇਸ਼ ਦੀਆਂ ਹਾਰੀਆਂ ਹੋਈਆਂ ਫੌਜਾਂ ਦੇ ਆਉਣ ਦਾ ਤੌਖਲਾ ਕਰ ਰਹੇ ਸਨ। ਵਧੇਰੇ ਡਰ ਉਨ੍ਹਾਂ ਨੂੰ ਇਸ ਗੱਲ ਦਾ ਸੀ ਕਿ ਫੌਜੀ ਕਿਤੇ ਉਨ੍ਹਾਂ ਦੀਆਂ ਰਸੋਈਆਂ ਵਿਚ ਵੜ ਕੇ ਮੱਖਣ ਦੇ ਡੱਬੇ ਤੇ ਡਬਲ ਰੋਟੀਆਂ ਨਾ ਚੁੱਕ ਖੜਨ।

ਰੋਜ਼ਾਨਾ ਜ਼ਿੰਦਗੀ ਦੀ ਮਸ਼ੀਨ ਖਲੋ ਜਿਹੀ ਗਈ। ਦੁਕਾਨਾਂ ਬੰਦ ਪਈਆਂ ਸਨ ਤੇ ਸੜਕਾਂ ਸੁੰਨ-ਮਸਾਨ। ਕਦੇ ਕੋਈ ਟਾਂਵਾਂ ਟਾਂਵਾ ਸ਼ਹਿਰੀ ਕਿਸੇ ਕੰਧ ਦੇ ਉਹਲੇ ਹੋ ਕੇ ਬਿੱਲੀ ਵਾਂਗ ਦੁਬਕਿਆ ਹੋਇਆ ਲੰਘਦਾ ਦਿਖਾਈ ਦਿੰਦਾ ਸੀ। ਮੁਕਦੀ ਗੱਲ, ਹਰ ਬੰਦਾ ਦੁਸ਼ਮਣ ਦੇ ਆਉਣ ਦੀ ਉਡੀਕ ਵਿਚ ਸੀ। ਦੂਜੇ ਦਿਨ ਦੁਪਹਿਰੇ ਬਹੁਤ ਸਾਰੇ ਘੋੜ ਸਵਾਰ ਪਤਾ ਨਹੀਂ ਕਿਹੜੇ ਰਸਤਿਉਂ ਸ਼ਹਿਰ ਵਿਚ ਆ ਵੜੇ। ਇਸ ਤੋਂ ਕੁਝ ਚਿਰ ਬਾਅਦ ਸਾਹਮਣੀ ਪਹਾੜੀ (ਸੇਂਟ ਕੈਥੇਰਿਨ ਹਿੱਲ) ਉਤੇ ਧੁੰਦਲਾ ਜਿਹਾ ਮਨੁੱਖੀ ਇਕੱਠ ਦਿਖਾਈ ਦਿਤਾ। ਇਸ ਤੋਂ ਛੁੱਟ ਜਰਮਨ ਫੌਜਾਂ 'ਡਾਰਨੇਟਲ' ਤੇ 'ਬੋਈਸ ਬਿਲੋਮ' ਦੀਆਂ ਦੋ ਸੜਕਾਂ 'ਤੇ ਨਜ਼ਰੀ ਆਈਆਂ। ਇਨ੍ਹਾਂ ਤਿੰਨਾਂ ਹੀ ਪਲਟਨਾਂ ਦੇ ਅਫਸਰ ਠੀਕ ਇਕੋ ਸਮੇਂ ਸ਼ਹਿਰ ਦੇ 'ਡੀ ਹੋਟਲ' ਜਿਹਾ ਚੌਕ ਦੇ ਐਨ ਵਿਚਕਾਰ ਸੀ, ਵਿਚ ਆਣ ਵੜੇ।

ਹੌਲੀ-ਹੌਲੀ ਰੋਈਨ ਦੇ ਸਾਰੇ ਬਾਜ਼ਾਰ ਜਰਮਨ ਸਿਪਾਹੀਆਂ ਨੇ ਭਰ ਘੱਤੇ। ਉਨ੍ਹਾਂ ਦੇ ਮੇਚਵੇਂ ਕਦਮਾਂ ਦੀਆਂ ਥੱਪ-ਥੱਪ ਆਵਾਜ਼ਾਂ ਸਾਰੇ ਸ਼ਹਿਰ ਵਿਚ ਗੂੰਜਣ ਲੱਗੀਆਂ ਤੇ ਸਿਪਾਹੀਆਂ ਦੀ 'ਘਬਰ ਘਬਰ' ਓਪਰੀ ਬੋਲੀ ਘਰਾਂ ਦੀਆਂ ਖਿੜਕੀਆਂ ਨਾਲ ਟਕਰਾਉਣ ਲੱਗੀ। ਸਭ ਬੂਹੇ ਬਾਰੀਆਂ ਬੰਦ ਸਨ, ਤੇ ਉਨ੍ਹਾਂ ਦੇ ਪਿਛੇ ਹਜ਼ਾਰਾਂ ਸਹਿਮੀਆਂ ਅੱਖਾਂ, ਝੀਤਾਂ ਥਾਣੀ ਜੇਤੂ ਦੁਸ਼ਮਣਾਂ ਦੇ ਖੂਨੀ ਮੂੰਹਾਂ ਉਥੇ ਗੱਡੀਆਂ ਹੋਈਆਂ ਸਨ।

ਜੰਗੀ ਅਧਿਕਾਰਾਂ ਅਨੁਸਾਰ ਇਹ ਜਰਮਨ ਸਿਪਾਹੀ ਹੁਣ ਇਸ ਸ਼ਹਿਰ ਦੀ ਹਰ ਚੀਜ਼, ਤੇ ਹਰ ਆਦਮੀ ਦੇ ਮਾਲਕ ਸਨ। ਸਾਰੇ ਸ਼ਹਿਰੀ ਆਪੋ-ਆਪਣੇ ਹਨੇਰੇ ਕਮਰਿਆਂ ਵਿਚ ਇਸ ਤਰ੍ਹਾਂ ਘਾਬਰੇ ਬੈਠੇ ਸਨ ਜਿਵੇਂ ਉਨ੍ਹਾਂ 'ਤੇ ਮੌਤ ਮੰਡਲਾ ਰਹੀ ਹੈ।

ਅਚਾਨਕ ਭੁਚਾਲ ਆ ਜਾਣ ਕਰ ਕੇ ਜਿਸ ਤਰ੍ਹਾਂ ਸਭ ਕੁਝ ਤਹਿਸ-ਨਹਿਸ ਹੋ ਜਾਂਦਾ ਹੈ, ਨਦੀਆਂ ਵਿਚ ਹੜ੍ਹ ਆ ਜਾਂਦਾ ਹੈ, ਤੇ ਉਸ ਦੀਆਂ ਲਹਿਰਾਂ ਵਿਚ ਮਨੁੱਖ ਪਸ਼ੂ ਆਦਿ ਸਭ ਕੁਝ ਰੁੜ੍ਹਨਾ ਸ਼ੁਰੂ ਹੋ ਜਾਂਦਾ ਹੈ; ਇਸੇ ਤਰ੍ਹਾਂ ਦੁਸ਼ਮਣ ਦੀਆਂ ਜੇਤੂ ਫੌਜਾਂ ਜਿਹੜੀਆਂ ਜਾਨ ਬਚਾਉਣ ਲਈ ਨੱਸਦੇ ਲੋਕਾਂ ਨੂੰ ਸੰਗੀਨਾਂ ਨਾਲ ਪਰੋਣ ਵਿਚ ਸੁਆਦ ਦਾ ਅਨੁਭਵ ਕਰਦੀਆਂ, ਤੇ ਲੁਕੇ ਬੈਠਿਆਂ ਨੂੰ ਕੈਦੀ ਬਣਾਉਣ ਵਿਚ ਆਪਣੇ ਫ਼ਰਜ਼ ਦੀ ਪੂਰਤੀ ਖਿਆਲ ਕਰਦੀਆਂ ਹਨ, ਅਥਵਾ ਜਿੱਤ ਦੀ ਖ਼ੁਸ਼ੀ ਵਿਚ ਲੁੱਟ-ਮਾਰ ਦਾ ਬਜ਼ਾਰ ਗਰਮ ਕਰਦੀਆਂ ਹੋਈਆਂ ਰੱਬ ਦਾ ਧੰਨਵਾਦ ਕਰਦੀਆਂ ਹਨ; ਇਨ੍ਹਾਂ ਹੀ ਬੇਜੋੜ ਹੋਣੀਆਂ ਨੂੰ ਵੇਖ-ਵੇਖ ਕੇ ਰੱਬੀ ਇਨਸਾਫ਼ ਤੋਂ ਲੋਕਾਂ ਦਾ ਵਿਸ਼ਵਾਸ ਉਠ ਜਾਂਦਾ ਹੈ। ਇਸ ਦੇ ਨਾਲ ਹੀ ਬਾਲਪਣੇ ਤੋਂ ਸਾਨੂੰ ਜਿਹੜਾ ਰੱਬ 'ਤੇ ਵਿਸ਼ਵਾਸ ਰੱਖਣ ਦਾ ਸਬਕ ਸਿਖਾਇਆ ਜਾਂਦਾ ਹੈ, ਉਹ ਵੀ ਜਾਂਦਾ ਰਹਿੰਦਾ ਹੈ।

ਜਰਮਨਾਂ ਦੇ ਛੋਟੇ-ਛੋਟੇ ਟੋਲੇ ਹਰ ਮਕਾਨ ਦੇ ਬੂਹੇ ਜਾ ਖੜਕਾਉਂਦੇ। ਜੇ ਕੋਈ ਰਜ਼ਾਮੰਦੀ ਨਾਲ ਖੋਲ੍ਹ ਦਿੰਦਾ ਤਾਂ ਭਲੀ ਵਾਹਵਾ; ਨਹੀਂ ਤਾਂ ਬੰਦੂਕਾਂ ਦੇ ਕੁੰਦਿਆਂ ਨਾਲ ਤੋੜ ਸੁੱਟਦੇ। ਫਿਰ ਅੰਦਰ ਜਾ ਕੇ ਘਰ ਵਾਲਿਆਂ ਨੂੰ ਬਿਨਾਂ ਕੁਝ ਕਿਹਾਂ-ਸੁਣਿਆਂ, ਸਾਰੇ ਘਰ ਨੂੰ ਪਿਉ-ਦਾਦੇ ਦੀ ਵਿਰਾਸਤ ਸਮਝ ਕੇ ਪਥੱਲਾ ਮਾਰ ਬਹਿੰਦੇ ਹਨ। ਕੁਝ ਨਾ ਕਹਿਣ ਦੀ ਮਿਹਰਬਾਨੀ ਵੀ ਇਸ ਲਈ ਕਰਦੇ ਸਨ ਕਿ ਅਫ਼ਸਰਾਂ ਵੱਲੋਂ ਉਨ੍ਹਾਂ ਲੋਕਾਂ ਨੂੰ ਖਾਸ ਤੌਰ 'ਤੇ ਚਿਤਾਵਨੀ ਕੀਤੀ ਗਈ ਸੀ ਕਿ ਕਿਸੇ ਸ਼ਹਿਰੀ ਨਾਲ ਬਦਸਲੂਕੀ ਨਾ ਕਰਨਾ। ਇਸ ਨਿਮਰਤਾ ਦਾ ਕਾਰਨ ਸ਼ਾਇਦ ਇਹ ਸੀ ਕਿ ਇੰਨ੍ਹੀਂ ਦਿਨੀਂ ਜਰਮਨ ਸਿਪਾਹੀਆਂ ਦੇ ਵਹਿਸ਼ੀਪੁਣੇ ਦੀ ਚਰਚਾ ਬਹੁਤ ਵਧ ਗਈ ਸੀ ਜਿਸ ਕਰਕੇ ਇਨ੍ਹਾਂ ਲੋਕਾਂ ਨੂੰ ਉਪਰੋਂ ਹੀ ਕੋਈ ਇਹੋ ਜਿਹਾ ਹੁਕਮ ਆਇਆ ਜਾਪਦਾ ਸੀ।

ਥੋੜ੍ਹੀ ਦੇਰ ਮਗਰੋਂ, ਜਦ ਪਹਿਲਾ ਸਹਿਮ ਕੁਝ ਕੱਸਾ ਹੋ ਗਿਆ, ਤਾਂ ਹੌਲੀ-ਹੌਲੀ ਸ਼ਹਿਰ ਵਿਚ ਫੇਰ ਨਵੇਂ ਸਿਰਿਉਂ ਟਾਂਵੀਂ-ਟਾਂਵੀਂ ਰੌਣਕ ਦਿਸਣ ਲੱਗੀ। ਬਹੁਤ ਸਾਰੇ ਘਰੀਂ ਜਰਮਨ ਅਫ਼ਸਰ, ਘਰਵਾਲਿਆਂ ਨਾਲ ਰਲ ਕੇ ਇਕੋ ਮੇਜ਼ ਉਤੇ ਖਾਂਦੇ-ਪੀਂਦੇ ਦਿਖਾਈ ਦੇਣ ਲੱਗੇ। ਅਫ਼ਸਰ ਲਗਭਗ ਸਾਰੇ ਹੀ ਬੜੇ ਚਾਪਲੂਸ ਤੇ ਮੀਸਣੇ ਸਨ। ਉਹ ਉਤੋਂ-ਉਤੋਂ ਫ਼ਰਾਂਸੀਸੀਆਂ ਨਾਲ ਖੂਬ ਹਮਦਰਦੀ ਭਰਿਆ ਵਰਤਾਉ ਕਰਦੇ, "ਸਾਨੂੰ ਤਾਂ ਐਵੇਂ ਬਦੋ-ਬਦੀ ਲੜਾਈ ਵਿਚ ਧੱਕ ਦਿੱਤਾ ਗਿਆ ਹੈ, ਨਹੀਂ ਤਾਂ ਸਾਨੂੰ ਕੀ ਲੋੜ ਸੀ ਤੁਹਾਨੂੰ ਤੰਗ ਕਰਨ ਦੀ...।" ਤੇ ਸ਼ਹਿਰ ਦੇ ਕਈ ਬੁਟਰੂ ਲੋਕ ਇਨ੍ਹਾਂ ਬਗਲੇ ਭਗਤਾਂ ਦੀਆਂ ਗੱਲਾਂ ਦਾ ਇਤਬਾਰ ਕਰ ਕੇ ਉਨ੍ਹਾਂ ਦਾ ਧੰਨਵਾਦ ਕਰਨ ਲੱਗ ਪੈਂਦੇ। ਇਸ ਤੋਂ ਛੁੱਟ ਸ਼ਹਿਰੀਆਂ ਨੂੰ ਇਹ ਵੀ ਤਾਂ ਦਿਸਦਾ ਸੀ ਕਿ ਛੁੱਟ 'ਜੀ ਹਜ਼ੂਰ' ਕਹਿਣ ਤੋਂ ਹੋਰ ਉਨ੍ਹਾਂ ਦੀ ਵਾਹ ਹੀ ਕੀ ਹੈ! ਹੋਰ ਨਹੀਂ ਤਾਂ ਇਸ ਮਿੱਠ-ਪਿਆਰ ਸਦਕਾ ਉਹ ਆਪਣੇ ਮਕਾਨਾਂ ਵਿਚ ਪ੍ਰਾਹੁਣਿਆਂ ਦੀ ਗਿਣਤੀ ਘੱਟ ਕਰਨ ਵਿਚ ਹੀ ਕੁਝ ਸਫ਼ਲ ਹੋ ਸਕਦੇ ਹਨ। ਨਾਲੇ ਨੀਤੀ ਦੇ ਨੁਕਤੇ ਤੋਂ ਵੀ ਉਹ ਲੋਕ ਉਸ ਆਦਮੀ ਦੇ ਗੁੱਸੇ ਨੂੰ ਭੜਕਾਉਣਾ ਨਹੀਂ ਸਨ ਚਾਹੁੰਦੇ ਜਿਸ ਦਾ ਇਕ ਇਸ਼ਾਰਾ ਉਨ੍ਹਾਂ ਦੀ ਜ਼ਿੰਦਗੀ ਤੇ ਮੌਤ ਦਾ ਫੈਸਲਾ ਹੋ ਸਕਦਾ ਸੀ। ਰੋਈਨ ਵਾਸੀਆਂ ਵਿਚ ਬੀਰਤਾ ਦੀ ਥਾਂ ਹੁਣ ਸਿਥਲਤਾ ਵਧੇਰੇ ਫੈਲੀ ਹੋਈ ਸੀ। ਉਹ ਜਦ ਆਪੋ ਵਿਚ ਗੱਲਾਂ ਕਰਦੇ, ਤਾਂ ਆਪਣੀਆਂ ਇਖਲਾਕੀ ਕਮਜ਼ੋਰੀਆਂ ਲੁਕਾਉਣ ਲਈ ਇਕ-ਦੂਜੇ ਨੂੰ ਕਹਿੰਦੇ, "ਬਈ, ਈਸਾ ਮਸੀਹ ਦਾ ਵੀ ਤਾਂ ਇਹੋ ਹੁਕਮ ਹੈ ਕਿ ਘਰ ਆਏ ਪ੍ਰਾਹੁਣੇ ਦਾ ਸਤਿਕਾਰ ਕਰੋ। ਇਕ ਗੱਲ੍ਹ 'ਤੇ ਜੇ ਕੋਈ ਚਪੇੜ ਮਾਰੇ ਤਾਂ ਦੂਜੀ ਵੀ ਉਸ ਦੇ ਅੱਗੇ ਕਰ ਦਿਉ...।"

***ਹੌਲੀ-ਹੌਲੀ ਰੋਈਨ ਦੇ ਸਾਰੇ ਬਾਜ਼ਾਰ ਜਰਮਨ ਸਿਪਾਹੀਆਂ ਨਾਲ ਭਰ ਘੱਤੇ। ਉਨ੍ਹਾਂ ਦੇ ਮੇਚਵੇਂ ਕਦਮਾਂ ਦੀਆਂ ਥੱਪ-ਥੱਪ ਆਵਾਜ਼ਾਂ ਸਾਰੇ ਸ਼ਹਿਰ ਵਿਚ ਗੂੰਜਣ ਲੱਗੀਆਂ ਤੇ ਸਿਪਾਹੀਆਂ ਦੀ 'ਘਬਰ ਘਬਰ' ਓਪਰੀ ਬੋਲੀ ਘਰਾਂ ਦੀਆਂ ਖਿੜਕੀਆਂ ਨਾਲ ਟਕਰਾਉਣ ਲੱਗੀ। ਸਭ ਬੂਹੇ ਬਾਰੀਆਂ ਬੰਦ ਸਨ, ਤੇ ਉਨ੍ਹਾਂ ਦੇ ਪਿਛੇ ਹਜ਼ਾਰਾਂ ਸਹਿਮੀਆਂ ਅੱਖਾਂ, ਝੀਤਾਂ ਥਾਣੀਂ ਜੇਤੂ ਦੁਸ਼ਮਣਾਂ ਦੇ ਖੂਨੀ ਮੂੰਹਾਂ ਉਥੇ ਗੱਡੀਆਂ ਹੋਈਆਂ ਸਨ। ਜੰਗੀ ਅਧਿਕਾਰਾਂ ਅਨੁਸਾਰ ਇਹ ਜਰਮਨ ਸਿਪਾਹੀ ਹੁਣ ਇਸ ਸ਼ਹਿਰ ਦੀ ਹਰ ਚੀਜ਼, ਤੇ ਹਰ ਆਦਮੀ ਦੇ ਮਾਲਕ ਸਨ। ਸਾਰੇ ਸ਼ਹਿਰੀ ਆਪੋ-ਆਪਣੇ ਹਨੇਰੇ ਕਮਰਿਆਂ ਵਿਚ ਇਸ ਤਰ੍ਹਾਂ ਘਾਬਰੇ ਬੈਠੇ ਸਨ ਜਿਵੇਂ ਉਨ੍ਹਾਂ ਉਤੇ ਮੌਤ ਮੰਡਲਾ ਰਹੀ ਹੈ।***



*ਅੱਜ ਦੇ ਰੋਈਨ ਸ਼ਹਿਰ ਦਾ ਅੰਬਰੀ ਨਜ਼ਾਰਾ। ਤਸਵੀਰ ਵਿਚ ਸੀਨ ਦਰਿਆ ਵੀ ਦਿਸ ਰਿਹਾ ਹੈ।*

ਹੌਲੀ-ਹੌਲੀ ਸਾਰੇ ਲੋਕ ਇਸ ਨਵੀਂ ਗੁਲਾਮੀ ਦੇ ਆਦੀ ਹੋ ਗਏ। ਬਾਜ਼ਾਰਾਂ ਵਿਚ ਅੱਗੇ ਵਾਂਗ ਹੀ ਸੌਦਾ ਸੂਤ ਵਿਕਣ ਲੱਗਾ; ਤਾਂ ਵੀ ਫਰਾਂਸੀਸੀ ਲੋਕ ਸ਼ਹਿਰ ਤੋਂ ਬਾਹਰ ਬਹੁਤ ਘੱਟ ਜਾ ਸਕਦੇ ਸਨ। ਸਾਰੀਆਂ ਸੜਕਾਂ 'ਤੇ ਜਰਮਨ ਸੰਤਰੀ ਖੜ੍ਹੇ ਸਨ। ਜਰਮਨਾਂ ਦਾ ਰਵੱਈਆ ਜਿਵੇਂ ਹੁਣ ਉਨ੍ਹਾਂ ਲੋਕਾਂ ਨੂੰ ਬੁਰਾ ਨਹੀਂ ਸੀ ਲਗਦਾ। ਕਈ ਸ਼ਹਿਰੀਆਂ ਨੇ ਤਾਂ ਇਨ੍ਹਾਂ ਜੇਤੂ ਭੂਤਨਿਆਂ ਨਾਲ ਚੋਖਾ ਮੇਲ-ਗੇਲ ਵੀ ਵਧਾ ਲਿਆ ਜਾਪਦਾ ਸੀ, ਪਰ ਇਤਨਾ ਹੋਣ 'ਤੇ ਵੀ ਕੋਈ ਇਕ ਗੱਲ ਨਹੀਂ ਹੈ ਸੀ। ਉਹ ਅਨੁਭਵ ਕਰਦੇ ਸਨ ਜਿਵੇਂ ਉਨ੍ਹਾਂ ਦੇ ਘਰਾਂ ਵਿਚ ਕੋਈ ਬਦਬੂਦਾਰ ਚੀਜ਼ ਵੜੀ ਹੋਈ ਹੈ। ਜਰਮਨਾਂ ਦਾ ਆਮ ਵਰਤਾਉ ਭਾਵੇਂ ਇੰਨਾ ਮਾੜਾ ਨਹੀਂ ਸੀ, ਤਾਂ ਵੀ ਹਰ ਕੋਈ ਆਪਣੇ ਆਪ ਨੂੰ ਕਿਸੇ ਅਸਹਿ ਭਾਰ ਹੇਠ ਦੱਬਿਆ ਮਹਿਸੂਸ ਕਰਦਾ ਸੀ। ਅੰਦਰੋ-ਅੰਦਰ ਸਾਰੇ ਹੀ ਅਰਦਾਸ ਕਰਦੇ, 'ਹੇ ਰੱਬਾ! ਛੇਤੀ ਹੀ ਇਨ੍ਹਾਂ ਦੈਂਤਾਂ ਤੋਂ ਸਾਡੀ ਜਿੰਦ ਛੁਡਾ।'

ਜੇਤੂਆਂ ਨੇ ਸ਼ਹਿਰਾਂ ਦੀ ਲਗਭਗ ਸਾਰੀ ਦੌਲਤ ਕਬਜ਼ੇ ਹੇਠ ਕਰ ਲਈ। ਉਨ੍ਹਾਂ ਜੋ ਕੁਝ ਮੰਗਿਆ, ਲੋਕਾਂ ਬਿਨਾਂ ਹੀਲ-ਹੁੱਜਤ ਹਾਜ਼ਰ ਕੀਤਾ, ਕਿਉਂਕਿ ਇਸ ਸ਼ਹਿਰ ਦੇ ਲਗਭਗ ਸਾਰੇ ਵਾਸੀ ਅਮੀਰ ਤਬਕੇ ਦੇ ਸਨ। ਫਿਰ ਵੀ ਕਿਤੇ-ਕਿਤੇ ਸ਼ਹਿਰ ਦੇ ਛੇ-ਸੱਤ ਮੀਲਾਂ ਦੇ ਵਿਚਾਲੇ ਦਰਿਆ ਦੇ ਹੇਠਲੇ ਪਾਸੇ ਵੱਲ ਮਲਾਹ ਤੇ ਮਾਛੀ ਕਦੀ-ਕਦੀ ਇਕ-ਅੱਧ ਜਰਮਨ ਦੀ ਲੋਥ ਰੁੜ੍ਹਦੀ ਵੇਖਦੇ ਸਨ। ਉਹ ਉਸ ਨੂੰ ਪਾਣੀ ਵਿਚੋਂ ਬਾਹਰ ਕੱਢ ਲਿਆਉਂਦੇ ਸਨ। ਵਰਦੀ ਵਿਚ ਉਸ ਦੀ ਫੁੱਲੀ ਹੋਈ ਲੋਥ ਨੂੰ ਦੇਖ ਕੇ ਉਹ ਸਮਝ ਜਾਂਦੇ ਸਨ ਕਿ ਇਸ ਨੂੰ ਛੁਰੀ ਜਾਂ ਡੰਡੇ ਦੀ ਮਦਦ ਨਾਲ ਮੌਤ ਦੇ ਘਾਟ ਉਤਾਰਿਆ ਗਿਆ ਹੈ; ਅਥਵਾ ਉਸ ਦਾ ਸਿਰ ਪੱਥਰ ਨਾਲ ਫਿੱਥਾ ਹੋਇਆ ਮਲੂਮ ਹੁੰਦਾ ਸੀ। ਇਸ ਤੋਂ ਇਕ ਅੰਦਾਜ਼ਾ ਲਾਇਆ ਜਾ ਸਕਦਾ ਸੀ ਕਿ ਇਸ ਸ਼ਹਿਰ ਵਿਚ ਅਜੇ ਤੱਕ ਕੋਈ ਇਕ-ਅਧ ਬੀਰ ਆਤਮਾ ਹੈ ਜਿਹੜੀ ਇਸ ਵਿਦੇਸ਼ੀ ਹਕੂਮਤ ਤੋਂ ਘ੍ਰਿਣਤ ਹੋ ਕੇ ਹੀ ਇਕ-ਅਧ ਜਰਮਨ ਦਾ ਖੂਨ ਕਰ ਕੇ ਆਪਣੇ ਅੰਦਰ ਦੀ ਅੱਗ ਬੁਝਾ ਰਹੀ ਹੈ।

ਖੈਰ, ਦਿਨ ਲੰਘਦੇ ਗਏ। ਹੌਲੀ-ਹੌਲੀ ਸਭ ਕੁਝ ਅੱਗੇ ਵਾਂਗ ਹੀ ਹੋਣ ਲੱਗਾ। ਇਸ ਸ਼ਹਿਰ ਦੇ ਕੁਝ ਵੱਡੇ ਵਪਾਰੀ ਜਿਨ੍ਹਾਂ ਦਾ ਬਾਹਰਲਾ ਕਾਰੋਬਾਰ ਇਸ ਰੌਲੇ-ਰੱਪੇ ਕਰ ਕੇ ਬੰਦ ਪਿਆ ਸੀ, ਨਵੇਂ ਸਿਰੇ ਤੋਂ ਸ਼ੁਰੂ ਕਰਨ ਦੀਆਂ ਵਿਉਂਤਾਂ ਸੋਚਣ ਲੱਗੇ। ਲੜਾਈ ਦੇ ਖੱਪ-ਖਾਨੇ ਕਰ ਕੇ ਬਾਹਰਲੀਆਂ ਮੰਡੀਆਂ ਨਾਲੋਂ ਉਨ੍ਹਾਂ ਦਾ ਸਬੰਧ ਟੁੱਟ ਚੁੱਕਾ ਸੀ ਜਿਸ ਨੂੰ ਨਵੇਂ ਸਿਰੇ ਤੋਂ ਜੋੜਨ ਦੇ ਇਰਾਦੇ ਨਾਲ ਕੁਝ ਉਘੇ ਵਪਾਰੀਆਂ ਨੇ ਹਾਵਰੇ ਸ਼ਹਿਰ ਜਾਣ ਦੀ ਸਲਾਹ ਕੀਤੀ। ਹਾਵਰੇ ਇਨ੍ਹੀਂ ਦਿਨੀਂ ਫ਼ਰਾਂਸੀਸੀ ਰਾਜ ਦੇ ਅਧਿਕਾਰ ਵਿਚ ਸੀ। ਇਨ੍ਹਾਂ ਲੋਕਾਂ ਨੇ ਸੋਚਿਆ ਕਿ ਜੇ ਇਥੋਂ ਦੇ ਜਰਮਨ ਹਾਕਮ ਸਾਨੂੰ ਆਗਿਆ ਦੇ ਦੇਣ ਤਾਂ ਅਸੀਂ ਖ਼ੁਸ਼ਕੀ ਰਾਹੀਂ (ਸੜਕ ਰਾਸਤੇ) ਸੁਖਾਲੇ ਹੀ ਹਾਵਰੇ ਪਹੁੰਚ ਜਾਵਾਂਗੇ। ਅਖੀਰ ਬਹੁਤ ਸਾਰੀ ਦੌੜ-ਭੱਜ ਤੇ ਮਿੰਨਤ-ਖੁਸ਼ਾਮਦ ਮਗਰੋਂ ਕੁਝ ਵਪਾਰੀਆਂ ਨੂੰ ਸ਼ਹਿਰੋਂ ਬਾਹਰ ਜਾਣ ਲਈ ਰਾਹਦਾਰੀ ਮਿਲ ਗਈ। ਇਹੋ ਜਿਹੇ ਹੀ ਤਿੰਨਾਂ ਵਪਾਰੀਆਂ ਨੇ ਰਾਹਦਾਰੀ ਲੈ ਕੇ ਹਾਵਰੇ ਜਾਣ ਲਈ ਗੱਡੀ ਕਿਰਾਏ 'ਤੇ ਕਰ ਲਈ। ਜਾਣ ਲਈ ਦਸਾਂ ਮੁਸਾਫ਼ਿਰਾਂ ਨੇ ਨਾਂ ਲਿਖਾਏ ਅਤੇ ਅਖੀਰ ਮੰਗਲਵਾਰ ਮੂੰਹ ਹਨੇਰੇ ਤੁਰਨ ਦਾ ਪੱਕਾ ਫੈਸਲਾ ਕੀਤਾ ਗਿਆ।

ਰੁੱਤ ਸਿਆਲ ਦੀ ਸੀ, ਤੇ ਇੱਧਰ ਕੁਝ ਦਿਨਾਂ ਤੋਂ ਬਰਫ਼ ਵੀ ਚੋਖੀ ਪੈ ਰਹੀ ਸੀ। ਸੋਮਵਾਰ ਦੀ ਦੁਪਹਿਰੇ ਲਗਭਗ ਤਿੰਨ ਵਜੇ ਆਕਾਸ਼ ਉਤੇ ਬੱਦਲ ਘਿਰ ਆਏ। ਉਸ ਦਿਨ, ਤੇ ਨਾਲੇ ਸਾਰੀ ਰਾਤ ਬਰਫ਼ ਪੈਂਦੀ ਰਹੀ।

ਮੰਗਲਵਾਰ ਸਵੇਰੇ ਚਾਰ ਵਜੇ ਤੱਕ ਸਾਰੇ ਯਾਤਰੀ ਆਪੋ-ਆਪਣਾ ਲਟਾ-ਪਟਾ ਲਈ ਨਿਯਤ ਥਾਂਵੇਂ ਆਣ ਇਕੱਠੇ ਹੋਏ। ਸਭ ਦੀਆਂ ਅੱਖਾਂ ਵਿਚ ਨੀਂਦਰ ਰੜਕ ਰਹੀ ਸੀ। ਸਾਰੇ ਗਰਮ ਕੱਪੜਿਆਂ ਵਿਚ ਵੀ ਸਰਦੀ ਨਾਲ ਕੰਬ ਰਹੇ ਸਨ। ਹਨੇਰੇ ਕਰ ਕੇ ਉਹ ਇਕ-ਦੂਜੇ ਨੂੰ ਵੇਖ ਵੀ ਨਹੀਂ ਸਨ ਸਕਦੇ। ਲੰਮੇ ਕਾਲੇ ਓਵਰਕੋਟ ਪਾਈ ਉਹ ਸਾਰੇ ਪਾਦਰੀਆਂ ਵਾਂਗ ਮਲੂਮ ਹੁੰਦੇ ਸਨ, ਪਰ ਤਿੰਨ ਆਦਮੀ ਇਕ-ਦੂਜੇ ਦੇ ਵਾਕਫ਼ ਜਾਪਦੇ ਸਨ। ਤਿੰਨੇ ਆਪੋ ਵਿਚ ਗੱਲਾਂ ਕਰ ਰਹੇ ਸਨ।

ਇਕ ਨੇ ਕਿਹਾ, "ਮੈਂ ਆਪਣੀ ਸ੍ਰੀਮਤੀ ਜੀ ਨੂੰ ਵੀ ਨਾਲ ਲਿਜਾ ਰਿਹਾ ਹਾਂ।" ਦੂਜਾ ਬੋਲਿਆ, "ਮੈਂ ਵੀ।" ਤੇ ਤੀਜੇ ਨੇ ਕਿਹਾ, "ਮੇਰੀ ਘਰਵਾਲੀ ਵੀ ਮੇਰੇ ਨਾਲ ਹੈ।" ਪਹਿਲੇ ਨੇ ਫਿਰ ਕਿਹਾ, "ਅਸਾਂ ਹੁਣ ਮੁੜ ਕੇ ਇੱਥੇ ਨਹੀਂ ਆਉਣਾ। ਹਾਵਰੇ ਪਹੁੰਚਣ ਤੋਂ ਬਾਅਦ ਸਿੱਧੇ ਇੰਗਲੈਂਡ ਚਲੇ ਜਾਵਾਂਗੇ।" ਇਹ ਤਿੰਨੇ ਯਾਤਰੀ ਇਕੋ ਸੁਭਾਉ ਦੇ ਮਲੂਮ ਹੁੰਦੇ ਸਨ।

ਅਜੇ ਤੱਕ ਗੱਡੀ ਨੂੰ ਘੋੜੇ ਨਹੀਂ ਜੋਏ ਗਏ। ਤਵੇਲੇ ਦਾ ਮੁੰਡੂ ਨਿੱਕੀ ਜਿਹੀ ਲਾਲਟੈਨ ਫੜੀ ਕਦੀ ਇਕ ਪਾਸੇ, ਕਦੀ ਦੂਜੇ ਪਾਸੇ ਚਲਾ ਜਾਂਦਾ ਸੀ। ਤਵੇਲੇ ਵਿਚੋਂ ਘੋੜਿਆਂ ਦੇ ਖੁਰਾਂ ਦੀ ਨਰਮ-ਨਰਮ ਅਵਾਜ਼ ਜਿਹੀ ਘਾਹ ਉਤੇ ਵੱਜਣ ਕਰ ਕੇ ਆ ਰਹੀ ਸੀ, ਯਾਤਰੂਆਂ ਦਾ ਧੀਰਜ ਬੰਨ੍ਹਾਉਂਦੀ ਸੀ।

ਹੋਰ ਥੋੜ੍ਹੀ ਦੇਰ ਨੂੰ ਤਵੇਲੇ ਦੇ ਸਿਰੇ ਵਾਲੇ

(ਬਾਕੀ ਅਗਲੇ ਸਫੇ 'ਤੇ)

***ਜੇਤੂਆਂ ਨੇ ਸ਼ਹਿਰਾਂ ਦੀ ਲਗਭਗ ਸਾਰੀ ਦੌਲਤ ਕਬਜ਼ੇ ਹੇਠ ਕਰ ਲਈ। ਉਨ੍ਹਾਂ ਜੋ ਕੁਝ ਮੰਗਿਆ, ਲੋਕਾਂ ਬਿਨਾਂ ਹੀਲ-ਹੁੱਜਤ ਹਾਜ਼ਰ ਕੀਤਾ, ਕਿਉਂਕਿ ਇਸ ਸ਼ਹਿਰ ਦੇ ਲਗਭਗ ਸਾਰੇ ਵਾਸੀ ਅਮੀਰ ਤਬਕੇ ਦੇ ਸਨ। ਫਿਰ ਵੀ ਕਿਤੇ-ਕਿਤੇ ਸ਼ਹਿਰ ਦੇ ਛੇ-ਸੱਤ ਮੀਲਾਂ ਦੇ ਵਿਚਾਲੇ ਦਰਿਆ ਦੇ ਹੇਠਲੇ ਪਾਸੇ ਵੱਲ ਮਲਾਹ ਤੇ ਮਾਛੀ ਕਦੀ-ਕਦੀ ਇਕ-ਅੱਧ ਜਰਮਨ ਦੀ ਲੋਥ ਰੁੜ੍ਹਦੀ ਵੇਖਦੇ ਸਨ। ਉਹ ਉਸ ਨੂੰ ਪਾਣੀ ਵਿਚੋਂ ਬਾਹਰ ਕੱਢ ਲਿਆਉਂਦੇ ਸਨ। ਵਰਦੀ ਵਿਚ ਉਸ ਦੀ ਫੁੱਲੀ ਹੋਈ ਲੋਥ ਨੂੰ ਦੇਖ ਕੇ ਉਹ ਸਮਝ ਜਾਂਦੇ ਸਨ ਕਿ ਇਸ ਨੂੰ ਛੁਰੀ ਜਾਂ ਡੰਡੇ ਦੀ ਮਦਦ ਨਾਲ ਮੌਤ ਦੇ ਘਾਟ ਉਤਾਰਿਆ ਗਿਆ ਹੈ; ਅਥਵਾ ਉਸ ਦਾ ਸਿਰ ਪੱਥਰ ਨਾਲ ਫਿੱਥਾ ਹੋਇਆ ਮਲੂਮ ਹੁੰਦਾ ਸੀ। ਇਸ ਤੋਂ ਕੋਈ ਇਕ ਅੰਦਾਜ਼ਾ ਲਾਇਆ ਜਾ ਸਕਦਾ ਸੀ ਕਿ ਇਸ ਸ਼ਹਿਰ ਵਿਚ ਅਜੇ ਤੱਕ ਕੋਈ ਇਕ-ਅਧ ਬੀਰ ਆਤਮਾ ਹੈ ਜਿਹੜੀ ਇਸ ਵਿਦੇਸੀ ਹਕੂਮਤ ਤੋਂ ਘ੍ਰਿਣਤ ਹੋ ਕੇ ਹੀ ਇਕ-ਅਧ ਜਰਮਨ ਦਾ ਖੂਨ ਕਰ ਕੇ ਆਪਣੇ ਅੰਦਰ ਦੀ ਅੱਗ ਬੁਝਾ ਰਹੀ ਹੈ।***

ਕਮਰੇ ਵਿਚੋਂ ਕਿਸੇ ਆਦਮੀ ਦੀ ਆਵਾਜ਼ ਸੁਣਾਈ ਦਿੱਤੀ, ਫਿਰ ਜਾਨਵਰਾਂ ਨੂੰ ਡਾਂਟਣ ਫਟਕਾਰਨ ਦੀ, ਤੇ ਇਸ ਤੋਂ ਬਾਅਦ ਘੰਟੀ ਦੀ; ਜਿਸ ਤੋਂ ਜਾਪਦਾ ਸੀ ਕਿ ਗੱਡੀ ਜੁਪ ਰਹੀ ਹੈ। ਹੁਣ ਇਹ ਝਣਝਣਾਟ ਸਪਸ਼ਟ ਹੁੰਦੀ ਆ ਰਹੀ ਸੀ, ਜਿਹੜੀ ਘੋੜਿਆਂ ਦੀ ਤੋਰ ਅਨੁਸਾਰ ਕਦੀ ਤੇਜ਼ ਕਦੀ ਧੀਮੀ ਹੋ ਜਾਂਦੀ ਸੀ। ਇਸ ਤੋਂ ਬਾਅਦ ਜ਼ੋਰ ਦੀ ਆਵਾਜ਼ ਸੁਣਾਈ ਦਿੱਤੀ- ਲੋਹੇ ਦੀਆਂ ਨਾਲਾਂ ਜੜੇ ਖੁਰਾਂ ਨਾਲ ਜ਼ਮੀਨ ਖਰੋਚਣ ਦੀ।

ਅਚਾਨਕ ਤਵੇਲੇ ਦਾ, ਗੱਡੀਵਾਨ ਦੀ ਕੋਠੜੀ ਵਾਲਾ ਬੂਹਾ ਬੰਦ ਹੋ ਗਿਆ। ਸਾਰਾ ਹੱਲਾ-ਗੁੱਲਾ ਸ਼ਾਂਤ ਹੋ ਗਿਆ। ਬਰਫ਼ ਦੇ ਪਾਲੇ ਨਾਲ ਠਰੇ ਹੋਏ ਯਾਤਰੂ ਚੁੱਪ-ਚਾਪ ਖੜ੍ਹੇ ਸਰਦੀ ਨਾਲ ਜਿਵੇਂ ਆਕੜਦੇ ਜਾ ਰਹੇ ਸਨ।

ਚਮਕਦੀ ਹੋਈ ਬਰਫ਼ ਦੀ ਚਿੱਟੀ ਫੁਹਾਰ ਬਰਾਬਰ ਜ਼ਮੀਨ ਉਤੇ ਪੈ ਰਹੀ ਸੀ। ਮਾਨੋ ਸਾਰੀ ਸ੍ਰਿਸ਼ਟੀ ਬਰਫ਼ ਵਿਚ ਢਕੀ ਗਈ ਸੀ। ਸਾਰੇ ਸ਼ਹਿਰ ਵਿਚ ਠੰਢੀ ਜਿਹੀ ਖਾਮੋਸ਼ੀ ਛਾਈ ਹੋਈ ਸੀ। ਕਿਤੇ ਕੁਝ ਵੀ ਸੁਣਾਈ ਜਾਂ ਦਿਖਾਈ ਨਹੀਂ ਸੀ ਦੇ ਰਿਹਾ। ਕੇਵਲ ਕਿਸੇ-ਕਿਸੇ ਵੇਲੇ ਬਰਫ਼ ਦਾ ਕੋਈ ਉਚੇਰਾ ਢੇਰ ਡਿਗਣ ਦਾ ਮਾੜਾ ਜਿਹਾ ਖੜਾਕ ਹੁੰਦਾ ਸੀ; ਖੜਾਕ ਨਹੀਂ ਬਲਕਿ ਉਸ ਨੂੰ ਖਾਮੋਸ਼ੀ ਦਾ ਹਉਕਾ ਹੀ ਕਹਿਣਾ ਚਾਹੀਦਾ ਹੈ।

ਇਕ ਆਦਮੀ ਲਾਲਟੈਣ ਲੈ ਕੇ ਉਸੇ ਤਵੇਲੇ ਲਾਗਲੀ ਛੱਤ ਹੇਠੋਂ ਨਿਕਲਿਆ, ਰੱਸੀ ਦੇ ਸਹਾਰੇ ਉਸ ਦੇ ਮਗਰੇ ਮਗਰ ਭਾਰੇ ਖੁਰਾਂ ਵਾਲਾ ਘੋੜਾ ਸੁਸਤ ਜਿਹੀ ਚਾਲੇ ਤੁਰਿਆ ਆ ਰਿਹਾ ਸੀ। ਸਾਫ਼ ਲੱਗਦਾ ਸੀ ਕਿ ਘੋੜਾ ਬੇਦਿਲੀ ਪ੍ਰਗਟ ਕਰ ਰਿਹਾ ਹੈ। ਕੋਚਵਾਨ ਨੇ ਉਸ ਨੂੰ ਲਿਜਾ ਕੇ ਥਮਲੇ ਨਾਲ ਬੰਨ੍ਹ ਦਿੱਤਾ, ਤੇ ਥੋੜ੍ਹਾ ਚਿਰ ਉਸ ਦੇ ਕੋਲ ਖੜ੍ਹੋ ਕੇ ਵੇਖਦਾ ਰਿਹਾ ਕਿ ਉਸ ਦਾ ਸਾਰਾ ਸਾਜ਼-ਸਾਮਾਨ ਠੀਕ-ਠਾਕ ਹੈ ਕਿ ਨਹੀਂ; ਤੇ ਇਸ ਤੋਂ ਮਗਰੋਂ ਉਹ ਜਿਉਂ ਹੀ ਦੂਜਾ ਘੋੜਾ ਲਿਆਉਣ ਲਈ ਮੁੜਿਆ, ਯਾਤਰੀਆਂ ਦਾ ਉਹ ਚੁੱਪ-ਚਾਪ ਖੜੋਤਾ ਜੱਥਾ ਜਿਹੜਾ ਬਰਫ਼ ਪੈਣ ਕਰ ਕੇ ਚਿੱਟਾ ਹੁੰਦਾ ਜਾ ਰਿਹਾ ਸੀ, ਹਿਲਦਾ ਦਿਖਾਈ ਦਿੱਤਾ।

ਗੱਡੀਵਾਨ ਨੇ ਉਨ੍ਹਾਂ ਨੂੰ ਕਿਹਾ, "ਤੁਸੀਂ ਸਾਰੇ ਗੱਡੀ ਦੇ ਅੰਦਰ ਕਿਉਂ ਨਹੀਂ ਜਾ ਬੈਠਦੇ, ਘੱਟੋ-ਘੱਟ ਬਰਫ਼ ਤੋਂ ਤਾਂ ਬਚੇ ਰਹੋਗੇ।"

ਸ਼ਾਇਦ ਸਾਰਿਆਂ ਵਿਚੋਂ ਕਿਸੇ ਨੂੰ ਵੀ ਹੁਣ ਤੱਕ ਇਹ ਗੱਲ ਨਹੀਂ ਸੀ ਸੁੱਝੀ। ਝਟਪਟ ਸਾਰੇ ਗੱਡੀ ਵਿਚ ਚੜ੍ਹਨ ਲੱਗੇ। ਵਹੁਟੀਆਂ ਵਾਲੇ ਉਸ ਤਰੇਗੜੇ ਨੇ ਵੀ ਆਪੋ-ਆਪਣੀਆਂ ਸ੍ਰੀਮਤੀਆਂ ਨੂੰ ਹੱਥ ਫੜ-ਫੜ ਕੇ ਗੱਡੀ ਵਿਚ ਸਵਾਰ ਕੀਤਾ ਤੇ ਉਨ੍ਹਾਂ ਨਾਲ ਜਾ ਬੈਠੇ। ਹੌਲੀ-ਹੌਲੀ ਸਭ ਬੈਠ ਗਏ।

ਗੱਡੀ ਦੀ ਫਰਸ਼ ਉਤੇ ਸੁੱਕਾ ਘਾਹ ਵਿਛਿਆ ਹੋਇਆ ਸੀ ਜਿਸ ਵਿਚ ਯਾਤਰੀਆਂ ਨੂੰ ਆਪਣੇ ਪੈਰ ਕੁਝ ਸੁਖਾਲੇ ਜਾਪਣ ਲੱਗੇ। ਪਾਸਿਆਂ ਦੀਆਂ ਸੀਟਾਂ 'ਤੇ ਬੈਠੀਆਂ ਤੀਵੀਆਂ ਆਪਣੇ ਨਾਲ ਤਾਂਬੇ ਦੇ ਬਣੇ ਛੋਟੇ-ਛੋਟੇ ਫੁਟ-ਵਾਰਮਰ (ਪੈਰ ਗਰਮਾਉ) ਵੀ ਲੈ ਆਈਆਂ ਸਨ ਜਿਨ੍ਹਾਂ ਨਾਲ ਉਹ ਆਪੋ-ਆਪਣੇ ਪੈਰ ਗਰਮ ਕਰਨ ਲੱਗੀਆਂ ਤੇ ਨਾਲੋ-ਨਾਲ ਉਹ ਬੜੀ ਵਡਿੱਤਣ ਦੇ ਲਹਿਜ਼ੇ ਵਿਚ ਦੂਜੀਆਂ ਸਵਾਰੀਆਂ ਨੂੰ ਇਨ੍ਹਾਂ ਫੁਟ-ਵਾਰਮਰਾਂ ਦੇ ਗੁਣ ਦਰਸਾਉਣ ਲੱਗੀਆਂ।

ਅਖੀਰ ਗੱਡੀਵਾਨ ਨੇ ਚਹੁੰ ਦੀ ਥਾਂ ਛੇ ਘੋੜੇ ਜੋਤ ਦਿੱਤੇ। ਬਰਫ਼ ਪੈਣ ਨਾਲ ਜਦ ਸੜਕਾਂ ਖਰਾਬ ਹੋ ਜਾਂਦੀਆਂ ਸਨ, ਤਾਂ ਵਿਚਾਰੇ ਘੋੜੇ ਅੱਧਾ ਭਾਰ ਖਿੱਚਣੋਂ ਵੀ ਅਸਮਰੱਥ ਹੁੰਦੇ ਸਨ। ਤਦ ਬਾਹਰੋਂ ਕਿਸੇ ਨੇ ਪੁੱਛਿਆ, "ਕਿਉਂ ਜੀ, ਸਭ ਸਵਾਰੀਆਂ ਆ ਗਈਆਂ?" ਅੰਦਰੋਂ ਕਈ ਅਵਾਜ਼ਾਂ ਆਈਆਂ, "ਹਾਂ ਆ ਗਈਆਂ", ਤੇ ਗੱਡੀ ਚੱਲ ਪਈ।

ਗੱਡੀ ਬੜੀ ਮੱਠੀ-ਮੱਠੀ ਜਾ ਰਹੀ ਸੀ। ਪਹੀਆਂ ਦਾ ਅੱਧ ਤੋਂ ਬਹੁਤਾ ਹਿੱਸਾ ਬਰਫ਼ ਵਿਚ ਧਸਦਾ ਜਾਂਦਾ ਸੀ। ਸਮੁੱਚਾ ਢਾਂਚਾ ਕੜ-ਕੜਾ ਰਿਹਾ ਸੀ। ਗੱਡੀਵਾਨ ਦੀ ਚਾਬਕ ਲਗਾਤਾਰ ਘੋੜਿਆਂ ਦੀਆਂ ਪਿੱਠਾਂ 'ਤੇ ਵਰ੍ਹਦੀ ਹੋਈ ਕਦੀ ਸੱਜੇ ਕਦੀ ਖੱਬੇ ਉਡ ਰਹੀ ਸੀ। ਕਦੇ ਉਸ ਦੀ ਵੱਧਰੀ ਗੋਲ ਹੋ ਕੇ ਪਿੰਡੇ 'ਤੇ ਲਿਪਟ ਜਾਂਦੀ, ਤੇ ਕਿਸੇ ਮਾਂਸਲ 'ਤੇ ਵੱਜ ਕੇ ਗੱਡੀ ਦੀ ਚਾਲ ਤੇਜ਼ ਕਰ ਦਿੰਦੀ ਸੀ।

ਗੱਡੀ ਜਿੰਨੀ ਮੱਠੀ ਜਾ ਰਹੀ ਸੀ, ਦਿਨ ਉਤਨੀ ਹੀ ਤੇਜ਼ੀ ਨਾਲ ਆ ਰਿਹਾ ਸੀ। ਬਰਫ਼ ਹੁਣ ਕੁਝ ਥੰਮ੍ਹ ਚੁੱਕੀ ਸੀ। ਬੱਦਲ ਚੀਰ ਕੇ ਧੁੰਦਲਾ ਜਿਹਾ ਚਾਨਣ ਨਿਕਲਦਾ ਜਾਪਦਾ ਸੀ। ਹਾਂ, ਕਿਤੇ-ਕਿਤੇ ਬਰਫ਼ ਨਾਲ ਢਕੇ ਹੋਏ ਦਰੱਖ਼ਤਾਂ ਦੀ, ਜਾਂ ਕਿਸੇ ਮਕਾਨ ਦੀ ਬਰਫ਼ ਲੱਦੀ ਛੱਤ ਇਸ ਰੋਸ਼ਨੀ ਨੂੰ ਫਿੱਕਿਆਂ ਪਾ ਦਿੰਦੀ ਸੀ।

ਪ੍ਰਭਾਤ ਦੇ ਧੁੰਦਲੇ ਚਾਨਣ ਵਿਚ ਯਾਤਰੀਆਂ ਨੇ ਪਹਿਲੀ ਵੇਰਾਂ ਇਕ-ਦੂਜੇ ਦੀਆਂ ਸ਼ਕਲਾਂ ਗਹੁ ਨਾਲ ਵੇਖੀਆਂ। ਸਭ ਤੋਂ ਵਧੀਆ ਸੀਟਾਂ ਉਤੇ ਸ਼ਰਾਬ ਦਾ ਥੋਕ ਵਪਾਰੀ ਲੋਸ਼ੀਓ ਅਤੇ ਉਸ ਦੀ ਪਤਨੀ ਇਕ-ਦੂਜੇ ਦੇ ਨਾਲੋ-ਨਾਲ ਬੈਠੇ ਊਂਘ ਰਹੇ ਸਨ। ਲੋਸ਼ੀਓ ਸ਼ੁਰੂ-ਸ਼ੁਰੂ ਵਿਚ ਕਿਸੇ ਵਪਾਰੀ ਕੋਲ ਮੁਨੀਮੀ ਕਰਦਾ ਹੁੰਦਾ ਸੀ। ਸਮਾਂ ਪਾ ਕੇ ਮਾਲਕ ਦਿਵਾਲੀਆ ਹੋ ਗਿਆ ਤੇ ਉਸ ਦੀ ਫਰਮ ਮੁਨੀਮ ਨੇ ਖਰੀਦ ਲਈ ਸੀ ਜਿਸ ਵਿਚੋਂ ਉਸ ਨੂੰ ਮਾਇਆ ਦੇ ਚੰਗੇ ਗੱਫੇ ਮਿਲੇ। ਆਬਕਾਰੀ ਦੇ ਕਰਮਚਾਰੀਆਂ ਨੂੰ ਵੱਢੀਆਂ ਦੇ-ਦੇ ਕੇ ਉਹ ਸ਼ਰਾਬ ਵਿਚ ਅੱਧੋ-ਸੁੱਧ ਪਾਣੀ ਰਲਾ ਕੇ ਵੇਚਦਾ ਸੀ, ਪਰ ਕੋਈ ਉਸ ਦੀ 'ਵਾ ਵੱਲ ਨਹੀਂ ਸੀ ਤੱਕ ਸਕਦਾ। ਬੇਈਮਾਨੀ ਤੇ ਚਾਲਬਾਜ਼ੀ ਵਿਚ ਉਹ ਨੰਬਰ ਇਕ ਆਦਮੀ ਸੀ। ਇੱਥੋਂ ਤੱਕ ਕਿ ਸਵੇਰੇ ਉਠਦਿਆਂ ਜੇ ਕੋਈ ਉਸ ਦਾ ਨਾਂ ਲੈ ਲੈਂਦਾ ਤਾਂ ਸੁਣਨ ਵਾਲੇ ਲੜਨ ਮਰਨ 'ਤੇ ਉਤਾਰੂ ਹੋ ਜਾਂਦੇ ਸਨ। ਇਸ ਤੋਂ ਛੁਟ ਹਰ ਤਰ੍ਹਾਂ ਦੇ ਠੱਠੇ ਮਖੌਲ ਵਿਚ ਵੀ ਉਹ ਚੰਗਾ ਮਾਹਰ ਸੀ। ਉਸ ਦਾ ਕੱਦ ਮਧਰਾ, ਗੋਗੜ ਢਿਲਕੀ ਹੋਈ, ਚਿਹਰਾ ਲਾਲ ਤੇ ਮੁੱਛਾਂ ਲੰਮੀਆਂ ਸਨ ਪਰ ਉਸ ਦੀ ਵਹੁਟੀ ਔਸਤ ਤੀਵੀਂ ਨਾਲੋਂ ਗਿੱਠ ਸਵਾ ਗਿੱਠ ਲੰਮੀ ਤੇ ਉਸ ਦੀ ਅਵਾਜ਼ ਬੜੀ ਭੱਦੀ ਸੀ।

ਉਨ੍ਹਾਂ ਦੇ ਸੱਜੇ ਪਾਸੇ ਬੜੇ ਰੋਹਬੀਲੇ ਸਰੀਰ ਵਾਲਾ ਉਸੇ ਸ਼੍ਰੇਣੀ ਦਾ ਕੈਰੇ ਬੈਠਾ ਸੀ ਜੋ ਬੜਾ ਪ੍ਰਸਿੱਧ ਵਪਾਰੀ ਤੇ ਕੱਪੜੇ ਦੀਆਂ ਤਿੰਨਾਂ ਮਿੱਲਾਂ ਦਾ ਮਾਲਕ ਸੀ। ਇਸ ਤੋਂ ਛੁੱਟ ਨਗਰ ਸਭਾ ਦਾ ਪ੍ਰਧਾਨ ਤੇ ਜਨਰਲ ਕੌਂਸਲ ਦਾ ਅਹੁਦੇਦਾਰ ਵੀ। ਸ੍ਰੀਮਤੀ ਕੈਰੇ ਆਪਣੇ ਪਤੀ ਨਾਲੋਂ ਉਮਰ ਵਿਚ ਕਿਤੇ ਛੋਟੀ ਸੀ। ਉਹ ਰੋਈਨ ਦੇ ਸਾਰੇ ਵੱਡ-ਘਰੀਏ ਗੱਭਰੂਆਂ ਲਈ ਦਿਲ ਪ੍ਰਚਾਵੇ ਦੀ ਚੀਜ਼ ਸੀ। ਬੜੀ ਹਸਮੁਖ ਤੇ ਕੋਮਲ ਅੰਗਾਂ ਵਾਲੀ। ਉਸ ਨੇ ਆਪਣਾ ਸਰੀਰ ਪਸ਼ਮੀਨੇ ਦੇ ਬਹੁਤ ਸਾਰੇ ਕੱਪੜਿਆਂ ਵਿਚ ਲੁਕਾਇਆ ਹੋਇਆ ਸੀ, ਤੇ ਗੱਡੀ ਵਿਚਲੇ ਸਿਥਲ ਜਿਹੇ ਦ੍ਰਿਸ਼ ਨੂੰ ਵੇਖ-ਵੇਖ ਕੁਝ ਉਦਾਸ ਹੋ ਰਹੀ ਸੀ।

ਉਨ੍ਹਾਂ ਦੇ ਲਾਗੇ ਇਕ ਹੋਰ ਜੋੜੀ ਸੀ- ਕਾਊਂਟ ਤੇ ਕਾਊਂਟੈਂਸ ਬ੍ਰੇਵਿਲ। ਇਹ ਜੋੜੀ ਨਾਰਮੰਡੀ ਦੇ ਪ੍ਰਾਚੀਨ ਤੇ ਉਘੇ ਪਰਿਵਾਰ ਵਿਚੋਂ ਗਿਣੀ ਜਾਂਦੀ ਸੀ। ਕਾਊਂਟ ਸਾਹਿਬ ਕਾਫੀ ਵਡੇਰੀ ਉਮਰ ਦੇ ਸਨ, ਪਰ ਆਪਣੇ ਉਚੇ ਲੰਮੇ ਸਰੀਰ ਦੇ ਬਣਾਉ-ਸ਼ਿੰਗਾਰ ਵਿਚ ਕੋਈ ਕਸਰ ਬਾਕੀ ਨਹੀਂ ਸਨ ਰੱਖਦੇ; ਇੱਥੋਂ ਤੱਥ ਕਿ ਫਰਾਂਸ ਦੇ ਬਾਦਸ਼ਾਹ ਹੈਨਰੀ ਚੌਥੇ ਦੀ ਸ਼ਕਲ ਨਾਲ ਆਪਣੀ ਸ਼ਕਲ ਮਿਲਾਉਣ ਦੀ ਕੋਸ਼ਿਸ਼ ਵਿਚ ਰਹਿੰਦੇ ਸਨ। ਇਹ ਛੋਟੀ ਜਿਹੀ ਰਿਆਸਤ ਦੇ ਮਾਲਕ ਵੀ ਸਨ ਜਿਸ ਦੀ ਸਾਲਾਨਾ ਆਮਦਨ 5 ਲੱਖ ਫਰੈਂਕ ਸੀ।

ਇਹ ਛੀਓ ਸਵਾਰੀਆਂ ਗੱਡੀ ਦੀ ਇਕੋ ਲੰਮੀ ਪਲਾਂਘ ਵਿਚ ਬੈਠੀਆਂ ਸਨ। ਕਾਊਂਟੈਂਸ ਦੇ ਲਾਗੇ ਦੋ ਬ੍ਰਹਮਚਾਰਨੀਆਂ ਅੱਖਾਂ ਮੀਟੀ ਆਪਣੀ ਭਜਨ ਬੰਦਗੀ ਵਿਚ ਲਿਵਲੀਨ ਸਨ। ਉਨ੍ਹਾਂ ਵਿਚੋਂ ਇਕ ਬੁੱਢੀ ਸੀ ਜਿਸ ਦੇ ਮੂੰਹ 'ਤੇ ਮਾਤਾ ਦੇ ਇਤਨੇ ਦਾਗ ਸਨ, ਜਿਵੇਂ ਜਰਮਨ ਜੇਤੂਆਂ ਨੇ ਬੰਦੂਕਾਂ ਦੀ ਚਾਂਦਮਾਰੀ ਲਈ ਕੁਝ ਚਿਰ ਉਸ ਦੇ ਚਿਹਰੇ ਨੂੰ ਵਰਤਿਆ ਹੋਵੇ। ਦੂਜੀ ਜਿਹੜੀ ਜਵਾਨ, ਪਰ ਵੇਖਣ ਤੋਂ ਕੁਝ ਬਿਮਾਰ ਸੀ, ਕਿਸੇ ਡੂੰਘੀ ਚਿੰਤਾ ਦਾ ਸ਼ਿਕਾਰ ਮਲੂਮ ਹੁੰਦੀ ਸੀ। ਇਸ ਤਰ੍ਹਾਂ ਜਾਪਦਾ ਸੀ ਜਿਵੇਂ ਧਾਰਮਿਕ ਅਕੀਦਿਆਂ ਦੇ ਸਹਿਮਾਂ ਨੇ ਉਸ ਦੀ ਸੁੰਦਰਤਾ ਤੇ ਜਵਾਨੀ ਨੂੰ ਉਕਾ ਹੀ ਖਾ ਲਿਆ ਹੈ।

ਦੋਹਾਂ ਬ੍ਰਹਮਚਾਰਨੀਆਂ ਦੇ ਸਾਹਮਣੇ ਇਕ ਤੀਵੀਂ ਤੇ ਇਕ ਆਦਮੀ ਹੋਰ ਬੈਠੇ ਸਨ ਜਿਨ੍ਹਾਂ ਨੇ ਲਗਭਗ ਸਭ ਸਵਾਰੀਆਂ ਦਾ ਧਿਆਨ ਆਪਣੀ ਵੱਲ ਖਿਚਿਆ ਹੋਇਆ ਸੀ। ਆਦਮੀ ਦਾ ਨਾਂ ਜਿਸ ਨੂੰ ਸਾਰੇ ਜਾਣਦੇ ਸਨ, ਕਾਰਨੂਟੇਡ ਸੀ। ਉਹ ਪਰਜਾਤੰਤਰਵਾਦੀ ਸੀ। ਸਾਰੇ ਅਮੀਰ ਘਰਾਣੇ ਉਸ ਪਾਸੋਂ ਡਰਦੇ ਸਨ। ਪਿਛਲੇ ਵੀਹਾਂ ਵਰ੍ਹਿਆਂ ਤੋਂ ਉਸ ਦੀ ਲਾਲ ਦਾੜ੍ਹੀ ਦੀ, ਸਾਰੇ ਪਰਜਾਤੰਤਰਵਾਦੀ ਹੋਟਲਾਂ ਦੇ ਢੱਕਣਦਾਰ ਗਲਾਸਾਂ ਨਾਲ ਜਾਣ-ਪਛਾਣ ਹੋ ਗਈ ਸੀ। ਉਸ ਦਾ ਪਿਉ ਹਲਵਾਈ ਸੀ ਜਿਹੜਾ ਚੋਖੀ ਰਕਮ ਛੱਡ ਕੇ ਮਰਿਆ ਸੀ। ਕਾਰਨੂਟੇਡ ਨੇ ਆਪਣੇ ਦੋਸਤਾਂ ਦੀ ਮਦਦ ਨਾਲ ਖੂਬ ਪੈਸਾ ਇਕੱਠਾ ਕੀਤਾ ਸੀ। ਹੁਣ ਉਹ ਬੜੀ ਉਤਾਵਲੀ ਨਾਲ ਪਰਜਾਤੰਤਰ ਰਾਜ ਦੀ ਉਡੀਕ ਕਰ ਰਿਹਾ ਸੀ। ਉਹਨੂੰ ਪੂਰਾ ਵਿਸ਼ਵਾਸ ਸੀ ਕਿ ਉਸ ਦੇ ਕੀਤੇ ਕੰਮਾਂ ਦੇ ਇਨਾਮ ਵਿਚ ਜ਼ਰੂਰ ਉਸ ਨੂੰ ਕੋਈ ਵੱਡਾ ਅਹੁਦਾ ਮਿਲੇਗਾ। ਉਂਜ ਉਹ ਹੈ ਸੀ ਭਲਾ ਆਦਮੀ। ਕਿਸੇ ਦਾ ਦਿਲ ਨਹੀਂ ਸੀ ਦੁਖਾਂਦਾ। ਜਿਥੋਂ ਤੱਕ ਹੋ ਸਕਦਾ, ਦੂਜਿਆਂ ਦਾ ਭਲਾ ਹੀ ਕਰਦਾ ਸੀ; ਪਰ ਰਾਜ-ਭਗਤਾਂ ਤੋਂ ਉਸ ਨੂੰ ਬੜੀ ਚਿੜ ਸੀ। ਪਿਛਲੇ ਦਿਨੀਂ ਉਸ ਨੇ ਬੜੀ ਲਗਨ ਨਾਲ ਸ਼ਹਿਰ ਦੀ ਰਾਖੀ ਲਈ ਵਲੰਟੀਅਰਾਂ ਦੀ ਪਾਰਟੀ ਤਿਆਰ ਕੀਤੀ ਸੀ, ਪਰ ਆਪਣੀਆਂ ਸਭ ਤਿਆਰੀਆਂ ਤੋਂ ਸੰਤੁਸ਼ਟ ਹੋਣ 'ਤੇ ਵੀ, ਦੁਸ਼ਮਣ ਦੇ ਹਮਲੇ ਤੋਂ ਪਹਿਲਾਂ ਹੀ ਉਹ ਸ਼ਹਿਰ ਮੁੜ ਆਇਆ ਸੀ। ਹੁਣ ਉਸ ਨੇ ਹਾਵਰੇ ਵਿਚ ਜਾ ਕੇ ਕੰਮ ਕਰਨ ਦਾ ਇਰਾਦਾ ਬਣਾ ਲਿਆ ਸੀ, ਕਿਉਂਕਿ ਉਥੇ ਖਾਈਆਂ ਪੁੱਟਣ ਦੇ ਕੰਮ ਲਈ ਤਗੜੀ ਵਲੰਟੀਅਰ ਪਾਰਟੀ ਦੀ ਲੋੜ ਸੀ।

ਇਸ ਦੇ ਨਾਲ ਜਿਹੜੀ ਕੁੜੀ ਬੈਠੀ ਸੀ, ਉਸ ਦਾ ਨਾਂ ਸੀ ਮਾਰਗਰੇਟ, ਤੇ ਉਹ ਵੇਸਵਾ ਸੀ। ਉਹ ਜਵਾਨ ਤੇ ਖੂਬ ਸਿਹਤਮੰਦ ਸੀ। ਕੱਦ ਉਸ ਦਾ ਮੱਧਰਾ ਤੇ ਗੋਲ-ਮੋਲ ਜਿਹਾ ਸੀ। ਸਰੀਰ ਸੂਰ ਵਾਂਗ ਪੀਡਾ। ਉਸ ਦੀਆਂ ਮੋਟੀਆਂ ਉਂਗਲਾਂ ਉਤੇ ਇਤਨਾ ਮਾਸ ਸੀ ਕਿ ਹਿਲਾਉਣ ਨਾਲ ਜੋੜਾਂ ਉਤੇ ਨਿਕੇ-ਨਿਕੇ ਟੋਏ ਪੈ ਜਾਂਦੇ ਸਨ। ਉਸ ਦਾ ਚਮਕੀਲਾ ਤੇ ਖੂਬ ਗੁਥਿਆ ਹੋਇਆ ਪਿੰਡਾ, ਮੁਟਾਪੇ ਦੇ ਬਾਵਜੂਦ ਲੁਭਾਉਣਾ ਜਾਪਦਾ ਸੀ। ਉਸ ਦੀਆਂ ਛਾਤੀਆਂ ਇਤਨੀਆਂ ਭਾਰੀਆਂ ਤੇ ਉਭਰੀਆਂ ਹੋਈਆਂ ਸਨ, ਫਿਰ ਵੀ ਉਹ ਬੁਰੀਆਂ ਨਹੀਂ ਸਨ ਮਲੂਮ ਹੁੰਦੀਆਂ। ਉਸ ਦੀ ਜਵਾਨੀ ਨੂੰ ਵੇਖ ਕੇ ਲੋਕ ਲੱਟੂ ਹੋ ਜਾਇਆ ਕਰਦੇ ਸਨ। ਉਸ ਦਾ ਚਿਹਰਾ ਜਿਸ ਦੀ ਲਾਲੀ ਬਿਲਕੁਲ ਸਿਉਂ ਦਾ ਟਾਕਰਾ ਕਰਦੀ ਸੀ, ਨਵ-ਖਿੜੀ ਕਲੀ ਵਾਂਗ ਫੁੱਟ-ਫੁੱਟ ਪੈਂਦਾ ਸੀ ਤੇ ਉਸ ਦੀਆਂ ਕਾਲੀਆਂ ਤੇ ਮੋਟੀਆਂ ਅੱਖਾਂ ਕਮਾਣਾਂ ਵਰਗੇ ਭਰਵੱਟਿਆਂ ਹੇਠ ਮਸਤੀ ਨਾਲ ਥਿਰਕ ਰਹੀਆਂ ਸਨ। ਖਾਸ ਕਰ ਕੇ ਉਸ ਦੀਆਂ ਲਾਲ ਬੁੱਲ੍ਹੀਆਂ ਪਿਛੇ ਚਮਕਦੀਆਂ ਚਿੱਟੇ ਤੇ ਅਰੋਗ ਦੰਦਾਂ ਦੀਆਂ ਦੋ ਪਾਲਾਂ ਵੇਖ ਕੇ ਕੋਈ ਵੀ ਗੱਭਰੂ ਉਸ ਨੂੰ ਚੁੰਮਣ ਲਈ ਤੜਫ ਉਠਦਾ ਸੀ।

ਜਿਉਂ ਹੀ ਲੋਕਾਂ ਨੇ ਉਸ ਨੂੰ ਪਛਾਤਾ, ਸਾਰੇ ਇਕ-ਦੂਜੇ ਨਾਲ ਕੰਨੀਂ ਘੁਰਕੀ ਕਰਨ ਲੱਗ ਪਏ। ਕਈ ਤਾਂ ਇੱਥੋਂ ਤੱਕ ਬੇ-ਆਰਾਮ ਹੋ ਗਏ ਕਿ ਦਬਵੀਂ ਜ਼ੁਬਾਨੇ ਉਸ ਨੂੰ ਕਲੰਕਣੀ, ਪਾਪਣ ਤੇ ਸਮਾਜ ਦਾ ਲਹੂ ਪੀਣੀ ਜੋਕ ਤੱਕ ਕਹਿ ਗਏ। ਸਵਾਰੀਆਂ ਦੇ ਇਨ੍ਹਾਂ ਅਵਾਜ਼ਿਆਂ ਨੇ ਥੋੜ੍ਹੇ ਹੀ ਚਿਰ ਵਿਚ ਮਾਰਗਰੇਟ ਨੂੰ ਕੁਝ ਬੇ-ਆਰਾਮ ਜਿਹੀ ਕਰ ਦਿੱਤਾ ਤੇ ਉਸ ਨੇ ਇਕ ਵਾਰੀ ਸਿਰ ਚੁੱਕ ਕੇ ਸਭਨਾਂ ਵੱਲ ਤੱਕਿਆ। ਉਸ ਦੀ ਤੱਕਣੀ ਵਿਚ ਇਤਨੀ ਤੇਜ਼ੀ ਤੇ ਰੋਹਬ ਸੀ ਕਿ ਸਾਰਿਆਂ ਦੇ ਸਿਰ ਨੀਵੇਂ ਪੈ ਗਏ ਤੇ ਜ਼ੁਬਾਨਾਂ ਵੀ ਬੰਦ ਹੋ ਗਈਆਂ। ਕੇਵਲ ਲੋਸ਼ੀਓ ਹੀ ਬੜੀ ਦਿਲਚਸਪੀ ਨਾਲ ਉਸ ਵੱਲ ਤੱਕਦਾ ਰਿਹਾ।

ਹਾਂ, ਤੇ ਉਹ ਜਿਹੜੀਆਂ ਤਿੰਨ ਸ੍ਰੀਮਤੀਆਂ ਸਨ, ਗੱਲੀਂ ਕੱਥੀਂ ਉਨ੍ਹਾਂ ਦੀ ਇਕ-ਦੂਜੀ ਨਾਲ ਚੰਗੀ ਮਿੱਤਰਤਾ ਜਿਹੀ ਹੋ ਗਈ ਤੇ ਉਹ ਮਾਰਗਰੇਟ ਵੱਲੋਂ ਧਿਆਨ ਮੋੜ ਕੇ ਮੁੜ ਆਪੋ ਵਿਚ ਗੱਲੀਂ ਲੱਗ ਪਈਆਂ। ਖਾਸ ਕਰ ਕੇ ਉਨ੍ਹਾਂ ਨੇ ਇਸ ਲਈ ਆਪਣੇ ਆਪ ਨੂੰ ਗੱਲੀਂ ਲਾ ਲਿਆ ਕਿ ਉਹ ਉਚ ਘਰਾਣਿਆਂ ਦੀਆਂ ਸਨ, ਪਰ ਬੈਠੀਆਂ ਸਨ ਉਹ ਬੇਸ਼ਰਮ ਕੰਜਰੀ ਨਾਲ ਇਕੋ ਗੱਡੀ ਵਿਚ, ਜਿਸ ਕਰ ਕੇ ਉਹ ਹੇਠੀ ਤੇ ਗਿਲਾਨੀ ਮਹਿਸੂਸ ਕਰ ਰਹੀਆਂ ਸਨ।

ਤਿੰਨੇ ਸ੍ਰੀਮਾਨ ਵੀ ਆਪੋ ਵਿਚ ਚੰਗੇ ਹਿਲ-ਮਿਲ ਗਏ ਸਨ ਤੇ ਉਹ ਵੀ ਇਸ ਅਪਮਾਨ ਦੇ ਅਹਿਸਾਸ ਤੋਂ ਅਣਭਿਜ ਨਹੀਂ ਸਨ ਰਹੇ। ਬਦਕਿਸਮਤੀ ਕਿ ਉਨ੍ਹਾਂ ਦਾ ਇਸ ਵੇਲੇ ਕੋਈ ਵਸ ਨਹੀਂ ਸੀ ਚਲਦਾ। ਹੌਲੀ-ਹੌਲੀ ਉਹ ਇਕ-ਦੂਜੇ ਦੇ ਕੰਨਾਂ ਵਿਚ ਕੁਝ ਇਸ ਤਰ੍ਹਾਂ ਦੀਆਂ ਗੱਲਾਂ ਕਹਿ ਰਹੇ ਸਨ- "ਜੇ ਪਹਿਲਾਂ ਪਤਾ ਲੱਗ ਜਾਂਦਾ ਤਾਂ ਇਕ ਦੇ ਥਾਂ ਭਾਵੇਂ ਦੂਹ ਸਵਾਰੀਆਂ ਦੇ ਪੈਸੇ ਕਿਉਂ ਨਾ ਭਰਨੇ ਪੈਂਦੇ, ਇਸ ਬਦਮਾਸ਼ ਤੀਵੀਂ ਨੂੰ ਗੱਡੀ ਦੇ ਨੇੜੇ ਨਾ ਫ਼ਟਕਣ ਦਿੰਦੇ...।"

ਕਾਊਂਟ ਸਾਹਿਬ ਨੇ ਆਪਣੇ ਰੋਣੇ, ਰੋਣੇ ਸ਼ੁਰੂ ਕੀਤੇ ਕਿ ਕਿਸ ਤਰ੍ਹਾਂ ਜਰਮਨਾਂ ਕਾਰਨ ਉਸ ਦਾ ਲੱਖਾਂ ਰੁਪਿਆ ਬਰਬਾਦ ਹੋ ਗਿਆ। ਕਿਸ ਬੇਰਹਿਮੀ ਨਾਲ ਉਸ ਦੇ ਡੰਗਰਾਂ ਨੂੰ ਜਰਮਨਾਂ ਨੇ ਮਾਸ ਤੇ ਦੁੱਧ ਦੀ ਥੁੜ੍ਹ ਪੂਰੀ ਕਰਨ ਲਈ ਹੜੱਪ ਲਿਆ, ਤੇ ਉਸ ਦੇ ਖੇਤ ਕਿਵੇਂ ਤਬਾਹ ਕੀਤੇ, ਪਰ ਉਹ ਰਈਸੀ ਢੰਗ ਨਾਲ ਇਸ ਤਰ੍ਹਾਂ ਗੱਲ ਕਰ ਰਿਹਾ ਸੀ ਕਿ ਜਿਸ ਤੋਂ ਉਸ ਦਾ ਕਰੋੜਾਂਪਤੀ ਹੋਣਾ ਨਾਲੋ-ਨਾਲ ਸਾਬਤ ਹੁੰਦਾ ਜਾਵੇ, ਤੇ ਇਹ ਵੀ ਜਾਪੇ ਕਿ ਲੱਖਾਂ ਦੇ ਇਸ ਨੁਕਸਾਨ ਨੂੰ ਉਹ ਕੋਈ ਏਡਾ ਭਾਰਾ ਨੁਕਸਾਨ ਨਹੀਂ ਸਮਝ ਰਿਹਾ। ਸਾਲ ਛਿਮਾਹੀ ਵਿਚ ਹੀ ਉਹ ਇਸ ਦਾ ਭਾਂਗਾ ਪੂਰਾ ਕਰ ਲਵੇਗਾ।

ਮਿਸਟਰ ਕੈਰੇ ਆਪਣੀਆਂ ਮਿੱਲਾਂ ਦੇ ਕਿੱਸੇ ਛੇੜੀ ਬੈਠਾ ਸੀ, "ਮੈਂ ਆਪਣਾ ਛੇ ਲੱਖ ਫਰੈਂਕ ਇੰਗਲੈਂਡ ਵਿਚ ਪਹਿਲਾਂ ਤੋਂ ਹੀ ਜਮ੍ਹਾਂ ਕਰ ਛੱਡਿਆ ਸੀ, ਕਿਉਂਕਿ ਮੈਨੂੰ ਦਿਸਦਾ ਸੀ ਕਿ ਫਰਾਂਸ ਉਤੇ ਜ਼ਰੂਰ ਜਰਮਨਾਂ ਦਾ ਹਮਲਾ ਹੋਵੇਗਾ, ਤੇ ਇਹੋ ਜਿਹੇ ਔਖੇ ਵੇਲੇ ਜੇ ਉਹ ਮੇਰਾ ਸਭ ਕੁਝ ਲੁੱਟ ਵੀ ਲੈਣਗੇ, ਤਾਂ ਵੀ ਦਿਨ ਕਟੀ ਲਈ ਤਾਂ ਕੁਝ ਬਚਿਆ ਰਹੇਗਾ।"

ਲੋਸ਼ੀਓ ਨੂੰ ਆਪਣੀ ਸ਼ਰਾਬ ਫੌਜੀ ਮਹਿਕਮੇ ਪਾਸ ਸਰਕਾਰੀ ਨਿਰਖਾਂ 'ਤੇ ਵੇਚਣੀ ਪਈ ਸੀ ਜਿਸ ਕਰ ਕੇ ਉਸ ਨੂੰ ਕਈ ਲੱਖ ਦਾ ਕਸਾਰਾ ਰਿਹਾ। ਉਹ ਦੱਸ ਰਿਹਾ ਸੀ, "ਹਾਵਰੇ ਮੈਂ ਇਸੇ ਲਈ ਜਾ ਰਿਹਾ ਹਾਂ ਕਿ ਹਾਈਕੋਰਟ ਵਿਚ ਅਪੀਲ ਕਰਾਂ ਕਿ ਮੈਨੂੰ ਇਹ ਰਕਮ ਵਾਪਸ ਦਿਵਾਈ ਜਾਵੇ", ਤੇ ਉਸ ਨੂੰ ਪੂਰਾ ਭਰੋਸਾ ਸੀ ਕਿ ਸਾਰੀ ਨਹੀਂ ਤਾਂ ਅੱਧੀ ਰਕਮ ਉਹ ਜ਼ਰੂਰ ਲੈ ਮਰੇਗਾ।

ਤਿੰਨੇ ਜਣੇ ਇਕ-ਦੂਜੇ ਨਾਲ ਦੋਸਤਾਨਾ ਰਵੱਈਆ ਪ੍ਰਗਟ ਕਰ ਰਹੇ ਸਨ। ਸਮਾਜਕ ਤੌਰ ਉਤੇ ਉਹ ਭਾਵੇਂ ਸਭ ਵੱਖੋ-ਵੱਖ ਸ਼੍ਰੇਣੀ ਦੇ ਸਨ, ਪਰ 'ਮਾਇਆ-ਭਾਈ' ਹੋਣ ਕਰ ਕੇ ਉਨ੍ਹਾਂ ਦੀਆਂ ਰੁਚੀਆਂ ਮਿਲਦੀਆਂ-ਜੁਲਦੀਆਂ ਸਨ।

ਗੱਡੀ ਦੀ ਤੋਰ ਇਤਨੀ ਮੱਠੀ ਸੀ ਕਿ ਦਸ ਵਜੇ ਤੱਕ ਉਸ ਨੇ ਮਸਾਂ ਚਾਰ ਮੀਲ ਪੈਂਡਾ ਮੁਕਾਇਆ। ਤਿੰਨ-ਚਾਰ ਵਾਰੀ ਤਾਂ ਮੁਸਾਫ਼ਿਰਾਂ ਨੂੰ ਉਤਰਨਾ ਵੀ ਪਿਆ ਸੀ। ਸਾਰੇ ਬੜੇ ਕਾਹਲੇ ਪਏ ਹੋਏ ਸਨ। ਉਨ੍ਹਾਂ ਦਾ ਖਿਆਲ ਸੀ ਕਿ ਟੋਟਿਸ ਪਹੁੰਚ ਕੇ ਦੁਪਹਿਰਾਂ ਦੀ ਰੋਟੀ ਖਾਣਗੇ, ਪਰ ਗੱਡੀ ਦੀ ਤੋਰ ਤੋਂ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਸ਼ਾਮ ਤੱਕ ਵੀ ਉਹ ਉਥੇ ਨਹੀਂ ਪਹੁੰਚ ਸਕਦੇ। ਹਰ ਇਕ ਮੁਸਾਫ਼ਿਰ ਇਸੇ ਟੋਹ ਵਿਚ ਸੀ ਕਿ ਰਸਤੇ ਵਿਚ ਕੋਈ ਮਾੜੀ-ਮੋਟੀ ਸਰਾਂ ਮਿਲ ਜਾਵੇ। ਇਸੇ ਵੇਲੇ ਅਚਾਨਕ ਗੱਡੀ ਦੇ ਪਹੀਏ ਟੋਏ ਵਿਚ ਜਾ ਫ਼ਸੇ ਜਿਥੋਂ ਕੱਢਦਿਆਂ ਪੂਰੇ ਦੋ ਘੰਟੇ ਲੱਗ ਗਏ।

ਮੁਸਾਫ਼ਿਰਾਂ ਦੀ ਭੁੱਖ ਜਿਉਂ-ਜਿਉਂ ਵਧਦੀ ਜਾਂਦੀ ਸੀ, ਤਿਉਂ-ਤਿਉਂ ਉਨ੍ਹਾਂ ਦਾ ਉਤਸ਼ਾਹ ਘਟ ਰਿਹਾ ਸੀ। ਸਰਾਂ ਦਾ ਕਿਤੇ ਨਾਂ ਥੇਹ ਨਹੀਂ ਸੀ ਨਜ਼ਰੀਂ ਆਉਂਦਾ। ਜੇ ਕੋਈ ਮਿਲਦੀ ਵੀ, ਤਾਂ ਬੂਹੇ ਵੱਜੇ ਹੋਏ ਤੇ ਜੰਦਰੇ ਲੱਗੇ ਹੋਏ। ਇਨ੍ਹਾਂ ਬਰਫ਼ੀਲੇ ਦਿਨਾਂ ਵਿਚ ਮੁਸਾਫ਼ਿਰਾਂ ਦੀ ਆਵਾਜਾਈ ਬੰਦ ਹੋ ਜਾਣ ਕਰ ਕੇ ਸਰਾਵਾਂ ਵਾਲੇ ਵੀ ਆਪਣਾ ਟੱਬਾ-ਟੀਹਾ ਸਮੇਟ ਕੇ ਮਹੀਨੇ ਦੋ ਮਹੀਨਿਆਂ ਲਈ ਘਰੋ-ਘਰੀ ਚਲੇ ਜਾਇਆ ਕਰਦੇ ਸਨ। ਇਸ ਤੋਂ ਛੁਟ ਅੱਜ ਕੱਲ੍ਹ ਤਾਂ ਜਰਮਨਾਂ ਦੀ ਆਵਾਜਾਈ ਕਰ ਕੇ ਵੱਡੇ-ਵੱਡੇ ਹੋਟਲਾਂ ਵਾਲੇ ਵੀ ਡਰਦੇ ਮਾਰੇ ਨੱਸ ਗਏ ਸਨ।

ਇਕ ਦੋਹ ਥਾਂਈਂ ਜਿਥੇ ਖੇਤਾਂ ਵਿਚ ਟਾਂਵੀਂ-ਟਾਂਵੀਂ ਟੱਪਰੀ ਦਿਖਾਈ ਦਿੰਦੀ ਸੀ, ਮੁਸਾਫ਼ਿਰਾਂ ਨੇ ਗੱਡੀ ਖਲਿਹਾਰ ਕੇ ਉਥੋਂ ਪੇਟ ਪੂਜਾ ਦਾ ਕੁਝ ਸਮਾਨ ਢੂੰਡਣ ਦੀ ਕੋਸ਼ਿਸ਼ ਕੀਤੀ, ਪਰ ਕਿਤੇ ਵੀ ਉਨ੍ਹਾਂ ਨੂੰ ਕੁਝ ਨਾ ਲੱਭਾ। ਜਿਉਂ ਹੀ ਇਹ ਜਥਾ ਕਿਸਾਨਾਂ ਦੀਆਂ ਝੌਂਪੜੀਆਂ ਵੱਲ ਜਾਂਦਾ, ਉਹ ਵਿਚਾਰੇ ਇਨ੍ਹਾਂ ਨੂੰ ਡਾਕੂ ਸਮਝ ਕੇ ਆਪਣਾ ਸਭ ਕੁਝ ਪਹਿਲਾਂ ਹੀ ਲੁਕਾ ਛੱਡਦੇ। ਜਾਣਦੇ ਸਨ ਕਿ ਭਾਵੇਂ ਫਰਾਂਸੀਸੀ ਹੋਣ ਤੇ ਭਾਵੇਂ ਜਰਮਨ, ਭੁੱਖੇ ਸਿਪਾਹੀ ਉਨ੍ਹਾਂ ਪਾਸ ਜੋ ਕੁਝ ਵੀ ਦੇਖਣਗੇ, ਧਿੰਗੋ-ਜ਼ੋਰੀ ਖੋਹ ਲੈਣਗੇ। ਇਸ ਲਈ ਉਹ ਲੋਕ ਪਹਿਲਾਂ ਤੋਂ ਹੀ ਚੁਕੰਨੇ ਰਹਿੰਦੇ।

ਇਕ ਵੱਜ ਗਿਆ, ਪਰ ਅਜੇ ਤੱਕ ਮੁਸਾਫ਼ਿਰਾਂ ਦਾ ਬੇੜਾ ਬੰਨੇ ਲੱਗਣ ਦੀ ਕੋਈ ਆਸ ਨਹੀਂ ਸੀ ਜਾਪਦੀ। ਘੋੜੇ ਥੱਕ ਕੇ ਚਕਨਾਚੂਰ ਹੋ ਗਏ ਸਨ। ਚਾਬਕ ਚਲਾਂਦਿਆਂ-ਚਲਾਂਦਿਆਂ ਗੱਡੀਵਾਨ ਦੀਆਂ ਬਾਹਾਂ ਵਿਚ ਖੱਲੀਆਂ ਪੈ ਗਈਆਂ, ਤੇ ਘੋੜਿਆਂ ਨੂੰ ਗਾਲ੍ਹਾਂ ਕੱਢਦੇ ਦੀਆਂ ਘੱਗਾਂ ਮਿਲ ਗਈਆਂ ਸਨ।

ਪਰਦੇਸ ਵਿਚ ਭੁੱਖ ਉਂਜ ਹੀ ਬਹੁਤੀ ਚਮਕਦੀ ਹੈ; ਖਾਸ ਕਰ ਕੇ ਜਿਥੇ ਕੁਝ ਮਿਲਣ ਦੀ ਉਮੀਦ ਨਾ ਰਹੀ ਹੋਵੇ, ਉਥੇ ਤਾਂ ਢਿੱਡ ਵਿਚ ਕਤੂਰੇ ਹੀ ਭੌਂਕਣ ਲੱਗ ਪੈਂਦੇ ਹਨ। ਇਹੋ ਹਾਲਤ ਇਸ ਵੇਲੇ ਇਨ੍ਹਾਂ ਮੁਸਾਫ਼ਿਰਾਂ ਦੀ ਸੀ; ਖਾਸ ਕਰ ਕੇ ਉਸ ਅਮੀਰ ਤਰੇਘੜੇ ਦੀ ਹਾਲਤ ਤਾਂ ਬੜੀ ਹੀ ਤਰਸਯੋਗ ਸੀ। ਆਂਦਰਾਂ ਦੀ ਕੁਲਕੁਲਾਹਟ ਨੇ ਉਨ੍ਹਾਂ ਦੇ ਮਾਇਕ ਵਾਰਤਾਲਾਪ ਨੂੰ ਵੀ ਸਲ੍ਹਾਬਾ ਚਾੜ੍ਹ ਦਿੱਤਾ ਸੀ। ਸਭ ਦੀਆਂ ਜ਼ੁਬਾਨਾਂ ਜਿਵੇਂ ਤਾਲੂਆਂ ਨਾਲ ਸਿਊਂਤੀਆਂ ਸਨ। ਕੇਵਲ ਕਿਸੇ ਵੇਲੇ ਕੋਈ ਇਕ-ਅੱਧ ਅੰਗੜਾਈ ਜਾਂ ਉਬਾਸੀ ਲੈਂਦਾ ਕਹਿੰਦਾ, "ਓਹ! ਰੱਬ ਜੀ!"

ਮਾਰਗਰੇਟ ਦੇ ਨੇੜੇ ਬੈਠਾ ਗੱਭਰੂ ਲੋਸ਼ੀਓ ਬੋਲਿਆ, "ਬੜੀ ਭੁੱਖ ਲੱਗੀ ਹੈ, ਕੀ ਕਰੀਏ?" ਮਾਰਗਰੇਟ ਇਕ-ਦੋ ਵਾਰੀ ਹੇਠਾਂ ਝੁਕੀ। ਮਲੂਮ ਹੁੰਦਾ ਸੀ, ਉਹ ਆਪਣੀ ਸੀਟ ਦੇ ਹੇਠੋਂ ਕੁਝ ਲੱਭ ਰਹੀ ਹੈ। ਦੋ-ਚਾਰ ਮਿੰਟ ਉਹ ਹਿਚਕਾਂਦੀ ਹੋਈ ਮੁਸਾਫ਼ਿਰਾਂ ਵੱਲ ਤੱਕਦੀ, ਤੇ ਫਿਰ ਸ਼ਾਂਤ ਭਾਵ ਨਾਲ ਤਣ ਕੇ ਬੈਠ ਜਾਂਦੀ। ਸਭਨਾਂ ਦੇ ਚਿਹਰੇ ਪੀਲੇ ਪੈਂਦੇ ਜਾਂਦੇ ਸਨ। ਲੋਸ਼ੀਓ ਨੇ ਫ਼ਿਰ ਕਿਹਾ, "ਇਸ ਵੇਲੇ ਜੇ ਕੋਈ ਚੱਪਾ ਕੁ ਰੋਟੀ ਤੇ ਇਕ ਪਲੇਟ ਮਾਸ ਦੀ ਲਿਆ ਦੇਵੇ ਤਾਂ ਮੈਂ ਉਸ ਨੂੰ ਹਜ਼ਾਰ ਫ਼ਰੈਂਕ ਦੇਣ ਨੂੰ ਤਿਆਰ ਹਾਂ।"

ਉਸ ਦੀ ਵਹੁਟੀ ਨੇ ਝਟਪਟ ਪਤੀ ਦੀ ਇਸ ਥੋੜ੍ਹਦਿਲੀ ਦਾ ਵਿਰੋਧ ਕੀਤਾ, ਕਿਉਂਕਿ ਦੌਲਤ ਦੀ ਇਸ ਬੇਦਰਦੀ ਨਾਲ ਵਰਤੋਂ ਨੂੰ ਉਹ ਪਸੰਦ ਨਹੀਂ ਸੀ ਕਰਦੀ। ਉਹ ਭਾਵੇਂ ਜਾਣਦੀ ਸੀ ਕਿ ਉਸ ਦੇ ਪਤੀ ਨੇ ਇਹ ਸ਼ਬਦ ਐਵੇਂ ਹਾਸੇ ਭਾਣੇ ਹੀ ਕਹੇ ਹਨ, ਤਾਂ ਵੀ ਉਹ ਸਹਾਰ ਨਾ ਸਕੀ।

ਕਾਰਨੂਟੇਡ ਕੋਲ ਸ਼ਰਾਬ ਦੀ ਬੋਤਲ ਸੀ। ਉਸ ਨੇ ਆਪਣੇ ਸਾਥੀਆਂ ਨੂੰ ਸੁਲ੍ਹਾ ਮਾਰੀ। ਲੋਸ਼ੀਓ ਨੂੰ ਛੱਡ ਕੇ ਬਾਕੀ ਸਭ ਨੇ ਨਾਂਹ ਕਰ ਦਿੱਤੀ। ਲੋਸ਼ੀਓ ਨੇ ਬੋਤਲ ਵਿਚੋਂ ਕੇਵਲ ਇਕ-ਦੋ ਘੁੱਟ ਪੀਤੇ, ਤੇ ਧੰਨਵਾਦ ਸਹਿਤ ਬੋਤਲ ਮੋੜਦਾ ਕਹਿਣ ਲੱਗਾ, "ਸ਼ਰਾਬ ਬੇਸ਼ੱਕ ਬੜੀ ਵਧੀਆ ਕਿਸਮ ਦੀ ਹੈ, ਪੀਂਦਿਆਂ ਹੀ ਸਰੀਰ ਨਿੱਘਾ ਹੋ ਗਿਆ ਹੈ।"

ਸ਼ਰਾਬ ਦੇ ਦੋ ਘੁੱਟ ਪੀ ਕੇ ਉਹ ਕੁਝ ਚੁਸਤ ਹੋ ਗਿਆ। ਉਸ ਨੇ ਸਾਰਿਆਂ ਦੇ ਸਾਹਮਣੇ ਮਤਾ ਪੇਸ਼ ਕੀਤਾ ਕਿ ਜਿਸ ਤਰ੍ਹਾਂ ਮਲਾਹਾਂ ਦੇ ਕਿਸੇ ਗੀਤ ਵਿਚ ਦੱਸਿਆ ਗਿਆ ਹੈ, ਉਨ੍ਹਾਂ ਨੂੰ ਵੀ ਆਪਣੇ ਵਿਚੋਂ ਸਭ ਤੋਂ ਮੋਟੇ ਆਦਮੀ ਨੂੰ ਖਾ ਲੈਣਾ ਚਾਹੀਦਾ ਹੈ। ਇਸ ਭੱਦੇ ਜਿਹੇ ਮਜ਼ਾਕ ਦਾ ਕਿਸੇ ਨੇ ਕੋਈ ਉਤਰ ਨਾ ਦਿੱਤਾ। ਸਾਰੇ ਜਾਣਦੇ ਸਨ ਕਿ ਉਹਦੀ ਇਸ ਟਿੱਚਰ ਦਾ ਨਿਸ਼ਾਨਾ, ਛੁੱਟ ਉਸ ਮੋਟੀ ਵੇਸਵਾ ਮਾਰਗਰੇਟ ਤੋਂ ਹੋਰ ਕੋਈ ਨਹੀਂ ਸੀ। ਕੇਵਲ ਕਾਰਨੂਟੇਡ ਮੁਸਕਰਾਇਆ। ਦੋਹਾਂ ਬ੍ਰਹਮਚਾਰਨੀਆਂ ਨੇ ਮਾਲਾ ਫੇਰਨੀ ਸ਼ੁਰੂ ਕਰ ਦਿੱਤੀ ਸੀ। ਉਹ ਹੱਥਾਂ ਨੂੰ ਬਗਲਾਂ ਹੇਠ ਘੁੱਟੀ ਬੈਠੀਆਂ ਸਨ ਪਰ ਅੱਖਾਂ ਉਨ੍ਹਾਂ ਦੀਆਂ ਬਰਾਬਰ ਝੁਕੀਆਂ ਹੋਈਆਂ ਸਨ। ਸ਼ਾਇਦ ਇਸ ਵੇਲੇ ਦੋਵੇਂ ਇਹੋ ਸੋਚ ਰਹੀਆਂ ਸਨ ਕਿ ਈਸਾ ਮਸੀਹ ਨੇ ਇਹ ਜਿਹੜੀ ਮੁਸੀਬਤ ਉਨ੍ਹਾਂ ਨੂੰ ਭੇਜੀ ਹੈ, ਇਹ ਅਸਲ ਵਿਚ ਉਨ੍ਹਾਂ ਦੇ ਸਬਰ ਸੰਤੋਖ ਦਾ ਇਮਤਿਹਾਨ ਲੈਣ ਲਈ ਹੈ।

ਕਰੀਬ ਤਿੰਨ ਵਜੇ ਗੱਡੀ ਮੋਕਲੇ ਜਿਹੇ ਮੈਦਾਨ ਵਿਚੋਂ ਜਾ ਰਹੀ ਸੀ, ਤੇ ਹੁਣ ਤੱਕ ਉਨ੍ਹਾਂ ਨੂੰ ਇਕ ਵੀ ਪਿੰਡ ਨਹੀਂ ਸੀ ਦਿਸਿਆ। ਮਰਗਰੇਟ ਤੇਜ਼ੀ ਨਾਲ ਇਕ ਵਾਰੀ ਫੇਰ ਹੇਠਾਂ ਝੁਕੀ, ਤੇ ਸੀਟ ਥੱਲਿਓਂ ਹੱਥ ਵਧਾ ਕੇ ਉਸ ਨੇ ਪਤਲੇ ਬੈਂਤ ਦੀ ਪਟਾਰੀ ਬਾਹਰ ਕੱਢ ਲਈ ਜਿਸ ਵਿਚੋਂ ਉਸ ਨੇ ਦੋ ਸਾਬਤ ਚੂਚੇ ਕਬਾਬ ਕੀਤੇ ਹੋਏ ਕੱਢੇ। ਪਟਾਰੀ ਵਿਚ ਹੋਰ ਵੀ ਬਥੇਰਾ ਕੁਝ ਸੀ, ਪਨੀਰ, ਰੋਟੀ, ਮੱਖਣ ਆਦਿ; ਮਤਲਬ ਪੂਰੇ ਤਿੰਨ ਦਿਨਾਂ ਦੇ ਖਾਣ ਲਈ ਉਸ ਵਿਚ ਸਾਮਾਨ ਮੌਜੂਦ ਸੀ ਜਿਸ ਕਰ ਕੇ ਉਸ ਨੂੰ ਰਸਤੇ ਵਿਚ ਕੋਈ ਸਰਾਂ ਜਾਂ ਹੋਟਲ ਲੱਭਣ ਦੀ ਲੋੜ ਨਹੀਂ ਸੀ। ਟੋਕਰੀ ਵਿਚੋਂ ਦੂਹ-ਤਿੰਨਾਂ ਬੰਦ ਬੋਤਲਾਂ ਦੇ ਲਾਖ ਨਾਲ ਮੜ੍ਹੇ ਹੋਏ ਮੂੰਹ ਵੀ ਨਜ਼ਰੀਂ ਆ ਰਹੇ ਸਨ। ਉਸ ਨੇ ਚੂਚਿਆਂ ਤੇ ਡਬਲ ਰੋਟੀ ਨੂੰ ਛੁਰੀ ਨਾਲ ਕੱਟਿਆ ਤੇ ਖੂਬ ਸੁਆਦ ਲਾ-ਲਾ ਖਾਣ ਲੱਗੀ।

ਸਾਰੇ ਮੁਸਾਫ਼ਿਰ ਸੱਧਰਾਈਆਂ ਨਜ਼ਰਾਂ ਨਾਲ

***(ਬਾਕੀ ਅਗਲੇ ਸਫ਼ੇ 'ਤੇ)***

# ਜਦ ਚਿੜੀਆਂ ਚੁਗ ਜਾਣ ਖੇਤ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਅਸੀਂ ਆਪਣੇ ਪੰਜ ਭੂਤਕ ਸਰੀਰ ਦਾ ਬਹੁਤ ਮਾਣ ਕਰਦੇ ਹਾਂ ਪਰ ਇਹ ਤਾਂ ਟਿੱਬਿਆਂ ਦੀ ਰੇਤ ਵਾਂਗ ਦੁੱਖਾਂ ਦਾ ਇਕ ਵੀ ਵਾ-ਵਰੋਲਾ ਨਹੀਂ ਝੱਲਦਾ ਤੇ ਝੱਟ-ਪੱਟ ਹੀ ਉਡ ਜਾਂਦਾ ਹੈ। ਆਪਣੇ ਰੁਤਬੇ, ਮਾਇਆ ਦੇ ਹੰਕਾਰ ਵਿਚ ਕਈ ਵਾਰ ਉਹ ਕੰਮ ਕਰ ਜਾਂਦੇ ਹਾਂ ਜੋ ਸਾਨੂੰ ਕਰਨੇ ਨਹੀਂ ਚਾਹੀਦੇ ਸੀ। ਜਦੋਂ ਸਾਡੇ ਆਪਣੇ ਸਰੀਰ ਉਤੇ ਦੁੱਖਾਂ ਦਾ ਗੇੜ ਚੱਲਦਾ ਹੈ ਤਾਂ ਸਾਨੂੰ ਪਾਪਾਂ ਦੀਆਂ ਭਰੀਆਂ ਟਿੰਡਾਂ ਦਿਖਾਈ ਦਿੰਦੀਆਂ ਹਨ। ਅਸੀਂ ਮਾਲਾ ਦੇ ਮਣਕਿਆਂ ਨਾਲ ਇਸ ਟਿੰਡਾਂ ਨੂੰ ਖਾਲੀ ਕਰਨਾ ਚਾਹੁੰਦੇ ਹਾਂ ਪਰ ਅਫਸੋਸ! ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਆਪਣੀ ਜ਼ਿੰਦਗੀ ਵਿਚ ਹੰਕਾਰ ਨਾਲ ਤੁਰਨ ਵਾਲਾ, ਦੁੱਖਾਂ ਦੇ ਬਿਸਤਰੇ 'ਤੇ ਪਿਆ ਫਿਰ ਇੰਜ ਹੱਥ ਜੋੜ ਕੇ ਮੁਆਫੀ ਮੰਗਦਾ ਹੈ:

ਮੇਰਾ ਨਾਂ ਤਾਂ ਗਿਆਨ ਸਿੰਘ ਹੈ ਪਰ ਮੈਂ ਸਾਰੀ ਉਮਰ ਹੰਕਾਰ ਦੇ ਹਨੇਰੇ ਵਿਚ ਹੀ ਤੁਰਿਆ ਰਿਹਾ। ਲਾਲਚ ਨੇ ਮੇਰੀਆਂ ਅੱਖਾਂ ਅੱਗੇ ਅਜਿਹੀ ਪੱਟੀ ਬੰਨ੍ਹ ਦਿੱਤੀ ਸੀ ਕਿ ਮੈਨੂੰ ਆਪਣੇ ਅਤੇ ਪਰਾਏ ਦੀ ਪਛਾਣ ਵੀ ਭੁੱਲ ਗਈ ਸੀ ਪਰ ਅੱਜ ਮੈਨੂੰ ਹਰ ਰਾਹਗੀਰ ਵੀ ਆਪਣਾ ਲੱਗਦਾ ਹੈ, ਪਰ ਅਫਸੋਸ! ਅੱਜ ਮੈਨੂੰ ਕੋਈ ਵੀ ਆਪਣਾ ਬਣਾਉਣ ਲਈ ਤਿਆਰ ਨਹੀਂ ਹੈ।

ਮੇਰੇ ਤਿੰਨ ਭਰਾ ਤੇ ਤਿੰਨ ਭੈਣਾਂ ਹਨ। ਪਿੰਡ ਦੇ ਸਕੂਲ ਵਿਚੋਂ ਥੋੜ੍ਹਾ ਬਹੁਤਾ ਲਿਖਣਾ ਪੜ੍ਹਨਾ ਸਿੱਖ ਲਿਆ ਸੀ। ਬਾਪੂ ਅਤੇ ਭਰਾਵਾਂ ਨਾਲ ਖੇਤੀ ਕਰਵਾਉਂਦਾ। ਕਈ ਵਾਰ ਸਿਰ ਤੋਂ ਏਅਰਫੋਰਸ ਵਾਲਿਆਂ ਦੇ ਲੜਾਕੂ ਜਹਾਜ਼ ਲੰਘਦੇ ਤਾਂ ਮਨ ਵਿਚ ਜਹਾਜ਼ ਦਾ ਝੂਟਾ ਲੈਣ ਦੀ ਚਾਹਤ ਪੈਦਾ ਹੁੰਦੀ ਪਰ ਗਰੀਬੀ ਦੀ ਚਾਦਰ ਉਸ ਚਾਹਤ ਨੂੰ ਢਕ ਦਿੰਦੀ। ਸਾਡਾ ਹਾੜ੍ਹੀ-ਸਾਉਣੀ ਦਾ ਕੰਮ ਹੀ ਨਾ ਮੁੱਕਦਾ। ਮੇਰੇ ਅੰਦਰ ਹਮੇਸ਼ਾ ਵੱਖਰਾ ਕਰਨ ਦੀ ਤਾਂਘ ਰਹਿੰਦੀ ਪਰ ਅੜਬ ਸੁਭਾਅ ਦੇ ਬਾਪੂ ਅੱਗੇ ਮੈਂ ਝੁਕ ਜਾਂਦਾ। ਫਿਰ ਜਦੋਂ ਮੱਸ ਫੁੱਟਣ ਲੱਗੀ ਤਾਂ ਮੈਂ ਬਾਹਰ ਜਾਣ ਵਾਸਤੇ ਬਾਪੂ ਨੂੰ ਕਿਹਾ।

ਬਾਪੂ ਕਹਿੰਦਾ, ਹੁਣ ਤਾਂ ਸਾਰਾ ਟੱਬਰ ਰੋਟੀ ਖਾਈ ਜਾਂਦਾ ਹੈ, ਜੇ ਏਜੰਟਾਂ ਨੇ ਧੋਖਾ ਕਰ ਦਿੱਤਾ ਤਾਂ ਆਹ ਖੇਤ ਆਉਣੋਂ ਵੀ ਰਹਿ ਜਾਵਾਂਗੇ। ਮੈਂ ਚੁੱਪ ਕਰ ਜਾਂਦਾ। ਫਿਰ ਜਦੋਂ ਕਿਸੇ ਕੈਨੇਡੀਅਨ ਜਾਂ ਵਲੈਤੀਏ ਨੂੰ ਪਿੰਡ ਆਇਆ ਦੇਖਦਾ, ਮੈਂ ਬਾਹਰ ਜਾਣ ਦੀ ਜ਼ਿਦ ਕਰਨ ਲਗਦਾ। ਉਸ ਸਮੇਂ ਤਾਂ ਮੈਂ ਜਿਵੇਂ ਅੱਧਾ ਹੀ ਰਹਿ ਗਿਆ, ਜਦੋਂ ਮੇਰਾ ਹਮ-ਉਮਰ ਮਿੱਤਰ ਸੁਖਵੀਰ ਆਪਣੇ ਮਾਮੇ ਕੋਲ ਅਮਰੀਕਾ ਪਹੁੰਚ ਗਿਆ। ਮੈਨੂੰ ਪਿੰਡ ਦੀਆਂ ਸੱਥਾਂ ਤੇ ਜੂਹਾਂ ਉਜੜੀਆਂ ਹੋਈਆਂ ਲੱਗਣ ਲੱਗੀਆਂ। ਖਾਣਾ-ਪੀਣਾ ਵੀ ਛੱਡ ਦਿੱਤਾ। ਮਾਂ ਨੇ ਮੇਰੀ ਹਾਲਤ ਦੇਖ ਕੇ ਮੇਰੇ ਬਾਪੂ ਤੇ ਭਰਾਵਾਂ ਨੂੰ ਮਨਾ ਲਿਆ ਕਿ ਇਸ ਨੂੰ ਬਾਹਰਲੇ ਦੇਸ਼ ਤੋਰ ਦੇਈਏ। ਸਾਰਿਆਂ ਨੇ ਸਲਾਹ ਕਰ ਕੇ ਸਾਡੀ ਜੱਦੀ ਜ਼ਮੀਨ ਤਿੰਨ ਕਿੱਲੇ ਕਾਨਪੁਰੀਆਂ ਕੋਲ ਗਹਿਣੇ ਧਰ ਦਿੱਤੀ। ਉਨ੍ਹਾਂ ਦਿਨਾਂ ਵਿਚ ਮੁੰਡੇ ਜਰਮਨੀ ਨੂੰ ਜਾਂਦੇ ਸਨ। ਮੈਂ ਵੀ ਪਿੰਡ ਦੇ ਦੋ ਮੁੰਡਿਆਂ ਨਾਲ ਜਰਮਨੀ ਪਹੁੰਚ ਗਿਆ। ਮੈਨੂੰ ਇੰਜ ਲੱਗਿਆ ਕਿ ਸਵਰਗ ਰੱਬ ਕੋਲ ਨਹੀਂ, ਇੱਥੇ ਹੀ ਹੈ। ਮੈਂ ਛੇਤੀ ਹੀ ਇਸ ਸਵਰਗ ਦਾ ਝੂਟਾ ਲੈਣਾ ਸ਼ੁਰੂ ਕਰ ਦਿੱਤਾ। ਪਿੱਛੇ ਗਹਿਣੇ ਰੱਖੀ ਜ਼ਮੀਨ ਭੁੱਲ ਗਿਆ। ਰੈਸਟੋਰੈਂਟ ਉਤੇ ਕੰਮ ਕਰਦੀ ਗੋਰੀ ਨਾਲ ਇਸ਼ਕ ਦਾ ਪੇਚਾ ਪੈ ਗਿਆ ਤੇ ਸਾਡੀਆਂ ਗੁੱਡੀਆਂ ਅਸਮਾਨੀਂ ਚੜ੍ਹਨ ਲੱਗੀਆਂ। ਪਿੰਡ ਤੋਂ ਚਿੱਠੀ ਆਉਣੀ ਤਾਂ ਸ਼ਰਾਬ ਦੇ ਨਸ਼ੇ ਵਿਚ ਹੀ ਪੜ੍ਹ ਕੇ ਪਾੜ ਦੇਣੀ। ਰੈਸਟੋਰੈਂਟ ਦੀ ਕਮਾਈ ਕੰਜਰਪੁਣੇ ਵਿਚ ਹੀ ਲੁਟਾ ਦੇਣੀ। ਫਿਰ ਇਕ ਦਿਨ ਇਕ ਪੇਂਡੂ ਮਿਲਿਆ, ਤੇ ਉਸ ਨੇ ਦੱਸਿਆ ਕਿ ਜੇ ਤੁਸੀਂ ਗਹਿਣੇ ਦੇ ਪੈਸੇ ਵਾਪਸ ਨਾ ਮੋੜੇ ਤਾਂ ਕਾਨਪੁਰੀਆਂ ਨੇ ਇਕ ਕਿੱਲਾ ਜ਼ਮੀਨ ਬੈਅ ਲਿਖਵਾ ਲੈਣੀ ਹੈ। ਤੂੰ ਪੈਸੇ ਭੇਜ, ਜ਼ਮੀਨ ਦੇ ਨਾਲ ਆਪਣੇ ਮਾਂ-ਪਿਉ ਦੀ ਇੱਜ਼ਤ ਵੀ ਬਚਾ ਲੈ। ਮੈਂ ਸਾਰੀ ਗੱਲ ਗੋਰੀ ਨੂੰ ਦੱਸੀ। ਉਸ ਨੇ ਦੂਜੇ ਦਿਨ ਪੈਸੇ ਲਿਆ ਦਿੱਤੇ ਤੇ ਮੈਂ ਪਿੰਡ ਪਾ ਦਿੱਤੇ। ਬਾਪੂ ਹੋਰੀਂ ਕਾਨਪੁਰੀਆਂ ਦੇ ਕਾਗਜ਼ਾਂ ਤੋਂ ਮੁਕਤ ਹੋ ਗਏ। ਮੈਂ ਇੱਧਰ ਥਾਣੇ ਪਹੁੰਚ ਗਿਆ। ਗੋਰੀ ਨੇ ਆਪਣੇ ਪਿਉ ਦਾ ਚੈਕ ਆਪ ਹੀ ਸਾਈਨ ਕਰ ਕੇ ਕੈਸ਼ ਕਰਵਾ ਲਿਆ ਸੀ। ਜਦੋਂ ਉਸ ਦੇ ਪਿਉ ਨੂੰ ਪਤਾ ਲੱਗਾ ਤਾਂ ਯਾਰ ਹੋਰੀਂ ਥਾਣੇ ਪੁੱਜ ਗਏ।

ਗੋਰੀ ਦਾ ਬਾਪੂ ਕਹੇ ਕਿ ਮੇਰੇ ਪੈਸੇ ਵਾਪਸ ਕਰ, ਪਰ ਮੈਂ ਪੈਸੇ ਕਿੱਥੋਂ ਦਿੰਦਾ। ਪੈਸੇ ਤਾਂ ਕਾਨਪੁਰੀਆਂ ਦੇ ਖਾਤੇ ਵਿਚ ਜਮ੍ਹਾ ਹੋ ਚੁੱਕੇ ਸਨ। ਅਖੀਰ ਇਸ ਝੰਜਟ ਨੇ ਮੈਨੂੰ ਡੀਪੋਰਟ ਕਰਵਾ ਦਿੱਤਾ। ਫਿਰ ਉਹੀ ਪਿੰਡ ਤੇ ਉਹੀ ਖੇਤ ਪੱਲੇ ਪੈ ਗਏ। ਹਾਲਤ ਇਹ ਹੋ ਗਏ ਸਨ ਕਿ ਧੋਬੀ ਦਾ ਕੁੱਤਾ ਨਾ ਘਰ ਦਾ ਰਿਹਾ, ਨਾ ਘਾਟ ਦਾ। ਫਿਰ ਸੁਖਵੀਰ ਨੂੰ ਲੰਮੇ-ਲੰਮੇ ਖਤ ਲਿਖਣੇ ਸ਼ੁਰੂ ਕੀਤੇ। ਉਸ ਦੇ ਮਨ ਮਿਹਰ ਪਈ। ਉਸ ਨੇ ਫਿਜ਼ੀ ਮੂਲ ਦੀ ਕੋਈ ਕੁੜੀ ਭੇਜ ਕੇ ਮੇਰਾ ਵਿਆਹ ਕਰ ਦਿੱਤਾ। ਇਕ ਸਾਲ ਵਿਚ ਮੈਂ ਨਿਊ ਯਾਰਕ ਆ ਗਿਆ। ਫਿਜ਼ੀ ਕੁੜੀ ਕੋਲੋਂ ਮੈਂ ਸਿਟੀਜ਼ਨਸ਼ਿਪ ਲੈ ਕੇ ਉਸ ਨੂੰ ਤਲਾਕ ਦੇ ਦਿੱਤਾ। ਹੁਣ ਮਨ ਵਿਚ ਲਾਲਚ ਨੇ ਡੇਰਾ ਲਾਇਆ ਕਿ ਪਿੰਡ ਜਾ ਕੇ ਵਿਆਹ ਕਰਵਾ ਲਵਾਂ ਤੇ ਪੂਰਾ ਦਾਜ-ਦਹੇਜ ਮੰਗਾਂ। ਕਾਰ ਵੀ ਜ਼ਰੂਰ ਮੰਗਣੀ ਹੈ।

ਪਿੰਡ ਜਾਣ ਦੀ ਤਿਆਰੀ ਕਰਨ ਲੱਗਾ ਤਾਂ ਮੈਨੂੰ ਸੁਖਵੀਰ ਕਹਿੰਦਾ, "ਬਾਈ ਗਿਆਨ, ਜੇ ਤੂੰ ਵਿਆਹ ਕਰਵਾਉਣ ਚੱਲਿਆ ਹੈਂ, ਤਾਂ ਮੈਂ ਵੀ ਤੇਰੇ ਨਾਲ ਚਲਦਾ ਹਾਂ। ਮੇਰੀ ਮਾਸੀ ਦੀ ਧੀ ਹੈ, ਤੂੰ ਉਥੇ ਉਸ ਨਾਲ ਵਿਆਹ ਕਰਵਾ ਲੈ। ਉਹ ਵਿਚਾਰੇ ਗਰੀਬ ਹਨ। ਉਨ੍ਹਾਂ ਦਾ ਵੀ ਭਲਾ ਹੋ ਜਾਵੇਗਾ ਤੇ ਆਪਣੀ ਮਿੱਤਰਤਾ ਵੀ ਰਿਸ਼ਤੇਦਾਰੀ ਵਿਚ ਬਦਲ ਜਾਵੇਗੀ।" ਪਰ ਮੈਂ ਸੁਖਵੀਰ ਦੇ ਕੀਤੇ ਅਹਿਸਾਨਾਂ ਨੂੰ ਭੁੱਲ ਗਿਆ। ਮੈਂ ਲਾਲਚੀ ਹੋ ਬਚਪਨ ਦੀ ਯਾਰੀ ਕੱਚ ਦੇ ਗਲਾਸ ਵਾਂਗ ਤੋੜ ਕੇ ਖਿਲਾਰ ਗਿਆ। ਪਿੰਡ ਜਾ ਕੇ ਅਖ਼ਬਾਰ ਵਿਚ ਵਿਆਹ ਦਾ ਇਸ਼ਤਿਹਾਰ ਦਿੱਤਾ। ਕੁੜੀ ਵਾਲਿਆਂ ਨੇ ਸਾਡੇ ਘਰ ਦੀ ਦਹਿਲੀਜ਼ ਨੀਵੀਂ ਕਰ ਦਿੱਤੀ। ਦਾਜ ਨਾਲ ਭਰੇ ਟਰੱਕ ਤੇ ਕਾਰ ਨਾਲ ਨਕਦ ਰਕਮ ਵਾਲੇ ਰਿਸ਼ਤੇ ਆਉਣ ਲੱਗੇ। ਮੇਰੇ ਮਾਂ-ਪਿਉ ਨੇ ਬਥੇਰਾ ਸਮਝਾਇਆ ਸੀ ਕਿ ਆਪਾਂ ਤੇਰੀਆਂ ਭੈਣਾਂ ਨੂੰ ਕੀ ਦੇ ਕੇ ਤੋਰਿਆ ਹੈ? ਜੇ ਤੂੰ ਪਿੰਡ ਹੁੰਦਾ ਤਾਂ ਪੈਸੇ ਦੇ ਕੇ ਵੀ ਵਿਆਹ ਨਹੀਂ ਹੋਣਾ ਸੀ ਪਰ ਮੈਂ ਸ਼ਰਮ ਦੀਆਂ ਸਾਰੀਆਂ ਹੱਦਾਂ ਟੱਪ ਗਿਆ। ਜਿਥੋਂ ਸਭ ਤੋਂ ਵੱਧ ਨਕਦੀ ਤੇ ਸੋਨਾ ਮਿਲਿਆ, ਉਨ੍ਹਾਂ ਦੇ ਬੂਹੇ ਜਾ ਢੁੱਕਿਆ। ਵਿਆਹ ਤੋਂ ਦੋ ਮਹੀਨੇ ਬਾਅਦ ਹੀ ਮੈਂ ਕਾਰ ਵੇਚ ਦਿੱਤੀ। ਜਿੰਨਾ ਸੋਨਾ ਸੀ, ਉਹ ਵੀ ਵੇਚ ਕੇ ਡਾਲਰ ਬਣਾ ਕੇ ਇਥੇ ਆ ਗਿਆ। ਘਰਵਾਲੀ ਦੇ ਆਉਣ ਤੋਂ ਪਹਿਲਾਂ ਮੈਂ ਸਟੋਰ ਲੈਣ ਵਿਚ ਕਾਮਯਾਬ ਹੋ ਗਿਆ। ਹੌਲੀ ਹੌਲੀ ਮੈਂ ਇਕ ਤੋਂ ਤਿੰਨ ਸਟੋਰ ਕਰ ਲਏ। ਇਸ ਸਭ ਨੇ ਮੇਰੇ ਹੰਕਾਰ ਨੂੰ ਹੋਰ ਪੁੱਠ ਦਿੱਤੀ। ਮੈਂ ਹਰ ਇਕ ਨੂੰ ਟਿੱਚਰ ਨਾਲ ਬੁਲਾਉਣਾ ਸ਼ੁਰੂ ਕਰ ਦਿੱਤਾ। ਪਿੰਡ ਆਪਣੇ ਭਰਾਵਾਂ ਨੂੰ ਇਕ ਵੀ ਸਿਆੜ ਜ਼ਮੀਨ ਦਾ ਨਹੀਂ ਲੈ ਕੇ ਦਿੱਤਾ। ਮਾਂ-ਪਿਉ ਨੇ ਬਥੇਰਾ ਕਿਹਾ ਕਿ ਭੈਣ-ਭਰਾਵਾਂ ਦੇ ਕਾਗਜ਼ ਭਰ ਦੇ, ਪਰ ਮੇਰੇ ਕੰਨਾਂ 'ਤੇ ਜੂੰ ਨਾ ਸਰਕੀ। ਉਨ੍ਹਾਂ ਨੇ ਆਪਣੇ ਵਿਆਹ ਆਪ ਕਰਵਾਏ। ਮਾੜੇ-ਚੰਗੇ ਘਰ ਬਣਾ ਲਏ। ਮਾਂ ਨੇ ਕਿਹਾ ਸੀ, ਪਿੰਡ ਕੋਠੀ ਪਾ ਲੈ, ਅਸੀਂ ਵੀ ਚਾਰ ਸਾਲ ਸੁੱਖ ਦੇ ਕੱਢ ਜਾਵਾਂਗੇ; ਪਰ ਨਹੀਂ! ਮੈਂ ਤਾਂ ਆਪਣੇ ਹਿੱਸੇ ਦਾ ਥਾਂ ਵੀ ਭਰਾਵਾਂ ਦੇ ਘਰਾਂ ਵਿਚਕਾਰ ਛੁਡਾ ਲਿਆ। ਮੈਂ ਇਥੇ ਵਧੀਆ ਘਰ ਖਰੀਦ ਲਿਆ ਤੇ ਵਧੀਆ ਕਾਰਾਂ ਖਰੀਦੀਆਂ। ਘਰਵਾਲੀ ਆਉਣ ਤੋਂ ਬਾਅਦ ਮੇਰੇ ਘਰ ਦੋ ਜੌੜੀਆਂ ਧੀਆਂ ਹੋਈਆਂ, ਪਰ ਮੈਂ ਟੱਸ ਤੋਂ ਮੱਸ ਨਹੀਂ ਹੋਇਆ। ਸਿਆਣੇ ਕਹਿੰਦੇ ਨੇ ਜਿਸ ਦਿਨ ਘਰ ਵਿਚ ਧੀ ਜਨਮ ਲੈਂਦੀ ਹੈ, ਉਸ ਦਿਨ ਬਾਪ ਦੀ ਪੱਗ ਦਾ ਰੰਗ ਚਿੱਟਾ ਹੋ ਜਾਂਦਾ ਹੈ। ਚਿੱਟਾ ਰੰਗ ਕਿਸੇ ਅਫਸੋਸ ਦਾ ਪ੍ਰਤੀਕ ਨਹੀਂ ਸਗੋਂ ਸਹਿਜ, ਨਿਮਰਤਾ ਤੇ ਇੱਜ਼ਤਦਾਰ ਬਾਪ ਦਾ ਫਰਜ਼ ਪਛਾਣਨ ਲਈ ਹੁੰਦਾ ਹੈ ਪਰ ਮੈਂ ਤਾਂ ਧਨ ਨਾਲ ਹੀ ਕਮਲਾ ਹੋਇਆ ਰਿਹਾ।

ਫਿਰ ਪਿੰਡੋਂ ਫੋਨ ਆਇਆ ਕਿ ਮਾਂ ਮੁੱਕ ਗਈ ਹੈ, ਸਸਕਾਰ ਕਰ ਦੇਈਏ ਜਾਂ ਆਉਣਾ ਹੈ? ਮੈਂ ਭੋਗ 'ਤੇ ਪਹੁੰਚਣ ਦਾ ਕਹਿ ਕੇ ਮਾਂ ਦਾ ਸਸਕਾਰ ਕਰਵਾ ਦਿੱਤਾ। ਭੋਗ 'ਤੇ ਪਹੁੰਚਿਆ, ਮੈਨੂੰ ਕਿਸੇ ਵੀ ਪਿੰਡ ਵਾਲੇ ਨੇ ਨਹੀਂ ਬੁਲਾਇਆ। ਮੈਂ ਇਸ ਕਰ ਕੇ ਆਕੜਿਆ ਰਿਹਾ ਕਿ ਮੈਂ ਤਾਂ ਅਮੀਰ ਹਾਂ, ਮੈਂ ਇਨ੍ਹਾਂ ਤੋਂ ਕੀ ਲੈਣਾ ਹੈ? ਭਰਾਵਾਂ ਨਾਲ ਸ਼ਰੀਕੇਬਾਜ਼ੀ ਕਰ ਕੇ ਸਾਰਾ ਖਰਚਾ ਬਰਾਬਰ ਕਰਵਾਇਆ। ਮਾਂ ਦੀਆਂ ਵਾਲੀਆਂ ਤੇ ਮੁੰਦਰੀਆਂ ਵਿਚੋਂ ਵੀ ਆਪਣਾ ਬਣਦਾ ਹਿੱਸਾ ਲਿਆ। ਮੇਰਾ ਅਮਰੀਕਾ ਦਾ ਸਹਾਰਾ ਨਾ ਮਾਂ-ਪਿਉ ਤੇ ਨਾ ਹੀ ਭਰਾਵਾਂ ਨੂੰ ਹੋਇਆ। ਦੂਜੇ ਪਾਸੇ ਘਰਵਾਲੀ ਦਾ ਪੇਕਾ ਪਰਿਵਾਰ ਆਪਣੇ ਬੱਚੇ ਲੈ ਕੇ ਅਮਰੀਕਾ ਆ ਗਿਆ। ਮੈਂ ਹਮੇਸ਼ਾ ਆਪਣੇ ਸਾਲਿਆਂ ਤੋਂ ਕੰਨ ਭੰਨਦਾ ਰਿਹਾ, ਕਿਉਂਕਿ ਉਨ੍ਹਾਂ ਦੀ ਨਿਗ੍ਹਾ ਵਿਚ ਮੈਂ ਕੋਈ ਅਮੀਰ ਆਦਮੀ ਨਹੀਂ ਸੀ ਸਗੋਂ ਕਿਸੇ ਪੁਲ 'ਤੇ ਬੈਠਾ ਹੋਇਆ ਕੋਈ ਮੰਗਤਾ ਸੀ ਜਿਹੜਾ ਮੰਗ ਕੇ ਆਪਣਾ ਪੇਟ ਪਾਲਦਾ ਹੈ।

ਫਿਰ ਇਕ ਦਿਨ ਬਾਪੂ ਵੀ ਤੁਰ ਗਿਆ। ਭੋਗ 'ਤੇ ਪਹੁੰਚਿਆ, ਪਿੰਡ ਵਾਲਿਆਂ ਨੇ ਪਹਿਲਾਂ ਵਾਲੇ ਚੁੱਪ ਦੇ ਹਾਰ ਫਿਰ ਮੇਰੇ ਗਲ ਪਾ ਦਿੱਤੇ। ਬਾਪੂ ਦੇ ਭੋਗ 'ਤੇ ਜਲੇਬੀਆਂ ਦਾ ਲੰਗਰ ਗੁਰਦੁਆਰੇ ਲਾ ਦਿੱਤਾ। ਭਰਾਵਾਂ ਨੇ ਕਿਹਾ ਕਿ ਉਹ ਵੀ ਬਾਪੂ ਦੇ ਮਰਨੇ 'ਤੇ ਬਰਾਬਰ ਦਾ ਹਿੱਸਾ ਪਾਉਣਗੇ, ਜੇ ਤੂੰ ਆਪਣੇ ਵੱਲੋਂ ਲੰਗਰ ਲਾਇਆ ਤਾਂ ਕਿਸੇ ਨੇ ਛਕਣ ਨਹੀਂ ਆਉਣਾ ਪਰ ਮੈਂ ਨਾ ਮੰਨਿਆ। ਜਦੋਂ ਬਾਬਾ ਕਰਮ ਸਿਉਂ ਸਭ ਤੋਂ ਪਹਿਲਾਂ ਪ੍ਰਸ਼ਾਦਾ ਛਕਣ ਆਇਆ ਤਾਂ ਉਸ ਨੇ ਪੁੱਛਿਆ, "ਭਾਈ ਲੰਗਰ ਪਰਿਵਾਰ ਵੱਲੋਂ ਹੈ ਕਿ ਅਮਰੀਕਾ ਵਾਲੇ ਵੱਲੋਂ", ਮੈਂ ਝੱਟ ਆਪਣਾ ਨਾਮ ਮੂਹਰੇ ਕਰ ਦਿੱਤਾ। ਬਾਬਾ ਕਰਮ ਸਿਉਂ ਨੇ ਝੱਟ ਥਾਲੀ ਮੇਰੇ ਹੱਥਾਂ 'ਤੇ ਧਰ ਦਿੱਤੀ ਤੇ ਬੋਲਿਆ, "ਲੈ ਫੜ, ਫਿਰ ਇਕੱਲਾ ਹੀ ਛਕ ਲੈ। ਤੂੰ ਸੁੱਖ ਵੇਲੇ ਤਾਂ ਆਪਣੇ ਭਰਾ ਨਾਲ ਨਹੀਂ ਰਲਾਏ, ਹੁਣ ਦੁੱਖ ਵਿਚ ਤਾਂ ਇਨ੍ਹਾਂ ਨੂੰ ਬਰਾਬਰ ਖੜ੍ਹਨ ਦੇ। ਜੇ ਪਿਉ ਦਾ ਹੱਕ ਜਿਤਾਉਣਾ ਸੀ ਤਾਂ ਉਦੋਂ ਆਉਂਦਾ ਜਦੋਂ ਉਹ ਸਾਰੀ ਕਿਰਿਆ ਬਿਸਤਰ 'ਤੇ ਹੀ ਕਰਦਾ ਸੀ। ਤੇਰੇ ਭਰਾ ਉਸ ਦਾ ਗੰਦ ਧੋਂਦੇ ਰਹੇ।"

ਮੈਂ ਲਾਊਡ ਸਪੀਕਰ ਵਿਚੋਂ ਅਨਾਊਸਮੈਂਟ ਕਰਵਾ ਦਿੱਤੀ ਕਿ ਉਤਮ ਸਿੰਘ ਦੇ ਭੋਗ 'ਤੇ ਲੰਗਰ ਦੀ ਸੇਵਾ ਉਸ ਦੇ ਚਾਰਾਂ ਪੁੱਤਰ ਵੱਲੋਂ ਹੀ ਹੈ। ਵਿਹੜੇ ਵਾਲਾ ਮਿਲਖਾ ਸਿੰਘ ਆਇਆ, ਉਸ ਨੇ ਚਾਰ ਪ੍ਰਸ਼ਾਦੇ ਤੇ ਚਾਰ ਜਲੇਬੀਆਂ ਲਈਆਂ। ਇਕ ਪ੍ਰਸ਼ਾਦਾ ਤੇ ਇਕ ਜਲੇਬੀ ਮੈਨੂੰ ਦਿੰਦਾ ਬੋਲਿਆ, "ਗਿਆਨ ਸਿਆਂ! ਆਹ ਰੋਟੀ ਤੇ ਜਲੇਬੀ ਮੇਰੇ ਸੰਘ ਤੋਂ ਲੰਘਣੀ ਨਹੀਂ, ਆਪਣਾ ਹਿੱਸਾ ਆਪ ਹੀ ਖਾ ਲਈਂ।" ਮਿਲਖੇ ਦੀ ਗੱਲ ਨਾਲ ਮੇਰੇ ਅੰਦਰ ਜਵਾਲਾਮੁਖੀ ਫਟ ਗਿਆ, ਪਰ ਪਤਾ ਨਹੀਂ ਕੀ ਕਾਰਨ ਸੀ ਕਿ ਮੈਂ ਚੁੱਪ ਹੀ ਹੋ ਗਿਆ।

ਪਿੰਡੋਂ ਵਾਪਸ ਆ ਕੇ ਫਿਰ ਅਮੀਰੀ ਦੀ ਸ਼ਾਨ ਵਿਚ ਆਕੜ ਕੇ ਤੁਰਨ ਲੱਗਿਆ। ਪਰਮਾਤਮਾ ਨੇ ਪੁੱਤ ਦਿੱਤਾ, ਸ਼ੁਕਰਾਨੇ ਲਈ ਗੁਰਦੁਆਰੇ ਨਹੀਂ ਗਿਆ ਸਗੋਂ ਪੱਬਾਂ ਤੇ ਕਲੱਬਾਂ ਵਿਚ ਲੋਕਾਂ ਨੂੰ ਪਾਰਟੀਆਂ ਕੀਤੀਆਂ। ਮੈਂ ਪੰਜ ਸਟੋਰਾਂ ਦਾ ਮਾਲਕ ਬਣ ਗਿਆ। ਦੋਵੇਂ ਧੀਆਂ ਕਾਲਜ ਪਹੁੰਚ ਗਈਆਂ। ਪੁੱਤ ਹਾਈ ਸਕੂਲ ਜਾਂਦਾ। ਮੈਂ ਖੁਸ਼ੀ ਵਿਚ ਫੁੱਲਿਆ ਨਾ ਸਮਾਉਂਦਾ। ਫਿਰ ਧੀਆਂ ਦੇ ਵਿਆਹਾਂ ਬਾਰੇ ਸੋਚਣ ਲੱਗਿਆ, ਤਾਂ ਧੀਆਂ ਨੇ ਕਿਹਾ, 'ਡੈਡ! ਫਿਕਰ ਨਾ ਕਰ। ਵਿਆਹ ਵਾਲਾ ਕਾਰਜ ਅਸੀਂ ਆਪ ਹੀ ਕਰ ਲਵਾਂਗੀਆਂ।' ਇਕ ਧੀ ਨੇ ਗੋਰਾ ਫਰੈਂਡ ਰੱਖਿਆ ਸੀ ਤੇ ਦੂਜੀ ਨੇ ਅਫਰੀਕੀ ਮੂਲ ਦਾ ਕਾਲਾ। ਜਦੋਂ ਦੋਹਾਂ ਬਾਰੇ ਮੈਨੂੰ ਪਤਾ ਲੱਗਿਆ ਤਾਂ ਮੈਂ ਸੋਚਿਆ ਕਿ ਸ਼ਰਮ ਦੀ ਪੱਗ ਪੈਰਾਂ ਵਿਚ ਡਿੱਗ ਪਈ ਹੈ। ਫਿਰ ਖਿਆਲ ਆਇਆ ਕਿ ਸ਼ਰਮ ਦੀ ਪੱਗ ਤਾਂ ਮੈਂ ਪਿੰਡੋਂ ਤੁਰਨ ਲੱਗਾ ਹੀ ਲਾਹ ਆਇਆ ਸੀ। ਜੋ ਕੁਝ ਧੀਆਂ ਨੇ ਕੀਤਾ ਹੈ, ਇਹ ਇਨ੍ਹਾਂ ਦਾ ਹੱਕ ਹੀ ਬਣਦਾ ਸੀ। ਮੈਂ ਬੇਹੋਸ਼ ਕੇ ਡਿੱਗ ਪਿਆ।

ਜਦੋਂ ਮੈਨੂੰ ਹੋਸ਼ ਆਈ ਤਾਂ ਹਾਰਟ ਦੀ ਸਰਜਰੀ ਹੋ ਚੁੱਕੀ ਸੀ ਤੇ ਮੈਂ ਹਸਪਤਾਲ ਦੇ ਪ੍ਰਾਈਵੇਟ ਕਮਰੇ ਵਿਚ ਪਿਆ ਸੀ। ਛੁੱਟੀ ਹੋਈ ਤਾਂ ਹਸਪਤਾਲ ਦੇ ਚੱਕਰ ਲੱਗਣੇ ਸ਼ੁਰੂ ਹੋ ਗਏ। ਕਦੇ ਲੀਵਰ ਦੀ ਸ਼ਿਕਾਇਤ, ਕਦੇ ਕਿਡਨੀ ਦੀ। ਸਟੋਰਾਂ ਵਿਚ ਸਾਲਿਆਂ ਦਾ ਹਿੱਸਾ ਰੱਖਿਆ ਮਹਿੰਗਾ ਪੈਣ ਲੱਗਿਆ। ਮੂੰਹੋਂ ਮੰਗਿਆ ਦਾਜ ਮੈਨੂੰ ਵਾਪਸ ਜਾਂਦਾ ਦਿਸਣ ਲੱਗਾ। ਅਚਾਨਕ ਆਏ ਸਟਰੋਕ (ਅਧਰੰਗ) ਨੇ ਮੈਨੂੰ ਘਰੇ ਰੱਖੇ ਕੁੱਤੇ ਨਾਲੋਂ ਵੀ ਭੈੜਾ ਬਣਾ ਦਿੱਤਾ। ਪੁੱਤ ਨਸ਼ਿਆਂ ਦੀ ਬੇੜੀ ਚੜ੍ਹ ਗਿਆ, ਪਤਾ ਨਹੀਂ ਕਦੋਂ ਉਹ ਨਸ਼ਿਆਂ ਦੇ ਤੂਫਾਨ ਵਿਚ ਲਾਪਤਾ ਹੋ ਜਾਵੇ। ਧੀਆਂ ਨੇ ਤਾਂ ਕੰਨਿਆਦਾਨ ਵੀ ਨਹੀਂ ਕਰਵਾਇਆ। ਮੈਂ ਸ਼ਾਇਦ ਕੰਨਿਆਦਾਨ ਕਰਨ ਦੇ ਲਾਇਕ ਹੀ ਨਹੀਂ ਸੀ। ਹੁਣ ਬੱਸ ਘਰੇ ਹੀ ਥੋੜ੍ਹਾ ਬਹੁਤਾ ਤੁਰ ਲੈਂਦਾ ਹਾਂ। ਆਉਂਦੇ-ਜਾਂਦੇ ਨੂੰ ਦੇਖਦਾ ਰਹਿੰਦਾ ਹਾਂ। ਕੋਈ ਵੀ ਹੱਥ ਖੜ੍ਹਾ ਕਰ ਕੇ ਨਹੀਂ ਜਾਂਦਾ।

ਇਕ ਦਿਨ ਭਰਾ ਦਾ ਫੋਨ ਆਇਆ। ਕਹਿੰਦਾ, ਸਾਡੇ ਕੋਲ ਆ ਜਾ, ਅਸੀਂ ਤੈਨੂੰ ਸਾਂਭ ਲਵਾਂਗੇ। ਜੇ ਕੋਈ ਭੁੱਲਿਆ ਸ਼ਾਮ ਨੂੰ ਘਰ ਆ ਜਾਵੇ ਤਾਂ ਉਸ ਨੂੰ ਭੁੱਲਿਆ ਨਹੀਂ ਕਹਿੰਦੇ ਪਰ ਮੈਨੂੰ ਤਾਂ ਆਪਣਾ ਘਰ ਸਾਰੀ ਉਮਰ ਹੀ ਭੁੱਲਿਆ ਰਿਹਾ। ਹੰਕਾਰ ਨਾਲ ਧੌਣ ਅਕੜਾ ਕੇ ਤੁਰਦਿਆਂ ਪਤਾ ਨਹੀਂ ਕਿਥੇ ਠੋਕਰ ਖਾ ਕੇ ਮੂਧੇ ਡਿੱਗ ਪਊਗੇ, ਇਹ ਹੁਣ ਹੀ ਪਤਾ ਲੱਗਾ। ਇਹ ਵੀ ਮਹਿਸੂਸ ਹੋਇਆ ਕਿ ਕਦੀ ਨਹੁੰਆਂ ਨਾਲੋਂ ਮਾਸ ਨਹੀਂ ਟੁੱਟਦੇ।

# ਤਸਵੀਰ ਦੇ ਦੋਵੇਂ ਪਾਸੇ

*(ਪਿਛਲੇ ਸਫੇ ਦੀ ਬਾਕੀ)*

ਉਸ ਵੱਲ ਇਉਂ ਤੱਕ ਰਹੇ ਸਨ, ਜਿਵੇਂ ਭੁੱਖੀ ਮਹੀਂ ਗੁਤਾਵੇ ਵੱਲ ਤੱਕਦੀ ਹੈ। ਮਾਸ ਤੇ ਰੋਟੀ ਦੀ ਲੁਭਾਉਣੀ ਵਾਸ਼ਨਾ ਸਾਰੀ ਗੱਡੀ ਵਿਚ ਫੈਲ ਰਹੀ ਸੀ। ਸਭ ਦੀਆਂ ਨਾਸਾਂ ਫੁੱਲ ਗਈਆਂ ਤੇ ਮੂੰਹਾਂ ਵਿਚ ਪਾਣੀ ਭਰ ਆਇਆ। ਉਹ ਤਿੰਨੇ ਤੀਵੀਆਂ ਜੋ ਪਹਿਲਾਂ ਹੀ ਉਸ ਪ੍ਰਤੀ ਨਫ਼ਰਤ ਨਾਲ ਭਰੀਆਂ ਪਈਆਂ ਸਨ, ਇਸ ਪਤਿਤ ਤੀਵੀਂ ਵੱਲ ਉਚੇਚੇ ਤੌਰ 'ਤੇ ਵੇਖਣ ਲੱਗੀਆਂ, ਤੇ ਉਨ੍ਹਾਂ ਦੀ ਨਫ਼ਰਤ ਹੋਰ ਵੀ ਖਤਰਨਾਕ ਰੂਪ ਧਾਰ ਗਈ, ਵਸ ਚੱਲਦਾ ਤਾਂ ਉਸ ਨੂੰ ਸਣੇ ਉਸ ਦੇ ਖਾਣ ਪੀਣ ਦੇ ਸਮਾਨ ਦੇ, ਚੁੱਕ ਕੇ ਗੱਡੀ ਵਿਚੋਂ ਬਾਹਰ ਵਗਾਹ ਮਾਰਦੀਆਂ।

ਪਰ ਲੋਸ਼ੀਓ ਨਜ਼ਰ ਜਮਾਈ ਚੂਚੇ ਦੀ ਰਕੇਬੀ ਵੱਲ ਤੱਕਦਾ ਹੀ ਰਿਹਾ ਤੇ ਛੇਕੜ ਉਸ ਦੇ ਮੂੰਹੋਂ ਨਿਕਲ ਹੀ ਗਿਆ, "ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਤੀਵੀਂ ਅਸਾਂ ਸਾਰਿਆਂ ਨਾਲੋਂ ਸਿਆਣੀ ਨਿਕਲੀ ਹੈ। ਕੁਝ ਲੋਕ ਨੀਚ ਹੁੰਦੇ ਹੋਏ ਵੀ ਅਕਲ ਦੇ ਮਾਲਕ ਹੁੰਦੇ ਹਨ।"

ਆਪਣੇ ਨਿੰਦਿਆਂ ਭਰੀ ਪ੍ਰਸ਼ੰਸਾ ਸੁਣ ਕੇ ਮਾਰਗਰੇਟ ਨੇ ਚੂਚੇ ਦੀ ਰਾਂਦ ਚੱਬਦਿਆਂ ਲੋਸ਼ੀਓ ਨੂੰ ਕਿਹਾ, "ਕੁਝ ਲਓਗੇ? ਇਸ ਤਰ੍ਹਾਂ ਸਾਰੇ ਦਿਨ ਦਾ ਫਾਕਾ ਤਾਂ ਮਾਰ ਸੁੱਟੇਗਾ ਤੁਹਾਨੂੰ।"

ਲੋਸ਼ੀਓ ਨੇ ਚੋਰ ਅੱਖ ਨਾਲ ਆਪਣੇ ਸੱਜੇ ਖੱਬੇ ਤੱਕਿਆ ਤੇ ਫ਼ਿਰ ਸੰਗਦਾ-ਸੰਗਦਾ ਬੋਲਿਆ, "ਨਾਂਹ ਕਰਨ ਦਾ ਕੋਈ ਚਾਰਾ ਨਹੀਂ। ਹੁਣ ਤੇ ਇਕ ਮਿੰਟ ਵੀ ਸਹਾਰ ਨਹੀਂ ਹੁੰਦਾ ਮੇਰੇ ਤੋਂ। ਨਾਲੇ ਪ੍ਰਭੂ ਮਸੀਹ ਨੇ ਵੀ ਤਾਂ ਕਿਸੇ ਥਾਂ ਲਿਖਿਆ ਹੈ ਕਿ ਯੁੱਧ ਸਮੇਂ ਕੁਝ ਵੀ ਅਯੋਗ ਨਹੀਂ ਹੁੰਦਾ। ਕਿਉਂ ਠੀਕ ਹੈ ਨਾ ਸੱਜਣੋਂ?" ਉਸ ਨੇ ਲਾਗਲੇ ਮੁਸਾਫ਼ਿਰਾਂ ਵੱਲ ਤੱਕ ਕੇ ਪੁੱਛਿਆ।

ਫ਼ਿਰ ਉਸ ਨੇ ਆਪਣੇ ਗੋਡਿਆਂ 'ਤੇ ਅਖ਼ਬਾਰ ਵਿਛਾ ਲਿਆ ਤਾਂ ਕਿ ਉਸ ਦੀ ਪਤਲੂਣ ਨੂੰ ਦਾਗ ਨਾ ਲੱਗੇ; ਤੇ ਲੋੜ ਅਨੁਸਾਰ ਚੀਜ਼ਾਂ ਪਟਾਰੀ ਵਿਚੋਂ ਲੈ ਕੇ ਖਾਣ ਲੱਗਾ। ਤਰੀ ਵਿਚ ਤਰ ਕੀਤੇ ਅੱਧੇ ਚੂਚੇ ਨੂੰ ਚਾਕੂ ਨਾਲ ਕੱਟਦਾ ਉਹ ਇਕ ਵਾਰੀ ਫ਼ੇਰ ਸਾਥੀਆਂ ਵੱਲ ਤੱਕ ਕੇ ਬੋਲਿਆ, "ਇਹੋ ਜਿਹੇ ਔਖੇ ਵੇਲੇ ਕਿਸੇ ਉਪਕਾਰੀ ਦਾ ਮਿਲਣਾ ਆਦਮੀ ਦੀ ਖੁਸ਼ਕਿਸਮਤੀ ਹੁੰਦੀ ਹੈ।"

ਖਾਦਿਆਂ-ਖਾਂਦਿਆਂ ਮਾਰਗਰੇਟ ਨੇ ਇਕ ਵਾਰੀ ਉਨ੍ਹਾਂ ਦੋਹਾਂ ਬ੍ਰਹਮਚਾਰਨੀਆਂ ਵੱਲ ਤੱਕ ਕੇ ਕਿਹਾ, "ਮਾਤਾ ਜੀ! ਤੁਸੀਂ ਵੀ ਕੁਝ ਲਓਗੇ?"

ਦੋਵੇਂ ਮਾਰਗਰੇਟ ਵੱਲ ਇਸ ਤਰ੍ਹਾਂ ਤੱਕੀਆਂ ਜਿਵੇਂ ਮੁਰਦੇ ਵਿਚ ਜਾਨ ਆ ਗਈ ਹੋਵੇ। ਨਿੱਕੀ ਬ੍ਰਹਮਚਾਰਨੀ ਨੂੰ ਸੰਗਦਿਆਂ ਵੇਖ ਵੱਡੀ ਬੋਲੀ, "ਕੀ ਹਰਜ ਹੈ, ਪ੍ਰਭੂ ਈਸਾ ਵੀ ਤਾਂ ਨੀਚਾਂ ਦੇ ਘਰੀਂ ਜਾ-ਜਾ ਖਾਂਦੇ ਰਹੇ ਨੇ।" ਤੇ ਫ਼ੇਰ ਦੋਹਾਂ ਨੇ ਮਾਰਗਰੇਟ ਦੀ ਬੇਨਤੀ ਪ੍ਰਵਾਨ ਕਰ ਲਈ। ਇਸ ਤੋਂ ਬਾਅਦ ਦੱਬਵੇਂ ਸ਼ਬਦਾਂ ਵਿਚ ਮਾਰਗਰੇਟ ਦਾ ਧੰਨਵਾਦ ਕਰ ਕੇ ਦੋਵੇਂ ਜਣੀਆਂ ਖਾਣ ਵਿਚ ਰੁੱਝ ਗਈਆਂ।

ਕਾਰਨੂਟੇਡ ਨੂੰ ਵੀ ਛੇਕੜ ਆਪਣੀ ਉਸ ਮੋਟੀ ਗੁਆਂਢਣ ਦਾ ਨਿਉਂਦਾ ਕਬੂਲਣਾ ਪਿਆ। ਬ੍ਰਹਮਚਾਰਨੀਆਂ ਨੂੰ ਰਲਾ ਨੇ ਕੁਲ ਅੱਠਾਂ ਗੋਡਿਆਂ ਦੀ ਮੇਜ਼ ਜਿਹੀ ਬਣ ਗਈ। ਇਸ ਮੇਜ਼ ਉਤੇ ਅਖਬਾਰ ਦੇ ਵਰਕੇ ਵਿਛਾ ਦਿੱਤੇ ਗਏ, ਤੇ ਖਾਣਾ ਖਾਧਾ ਜਾਣ ਲੱਗਾ। ਉਧਰ ਲੋਸ਼ੀਓ ਜਿਹੜਾ ਇਸ ਚੌਕੜੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੇਟ ਭਰ ਚੁੱਕਾ ਸੀ, ਹੌਲੀ ਜਿਹੀ ਆਪਣੀ ਵਹੁਟੀ ਨੂੰ ਕਹਿਣ ਲੱਗਾ, "ਥੋੜ੍ਹਾ ਜਿਹਾ ਖਾ ਲਓ ਤੁਸੀਂ ਵੀ।" ਪਹਿਲਾਂ ਤਾਂ ਉਹ ਨੰਨਾ ਹਠ 'ਤੇ ਅੜੀ ਰਹੀ, ਪਰ ਜਦ ਉਸ ਨੇ ਵੇਖਿਆ ਕਿ ਹੌਲੀ-ਹੌਲੀ ਸਾਰੇ ਹੀ ਖਾਣੇ ਵਿਚ ਸ਼ਾਮਲ ਹੋਈ ਜਾਂਦੇ ਹਨ, ਖਾਸ ਕਰ ਕੇ ਉਹ ਦੋਵੇਂ ਬ੍ਰਹਮਚਾਰਨੀਆਂ ਵੀ, ਜੋ ਉਸ ਮੋਟੀ ਕੰਜਰੀ ਨੂੰ ਸਭ ਤੋਂ ਬਹੁਤੀ ਨਫ਼ਰਤ ਕਰਦੀਆਂ ਸਨ, ਤਾਂ ਸ੍ਰੀਮਤੀ ਲੋਸ਼ੀਓ ਦੇ ਚਿਹਰੇ 'ਤੇ ਵੀ ਰਜ਼ਾਮੰਦੀ ਦੇ ਚਿੰਨ੍ਹ ਦਿਖਾਈ ਦੇਣ ਲੱਗੇ।

ਇਹ ਰਜ਼ਾਮੰਦੀ ਦੇਖ ਕੇ ਲੋਸ਼ੀਓ ਬੜੀ ਨਿਮਰ ਆਵਾਜ਼ ਵਿਚ ਮਾਰਗਰੇਟ ਨੂੰ ਕਹਿਣ ਲੱਗਾ, "ਕਿਉਂ ਜੀ, ਮੇਰੀ ਪਤਨੀ ਦੀ ਵੀ ਤੁਸੀਂ ਕੁਝ ਮਦਦ ਕਰ ਸਕੋਗੇ?"

ਮਾਰਗਰੇਟ ਨੇ ਮਿੱਠੀ ਜਿਹੀ ਮੁਸਕਰਾਹਟ ਵਿਚ ਕਿਹਾ, "ਕਿਉਂ ਨਹੀਂ?" ਤੇ ਬਿਨਾਂ ਹੋਰ ਕੁਝ ਕਿਹਾਂ, ਸ੍ਰੀਮਤੀ ਲੋਸ਼ੀਓ ਵੀ ਆਪਣੀ ਥਾਂ ਤੋਂ ਖਿਸਕ ਕੇ ਚੌਕੜੀ ਵਿਚ ਸ਼ਾਮਲ ਹੋ ਗਈ। ਮੇਜ਼ ਦੇ ਪਾਵੇ ਅੱਠਾਂ ਦੇ ਥਾਂ ਹੁਣ ਦਸ ਹੋ ਗਏ।

ਵਿਸਕੀ ਦੀ ਜਦ ਪਹਿਲੀ ਬੋਤਲ ਖੋਲ੍ਹੀ ਗਈ, ਤਾਂ ਸਾਰਿਆਂ ਨੂੰ ਇਸ ਗੱਲ ਦੀ ਚਿੰਤਾ ਹੋਈ ਕਿ ਪੀਣ ਲਈ ਗਿਲਾਸ ਸਿਰਫ਼ ਇਕੋ ਹੈ ਜਿਹੜਾ ਮਾਰਗਰੇਟ ਦੀ ਪਟਾਰੀ ਵਿਚੋਂ ਨਿਕਲਿਆ ਸੀ ਤੇ ਪੀਣ ਵਾਲੇ ਸਨ ਬਹੁਤ ਸਾਰੇ; ਪਰ ਇਹ ਦਿੱਕਤ ਇਸ ਤਰ੍ਹਾਂ ਦੂਰ ਕਰ ਦਿੱਤੀ ਗਈ ਕਿ ਇਕ ਜਣਾ ਪੀ ਕੇ ਗਲਾਸ ਕੱਪੜੇ ਨਾਲ ਪੂੰਝ ਲੈਂਦਾ, ਤੇ ਫ਼ਿਰ ਦੂਜੇ ਨੂੰ ਦੇ ਦਿੰਦਾ ਤੇ ਇਨ੍ਹਾਂ ਸਭਨਾਂ ਵਿਚੋਂ ਇਕ ਸੱਜਣ ਐਸਾ ਵੀ ਨਿੱਤਰ ਆਇਆ ਜਿਸ ਨੇ ਪੂੰਝ-ਪੂੰਝਾਈ ਨੂੰ ਪਖੰਡ ਸਮਝ ਕੇ ਬਿਨਾਂ ਪੂੰਝਿਆਂ ਹੀ ਮਾਰਗਰੇਟ ਦੇ ਹੱਥੋਂ ਗਿਲਾਸ ਲੈ ਕੇ ਪੀਂਦਿਆਂ ਕਿਹਾ, "ਇਸ ਦੀ ਕੀ ਲੋੜ ਹੈ, ਅਸੀਂ ਸਾਰੇ ਇਕੋ ਰੱਬ ਦੇ ਪੁੱਤਰ ਹਾਂ।" ਇਹ ਸੀ ਮੋਸ਼ੀਓ ਕਾਰਨੂਟੇਡ।

ਸਭ ਨੂੰ ਖਾਂਦਿਆਂ-ਪੀਂਦਿਆਂ ਵੇਖ ਕੇ, ਤੇ ਖਾਣੇ ਦੀ ਖੁਸ਼ਬੋ ਨਾਲ ਗਲਾ ਭਰ ਕੇ ਕਾਊਂਟ ਤੇ ਕਾਊਂਟੈਸ, ਅਥਵਾ ਸ੍ਰੀਮਾਨ ਤੇ ਸ੍ਰੀਮਤੀ ਕੈਰੇ ਇਸ ਨਿਰਾਦਰ ਨੂੰ ਸਹਾਰ ਨਾ ਸਕੇ। ਮਿੱਲ ਮਾਲਕ ਦੀ ਜਵਾਨ ਵਹੁਟੀ ਨੇ ਲੰਮਾ ਤੇ ਉਚਾ ਸਾਹ ਲਿਆ, ਜਿਸ ਕਰ ਕੇ ਸਭ ਖਾਊਆਂ ਦਾ ਧਿਆਨ ਉਸ ਵੱਲ ਖਿਚਿਆ ਗਿਆ। ਸੁੰਦਰੀ ਦਾ ਚਿਹਰਾ ਬਾਹਰ ਪੈ ਰਹੀ ਬਰਫ਼ ਵਾਂਗ ਬੱਗਾ ਹੋ ਗਿਆ ਸੀ, ਤੇ ਵੇਖਦਿਆਂ ਹੀ ਵੇਖਦਿਆਂ ਉਸ ਨੇ ਸਿਰ ਸੁੱਟ ਦਿੱਤਾ। ਉਹ ਬੇਹੋਸ਼ ਹੋ ਗਈ। ਉਸ ਦੇ ਪਤੀ ਨੇ ਸਾਥੀਆਂ ਪਾਸੋਂ ਮਦਦ ਮੰਗੀ, "ਇਹ ਭੁੱਖ ਨਾਲ ਬੇਹੋਸ਼ ਹੋ ਗਈ।" ਅਖੀਰ ਵੱਡੀ ਬ੍ਰਹਮਚਾਰਨੀ ਨੇ ਉਸ ਦਾ ਸਿਰ ਚੁੱਕਿਆ ਤੇ ਮਾਰਗਰੇਟ ਦੇ ਹੱਥੋਂ ਭਰਿਆ ਹੋਇਆ ਗਲਾਸ ਫੜ ਕੇ ਉਹਦੇ ਬੁੱਲ੍ਹਾਂ ਨਾਲ ਲਾ ਦਿੱਤਾ। ਬੇਹੋਸ਼ੀ ਦੀ ਹਾਲਤ ਵਿਚ ਹੀ ਸ੍ਰੀਮਤੀ ਕੈਰੇ ਸਾਰਾ ਗਲਾਸ ਗਟਕ ਗਈ।

ਪੀਣ ਤੋਂ ਬਾਅਦ ਝੱਟ ਹੀ ਉਹ ਸੁੰਦਰੀ ਚੇਤੰਨ ਹੋ ਬੈਠੀ, ਤੇ ਉਸ ਦੀਆਂ ਮੀਟੀਆਂ ਹੋਈਆਂ ਅੱਖਾਂ ਆਪਣੇ ਆਪ ਖੁੱਲ੍ਹ ਗਈਆਂ। ਫਿਰ ਉਹ ਕੁਝ ਮੁਸਕਰਾ ਕੇ ਹੌਲੀ ਜਿਹੀ ਬੋਲੀ, "ਧੰਨਵਾਦ!" ਪਰ ਬ੍ਰਹਮਚਾਰਨੀ ਨੂੰ ਫਿਕਰ ਸੀ, ਮਤੇ ਫੇਰ ਨਾ ਇਹੋ ਜਿਹੀ ਦੁਰਘਟਨਾ ਹੋ ਜਾਵੇ; ਸੋ ਉਸ ਨੇ ਗਲਾਸ ਵਿਚ ਥੋੜ੍ਹੀ ਕੁ ਹੋਰ ਸ਼ਰਾਬ ਉਲੱਦ ਕੇ ਉਸ ਨੂੰ ਪਿਆਲ ਦਿੱਤੀ, ਤੇ ਕਹਿਣ ਲੱਗੀ, "ਭੁੱਖ ਕਰ ਕੇ ਹੀ ਇਹ ਤਕਲੀਫ਼ ਹੋ ਗਈ ਸੀ।"

ਇਹ ਸੁਣ ਕੇ ਮਾਰਗਰੇਟ ਨੇ ਇਕ ਵਾਰੀ ਪਟਾਰੀ ਵਿਚਲੀਆਂ ਬਚੀਆਂ-ਖੁਚੀਆਂ ਚੀਜ਼ਾਂ ਵੱਲ ਤੱਕਿਆ, ਤੇ ਫੇਰ ਕੁਝ ਸੰਗਦੀ ਸ਼ਰਮਾਂਦੀ ਉਨ੍ਹਾਂ ਜੋੜਿਆਂ ਵੱਲ ਤੱਕ ਕੇ ਕਹਿਣ ਲੱਗੀ, "ਜੇ ਤੁਸੀਂ ਕੋਈ ਹਰਜ ਨਾ ਸਮਝੋ ਤਾਂ...।" ਤੇ ਉਹ ਗੱਲ ਕਰਦੀ-ਕਰਦੀ ਇਸ ਸ਼ੰਕਾ ਤੋਂ ਰੁਕ ਗਈ ਕਿ ਉਤਰ ਵਿਚ ਮਤੇ ਉਸ ਨੂੰ ਝਾੜ ਪਾ ਦਿੱਤੀ ਜਾਵੇ, ਪਰ ਲੋਸ਼ੀਓ ਨੇ ਉਸ ਦਾ ਮਨੋਰਥ ਇਹ ਕਹਿ ਕੇ ਪੂਰਾ ਕਰ ਦਿੱਤਾ, "ਚੁੱਲ੍ਹੇ ਵਿਚ ਪਾਓ ਇਨ੍ਹਾਂ ਫ਼ਜ਼ੂਲ ਵਹਿਮਾਂ ਨੂੰ ਜੀ...ਇਸ ਵੇਲੇ ਅਸੀਂ ਸਾਰੇ ਮੁਸਾਫ਼ਿਰ ਭੈਣਾਂ-ਭਰਾਵਾਂ ਵਾਂਗ ਹਾਂ। ਸਾਨੂੰ ਸੱਚੇ ਦਿਲੋਂ ਇਕ-ਦੂਜੇ ਦੀ ਮਦਦ ਕਰਨੀ ਚਾਹੀਦੀ ਹੈ। ਆਓ, ਕਾਊਂਟ ਤੇ ਕਾਊਂਟੈਸ, ਨਾਲੇ ਸ੍ਰੀਮਾਨ ਤੇ ਸ੍ਰੀਮਤੀ ਕੈਰੇ! ਸ਼ਿਸ਼ਟਾਚਾਰ ਨੂੰ ਕੁਝ ਚਿਰ ਲਈ ਛੁੱਟੀ ਦਿਓ, ਤੇ ਥੋੜ੍ਹਾ-ਬਹੁਤਾ ਖਾ ਲਓ। ਜਾਨ ਹੈ ਜਹਾਨ ਹੈ। ਜਿਸ ਤੋਰੇ ਸਾਡੀ ਗੱਡੀ ਟੁਰੀ ਜਾ ਰਹੀ ਹੈ, ਇਸ ਤੋਂ ਤਾਂ ਇਹ ਵੀ ਭਰੋਸਾ ਨਹੀਂ ਕਿ ਰਾਤੀਂ ਵੀ ਸਾਨੂੰ ਕੁਝ ਖਾਣ ਨੂੰ ਮਿਲ ਸਕੇ।"

ਦਿਲੋਂ-ਮਨੋਂ ਇਸ ਰਾਇ ਨਾਲ ਸਹਿਮਤ ਹੁੰਦਿਆਂ ਵੀ ਉਹ ਚਾਰੇ ਸਾਊ, ਸੁਆਣੀਆਂ ਝਿਜਕ ਰਹੇ ਸਨ। ਖਾਣੇ ਵੱਲ ਹੱਥ ਵਧਾਉਣ ਵਿਚ ਪਹਿਲ ਕਰਨ ਦਾ ਕੋਈ ਵੀ ਹੌਸਲਾ ਨਹੀਂ ਸੀ ਕਰ ਸਕਦਾ। ਛੇਕੜ ਕਾਊਂਟ ਹੋਰਾਂ ਹੀ ਇਸ ਉਲਝਣ ਨੂੰ ਸੁਲਝਾਇਆ। ਉਸ ਨੇ ਸ਼ਰਮਾਉਂਦੀ ਮਾਰਗਰੇਟ ਵੱਲ ਤੱਕ ਕੇ ਕਿਹਾ, "ਸ੍ਰੀਮਤੀ ਜੀ, ਅਸੀਂ ਬੜੀ ਖੁਸ਼ੀ ਨਾਲ ਤੁਹਾਡੀ ਸੇਵਾ ਪ੍ਰਵਾਨ ਕਰਦੇ ਹਾਂ।"

ਆਮ ਤੌਰ 'ਤੇ ਇਹੋ ਜਿਹੇ ਵੇਲੇ ਪਹਿਲਾ ਕਦਮ ਚੁੱਕਣ ਵਿਚ ਹੀ ਦਿੱਕਤ ਹੁੰਦੀ ਹੈ। ਸੋ, ਇਸ ਦੇ ਦੂਰ ਹੁੰਦਿਆਂ ਹੀ ਚਾਰੇ ਇਕੋ ਵਾਰਗੀ ਖਾਣੇ ਉਤੇ ਟੁੱਟ ਪਏ, ਤੇ ਵੇਖਦਿਆਂ-ਵੇਖਦਿਆਂ ਟੋਕਰੀ ਖਾਲੀ ਹੋਣੀ ਸ਼ੁਰੂ ਹੋ ਗਈ।

*(ਚਲਦਾ)*

ਵਿਚਾਰ-ਚਰਚਾ

# ਰੂਸੀ ਇਨਕਲਾਬ ਦਾ ਪਿਛੋਕੜ ਅਤੇ ਧਰਮਾਂ ਬਾਰੇ ਮਾਰਕਸਵਾਦੀ ਪਹੁੰਚ

*'ਪੰਜਾਬ ਟਾਈਮਜ਼' ਦੇ ਪਿਛਲੇ ਕੁਝ ਅੰਕਾਂ ਤੋਂ ਰੂਸੀ ਚਿੰਤਕ ਲਿਓਨ ਤ੍ਰਾਤਸਕੀ ਦੇ ਵਿਚਾਰਾਂ ਬਾਰੇ ਬੜੀ ਗਹਿ-ਗੱਚ ਬਹਿਸ ਚੱਲ ਰਹੀ ਹੈ। ਡਾ. ਅੰਮ੍ਰਿਤਪਾਲ ਸਿੰਘ, ਬਘੇਲ ਸਿੰਘ ਬੱਲ ਅਤੇ ਗੁਰਦਿਆਲ ਸਿੰਘ ਬੱਲ ਨੇ ਇਸ ਬਹਿਸ ਵਿਚ ਭਰਵਾਂ ਹਿੱਸਾ ਲਿਆ ਹੈ। ਇਸੇ ਸਿਲਸਿਲੇ ਵਿਚ ਸ. ਗੁਰਬਚਨ ਸਿੰਘ ਨੇ ਅਸਲੋਂ ਹੀ ਨਿਵੇਕਲਾ ਲੇਖ 'ਰੂਸੀ ਇਨਕਲਾਬ ਦਾ ਪਿਛੋਕੜ ਅਤੇ ਧਰਮਾਂ ਬਾਰੇ ਮਾਰਕਸਵਾਦੀ ਪਹੁੰਚ' ਭੇਜਿਆ ਹੈ। ਇਸ ਲੇਖ ਦਾ ਸਿੱਧਾ ਸਬੰਧ ਤ੍ਰਾਤਸਕੀ ਬਾਰੇ ਚੱਲ ਰਹੀ ਬਹਿਸ ਨਾਲ ਤਾਂ ਨਹੀਂ ਹੈ ਪਰ ਉਨ੍ਹਾਂ ਨੇ ਰੂਸੀ ਇਨਕਲਾਬ ਅਤੇ ਮਾਰਕਸਵਾਦ ਦੇ ਪ੍ਰਸੰਗ ਵਿਚ ਧਰਮ ਬਾਰੇ ਕੁਝ ਨੁਕਤੇ ਰੱਖਣ ਦਾ ਯਤਨ ਕੀਤਾ ਹੈ। ਪਾਠਕਾਂ ਦੀ ਦਿਲਚਸਪੀ ਖਾਤਰ ਅਸੀਂ ਇਸ ਲੇਖ ਦਾ ਸੰਖੇਪ ਰੂਪ ਇਥੇ ਛਾਪ ਰਹੇ ਹਾਂ। -ਸੰਪਾਦਕ*

ਗੁਰਬਚਨ ਸਿੰਘ
ਫੋਨ: 91-98156-98451

ਪੰਜਾਬ ਟਾਈਮਜ਼ ਵਿਚ ਦੋ ਕਿਸ਼ਤਾਂ ਵਿਚ ਛਪੀ ਆਪਣੀ ਲਿਖਤ 'ਲਿਓਨ ਤ੍ਰਾਤਸਕੀ ਦੀ ਪ੍ਰਸੰਗਿਕਤਾ' ਵਿਚ ਗੁਰਦਿਆਲ ਸਿੰਘ ਬੱਲ ਨੇ ਸੋਵੀਅਤ ਯੂਨੀਅਨ ਦੇ ਇਨਕਲਾਬ ਵਿਚ ਤ੍ਰਾਤਸਕੀ ਅਤੇ ਸਤਾਲਿਨ ਵਲੋਂ ਨਿਭਾਏ ਗਏ ਰੋਲ ਨੂੰ ਆਧਾਰ ਬਣਾ ਕੇ, ਪਿਛਲੀ ਸਦੀ ਦੀ ਸਮੁਚੀ ਕਮਿਊਨਿਸਟ ਲਹਿਰ ਨੂੰ ਆਪਣੀ ਪੜਚੋਲ ਹੇਠ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਕਰੋੜਾਂ ਲੋਕਾਂ ਦੀ ਹੋਣੀ ਦਾ ਫੈਸਲਾ ਕਰਨ ਅਤੇ ਸਗਲ ਮਨੁੱਖ ਜਾਤੀ ਨੂੰ ਪ੍ਰਭਾਵਿਤ ਕਰਨ ਪਖੋਂ, ਪੂਰੀ ਇਕ ਸਦੀ ਵਿਚ ਫੈਲੀ ਇਸ ਘਟਨਾ ਤੇ ਆਲਮੀ ਕਮਿਊਨਿਸਟ ਲਹਿਰ ਨੂੰ ਅਜਿਹੀ ਸੀਮਤ ਲਿਖਤ ਵਿਚ ਸਮੇਟਣ ਦੀ ਕੋਸ਼ਿਸ਼ ਕਰਨੀ ਅਸੰਭਵ ਸੀ, ਇਸ ਲਈ ਇਹ ਲਿਖਤ ਕੋਈ ਬੱਝਵਾਂ ਪ੍ਰਭਾਵ ਨਹੀਂ ਦੇ ਸਕੀ। ਇਸ ਦੇ ਬਾਵਜੂਦ ਦਰਜਨਾਂ ਸਾਹਿਤਕਾਰਾਂ ਅਤੇ ਚਿੰਤਕਾਂ ਦੇ ਹਵਾਲੇ ਨਾਲ ਲੇਖਕ ਸੁਆਲ ਠੀਕ ਪ੍ਰਸੰਗ ਵਿਚ ਪੇਸ਼ ਕਰਨ ਵਿਚ ਸਫਲ ਰਿਹਾ ਹੈ। ਬੱਲ ਅਨੁਸਾਰ, "ਦਾਸਤੋਵਸਕੀ ਤੇ ਨੀਤਸ਼ੇ ਇਨਸਾਨੀ ਜੀਵਨ ਦੀਆਂ ਸ਼ਾਨਾਂ ਅਤੇ ਸੰਭਾਵਨਾਵਾਂ ਦੇ ਮਹਾਕਵੀ ਸਨ ਪਰ ਇਹ ਸ਼ਾਨਾਂ ਸਲਾਮਤ ਕਿਵੇਂ ਰਹਿਣ, ਉਹ ਸਮਾਜ ਕਿੰਜ ਬਣੇ, ਇਸ ਮੂਲ ਮੁੱਦੇ ਦਾ ਉਨ੍ਹਾਂ ਨੂੰ ਨਾ ਕੋਈ ਇਲਮ ਸੀ ਅਤੇ ਨਾ ਹੀ ਉਨ੍ਹਾਂ ਦਾ ਅਜਿਹੇ ਕਿਸੇ ਪ੍ਰੋਜੈਕਟ ਨਾਲ ਵਾਹ ਵਾਸਤਾ ਸੀ।...ਤੇ ਸਾਡਾ ਵਿਸ਼ਵਾਸ ਹੈ ਕਿ ਕਾਰਲ ਮਾਰਕਸ ਦੇ ਚਿੰਤਨ ਦਾ ਕੇਂਦਰੀ ਸਰੋਕਾਰ ਹੀ ਇਹ ਮੁੱਦਾ ਸੀ। ਬਾਬੇ ਮਾਰਕਸ ਨੂੰ ਇਸ ਪਹਿਲੂ ਦੀ ਅਜਿਹੀ ਡੂੰਘੀ ਸੂਝ ਸੀ ਕਿ ਆਦਮੀ ਅੱਜ ਵੀ ਉਸ ਦੀਆਂ ਕਿਰਤਾਂ ਦੀ ਇਕ ਇਕ ਸਤਰ ਨੂੰ ਪੜ੍ਹ ਕੇ ਧੰਨ ਹੋ ਜਾਂਦਾ ਹੈ।"

ਬੱਲ ਦੀ ਧਾਰਨਾ ਹੈ, "ਉਹਨੂੰ ਅਜਿਹੇ ਚਿੰਤਨ ਨੂੰ ਅਮਲ ਵਿਚ ਉਤਾਰਨ ਲਈ ਲੈਨਿਨ ਵਰਗਾ ਮੁਹਿੰਮਬਾਜ਼ ਵੀ ਮਿਲ ਗਿਆ।...ਲੈਨਿਨ ਦੇ ਸਾਹਸ ਅਤੇ ਜਜ਼ਬੇ ਦੀ ਕਹਾਣੀ ਰਹਿੰਦੀ ਦੁਨੀਆਂ ਤਕ ਆਪਣੀ ਮਿਸਾਲ ਆਪ ਮੰਨੀ ਜਾਵੇਗੀ", ਪਰ ਸੁਹਿਰਦ ਲੋਕ ਤਾਂ "ਇਹ ਸਮਝਣਾ ਚਾਹੁੰਦੇ ਹਨ ਕਿ ਰੂਸ ਵਿਚ ਏਨੀ ਵਡੀ ਜਦੋਜਹਿਦ ਦੇ ਬਾਵਜੂਦ ਗੱਲ ਕਿਉਂ ਨਾ ਬਣੀ?"

ਇਹੀ ਸੁਆਲ ਹੈ ਜਿਸ ਦੇ ਸਹੀ ਜੁਆਬ ਦੀ ਅੱਜ ਸਮੁਚੀ ਮਨੁਖ ਜਾਤੀ ਨੂੰ ਭਾਲ ਹੈ; ਕਿਉਂਕਿ ਇਸ ਸੁਆਲ ਦਾ ਜੁਆਬ ਲੱਭੇ ਬਿਨਾਂ, ਸਰਬਪੱਖੀ ਸਾਮਰਾਜੀ ਸੰਕਟ ਦੀ ਦਲਦਲ ਵਿਚ ਫਸੀ ਮਨੁੱਖ ਜਾਤੀ, ਇਸ ਵਿਚੋਂ ਬਾਹਰ ਨਹੀਂ ਨਿਕਲ ਸਕਦੀ ਪਰ ਇਸ ਸੁਆਲ ਦਾ ਜੁਆਬ ਲੱਭਣ ਲਈ ਲੇਖਕ ਜਿੰਨੀ ਸ਼ਿੱਦਤ ਨਾਲ ਮਾਰਕਸ ਦੀ ਸ਼ਖਸੀਅਤ ਬਾਰੇ ਸੋਚਦਾ ਹੈ, ਜੇ ਇੰਨੀ ਹੀ ਸ਼ਿੱਦਤ ਨਾਲ ਉਹ ਮਾਰਕਸ ਦੀਆਂ ਮੌਲਿਕ ਲਿਖਤਾਂ, ਖਾਸ ਕਰ ਕੇ ਉਸ ਦੀਆਂ ਮੁਢਲੀਆਂ ਦਾਰਸ਼ਨਿਕ ਲਿਖਤਾਂ ਨੂੰ ਪੜ੍ਹਦਾ, ਤਾਂ ਸ਼ਾਇਦ ਉਸ ਨੂੰ ਆਪਣੇ ਇਸ ਸੁਆਲ ਦਾ ਜੁਆਬ ਮਿਲ ਜਾਂਦਾ ਪਰ ਬਦਕਿਸਮਤੀ ਇਹ ਹੈ ਕਿ ਉਹ ਅਤੇ ਉਸ ਵਰਗੇ ਹੋਰ ਸਾਰੇ ਸੁਹਿਰਦ ਚਿੰਤਕ ਮਾਰਕਸ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋਣ ਦੇ ਬਾਵਜੂਦ, ਉਸ ਦੀਆਂ ਲਿਖਤਾਂ ਪੜ੍ਹਨ ਅਤੇ ਉਨ੍ਹਾਂ ਨੂੰ ਆਪਣੇ ਅਨੁਭਵ ਦਾ ਅੰਗ ਬਣਾ ਕੇ ਅਮਲ ਵਿਚ ਢਾਲਣ ਨੂੰ ਤਿਆਰ ਨਹੀਂ। ਇਹ ਬਿਲਕੁਲ ਉਵੇਂ ਦੀ ਗੱਲ ਹੈ, ਜਿਵੇਂ ਬਹੁ-ਗਿਣਤੀ ਸਿੱਖ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਅਤੇ ਉਨ੍ਹਾਂ ਨੂੰ ਜ਼ਾਹਰਾ ਗੁਰੂ ਮੰਨਣ ਦੇ ਬਾਵਜੂਦ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਦਰਜ ਗਿਆਨ ਨੂੰ ਆਤਮਸਾਤ ਕਰਨ ਅਤੇ ਆਪਣੇ ਅਮਲ ਵਿਚ ਢਾਲਣ ਨੂੰ ਤਿਆਰ ਨਹੀਂ ਹਨ।

ਜਿੰਨਾ ਚਿਰ ਮਾਰਕਸ ਦੀਆਂ ਲਿਖਤਾਂ ਨੂੰ ਪੈਗੰਬਰੀ ਇਲਹਾਮ ਵਾਂਗ ਪੜ੍ਹਨ ਅਤੇ ਉਨ੍ਹਾਂ ਨੂੰ ਆਪਣੇ ਅਨੁਭਵ ਵਿਚ ਤਰਾਸ਼ਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ, ਉਨਾ ਚਿਰ ਮਾਰਕਸ ਦੇ ਫ਼ਲਸਫ਼ੇ ਉਤੇ ਪਕੜ ਨਹੀਂ ਬਣ ਸਕਦੀ। ਇਥੇ ਅਸੀਂ ਮਾਰਕਸ ਦੇ ਸਮੁਚੇ ਫ਼ਲਸਫ਼ੇ ਬਾਰੇ ਕੋਈ ਟਿਪਣੀ ਕਰਨ ਤੋਂ ਪ੍ਰਹੇਜ਼ ਕਰਦੇ ਹੋਏ, ਸਿਰਫ ਉਸ ਦੇ ਇਕ ਪੱਖ ਦੀ ਗੱਲ ਹੀ ਕਰਾਂਗੇ। ਲਿਖਤ ਦੀ ਸੀਮਾ ਨੂੰ ਸਾਹਮਣੇ ਰਖ ਕੇ ਇਹ ਗੱਲ ਵੀ ਅਧੂਰੇ ਜਿਹੇ ਰੂਪ ਵਿਚ ਹੀ ਹੋ ਸਕਦੀ ਹੈ। ਮਾਰਕਸ ਦੇ ਫ਼ਲਸਫ਼ੇ ਨੂੰ ਆਪਣੇ ਅਨੁਭਵ ਵਿਚ ਵਸਾ ਕੇ ਹੀ ਪਤਾ ਲਗਦਾ ਹੈ ਕਿ ਮਾਰਕਸ ਦੀ ਸਮੁਚੀ ਫਿਲਾਸਫੀ ਧਰਮਾਂ ਦੇ ਵਿਰੋਧ ਵਿਚ ਨਹੀਂ, ਸਗੋਂ ਸਾਰੇ ਧਰਮਾਂ ਦੀ ਨਿਰੰਤਰਤਾ ਦੇ ਰੂਪ ਵਿਚ ਪ੍ਰਗਟ ਹੋਈ ਹੈ। ਮਾਰਕਸ ਅਤੇ ਉਸ ਦੇ ਸਾਥੀ ਏਂਗਲਜ਼ ਨੇ ਕਿਤੇ ਵੀ ਧਰਮਾਂ ਦਾ ਐਨਾ ਵਿਰੋਧ ਨਹੀਂ ਕੀਤਾ।

ਏਂਗਲਜ਼ ਧਰਮਾਂ ਦੀ ਉਤਪਤੀ ਬਾਰੇ ਬੜੀ ਦਿਲਚਸਪ ਜਾਣਕਾਰੀ ਦਿੰਦਾ ਹੈ ਜਿਹੜੀ ਰਵਾਇਤੀ ਆਲਮੀ ਕਮਿਊਨਿਸਟ ਲਹਿਰ ਦੀਆਂ ਬਣੀਆਂ ਹੋਈਆਂ ਧਾਰਨਾਵਾਂ ਦੇ ਯਕਦਮ ਉਲਟ ਹੈ। ਏਂਗਲਜ਼ ਦੇ ਕਥਨ ਅਨੁਸਾਰ, "ਮਧਕਾਲੀ ਆਜ਼ਾਦ ਚਿੰਤਕਾਂ ਤੋਂ ਲੈ ਕੇ 18ਵੀਂ ਸਦੀ ਦੇ ਵਿਦਵਾਨ ਬੁਧੀਜੀਵੀਆਂ ਤਕ, ਇਹ ਵਿਚਾਰ ਪ੍ਰਬਲ ਸੀ ਕਿ ਇਸਾਈਅਤ ਸਮੇਤ ਸਾਰੇ ਧਰਮ ਧੋਖੇਬਾਜ਼ਾਂ ਦੀ ਕਿਸੇ ਸਾਜ਼ਿਸ਼ ਦਾ ਸਿੱਟਾ ਹਨ, ਪਰ ਜਦੋਂ ਹੀਗਲ ਨੇ ਸੰਸਾਰ ਇਤਿਹਾਸ ਵਿਚ ਫ਼ਲਸਫ਼ੇ ਦੇ ਸਾਹਮਣੇ, ਇਕ ਤਰਕਸੰਗਤ ਲੜੀਵਾਰ ਨਿਰੰਤਰਤਾ ਵਿਚ ਹੋ ਰਹੇ ਵਿਕਾਸ ਨੂੰ ਦਰਸਾਉਣ ਦਾ ਕਾਰਜ ਮਿਥ ਦਿਤਾ, ਤਾਂ ਇਹ ਵਿਚਾਰ ਆਪਣੇ ਅਰਥ ਗੁਆ ਬੈਠਾ।"

ਇਥੇ ਏਂਗਲਜ਼, ਹੀਗਲ ਦੀ ਜਿਹੜੀ ਧਾਰਨਾ ਦਾ ਹਵਾਲਾ ਦੇ ਰਿਹਾ ਹੈ, ਉਸ ਹਵਾਲੇ ਅਨੁਸਾਰ "ਫ਼ਲਸਫ਼ੇ ਦਾ ਇਤਿਹਾਸ ਬੀਤੇ ਨਾਲ ਨਹੀਂ, ਸਗੋਂ ਸਦਾ ਰਹਿਣ ਵਾਲੇ ਵਰਤਮਾਨ ਨਾਲ ਸਬੰਧ ਰਖਦਾ ਹੈ ਅਤੇ ਇਹ ਮਨੁਖੀ ਬੌਧਿਕਤਾ ਦੇ ਕੁਰਾਹਿਆਂ ਦਾ ਅਜਾਇਬਘਰ ਨਹੀਂ, ਸਗੋਂ ਇਕ-ਦੂਜੇ ਤੋਂ ਬਾਅਦ ਪੈਦਾ ਹੋਈਆਂ ਸਾਰੀਆਂ ਪੈਗੰਬਰੀ ਰੂਹਾਂ ਦੇ ਦਵੰਦਵਾਦੀ ਵਿਕਾਸ ਨਾਲ ਸਬੰਧਤ ਹੈ।" ਭਾਵ ਸਾਰੇ ਧਰਮ ਇਕ-ਦੂਜੇ ਦੇ ਵਿਰੋਧ ਵਿਚ ਨਹੀਂ, ਸਗੋਂ ਇਕ-ਦੂਜੇ ਦੇ ਅਗਲੇ ਪੜਾਅ ਵਜੋਂ ਹੋਂਦ ਵਿਚ ਆਏ ਹਨ ਅਤੇ ਹਰ ਨਵਾਂ ਧਰਮ ਮਨੁੱਖ ਦੇ ਸਮਾਜੀ ਵਿਕਾਸ ਦੇ ਇਤਿਹਾਸ ਵਿਚ ਪੁਟੀ ਗਈ ਅਗਲੀ ਪੁਲਾਂਘ ਹੈ।

ਮਾਰਕਸ ਦੀ ਸਾਰੇ ਧਰਮਾਂ ਦੀ ਏਕਤਾ ਬਾਰੇ ਪਹੁੰਚ, ਉਸ ਦੀ ਯਹੂਦੀਆਂ ਅਤੇ ਇਸਾਈਆਂ ਵਿਚਕਾਰ ਏਕਤਾ ਦੀ ਸੁਝਾਈ ਪਹੁੰਚ ਤੋਂ ਸਪਸ਼ਟ ਹੁੰਦੀ ਹੈ। ਮਾਰਕਸ ਦਾ ਇਨ੍ਹਾਂ ਦੋਹਾਂ ਧਰਮਾਂ ਬਾਰੇ ਕਥਨ ਹੈ, "ਯਹੂਦੀਆਂ ਅਤੇ ਇਸਾਈਆਂ ਵਿਚਕਾਰ ਵਿਰੋਧ ਦਾ ਕੱਟੜ ਰੂਪ ਧਾਰਮਿਕ ਵਿਰੋਧ ਹੈ। ਇਹ ਵਿਰੋਧ ਖਤਮ ਕਿਵੇਂ ਹੋਵੇ? ਇਸ ਵਿਰੋਧ ਨੂੰ ਅਸੰਭਵ ਬਣਾ ਕੇ। ਇਹ ਧਾਰਮਿਕ ਵਿਰੋਧ ਅਸੰਭਵ ਕਿਵੇਂ ਬਣੇ? ਧਰਮ ਨੂੰ ਖਤਮ ਕਰ ਕੇ। ਜਦੋਂ ਹੀ ਯਹੂਦੀ ਅਤੇ ਇਸਾਈ ਇਹ ਸਮਝ ਲੈਣਗੇ ਕਿ ਉਨ੍ਹਾਂ ਦੇ ਆਪਣੇ-ਆਪਣੇ ਧਰਮ, ਮਨੁੱਖੀ ਮਨ ਦੇ ਵਿਕਾਸ ਦੇ ਅੱਡ-ਅੱਡ ਪੜਾਵਾਂ ਤੋਂ ਬਿਨਾਂ ਹੋਰ ਕੁਝ ਨਹੀਂ, ਸਗੋਂ ਸੱਪ ਦੀਆਂ ਅੱਡ-ਅੱਡ ਕੁੰਜਾਂ ਵਾਂਗ ਹਨ ਜਿਹੜੀਆਂ ਇਤਿਹਾਸ ਨੇ ਆਪਣੇ-ਆਪ ਤੋਂ ਉਤਾਰ ਦਿਤੀਆਂ ਹਨ ਅਤੇ ਮਨੁੱਖ ਉਹ ਸੱਪ ਹੈ ਜਿਸ ਨੇ ਇਹ ਕੁੰਜਾਂ ਲਾਹੀਆਂ ਹਨ ਤੇ ਹੁਣ ਯਹੂਦੀਆਂ ਅਤੇ ਇਸਾਈਆਂ ਦਾ ਰਿਸ਼ਤਾ ਧਾਰਮਿਕ ਨਹੀਂ, ਸਗੋਂ ਪੜਚੋਲੀਆ, ਵਿਗਿਆਨਿਕ (ਅਨੁਭਵੀ) ਅਤੇ ਮਨੁਖੀ ਰਿਸ਼ਤਾ ਹੈ, ਤਾਂ ਫਿਰ ਸਾਇੰਸ (ਭਾਵ ਫਿਲਾਸਫੀ) ਉਨ੍ਹਾਂ ਦੀ ਏਕਤਾ ਦਾ ਆਧਾਰ ਬਣੇਗੀ, ਪਰ ਸਾਇੰਸ ਵਿਚਲੇ ਵਿਰੋਧ ਖੁਦ ਸਾਇੰਸ ਵਲੋਂ ਹੀ ਹੱਲ ਕੀਤੇ ਜਾਣੇ ਹਨ।" ਭਾਵ ਸਾਰੇ ਧਰਮਾਂ ਵਿਚਲੇ ਵਿਰੋਧ ਫ਼ਲਸਫ਼ੇ ਦੇ ਕੁਦਰਤੀ ਸੱਚ ਦੇ ਆਧਾਰ ਉਤੇ ਹੱਲ ਹੋਣੇ ਹਨ।

ਮਾਰਕਸ ਨੇ ਭੌਤਿਕਵਾਦੀ ਫਲਸਫੇ ਅਤੇ ਧਰਮ ਦਾ ਰਿਸ਼ਤਾ ਵੀ ਸਪਸ਼ਟ ਕੀਤਾ ਹੈ। ਮਾਰਕਸ ਦੇ ਆਪਣੇ ਕਥਨ ਅਨੁਸਾਰ "ਯਕੀਨਨ ਭੌਤਿਕਵਾਦੀ ਫ਼ਲਸਫ਼ਾ, ਧਰਮ ਅਤੇ ਫਿਲਾਸਫੀ ਦੇ ਮਸਲਿਆਂ ਬਾਰੇ ਧਾਰਮਿਕ ਲੋਕਾਂ ਨਾਲੋਂ ਵਖਰੇ ਢੰਗ ਨਾਲ ਚਰਚਾ ਕਰਦਾ ਹੈ। ਧਾਰਮਿਕ ਲੋਕ ਧਰਮਾਂ ਨੂੰ ਪੜ੍ਹੇ ਬਿਨਾਂ ਉਨ੍ਹਾਂ ਦੀ ਚਰਚਾ ਕਰਦੇ ਹਨ, ਫ਼ਲਸਫ਼ਾ ਉਨ੍ਹਾਂ ਨੂੰ ਪੜ੍ਹ ਕੇ ਉਨ੍ਹਾਂ ਬਾਰੇ ਚਰਚਾ ਕਰਦਾ ਹੈ। ਧਾਰਮਿਕ ਲੋਕ ਭਾਵਨਾਵਾਂ ਨੂੰ ਟੁੰਬਦੇ ਹਨ, ਫ਼ਲਸਫ਼ਾ ਵਿਵੇਕ ਨੂੰ ਟੁੰਬਦਾ ਹੈ। ਧਾਰਮਿਕ ਲੋਕ ਸਰਾਪ ਦਿੰਦੇ ਹਨ, ਫ਼ਲਸਫ਼ਾ ਸਿੱਖਿਆ ਦੇਂਦਾ ਹੈ। ਧਾਰਮਿਕ ਪੁਰਖ ਲੋਕ-ਪ੍ਰਲੋਕ ਦੇ ਵਾਅਦੇ ਕਰਦੇ ਹਨ, ਫ਼ਲਸਫ਼ਾ ਸੱਚ ਨੂੰ ਪ੍ਰਗਟ ਕਰਨ ਤੋਂ ਸਿਵਾਏ ਹੋਰ ਕੋਈ ਵਾਅਦਾ ਨਹੀਂ ਕਰਦਾ। ਧਾਰਮਿਕ ਲੋਕ ਆਪਣੇ ਵਿਸ਼ਵਾਸਾਂ ਵਿਚ ਵਿਸ਼ਵਾਸ ਪ੍ਰਗਟ ਕਰਨ ਦੀ ਮੰਗ ਕਰਦੇ ਹਨ, ਪਰ ਫ਼ਲਸਫ਼ਾ ਆਪਣੇ ਨਿਕਲੇ ਸਿੱਟਿਆਂ ਵਿਚ ਵਿਸ਼ਵਾਸ ਪ੍ਰਗਟ ਕਰਨ ਲਈ ਨਹੀਂ, ਸਗੋਂ ਮਨ ਅੰਦਰ ਪੈਦਾ ਹੁੰਦੇ ਸ਼ੰਕਿਆਂ ਦੀ ਨਵਿਰਤੀ ਕਰਨ ਦੀ ਮੰਗ ਕਰਦਾ ਹੈ। ਧਾਰਮਿਕ ਲੋਕ ਰੱਬ ਦੇ ਨਾਂ ਉਤੇ ਡਰ ਪੈਦਾ ਕਰਦੇ ਹਨ, ਪਰ ਫ਼ਲਸਫ਼ਾ ਮਨੁੱਖ ਨੂੰ ਸਹਿਜ ਕਰਦਾ ਹੈ ਅਤੇ ਸੱਚ ਇਹ ਹੈ ਕਿ ਫ਼ਲਸਫ਼ੇ ਕੋਲ ਸੰਸਾਰ ਦਾ ਇੰਨਾ ਭਰਵਾਂ ਗਿਆਨ ਮੌਜੂਦ ਹੈ ਕਿ ਉਸ ਦੇ ਨਿਕਲੇ ਸਿੱਟਿਆਂ ਨੂੰ ਲੋਕ-ਪ੍ਰਲੋਕ ਦੇ ਭਰਮ ਵਿਚ ਜਿਉਂਦੇ ਤੇ ਹਉਮੈਂ-ਗ੍ਰਸਤ ਲੋਕਾਂ ਦੀ ਚਾਪਲੂਸੀ ਕਰਨ ਦੀ ਕੋਈ ਲੋੜ ਨਹੀਂ ਪੈਂਦੀ ਅਤੇ ਜਿਹੜੇ ਲੋਕ ਆਪਣੇ ਭਲੇ ਲਈ ਸੱਚ ਅਤੇ ਗਿਆਨ ਨੂੰ ਪਿਆਰ ਕਰਦੇ ਹਨ, ਉਹ ਆਪਣੇ ਵਿਵੇਕ ਅਤੇ ਸਦਾਚਾਰ ਦੀ ਤੁਲਨਾ, ਮੂਰਖਾਂ ਤੇ ਗੁਲਾਮਾਂ ਵਰਗੀ ਡਾਵਾਂਡੋਲ ਨੀਚ ਬਿਰਤੀ ਦੇ ਮਨੁਖਾਂ ਦੇ ਵਿਵੇਕ ਅਤੇ ਸਦਾਚਾਰ ਨਾਲ ਕਰਨ ਦੇ ਯੋਗ ਹੁੰਦੇ ਹਨ।"



*ਬਰਲਿਨ (ਜਰਮਨੀ) ਦੀ ਪਾਰਕ ਵਿਚ ਲੱਗੇ ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼ ਦੇ ਬੁੱਤ।*

ਮਾਰਕਸ ਦਾ ਇਹ ਵੀ ਕਹਿਣਾ ਹੈ, "ਭੌਤਿਕਵਾਦੀ ਫ਼ਲਸਫ਼ਾ ਅਸਲ ਵਿਚ ਧਰਮ ਦਾ ਸਿੱਧਾ ਵਿਰੋਧੀ ਨਹੀਂ, ਕਿਉਂਕਿ ਭੌਤਿਕਵਾਦੀ ਫ਼ਲਸਫ਼ਾ, ਧਰਮ ਦੀ ਭਰਮਾਊ ਹਕੀਕਤ ਨੂੰ ਸਮਝਦਾ ਹੈ। ਇਸ ਲਈ ਭੌਤਿਕਵਾਦੀ ਫ਼ਲਸਫਾ ਜਦੋਂ ਤਕ ਹਕੀਕਤ ਬਣਨ ਦੀ ਕੋਸ਼ਿਸ਼ ਕਰਦਾ ਹੈ, ਉਦੋਂ ਤਕ ਧਰਮ ਆਪਣੇ ਆਪ ਹੀ ਲੋਪ ਹੋ ਜਾਂਦਾ ਹੈ।" (ਮਾਰਕਸ, ਸਮੂਹਿਕ ਲਿਖਤਾਂ, ਜਿਲਦ 3, ਸਫਾ 90)

ਇਹ ਹੈ ਉਹ ਸੱਚ ਜਿਹੜਾ ਹੁਣ ਤਕ ਆਲਮੀ ਕਮਿਊਨਿਸਟ ਲਹਿਰ ਨੇ ਅਣਗੌਲਿਆ ਕੀਤਾ ਹੈ; ਭਾਵ ਜਦੋਂ ਭੌਤਿਕਵਾਦੀ ਫ਼ਲਸਫ਼ਾ ਮਨੁੱਖੀ ਚੇਤਨਾ ਦਾ ਹਿੱਸਾ ਬਣ ਜਾਵੇਗਾ ਤਾਂ ਧਰਮ ਆਪਣੇ ਆਪ ਹੀ ਲੋਪ ਹੋ ਜਾਣਗੇ। ਮਾਰਕਸ ਦਾ ਬੜਾ ਸਪਸ਼ਟ ਕਥਨ ਹੈ ਕਿ ਧਰਮ ਹੋਰ ਕੁਝ ਨਹੀਂ, ਸਗੋਂ ਮਨੁੱਖੀ ਵਿਕਾਸ ਦੇ ਅੱਡ-ਅੱਡ ਪੜਾਵਾਂ ਉਤੇ ਵਿਕਸਿਤ ਹੋਏ ਮਨੁੱਖੀ ਮਨ ਦੀਆਂ ਅਵਸਥਾਵਾਂ ਹਨ। ਇਸ ਪ੍ਰਸੰਗ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਮਾਰਕਸ ਦੇ ਵਿਕਸਿਤ ਕੀਤੇ ਭੌਤਿਕਵਾਦੀ ਫ਼ਲਸਫ਼ੇ ਨੇ ਸਾਰੇ ਧਰਮਾਂ ਦੇ ਫ਼ਲਸਫ਼ਿਆਂ ਅਤੇ ਸਦਾਚਾਰ ਨੂੰ ਆਪਣੇ ਵਿਚ ਸਮੇਟ ਕੇ ਉਨ੍ਹਾਂ ਦੀ ਥਾਂ ਲੈਣੀ ਸੀ ਪਰ ਲੈਨਿਨਵਾਦੀ ਕਮਿਊਨਿਸਟਾਂ ਨੇ ਧਰਮਾਂ ਦਾ ਕੱਟੜ ਵਿਰੋਧ ਕਰ ਕੇ ਸਾਰੇ ਧਰਮਾਂ ਵਲੋਂ ਵਿਕਸਿਤ ਕੀਤੇ ਸਦਾਚਾਰ ਨੂੰ ਤਿਲਾਂਜਲੀ ਦੇਣ ਦਾ ਆਧਾਰ ਤਿਆਰ ਕਰ ਦਿਤਾ ਜਿਸ ਕਰ ਕੇ ਨਾਸਤਿਕ ਕਮਿਊਨਿਸਟ, ਸਾਮਰਾਜੀ ਵਹਿਸ਼ਤ ਦੇ ਦੌਰ ਵਿਚ ਵੀ ਪੂੰਜੀਵਾਦੀ ਵਿਕਾਸ ਦੇ ਭਰਮਜਾਲ ਵਿਚ ਉਲਝ ਕੇ ਖਪਤਕਾਰੀ ਦੇ ਮਨੋਰੋਗ ਦਾ ਸ਼ਿਕਾਰ ਹੋ ਗਏ। ਹੁਣ ਵੀ ਮਨੁੱਖ ਜਾਤੀ ਦਾ ਭਲਾ ਸਮਾਜਵਾਦੀ ਸਮਾਜਾਂ ਦੀ ਉਸਾਰੀ ਨਾਲ ਹੀ ਹੋਣਾ ਹੈ ਪਰ ਹੁਣ ਸ਼ਰਤ ਇਹ ਹੋਵੇਗੀ ਕਿ ਸਾਰੇ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਨੂੰ ਨਾਲ ਲੈ ਕੇ ਸਾਮਰਾਜੀ ਖਪਤਕਾਰੀ ਵਹਿਸ਼ਤ ਦਾ ਮੁਕਾਬਲਾ ਕਰਨਾ ਪਵੇਗਾ। ਇਸਲਾਮ ਵਲੋਂ ਸਾਮਰਾਜੀ ਖਪਤਕਾਰੀ ਸਭਿਆਚਾਰ ਨੂੰ ਦਿਤੀ ਜਾ ਰਹੀ ਟੱਕਰ ਇਸੇ ਰੁਝਾਨ ਦਾ ਅੰਗ ਹੈ।

ਕਿਸੇ ਜਗਿਆਸੂ ਮਨ ਵਿਚ ਇਹ ਸੁਆਲ ਵੀ ਪੈਦਾ ਹੋ ਸਕਦਾ ਹੈ ਕਿ ਜੇ ਸਾਰੇ ਹੀ ਧਰਮ ਇਕ-ਦੂਜੇ ਦੀ ਅਗਲੀ ਕੜੀ ਵਜੋਂ ਵਿਕਸਿਤ ਹੋਏ ਹਨ ਅਤੇ ਲਗਭਗ ਸਾਰੇ ਹੀ ਧਰਮਾਂ ਵਿਚ ਕਿਸੇ ਕਲਪਿਤ 'ਰੱਬ' ਦੁਆਲੇ ਬੁਣੇ ਭਰਮਜਾਲ ਤੇ ਇਸ ਨਾਲ ਜੁੜੇ ਕਰਮਕਾਂਡ ਤੋਂ ਬਿਨਾਂ, ਉਨ੍ਹਾਂ ਵਿਚ ਸਮਾਜੀ ਚੇਤਨਾ ਅਤੇ ਮਨੁਖੀ ਸਦਾਚਾਰ ਵੀ ਦਰਜ ਹੈ, ਤਾਂ ਫਿਰ ਧਰਮਾਂ ਵਿਚਲੇ ਟਕਰਾਅ ਤੇ ਧਰਮਾਂ ਦੇ ਨਾਂ ਉਤੇ ਹਜ਼ਾਰਾਂ-ਲੱਖਾਂ ਲੋਕਾਂ ਦੇ ਕਤਲੇਆਮ, ਕਿਸ ਜੁਮਰੇ ਵਿਚ ਆਉਂਦੇ ਹਨ? ਇਸ ਸੁਆਲ ਦਾ ਜੁਆਬ ਬੜਾ ਸਪਸ਼ਟ ਹੈ ਕਿ ਹਰ ਧਰਮ ਆਪਣੇ ਮੁਢਲੇ ਦੌਰ ਵਿਚ ਇਨਕਲਾਬੀ ਰੋਲ ਨਿਭਾਉਂਦਾ ਹੈ, ਪਰ ਸਮਾਂ ਪਾ ਕੇ ਜਿਵੇਂ-ਜਿਵੇਂ ਉਸ ਦਾ ਮੌਲਿਕ ਤੱਤ, ਭਾਵ ਫ਼ਲਸਫ਼ਾ ਵਿਸਰਦਾ ਜਾਂਦਾ ਹੈ, ਤਿਵੇਂ-ਤਿਵੇਂ ਉਸ ਦਾ ਇਨਕਲਾਬੀ ਕਣ ਮਰਦਾ ਜਾਂਦਾ ਹੈ। ਜਿਵੇਂ-ਜਿਵੇਂ ਇਨਕਲਾਬੀ ਕਣ ਮਰਦਾ ਜਾਂਦਾ ਹੈ, ਤਿਵੇਂ-ਤਿਵੇਂ ਭਰਮਾਊ ਸੋਚ ਅਤੇ ਸੁਆਰਥ ਭਾਰੂ ਹੋਈ ਜਾਂਦਾ ਹੈ।

ਭਰਮਾਊ ਸੋਚ ਅਤੇ ਸੁਆਰਥ ਭਾਰੂ ਹੋਣ ਨਾਲ, ਮਨੁੱਖ ਵੇਲੇ ਦੀ ਭ੍ਰਿਸ਼ਟ ਰਾਜਨੀਤੀ ਦਾ ਸ਼ਿਕਾਰ ਹੋ ਜਾਂਦਾ ਹੈ। ਸਮਾਂ ਪਾ ਕੇ ਇਹ ਭ੍ਰਿਸ਼ਟ ਰਾਜਨੀਤੀ ਧਰਮ ਉਤੇ ਭਾਰੂ ਹੋ ਜਾਂਦੀ ਹੈ। ਇਹੀ ਕਾਰਨ ਹੈ ਕਿ ਹਰ ਧਰਮ ਕਿਸੇ ਮੌਕੇ ਆ ਕੇ ਵੇਲੇ ਦੀ ਲੋਕ ਦੁਸ਼ਮਣ ਰਾਜਨੀਤੀ ਦਾ ਹਥਿਆਰ ਬਣ ਜਾਂਦਾ ਰਿਹਾ ਹੈ ਅਤੇ ਹੁਣ ਤਕ ਭੌਤਿਕਵਾਦੀ ਫ਼ਲਸਫ਼ੇ ਸਮੇਤ, ਇਹ ਲਗਭਗ ਸਾਰੇ ਹੀ ਧਰਮਾਂ ਨਾਲ ਵਾਪਰਿਆ ਹੈ। ਹਰ ਧਰਮ ਆਪਣੀ ਪਹਿਲ ਤਾਜ਼ਗੀ ਦੇ ਦੌਰ ਵਿਚ, ਆਪਣੇ ਵੇਲੇ ਦੇ ਬਹੁਗਿਣਤੀ ਲੋਕਾਂ ਅਤੇ ਸਮਕਾਲੀ ਰਾਜਨੀਤੀ ਨੂੰ ਪ੍ਰਭਾਵਿਤ ਕਰਦਾ ਰਿਹਾ ਹੈ। ਜਦੋਂ ਤਕ ਇਹ ਰਾਜਨੀਤੀ ਧਰਮ ਦੇ ਅਧੀਨ ਚਲਦੀ ਰਹੀ ਹੈ, ਉਦੋਂ ਤਕ ਧਰਮ ਤੇ ਰਾਜਨੀਤੀ ਦਾ ਇਹ ਸੁਮੇਲ ਸਮਾਜੀ ਇਤਿਹਾਸ ਦੇ ਵਿਕਾਸ ਵਿਚ ਕ੍ਰਿਸ਼ਮੇ ਕਰਦਾ ਰਿਹਾ ਹੈ, ਪਰ ਜਦੋਂ ਸੁਆਰਥੀ ਰਾਜਨੀਤੀ ਧਰਮ ਉਤੇ ਭਾਰੂ ਹੋ ਜਾਂਦੀ ਰਹੀ ਹੈ, ਤਾਂ ਇਹੀ ਧਰਮ ਲੋਕਾਂ ਦੇ ਵੱਡੇ-ਵੱਡੇ ਕਤਲੇਆਮ ਕਰਵਾਉਣ ਤਕ ਨਿਘਰ ਜਾਂਦੇ ਰਹੇ ਹਨ। ਧਰਮ ਦੇ ਹਾਂ ਪੱਖੀ ਰੋਲ ਵਾਸਤੇ ਰਾਜਨੀਤੀ ਦਾ ਧਰਮ (ਫ਼ਲਸਫ਼ੇ) ਦੇ ਅਧੀਨ ਰਹਿਣਾ ਬਹੁਤ ਜ਼ਰੂਰੀ ਹੈ। ਮੀਰੀ ਤੇ ਪੀਰੀ ਦੀ ਇਹੀ ਸਾਂਝ ਹੈ।

ਹੋਰ ਤਾਂ ਹੋਰ ਸਾਡੇ ਸਮਿਆਂ ਦੇ ਸਭ ਤੋਂ ਇਨਕਲਾਬੀ ਫ਼ਲਸਫ਼ੇ ਮਾਰਕਸ-ਏਂਗਲਜ਼ ਦੇ ਭੌਤਿਕਵਾਦ ਨਾਲ ਵੀ ਇਹੋ ਕੁਝ ਵਾਪਰਿਆ ਹੈ। ਭੌਤਿਕਵਾਦੀ ਫ਼ਲਸਫ਼ੇ ਨੂੰ ਅਣਗੌਲਿਆ ਕਰਨ ਕਰ ਕੇ ਹੀ ਸਮੁੱਚੀ ਆਲਮੀ ਕਮਿਊਨਿਸਟ ਲਹਿਰ ਆਪਣੇ ਰਾਹ ਤੋਂ ਖੁੰਝ ਗਈ ਹੈ। ਇਸ ਵਰਤਾਰੇ ਦਾ ਇਸ ਤੋਂ ਸਪਸ਼ਟ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਸਾਡੀਆਂ ਅੱਖਾਂ ਦੇ ਸਾਹਮਣੇ ਆਲਮੀ ਕਮਿਊਨਿਸਟ ਲਹਿਰ ਦੇ ਇਕ ਛੋਟੇ ਜਿਹੇ ਹਿੱਸੇ ਨੂੰ ਛੱਡ ਕੇ, ਬਾਕੀ ਦੀ ਲਗਭਗ ਸਮੁਚੀ ਕਮਿਊਨਿਸਟ ਲਹਿਰ ਸਾਮਰਾਜੀ ਆਰਥਿਕ ਵਿਕਾਸ ਦੀ ਪ੍ਰਚਾਰਕ ਬਣੀ ਹੋਈ ਹੈ ਅਤੇ ਸਾਮਰਾਜੀਆਂ ਦੇ ਸਿਧਾਂਤਕ ਹਥਿਆਰ ਵਜੋਂ ਕੰਮ ਕਰ ਰਹੀ ਹੈ।

ਭੌਤਿਕਵਾਦੀ ਫ਼ਲਸਫ਼ਾ ਭਾਵੇਂ 'ਰੱਬੀ' ਗਿਆਨ ਹੋਣ ਦਾ ਦਾਅਵਾ ਨਹੀਂ ਕਰਦਾ, ਪਰ ਇਹ ਮਨੁੱਖ ਦੀ ਸਵੈ ਤੇ ਸਮਾਜੀ ਚੇਤਨਾ ਦਾ ਅਗਲਾ ਪੜਾਅ ਹੈ ਜਿਸ ਨੂੰ ਆਪਣੇ ਚਿੰਤਨਸ਼ੀਲ ਅਨੁਭਵੀ ਮਨ ਵਿਚ ਆਤਮਸਾਤ ਕਰ ਕੇ ਹੀ, ਕਮਿਊਨਿਜ਼ਮ ਭਾਵ ਸਰਬ ਸਾਂਝੀਵਾਲਤਾ ਤੇ ਸਰਬਤ ਦੇ ਭਲੇ ਦੀ ਪਰਉਪਕਾਰੀ ਚੇਤਨਾ ਪ੍ਰਗਟ ਹੁੰਦੀ ਹੈ। ਇਸ ਚੇਤਨਾ ਤੋਂ ਬਾਅਦ ਹੀ ਮਨੁੱਖ ਸਦਾਚਾਰੀ ਬਣਦਾ ਹੈ ਅਤੇ ਸਰਬਤ ਦੇ ਭਲੇ ਵਿਚ ਆਪਣੀ ਚੜ੍ਹਦੀਕਲਾ ਵੇਖਣ ਦੇ ਯੋਗ ਬਣਦਾ ਹੈ।

ਭੌਤਿਕਵਾਦੀ ਫ਼ਲਸਫ਼ਾ ਧਰਮਾਂ ਨਾਲੋਂ ਆਪਣਾ ਨਿਖੇੜਾ ਕਿਵੇਂ ਕਰਦਾ ਹੈ, ਇਸ ਬਾਰੇ ਮਾਰਕਸ ਦੀ ਹੇਠ ਲਿਖੀ ਧਾਰਨਾ ਧਿਆਨ ਦੇਣ ਯੋਗ ਹੈ: "ਜੇ ਤੁਸੀਂ (ਭੌਤਿਕਵਾਦੀ ਫ਼ਲਸਫ਼ੇ ਦਾ ਵਿਰੋਧ ਕਰ ਰਹੇ ਲੋਕ) ਆਪਣੇ-ਆਪ ਨੂੰ ਧਰਮਾਂ ਤੋਂ ਇੰਨਾ ਹੀ ਉਚਾ ਉਠ ਗਿਆ ਸਮਝਦੇ ਹੋ ਕਿ ਤੁਸੀਂ ਧਰਮ ਦੀ ਅਸਲੀ ਆਤਮਾ ਨੂੰ ਉਸ ਦੇ ਸਮੁਚੇ ਸਰੂਪ (ਪ੍ਰਤਖ ਕਰਮਕਾਂਡ ਤੇ ਕਿਸੇ ਕਲਪਿਤ 'ਰੱਬ' ਬਾਰੇ ਬੁਣੇ ਭਰਮਜਾਲ) ਤੋਂ ਨਿਖੇੜਨ ਦੇ ਹੱਕਦਾਰ ਹੋ, ਤਾਂ ਤੁਸੀਂ ਇਕ ਫ਼ਿਲਾਸਫਰ ਨੂੰ ਇਹ ਉਲਾਂਭਾ ਕਿਵੇਂ ਦੇ ਸਕਦੇ ਹੋ, ਜੇ ਉਹ ਇਹ ਕੰਮ ਅੱਧ ਵਿਚਾਲੇ ਨਾ ਛੱਡ ਕੇ, ਇਸ ਨੂੰ ਪੂਰਨਤਾ ਦੀ ਹੱਦ ਤਕ ਕਰਨਾ ਚਾਹੁੰਦਾ ਹੈ ਅਤੇ ਜੇ ਉਹ ਧਰਮ ਦੀ ਅਸਲੀ ਆਤਮਾ ਨੂੰ ਇਸਾਈ (ਮਜ਼੍ਹਬੀ) ਆਤਮਾ ਨਹੀਂ, ਸਗੋਂ ਮਨੁੱਖੀ ਆਤਮਾ ਕਹਿੰਦਾ ਹੈ।" ਭਾਵ ਇਕ ਪੜਾਅ ਉਤੇ ਪਹੁੰਚ ਕੇ ਧਰਮ ਦੀ ਅਸਲੀ ਆਤਮਾ ਅਤੇ ਮਨੁੱਖੀ ਆਤਮਾ ਇਕ ਰੂਪ ਹੋ ਜਾਂਦੇ ਹਨ। ਇਸ ਧਾਰਨਾ ਨੂੰ ਇਸ ਰੂਪ ਵਿਚ ਵੀ ਸਪਸ਼ਟ ਕੀਤਾ ਜਾ ਸਕਦਾ ਹੈ ਕਿ ਭੌਤਿਕਵਾਦੀ ਫ਼ਲਸਫ਼ੇ ਨੂੰ ਆਤਮਸਾਤ ਕਰਨ ਤੋਂ ਬਾਅਦ ਮਨੁੱਖ ਦੀ ਚੇਤੰਨ ਸੋਚ ਅਤੇ ਅਨੁਭਵੀ ਮਨ ਵਿਚ ਧਰਮ ਬਾਰੇ ਬਣਿਆ ਕਲਪਿਤ ਭਰਮ ਜਾਲ ਉਂਜ ਹੀ ਖਤਮ ਹੋ ਜਾਂਦਾ ਹੈ ਅਤੇ ਮਨੁੱਖ ਨੂੰ ਕੁਦਰਤ ਨਾਲ ਆਪਣੇ ਸਿਧੇ ਅਨੁਭਵੀ ਰਿਸ਼ਤੇ ਦਾ ਅਹਿਸਾਸ ਹੋ ਜਾਂਦਾ ਹੈ। ਅਨੁਭਵੀ ਕਮਿਊਨਿਜ਼ਮ ਦੇ ਬਾਨੀ ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼ ਦੀ ਮਨੁੱਖ ਜਾਤੀ ਨੂੰ ਦਿੱਤੀ ਮਹਾਨ ਦੇਣ ਇਹੀ ਹੈ ਕਿ ਉਨ੍ਹਾਂ ਨੇ ਮਨੁੱਖੀ ਆਤਮਾ ਨੂੰ ਕਿਸੇ ਕਲਪਿਤ ਰੱਬ ਦੀ ਕੈਦ ਵਿਚੋਂ ਆਜ਼ਾਦ ਕਰਵਾ ਕੇ, ਉਸ ਨੂੰ ਜੀਵੰਤ ਕੁਦਰਤ ਨਾਲ ਮਨੁੱਖ ਦੇ ਸਿਧੇ ਅਨੁਭਵੀ ਰਿਸ਼ਤੇ ਵਿਚੋਂ ਪ੍ਰਗਟ ਹੋ ਰਹੇ ਆਤਮਿਕ ਗਿਆਨ ਨਾਲ ਜੋੜ ਦਿਤਾ।

ਮਾਰਕਸ ਪਹਿਲਾ ਪੱਛਮੀ ਫ਼ਿਲਾਸਫ਼ਰ ਹੈ ਜਿਸ ਨੇ ਕੁਦਰਤ ਅਤੇ ਮਨੁੱਖ ਦੇ ਇਸ ਅਟੁੱਟ ਅਨੁਭਵੀ ਰਿਸ਼ਤੇ ਦੀ ਥਾਹ ਪਾਈ ਅਤੇ ਇਸ ਰਿਸ਼ਤੇ ਨੂੰ 'ਸਵੈ ਤੇ ਸਮਾਜੀ ਚੇਤਨਾ' (ਆਤਮਾ) ਅਤੇ ਚਿੰਤਨਸ਼ੀਲ ਅਨੁਭਵੀ 'ਮਨ' ਦੇ ਆਪਸੀ ਸਬੰਧਾਂ ਰਾਹੀਂ ਸਪਸ਼ਟ ਕੀਤਾ। ਮਾਰਕਸ ਕੁਦਰਤ ਨਾਲ ਮਨੁੱਖ ਦੇ ਇਸ ਸਿੱਧੇ ਅਨੁਭਵੀ ਰਿਸ਼ਤੇ ਨੂੰ ਇਨ੍ਹਾਂ ਸ਼ਬਦਾਂ ਨਾਲ ਬਿਆਨ ਕਰਦਾ ਹੈ: "ਸਮਾਜਵਾਦੀ ਮਨੁੱਖ ਲਈ ਸੰਸਾਰ ਦਾ ਸਮੁਚਾ ਅਖੌਤੀ ਇਤਿਹਾਸ ਹੋਰ ਕੁਝ ਨਹੀਂ, ਸਗੋਂ ਮਨੁੱਖੀ ਕਿਰਤ ਰਾਹੀਂ ਮਨੁੱਖ ਦੀ ਸਿਰਜਣਾ ਹੀ ਹੈ, ਹੋਰ ਕੁਝ ਨਹੀਂ ਸਗੋਂ ਮਨੁੱਖ

(ਬਾਕੀ ਅਗਲੇ ਸਫੇ 'ਤੇ)

# ਦਰਜ਼ੀ ਦੇ ਬਖੀਏ ਉਧੇੜੀਏ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਦੱਸਣ ਦੀ ਲੋੜ ਨਹੀਂ ਕਿ ਸਿਉਣ ਵਾਲੀ ਮਸ਼ੀਨ ਤੋਂ ਪਹਿਲਾਂ ਕਪੜੇ ਸੂਈ ਨਾਲ ਹੀ ਸੀਤੇ ਜਾਂਦੇ ਸਨ। ਸਿਉਣ ਵਾਲੀ ਮਸ਼ੀਨ ਤਾਂ ਕਿਤੇ ਜਾ ਕੇ ਉਨ੍ਹੀਵੀਂ ਸਦੀ ਵਿਚ ਪ੍ਰਗਟ ਹੋਈ। ਅਸਲ ਵਿਚ ਫੈਸ਼ਨ ਦਾ ਅਰੰਭ ਵੀ ਇਸ ਮਸ਼ੀਨ ਨਾਲ ਹੀ ਬੱਝਾ। ਸਭ ਤੋਂ ਪਹਿਲਾਂ ਤਨ ਨੂੰ ਖੱਲਾਂ, ਕਪੜੇ ਆਦਿ ਨਾਲ ਲਪੇਟਾ ਮਾਰ ਕੇ ਹੀ ਕੱਜਿਆ ਜਾਂਦਾ ਸੀ। ਫਿਰ ਪਹਿਨਣ ਸਮੱਗਰੀ ਦੇ ਦੋ ਤਿੰਨ ਟੋਟੇ ਕਰਕੇ ਤੇ ਉਨ੍ਹਾਂ ਵਿਚ ਸੂਈ ਨਾਲ ਸਿਉਣ ਪਾ ਕੇ ਮੋਟਾ ਠੁੱਲਾ ਜਿਹਾ ਰੂਪ ਦਿੱਤਾ ਜਾਣ ਲੱਗਾ। ਮਿਸਾਲ ਵਜੋਂ ਚੋਲਾ, ਸਾੜ੍ਹੀ, ਪਗੜੀ, ਧੋਤੀ, ਚਾਦਰਾ, ਦੁਪੱਟਾ, ਫੇਰਨ, ਆਦਿ ਸਾਡੀ ਪੁਸ਼ਾਕ ਦੇ ਮੁਢਲੇ ਰੂਪ ਸਨ ਜਿਨ੍ਹਾਂ ਵਿਚ ਕੋਈ ਸਿਉਣ ਮਾਰਨ ਦੀ ਵੀ ਜ਼ਰੂਰਤ ਨਹੀਂ ਸੀ। ਜਿਉਂ ਜਿਉਂ ਮਨੁਖ ਪੁਰਾਣੇ ਪਹਿਰਾਵੇ ਦੀਆਂ ਸਮੱਗਰੀਆਂ ਜਿਵੇਂ ਖੱਲ, ਦਰਖਤਾਂ ਦੀ ਛਿੱਲ ਆਦਿ ਛੱਡ ਕੇ ਕਪੜਾ ਅਪਨਾਉਣ ਲੱਗਾ, ਸੂਈ ਦੀ ਵਰਤੋਂ ਵਧਣ ਲੱਗ ਪਈ। ਆਧੁਨਿਕ ਫੈਸ਼ਨ ਦਾ ਸੰਕਲਪ ਵੀ ਮੁੱਖ ਰੂਪ ਵਿਚ ਸਿਉਂਤੇ ਹੋਏ ਕਪੜੇ ਦੀ ਵੰਨ-ਸਵੰਨਤਾ ਨਾਲ ਜੁੜਿਆ ਹੋਇਆ ਹੈ। ਪਹਿਲਾਂ ਪਹਿਲ ਹਰ ਵਿਅਕਤੀ ਦੇ ਵਸਤਰ ਇਕੋ ਜਿਹੇ ਹੀ ਹੁੰਦੇ ਸਨ ਪਰ ਸਭਿਅਤਾ ਦੇ ਵਿਕਾਸ ਨਾਲ ਕਪੜੇ ਸਿਉਣ ਲਈ ਪੇਸ਼ੇਵਰ ਦਰਜ਼ੀ ਪ੍ਰਗਟ ਹੋਇਆ ਜੋ ਹਰ ਮਨੁਖ ਦੇ ਸਰੀਰਕ ਆਕਾਰ, ਅੰਗਾਂ ਦੇ ਉਭਾਰ ਅਤੇ ਨਿੱਜੀ ਰੁਚੀ ਅਨੁਸਾਰ ਪੁਸ਼ਾਕ ਤਿਆਰ ਕਰਨ ਵਿਚ ਮਾਹਿਰ ਹੋਣ ਲੱਗ ਪਿਆ।

ਭਾਰਤ ਵਿਚ ਦਰਜ਼ੀ ਦੇ ਬਾਕਾਇਦਾ ਪੇਸ਼ੇ ਦਾ ਅਰੰਭ ਇਸਲਾਮੀ, ਖਾਸ ਤੌਰ 'ਤੇ ਸੁਲਤਾਨੀ ਹਕੂਮਤ ਨਾਲ ਹੋਇਆ ਲਗਦਾ ਹੈ। ਬਾਦਸ਼ਾਹਾਂ, ਰਾਜਿਆਂ, ਵੱਡੇ ਵੱਡੇ ਅਹਿਲਕਾਰਾਂ, ਰਈਸਾਂ, ਸਰਦਾਰਾਂ, ਫੌਜੀਆਂ ਆਦਿ ਦੀ ਉਭਰੀ ਨਵੀਂ ਜਮਾਤ ਲਈ ਵਿਸ਼ੇਸ਼ ਪੁਸ਼ਾਕਾਂ ਚਾਹੀਦੀਆਂ ਸਨ। ਇਸ ਨਾਲ ਸਬੰਧਤ ਕਾਫੀ ਸ਼ਬਦਾਵਲੀ ਵੀ ਅਰਬੀ ਫਾਰਸੀ ਵਾਲੀ ਹੀ ਹੈ ਜਿਵੇਂ ਦਰਜ਼ੀ, ਕੈਂਚੀ, ਰੇਵ, ਸਲਵਾਰ, ਪਜਾਮਾ, ਕੁੜਤਾ, ਐਚਕਨ ਆਦਿ। ਇਨ੍ਹਾਂ 'ਚੋਂ ਕੈਂਚੀ ਸ਼ਾਇਦ ਤੁਰਕੀ ਦਾ ਸ਼ਬਦ ਹੈ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਉਤਰ ਪੱਛਮੀ ਭਾਰਤ ਦੇ ਹਿੰਦੂ ਛੀਂਬਾ ਜਾਤ ਦੇ ਲੋਕਾਂ ਨੇ ਮੁਸਲਮਾਨ ਧਰਮ ਗ੍ਰਹਿਣ ਕੀਤਾ ਤਾਂ ਉਨ੍ਹਾਂ ਨੇ ਕੱਪੜੇ ਛਾਪਣ ਦੇ ਨਾਲ ਨਾਲ ਦਰਜ਼ੀ ਦਾ ਕੰਮ ਵੀ ਸ਼ੁਰੂ ਕਰ ਦਿੱਤਾ। ਭੂਗੋਲਿਕ ਖਿਤਿਆਂ ਅਨੁਸਾਰ ਪੂਰਬੀ ਅਤੇ ਪਛਮੀ ਪੰਜਾਬ ਵਿਚ ਸਿਰਹੰਦੀ, ਦੇਸਵਾਲ ਅਤੇ ਮੁਲਤਾਨੀ ਨਾਂ ਨਾਲ ਜਾਣੇ ਜਾਂਦੇ ਦਰਜ਼ੀਆਂ ਦੀਆਂ ਕਿਸਮਾਂ ਹਨ। ਪੰਜਾਬ, ਸਿੰਧ, ਯੂਪੀ, ਬਿਹਾਰ, ਨੇਪਾਲ, ਮੈਸੂਰ ਆਦਿ ਵਿਚ ਦਰਜ਼ੀ ਵਜੋਂ ਜਾਣੀ ਜਾਂਦੀ ਇਕ ਨਵੀਂ ਜਾਤੀ ਹੀ ਉਭਰ ਗਈ ਹਾਲਾਂ ਕਿ ਕਈ ਸੂਰਤਾਂ ਵਿਚ ਇਹ ਪਤਾ ਨਹੀਂ ਲਗਦਾ ਕਿ ਦਰਜ਼ੀ ਇਕ ਵੱਖਰੀ ਪੇਸ਼ੇਵਰ ਜਾਤ ਹੈ ਜਾਂ ਕਿਸੇ ਵੀ ਵਿਅਕਤੀ ਦਾ ਆਪ ਚੁਣਿਆ ਕਿੱਤਾ। ਕੁਝ ਥਾਂਵਾਂ 'ਤੇ ਬ੍ਰਾਹਮਣ ਵੀ ਦਰਜ਼ੀ ਦਾ ਕੰਮ ਕਰਦੇ ਦੇਖੇ ਗਏ ਹਨ। ਹਰ ਪੇਸ਼ੇ ਦੀ ਤਰ੍ਹਾਂ ਅੱਜ ਕਲ੍ਹ ਤਾਂ ਇਸ ਕੰਮ ਵਿਚ ਜਾਤੀ ਦਾ ਕੋਈ ਦਖਲ ਨਹੀਂ ਰਿਹਾ, ਕਮਾਈ ਹੋਣੀ ਚਾਹੀਦੀ ਹੈ। ਇਸ ਲਈ ਦਰਜ਼ੀ ਨੂੰ ਟੇਲਰ ਮਾਸਟਰ ਕਿਹਾ ਜਾਣ ਲੱਗਾ ਹੈ। ਦਸਵੀਂ-ਗਿਆਰਵੀਂ ਸਦੀ ਵਿਚ 'ਦਰੂਜ਼' ਨਾਂ ਦਾ ਇਕ ਸ਼ੀਆ ਫਿਰਕਾ ਵੀ ਉਭਰਿਆ ਜਿਸ ਦਾ ਨਾਂ ਇਸ ਦੇ ਬਾਨੀ ਇਸਮਾਈਲ ਨਸ਼ਾਤਕਿਨ ਦਰੂਜ਼ ਦੇ ਨਾਂ ਦੇ ਆਖਰੀ ਹਿੱਸੇ ਤੋਂ ਬਣਿਆ ਦੱਸਿਆ ਜਾਂਦਾ ਹੈ। ਇਸ ਦਾ



ਇਹ ਨਾਂ ਇਸ ਲਈ ਪਿਆ ਕਿ ਉਹ ਪਹਿਲਾਂ ਪੇਸ਼ੇ ਵਜੋਂ ਦਰਜ਼ੀ ਸੀ। ਪਰ ਦਰਜ਼ੀ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੀ ਕੁਲ ਇਕ ਬਾਈਬਲੀ ਪੈਗੰਬਰ ਇਦਰਿਸ ਤੋਂ ਸ਼ੁਰੂ ਹੋਈ। ਉਨ੍ਹਾਂ ਅਨੁਸਾਰ ਇਦਰਿਸ ਪਹਿਲਾ ਸ਼ਖਸ ਸੀ ਜਿਸ ਨੇ ਕਪੜੇ ਸਿਉਣ ਦਾ ਕੰਮ ਚਾਲੂ ਕੀਤਾ। ਖੈਰ, ਹਰ ਜਾਤ ਜਾਂ ਕਿੱਤੇ ਦੇ ਲੋਕ ਆਪਣਾ ਉਦਗਮ ਕਿਸੇ ਦੈਵੀ ਪੁਰਸ਼ ਤੋਂ ਹੀ ਦੱਸਦੇ ਹਨ, ਇਨ੍ਹਾਂ ਵਿਚ ਕਦੇ ਸੱਚਾਈ ਨਹੀਂ ਹੁੰਦੀ। ਸੁਲਤਾਨਾਂ ਦੇ ਰਾਜ ਵਿਚ ਤੁਰਕੀ ਤੋਂ ਆਏ ਬਹੁਤ ਸਾਰੇ ਦਰਜੀ ਹਿੰਦੁਸਤਾਨ ਵਿਚ ਵਸ ਗਏ। ਉਤਰ ਪ੍ਰਦੇਸ਼ ਅਤੇ ਸਿੰਧ ਵਿਚ ਸੁਲਤਾਨ ਰਾਜ ਨਾਲ ਆਏ ਬਹੁਤ ਸਾਰੇ ਅਜਿਹੇ ਤੁਰਕ ਅਜੇ ਵੀ ਦਰਜ਼ੀ ਦਾ ਪੇਸ਼ਾ ਕਰਦੇ ਹਨ। ਕਰਾਚੀ ਦੇ ਇਲਾਕੇ ਵਿਚ ਇਨ੍ਹਾਂ ਨੂੰ ਅੱਜ ਵੀ ਤੁਰਕੀ ਜਾਂ ਤੁਰਕ ਦਰਜ਼ੀ ਕਿਹਾ ਜਾਂਦਾ ਹੈ। ਬਿਹਾਰ ਅਤੇ ਝਾਰਖੰਡ ਦੇ ਦਰਜ਼ੀ ਆਪਣੇ ਆਪ ਨੂੰ ਇਦਰਿਸੀ ਕਹਾਉਂਦੇ ਹਨ।

ਹੁਣ ਜ਼ਰਾ ਦਰਜ਼ੀ ਸ਼ਬਦ ਬਾਰੇ ਕੁਝ ਜਾਣ ਲਈਏ। ਇਹ ਮੁਢਲੇ ਤੌਰ 'ਤੇ ਫਾਰਸੀ ਦਾ ਸ਼ਬਦ ਹੈ ਜੋ ਦਰਜ਼ ਸ਼ਬਦ ਤੋਂ ਬਣਿਆ। ਪੁਰਾਤਨ ਜ਼ੈਂਦ ਭਾਸ਼ਾ ਵਿਚ ਵੀ ਇਸ ਦਾ ਇਹੋ ਜਿਹਾ ਰੂਪ ਹੀ ਸੀ। ਦਰਜ਼ ਦਾ ਅਰਥ ਹੁੰਦਾ ਹੈ ਤ੍ਰੇੜ, ਦਰਾੜ, ਲਗਾਰ, ਪਾੜਾ, ਕਾਟ। ਕਿਸੇ ਇਮਾਰਤ ਵਿਚ ਇੱਟਾਂ ਆਦਿ ਦੇ ਜੋੜ ਦਰਮਿਆਨ ਦੀ ਖਾਲੀ ਜਗ੍ਹਾ ਨੂੰ ਦਰਜ਼ ਕਿਹਾ ਜਾਂਦਾ ਹੈ। ਰਾਜਗੀਰੀ ਦੇ ਕਿੱਤੇ ਵਿਚ ਟੀਪ ਕਰਕੇ ਦਰਜ਼ ਭਰੀ ਜਾਂਦੀ ਹੈ। ਸੋ, ਦਰਜ਼ੀ ਦਾ ਸ਼ਾਬਦਿਕ ਅਰਥ ਉਹ ਵਿਅਕਤੀ ਹੈ ਜੋ ਕੱਟਦਾ ਹੈ। ਧਿਆਨ ਨਾਲ ਸੋਚਿਆਂ ਪਤਾ ਲਗਦਾ ਹੈ ਕਿ ਸਰੀਰ ਦੇ ਮੇਚੇ ਅਨੁਸਾਰ ਕਪੜੇ ਨੂੰ ਕਾਟ ਪਾਉਣਾ ਦਰਜ਼ੀ ਦਾ ਮੁਖ ਕਸਬ ਹੈ, ਬਾਕੀ ਸਿਉਣਾ ਤਾਂ ਇਕ ਮਸ਼ੀਨੀ ਜਿਹਾ ਹੀ ਕਰਮ ਹੈ। ਪਰ ਸਾਡੇ ਸਾਹਮਣੇ ਦਰਜ਼ੀ ਦਾ ਬਿੰਬ ਇਕ ਸਿਉਣ ਵਾਲੇ ਬੰਦੇ ਵਜੋਂ ਪੇਸ਼ ਹੁੰਦਾ ਹੈ। ਖੈਰ, ਸਮਾਂ ਪਾ ਕੇ ਫਾਰਸੀ ਵਿਚ ਦਰਜ਼ ਦਾ ਅਰਥ ਸਿਉਣ ਵੀ ਹੋ ਗਿਆ ਤੇ ਹੋਰ ਅੱਗੇ ਜਾ ਕੇ ਲੀਰ ਜਾਂ ਕਾਤਰ ਵੀ। ਅੰਗਰੇਜ਼ੀ ਸ਼ਬਦ ਟੇਲਰ ਦੇ ਮੁਢਲੇ ਲਾਤੀਨੀ ਰੂਪ ਦਾ ਅਰਥ ਵੀ ਕੱਟਣਾ ਹੀ ਹੈ। ਉਂਜ ਸੰਸਕ੍ਰਿਤ ਵਿਚ ਦਰਜੀ ਲਈ 'ਸੋਚੀ' ਜਾਂ 'ਸੂਜੀ' ਸ਼ਬਦ ਆਉਂਦਾ ਹੈ ਜਿਸ ਦਾ ਸਾਬਦਿਕ ਅਰਥ ਸਿਉਣ ਵਾਲਾ ਹੈ। ਸੂਈ ਦਾ ਸੰਸਕ੍ਰਿਤ ਰੂਪ ਸੂਚੀ ਹੈ। ਦਰਜ਼ੀ ਦੇ ਕੰਮ ਨੂੰ ਦਰਜ਼ੀਗੀਰੀ ਕਿਹਾ ਜਾਂਦਾ ਹੈ। ਦਰਜ਼ੀ ਦੀ ਘਰ ਵਾਲੀ ਦਰਜ਼ਨ ਹੁੰਦੀ ਹੈ। ਦਰਜ਼ੀ ਦਾ ਕੰਮ ਕਰਨ ਵਾਲੀ ਇਸਤਰੀ ਨੂੰ ਦਰਜਾਣੀ ਕਿਹਾ ਜਾਂਦਾ ਹੈ। ਇਕ ਪੰਛੀ ਦਾ ਨਾਂ ਵੀ ਦਰਜ਼ਨ ਹੈ ਜੋ ਬਰੀਕ ਬਰੀਕ ਤੀਲਿਆਂ ਨੂੰ ਜੋੜ ਕੇ ਆਲ੍ਹਣਾ ਬਣਾਉਂਦਾ ਹੈ।

ਕਹਿੰਦੇ ਹਨ, ਦਰਜ਼ੀ ਕੈਂਚੀ ਪੈਰਾਂ ਵਿਚ ਰੱਖਦਾ ਹੈ ਕਿਉਂਕਿ ਇਹ ਪਾੜਦੀ ਹੈ ਜਦ ਕਿ ਸੂਈ ਨੂੰ ਸਿਰ ਜਾਂ ਪੱਗ ਤੇ ਰੱਖਣ ਦਾ ਮਾਣ ਬਖਸ਼ਦਾ ਹੈ। ਸਦਾਚਾਰਕ ਕਦਰਾਂ ਕੀਮਤਾਂ ਅਨੁਸਾਰ ਮਨੁਖ ਨੂੰ ਮਨੁਖ ਨਾਲ ਜੋੜਨ ਵਾਲੇ ਨੂੰ ਭਲਾਮਾਣਸ ਮੰਨਿਆ ਜਾਂਦਾ ਹੈ ਜਦ ਕਿ ਲੋਕਾਂ ਨੂੰ ਪਾੜਨ ਵਾਲੇ ਨੂੰ ਭੰਡਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ, "ਲੋਹਾ ਵਢੇ ਦਰਜੀ ਪਾੜੇ ਸੂਈ ਧਾਗਾ ਸੀਵੈ॥" ਇਸ ਕਪੜੇ ਨੂੰ ਕੈਂਚੀ ਕਤਰਦੀ ਹੈ, ਦਰਜ਼ੀ ਪਾੜਦਾ ਹੈ ਤੇ ਸੂਈ ਧਾਗਾ ਸਿਊਂਦਾ ਹੈ। ਇਥੇ ਲੋਹਾ ਕੈਂਚੀ ਨੂੰ ਕਿਹਾ ਗਿਆ ਹੈ। ਉਂਜ ਦਰਜ਼ੀਆਂ ਦੀ ਭਾਸ਼ਾ ਵਿਚ ਲੋਹਾ ਪਰੈਸ ਯਾਨਿ ਇਸਤਰੀ ਹੈ। ਅੰਗਰੇਜ਼ੀ ਵਿਚ ਵੀ ਇਸ ਲਈ ਆਇਰਨ ਸ਼ਬਦ ਹੈ। ਗੁਰੂ ਨਾਨਕ ਜਿਹੇ ਭਾਵ ਭਾਈ ਗੁਰਦਾਸ ਨੇ ਵੀ ਪ੍ਰਗਟ ਕੀਤੇ ਹਨ,

ਦਰਜ਼ੀ ਪਾੜ ਵਿਗਾੜਦਾ
ਪਾਟਾ ਮੂਲ ਨਾ ਲਹੈ ਵਿਕਾਣਾ।
ਕਤਰਣਿ ਕਤਰੈ ਕਤਰਣੀ
ਹੋਇ ਦੁਮੂਹੀ ਚੜ੍ਹਦੀ ਸਾਣਾ।
ਸੂਈ ਸੀਵੈ ਜੋੜਿ ਕੈ
ਵਿਛੁੜਿਆਂ ਕਰਿ ਮੇਲਿ ਮਿਲਾਣਾ।

ਸੁਲਤਾਨ ਬਾਹੂ ਨੇ ਦਰਜ਼ੀ ਸ਼ਬਦ ਵਰਤਿਆ ਹੈ,

ਬੇ ਬਗ਼ਦਾਦ ਸ਼ਹਿਰ ਦੀ ਕਿਆ ਨਿਸ਼ਾਨੀ
ਉਚੀਆਂ ਲੰਮੀਆਂ ਚੀੜਾਂ ਹੂ।
ਤਨ ਮਨ ਮੇਰਾ ਪੁਰਜ਼ੇ ਪੁਰਜ਼ੇ
ਜਿਉਂ ਦਰਜ਼ੀ ਦੀਆਂ ਲੀਰਾਂ ਹੂ।
ਲੀਰਾਂ ਦੀ ਗਲ ਕਫਨੀ ਪਾ ਕੇ
ਰਲਸਾਂ ਸੰਗ ਫਕੀਰਾਂ ਹੂ।

ਕਹਿੰਦੇ ਹਨ, ਦਰਜ਼ੀ ਸਿਉਣ ਲਈ ਦਿੱਤੇ ਹੋਏ ਕਪੜੇ 'ਚੋਂ ਕਾਟ ਜ਼ਰੂਰ ਰਖਦਾ ਹੈ। ਕਈ ਹੁਸੀਨ ਔਰਤਾਂ ਜਾਂ ਕੁੜੀਆਂ ਦੇ ਕਪੜੇ ਦੀ ਤਾਂ ਇਕ ਛੋਟੀ ਜਿਹੀ ਟਾਕੀ ਵੀ ਰੱਖ ਲੈਂਦਾ ਹੈ। ਇਸ ਪਿਛੇ ਆਰਥਕ ਨਾਲੋਂ ਮਨੋਵਿਗਿਆਨਕ ਕਾਰਨ ਵਧੇਰੇ ਹੁੰਦੇ ਹਨ। ਰੱਬ ਜਾਣੇਂ। ਦਰਜ਼ੀਆਂ ਦੇ ਗੁਝੇ ਗੁਣ ਜਾਨਣੇ ਹੋਣ ਤਾਂ ਤਾਰਾ ਸਿੰਘ ਕਾਮਿਲ ਦੀ ਇਕ ਕਵਿਤਾ, "ਮੈਂ ਵੀ ਦਰਜ਼ੀ, ਤੂੰ ਵੀ ਦਰਜ਼ੀ" ਜ਼ਰੂਰ ਪੜ੍ਹੋ ਜੋ ਉਸ ਨੇ ਦਿੱਲੀ ਦੇ ਦਰਜ਼ੀ ਪੇਸ਼ੇ ਤੋਂ ਉਪਰ ਉਠੇ ਦੋ ਮਸ਼ਹੂਰ ਸਿੱਖ ਲੀਡਰਾਂ-ਜਥੇਦਾਰ ਸੰਤੋਖ ਸਿੰਘ ਅਤੇ ਜਥੇਦਾਰ ਰਛਪਾਲ ਸਿੰਘ ਦੀ ਆਪਸੀ ਖਹਿਬਾਜ਼ੀ ਅਤੇ ਸ਼ਾਤਰ ਸਿਆਸਤ ਬਾਰੇ ਲਿਖੀ ਸੀ। ਦਰਜ਼ ਸ਼ਬਦ ਅੱਗੋਂ 'ਦਰ' ਧਾਤੂ ਤੋਂ ਬਣਿਆ ਹੈ ਜਿਸ ਵਿਚ ਫਟਣ, ਕੱਟਣ, ਚੀਰਨ, ਲੰਗਾਰਨ ਆਦਿ ਦੇ ਭਾਵ ਹਨ। ਇਸ ਤੋਂ ਪਾੜ ਖਾਣੇ ਜਾਨਵਰ ਲਈ ਵਰਤਿਆ ਜਾਂਦਾ ਦਰਿੰਦਾ ਸ਼ਬਦ ਬਣਿਆ। ਉਰਦੂ ਫਾਰਸੀ ਦਾ ਦਰੀਦਾ ਸ਼ਬਦ ਵੀ ਇਸੇ ਤੋਂ ਬਣਿਆ ਜਿਸ ਦਾ ਅਰਥ ਹੁੰਦਾ ਹੈ, ਫਟਿਆ। ਪੰਜਾਬ ਦੇ ਮਸ਼ਹੂਰ ਉਰਦੂ ਸ਼ਾਇਰ ਇਬਨੇ ਇੰਸ਼ਾਂ ਦੀਆਂ ਚੰਦ ਲਾਈਨਾਂ ਹਾਜ਼ਰ ਹਨ,

ਇਸ ਦਿਲ ਕੇ ਦਰੀਦਾ ਦਾਮਨ ਮੇਂ
ਦੇਖੋ ਤੋ ਸਹੀ, ਸੋਚੋ ਤੋ ਸਹੀ।
ਜਿਸ ਝੋਲੀ ਮੇਂ ਸੌ ਛੇਦ ਹੂਏ
ਉਸ ਝੋਲੀ ਕੋ ਫੈਲਾਨਾ ਕਯਾ?

---

ਫੈਜ਼ ਕਹਿੰਦਾ ਹੈ,
ਦਰੀਦਾ ਦਿਲ ਹੈ ਸ਼ਹਰ ਮੇਂ
ਕੋਈ ਹਮਾਰੀ ਤਰਹ,
ਕੋਈ ਦਰੀਦਾ ਦਹਨ
ਸ਼ੈਖੇ-ਸ਼ਹਰ ਕੇ ਮਨੰਦ।

ਦਰਾੜ ਸ਼ਬਦ ਵੀ ਇਸੇ ਮੂਲ ਤੋਂ ਵਿਗਸਿਆ ਹੈ ਜਿਸ ਵਿਚ ਤ੍ਰੇੜ ਦਾ ਭਾਵ ਹੈ। ਫਾਰਸੀ ਦਾ ਇਹ ਮੂਲ ਸੰਸਕ੍ਰਿਤ ਦੇ 'ਦ੍ਰੀ' ਧਾਤੂ ਦਾ ਸੁਜਾਤੀ ਹੈ ਜਿਸ ਵਿਚ ਇਸ ਤੋਂ ਵਿਕਸਿਤ ਬਹੁਤ ਸਾਰੇ ਸ਼ਬਦ ਮਿਲਦੇ ਹਨ। ਇਸ ਤੋਂ ਇਕ ਸ਼ਬਦ 'ਦਾਰੀ' ਬਣਿਆ ਹੈ ਜਿਸ ਦਾ ਅਰਥ ਚੀਰ ਸੁੱਟਣ ਵਾਲਾ ਹੁੰਦਾ ਹੈ। ਵਿਕਸਿਤ ਹੋ ਕੇ ਇਹ ਸ਼ਬਦ ਮਿਟਾ ਦੇਣ ਦੇ ਅਰਥ ਵੀ ਦੇਣ ਲੱਗ ਪਿਆ। ਪਿਛੇਤਰ ਵਜੋਂ ਇਸ ਦੀ ਵਰਤੋਂ ਦੇਖੋ, "ਗਈ ਬਹੋੜ ਬੰਦੀ ਛੋੜ ਨਿਰੰਕਾਰੁ ਦੁਖਦਾਰੀ॥" (ਗੁਰੂ ਅਰਜਨ ਦੇਵ) ਪਰਮਾਤਮਾ ਗਵਾਚੀ ਪੂੰਜੀ ਨੂੰ ਵਾਪਸ ਦਿਵਾਣ ਵਾਲਾ ਹੈ, ਮੁਕਤੀਦਾਤਾ ਅਤੇ ਦੁਖਾਂ ਦਾ ਨਾਸ ਕਰਨ ਵਾਲਾ ਹੈ। ਗੁਰੂ ਅਰਜਨ ਦੇਵ ਨੇ ਦਾਰਨ ਸ਼ਬਦ ਵੀ ਵਰਤਿਆ ਹੈ, ਜਿਸ ਦਾ ਅਰਥ ਚੀਰ ਸੁਟਣ ਵਾਲਾ, ਡਾਢਾ ਹੈ, "ਦਾਰਨ ਦੁਖ ਦੁਤਰੁ ਸੰਸਾਰ॥" ਸੰਸਾਰ ਰੂਪੀ ਸਮੁੰਦਰ ਨੂੰ ਪਾਰ ਕਰਨਾ ਡਾਢਾ ਔਖਾ ਕੰਮ ਹੈ। ਦਰਦਰਾ ਸ਼ਬਦ ਵੀ ਇਸੇ ਤੋਂ ਬਣਿਆ ਜਿਸ ਦਾ ਅਰਥ ਮੋਟਾ ਪੀਸਿਆ ਆਟਾ ਹੁੰਦਾ ਹੈ। ਪੰਜਾਬੀ ਦਾ ਦਰੜਨਾ ਤੇ ਦਰੜ ਸ਼ਬਦ ਵੀ ਇਸੇ ਨਾਲ ਜਾ ਜੁੜਦੇ ਹਨ। ਦਰਜ਼ੀ ਸ਼ਬਦ ਦੇ ਸਕੇ ਬਹੁਤ ਸਾਰੇ ਸ਼ਬਦ ਕਈ ਹਿੰਦ-ਆਰਿਆਈ ਭਾਸ਼ਾਵਾਂ ਵਿਚ ਮਿਲਦੇ ਹਨ। ਅਸੀਂ ਕੁਝ ਕੁ ਹੀ ਗਿਣਾਏ ਹਨ। ਭਾਰਤੀ ਤੇ ਹੋਰ ਭਾਰੋਪੀ ਭਾਸ਼ਾਵਾਂ 'ਚ ਮਿਲਦੇ ਇਸ ਦੇ ਢੇਰ ਸਾਰੇ ਸਹਿਮੂਲਕ ਸ਼ਬਦਾਂ ਦਾ ਜ਼ਿਕਰ ਇਕ ਹੋਰ ਕੜੀ ਵਿਚ ਕਰਾਂਗੇ।

## ਰੂਸੀ ਇਨਕਲਾਬ ਦਾ ਪਿਛੋਕੜ ਅਤੇ ਧਰਮਾਂ ਬਾਰੇ ਮਾਰਕਸਵਾਦੀ ਪਹੁੰਚ

*(ਪਿਛਲੇ ਸਫੇ ਦੀ ਬਾਕੀ)*

ਲਈ ਕੁਦਰਤ ਦਾ ਪ੍ਰਗਟ ਹੋਣਾ ਹੀ ਹੈ।...ਇਸ ਲਈ ਉਸ ਦੇ ਕੋਲ ਖੁਦ ਰਾਹੀਂ ਆਪਣੇ ਜਨਮ ਦਾ, ਆਪਣੀ ਉਤਪਤੀ ਦਾ ਨਾ ਝੁਠਲਾਇਆ ਜਾ ਸਕਣ ਵਾਲਾ ਸਪਸ਼ਟ ਸਬੂਤ ਮੌਜੂਦ ਹੈ, ਕਿਉਂਕਿ ਕੁਦਰਤ ਅਤੇ ਮਨੁੱਖ ਦੀ ਅਸਲੀ ਹੋਂਦ (ਮਨੁੱਖ ਦੇ) ਇੰਦ੍ਰਿਆਵੀ ਅਨੁਭਵ (ਮਨ) ਰਾਹੀਂ ਅਮਲੀ ਰੂਪ ਵਿਚ (ਉਸ ਦੀ ਸਵੈ ਤੇ ਸਮਾਜੀ ਚੇਤਨਾ ਵਜੋਂ) ਪ੍ਰਗਟ ਹੋ ਰਹੀ ਹੈ। ਮਨੁੱਖ ਲਈ ਕੁਦਰਤ ਦੀ ਹੋਂਦ ਵਜੋਂ ਮਨੁੱਖ ਅਤੇ ਮਨੁੱਖ ਦੀ ਹੋਂਦ ਵਜੋਂ ਕੁਦਰਤ ਪ੍ਰਤਖ ਹੋ ਰਹੀ ਹੈ। ਪ੍ਰਤਖ ਹੋ ਰਿਹਾ ਹੈ ਕਿ ਮਨੁੱਖ ਕੁਦਰਤ ਦੀ ਹੋਂਦ ਵਜੋਂ ਹੀ ਹੈ ਅਤੇ ਕੁਦਰਤ ਮਨੁੱਖ ਦੀ ਹੋਂਦ ਵਜੋਂ ਹੀ ਹੈ। ਦੋਹਾਂ ਤੋਂ ਕਿਸੇ ਵਖਰੀ ਹੋਂਦ ਦਾ ਸੁਆਲ, ਕੁਦਰਤ ਤੇ ਮਨੁੱਖ ਤੋਂ ਪਾਰ ਕਿਸੇ ਵੱਖਰੀ ਹੋਂਦ ਦੇ ਸੁਆਲ ਦਾ ਮਤਲਬ-ਮਨੁੱਖ ਦੀ ਤੇ ਕੁਦਰਤ ਦੀ ਕਿਸੇ ਕਾਲਪਨਿਕ ਹੋਂਦ ਨੂੰ ਮੰਨਣਾ, ਅਮਲੀ ਰੂਪ ਵਿਚ ਹੀ ਅਸੰਭਵ ਹੋ ਗਿਆ ਹੈ।"

ਇਹ ਹੈ ਮਾਰਕਸ ਦੇ ਭੌਤਿਕਵਾਦੀ ਫ਼ਲਸਫ਼ੇ ਦਾ ਤੱਤ, ਭਾਵ ਕੁਦਰਤ ਨਾਲ ਮਨੁੱਖ ਦੇ ਸਿਧੇ ਅਨੁਭਵੀ ਰਿਸ਼ਤੇ ਦੀ ਦਿੱਤੀ ਗਈ ਨਵੀਂ ਜਾਣਕਾਰੀ ਜਿਸ ਅਨੁਸਾਰ ਕੁਦਰਤ ਤੇ ਕੁਦਰਤੀ ਨੇਮਾਂ ਬਾਰੇ ਹੁਣ ਤਕ ਇਕੱਠੀ ਹੋਈ ਸਾਰੀ ਜਾਣਕਾਰੀ, ਮਨੁੱਖ ਦੇ ਆਪਣੇ ਅਨੁਭਵੀ 'ਮਨ' ਦੀ ਉਪਜ ਹੈ; ਭਾਵ ਮਨੁਖੀ 'ਮਨ' ਆਪਣੇ ਅਨੁਭਵ ਰਾਹੀਂ 'ਸਵੈ ਤੇ ਸਮਾਜੀ ਚੇਤਨਾ' ਦੇ ਰੂਪ ਵਿਚ ਕੁਦਰਤੀ ਨੇਮਾਂ ਦੇ ਪ੍ਰਗਟ ਹੋਣ ਦਾ ਅਹਿਸਾਸ ਖੁਦ ਕਰਦਾ ਹੈ। ਇਕ ਅਨੁਭਵੀ (ਚਿੰਤਨਸ਼ੀਲ ਜਗਿਆਸੂ ਮਨ ਦਾ ਮਾਲਕ) ਮਨੁੱਖ ਹੀ ਆਪਣੇ ਮਨ ਵਿਚ ਇਲਹਾਮ ਵਜੋਂ ਪ੍ਰਗਟ ਹੁੰਦੇ ਸੰਕਲਪਾਂ ਰਾਹੀਂ, ਕੁਦਰਤ ਦੀ ਬ੍ਰਹਿਮੰਡੀ ਹੋਂਦ ਦਾ ਅਹਿਸਾਸ ਕਰਦਾ ਹੈ। ਮਨੁੱਖੀ ਮਨ ਦੇ ਕੁਦਰਤ ਨਾਲ ਇਸ ਅਨੁਭਵੀ ਰਿਸ਼ਤੇ ਨੂੰ ਜਾਣਨ ਤੋਂ ਬਾਅਦ ਹੀ ਸਮੁਚੇ ਮਨੁੱਖੀ ਇਤਿਹਾਸ ਦੀ ਅਹਿਮੀਅਤ ਦਾ ਪਤਾ ਲਗਦਾ ਹੈ ਕਿ ਕੁਦਰਤ ਨਾਲ ਮਨੁੱਖੀ ਮਨ ਦਾ ਇਹ ਅਨੁਭਵੀ ਰਿਸ਼ਤਾ ਨਿਰੰਤਰ ਵਿਕਾਸਸ਼ੀਲ ਹੈ। ਕੁਦਰਤ ਨਾਲ ਮਨੁੱਖੀ ਮਨ ਦੇ ਇਸ ਅਨੁਭਵੀ ਰਿਸ਼ਤੇ ਦੇ ਨਿਰੰਤਰ ਵਿਕਾਸ ਦੀ ਜਾਣਕਾਰੀ ਹੀ ਇਤਿਹਾਸਕ ਭੌਤਿਕਵਾਦ ਹੈ। ਇਹ ਇਤਿਹਾਸਕ ਭੌਤਿਕਵਾਦ ਹੀ ਦੱਸਦਾ ਹੈ ਕਿ ਸਾਰੇ ਧਰਮ ਇਕ-ਦੂਜੇ ਤੋਂ ਟੁਟੇ ਹੋਏ ਨਹੀਂ, ਸਗੋਂ ਇਕ-ਦੂਜੇ ਦੀ ਨਿਰੰਤਰਤਾ ਵਿਚ ਵਿਕਸਿਤ ਹੋਏ ਹਨ ਅਤੇ ਭੌਤਿਕਵਾਦੀ ਫ਼ਲਸਫ਼ਾ ਇਸ ਨਿਰੰਤਰਤਾ ਦੀ ਅਗਲੀ ਕੜੀ ਹੈ ਜਿਹੜੀ ਕਮਿਊਨਿਜ਼ਮ ਦੇ ਸੰਕਲਪ ਰਾਹੀਂ ਸਰਬ ਸਾਂਝੀਵਾਲਤਾ ਦੀ ਸਮਾਜੀ ਚੇਤਨਾ ਤੇ ਸਰਬਤ ਦੇ ਭਲੇ ਦੇ ਸਦਾਚਾਰ ਦੇ ਪਰਉਪਕਾਰੀ ਰੂਪ ਵਿਚ ਪ੍ਰਗਟ ਹੁੰਦੀ ਹੈ।

ਇਥੇ ਇਹ ਵੀ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਅਜੋਕੇ ਸਾਮਰਾਜੀ ਦੌਰ ਵਿਚ ਆ ਕੇ ਧਰਮਾਂ ਦੀ ਲੋੜੋਂ ਵੱਧ ਆਲੋਚਨਾ ਅਤੇ ਮਾਰਕਸ-ਏਂਗਲਜ ਦੇ ਵਿਕਸਿਤ ਕੀਤੇ ਭੌਤਿਕਵਾਦੀ ਫ਼ਲਸਫ਼ੇ ਪ੍ਰਤੀ ਭਰੀ ਨਫਰਤ, ਸਾਮਰਾਜੀ ਸੋਚ ਤੇ ਉਸ ਦੀ ਕੂੜ ਰਾਜਨੀਤੀ ਦੀ ਦੇਣ ਹੈ। ਆਪਣੀ ਇਸ ਕੂੜ ਰਾਜਨੀਤੀ ਨੂੰ ਅਗੇ ਵਧਾਉਣ ਲਈ ਬ੍ਰਾਹਮਣਵਾਦੀ ਸੋਚ ਅਤੇ ਸਾਮਰਾਜੀ ਅਰਥਚਾਰੇ ਦੇ ਪੈਰੋਕਾਰ, ਧਰਮ ਦੇ ਕਰਮਕਾਂਡੀ ਪੱਖ ਤੇ ਕਿਸੇ ਕਲਪਿਤ ਰੱਬ ਦੁਆਲੇ ਬੁਣੇ ਭਰਮਜਾਲ ਨੂੰ ਲੋੜੋਂ ਵਧ ਪ੍ਰਚਾਰਦੇ ਹਨ, ਪਰ ਧਰਮ ਦੀ ਅਸਲੀ ਆਤਮਾ, ਸਰਬ ਸਾਂਝੀਵਾਲਤਾ ਤੇ ਸਰਬਤ ਦੇ ਭਲੇ ਦੀ ਚੇਤਨਾ ਤੇ ਸਦਾਚਾਰ ਦਾ ਅਮਲੀ ਰੂਪ ਵਿਚ ਖੰਡਨ ਕਰਦੇ ਹਨ। ਪਿਛਲੀ ਸਦੀ ਦੇ ਚਰਚਿਤ ਇਤਿਹਾਸਕਾਰ ਐਰਿਕ ਹੌਬਸਬਾਮ ਨੇ 20ਵੀਂ ਸਦੀ ਨੂੰ ਮਨੁੱਖੀ ਇਤਿਹਾਸ ਦੀ ਸਭ ਤੋਂ ਖੂਨੀ ਸਦੀ ਕਿਹਾ ਹੈ। ਇਸ ਦੇ ਕਾਰਨ ਸਪਸ਼ਟ ਕਰਦਿਆਂ ਉਹਨੇ ਇਹ ਜਾਣਕਾਰੀ ਵੀ ਦਿੱਤੀ ਹੈ ਕਿ ਪਹਿਲੀ ਸੰਸਾਰ ਜੰਗ ਮਨੁੱਖੀ ਇਤਿਹਾਸ ਦੀ ਪਹਿਲੀ ਜੰਗ ਸੀ ਜਿਸ ਵਿਚ ਸਨਅਤੀ ਪੈਦਾਵਾਰੀ ਸ਼ਕਤੀਆਂ ਨੂੰ ਇਕ ਦੂਜੇ ਦੇ ਦੁਸ਼ਮਣਾਂ ਨੂੰ ਮਾਰਨ ਲਈ ਵਰਤਿਆ ਗਿਆ। ਆਧੁਨਿਕ ਤਕਨੀਕ ਦੀ ਜੰਗੀ ਹਥਿਆਰਾਂ ਦੇ ਤੌਰ ਉਤੇ ਕੀਤੀ ਗਈ ਵਰਤੋਂ ਨੇ ਪਹਿਲੀ ਵਾਰ ਭਿਆਨਕ ਵਹਿਸ਼ਤ ਦਾ ਮੁੱਢ ਬੰਨ੍ਹਿਆ।

ਸਾਮਰਾਜੀ ਇਤਿਹਾਸਕਾਰਾਂ ਵਲੋਂ ਪ੍ਰਚਾਰਿਆ ਜਾਂਦਾ ਹੈ ਕਿ ਹੁਣ ਤੱਕ ਮਨੁੱਖੀ ਇਤਿਹਾਸ ਦੀਆਂ ਸਭ ਤੋਂ ਵੱਡੀਆਂ ਟੱਕਰਾਂ ਅੱਡ-ਅੱਡ ਧਰਮਾਂ ਵਿਚਾਲੇ ਹੀ ਸਨ। ਇਸ ਦਾ ਖੰਡਨ ਕਰਦਿਆਂ ਹੌਬਸਬਾਮ ਨੇ ਇਹ ਜਾਣਕਾਰੀ ਵੀ ਦਿੱਤੀ ਹੈ ਕਿ ਰਾਜ ਦੇ ਪੁਰਾਣੇ ਸੰਕਲਪ ਅਨੁਸਾਰ ਅੱਡ-ਅੱਡ ਧਰਮ ਅਤੇ ਸਭਿਆਚਾਰ ਮਿਲ ਕੇ ਰਹਿ ਸਕਦੇ ਸਨ। ਇਸ ਦੀ ਸਭ ਤੋਂ ਉਭਰਵੀਂ ਮਿਸਾਲ ਆਟੋਮਾਨ ਸਾਮਰਾਜ ਹੈ। ਸਹਿਣਸ਼ੀਲਤਾ ਆਟੋਮਾਨ ਸਾਮਰਾਜ ਦਾ ਅੰਦੂਰਨੀ ਲਛਣ ਸੀ ਤੇ ਉਸ ਵਿਚ ਮੁਸਲਮਾਨਾਂ, ਯਹੂਦੀਆਂ, ਕੁਰਦਾਂ, ਇਸਾਈਆਂ ਵਿਚਕਾਰ ਘਟ ਹੀ ਫਰਕ ਕੀਤਾ ਜਾਂਦਾ ਸੀ ਪਰ 20ਵੀਂ ਸਦੀ ਵਿਚ ਪੂੰਜੀਵਾਦ ਨਾਲ ਜੁੜ ਕੇ ਕੌਮੀ ਰਾਜ ਦੇ ਹੋਏ ਉਭਾਰ ਤੇ ਬਣੀ ਸੋਚ ਨੇ ਇਹ ਸਹਿਣਸ਼ੀਲਤਾ ਖਤਮ ਕਰ ਦਿੱਤੀ। ਕੌਮੀ ਰਾਜ ਦਾ ਇਕੋ ਹੀ ਲਛਣ ਸੀ, ਸਾਰੇ ਵਖਰੇਵਿਆਂ ਨੂੰ ਖਤਮ ਕਰੋ ਤੇ ਸਾਰਿਆਂ ਨੂੰ ਆਪਣੇ ਵਿਚ ਆਤਮਸਾਤ ਕਰੋ। ਪਹਿਲੀ ਸੰਸਾਰ ਜੰਗ ਤੋਂ ਬਾਅਦ ਇਕਸਾਰ ਕੌਮੀ ਬਣਤਰ ਦੇ ਰਾਜ ਕਾਇਮ ਕਰਨ ਦੀ ਸੋਚ, ਇਕ ਸਿਆਸੀ ਨਿਸ਼ਾਨੇ ਵਜੋਂ ਡੂੰਘਾ ਘਰ ਕਰ ਗਈ ਅਤੇ ਇਸ ਨੇ ਰਾਜ ਦੇ ਪੁਰਾਣੇ ਸਹਿਣਸ਼ੀਲ ਸੰਕਲਪ ਨੂੰ ਖੋਖਲਾ ਕਰ ਦਿਤਾ।

ਐਰਿਕ ਹੌਬਸਬਾਮ ਨੇ 20ਵੀਂ ਸਦੀ ਦੇ ਆਖਰੀ ਦੋ ਦਹਾਕਿਆਂ ਵਿਚ ਅਰੰਭ ਹੋਏ ਸਾਮਰਾਜੀ ਸੰਸਾਰੀਕਰਨ ਦੇ ਦੌਰ ਨੂੰ ਵਹਿਸ਼ਤ ਦੀ ਪੁਨਰ ਜਾਗ੍ਰਿਤੀ ਦੇ ਵਡੇ ਦੌਰ ਦੀ ਸ਼ੁਰੂਆਤ ਕਿਹਾ ਹੈ। ਇਸ ਨੂੰ ਇਤਿਹਾਸਕ ਸੰਕਟ ਦੀ ਸ਼ੁਰੂਆਤ ਦੱਸਦਿਆਂ ਉਸ ਨੇ ਇਸ ਸੰਕਟ ਦੇ ਤਿੰਨ ਪੱਖ ਸਪਸ਼ਟ ਕੀਤੇ ਹਨ: ਪਹਿਲਾ-ਆਲਮੀ ਰਿਸ਼ਤਿਆਂ ਨੂੰ ਨਜਿੱਠਣ ਦਾ ਕੋਈ ਪ੍ਰਬੰਧ ਨਜ਼ਰ ਨਹੀਂ ਆਉਂਦਾ। ਦੂਜਾ-ਮਾਲੀ ਪੂੰਜੀ ਦੀ ਵਧੀ ਤਾਕਤ ਨੇ ਰਾਜ ਦੀ ਸ਼ਕਤੀ ਘਟਾ ਦਿਤੀ ਹੈ ਅਤੇ ਹਕੂਮਤਾਂ ਲੋਕਾਂ ਦੀਆਂ ਸਮਸਿਆਵਾਂ ਨੂੰ ਹੱਲ ਕਰਨ ਤੋਂ ਇਨਕਾਰੀ ਹੋ ਰਹੀਆਂ ਹਨ। ਬੰਦੇ ਦੀ ਥਾਂ ਖਪਤਕਾਰ ਲੈ ਰਿਹਾ ਹੈ ਜਿਸ ਕੋਲ ਸਿਰਫ ਖਰੀਦਣ ਦਾ ਹੱਕ ਹੈ। ਕੁਝ ਕੁ ਨਿੱਜੀ ਹੱਥਾਂ ਵਿਚ ਇੰਨੀ ਦੌਲਤ, ਭਾਵ ਆਰਥਿਕ ਸ਼ਕਤੀ ਕੇਂਦਰਿਤ ਹੋ ਗਈ ਹੈ ਜਿਸ ਦੀ ਪਹਿਲਾਂ ਕਦੀ ਕਿਸੇ ਨੇ ਸੁਪਨੇ ਵਿਚ ਕਲਪਨਾ ਵੀ ਨਹੀਂ ਸੀ ਕੀਤੀ। ਤੀਜਾ-ਕੁਝ ਹੱਥਾਂ ਵਿਚ ਕੇਂਦਰਿਤ ਹੋਈ ਦੌਲਤ ਅਤੇ ਬਹੁਤ ਵੱਡੀ ਪਧਰ ਉਤੇ ਵਧੀ ਸਮਾਜਕ ਨਾ-ਬਰਾਬਰੀ ਨੇ ਆਲਮੀ ਅਰਥਚਾਰੇ ਵਿਚ ਇੰਨੀ ਕੁ ਅਰਾਜਕਤਾ ਫੈਲਾ ਦਿੱਤੀ ਹੈ ਕਿ ਹੁਣ ਇਹਨੂੰ ਕਾਬੂ ਵਿਚ ਰਖਣਾ ਅਸੰਭਵ ਬਣਦਾ ਜਾ ਰਿਹਾ ਹੈ। ਸਮਾਜੀ ਤਬਦੀਲੀ ਦੀ ਚਾਲ ਇੰਨੀ ਤੇਜ਼ ਹੈ ਅਤੇ ਇਹ ਮਨੁੱਖੀ ਵਿਸ਼ਵਾਸਾਂ ਨੂੰ ਇੰਜ ਲਤਾੜਦੀ ਜਾ ਰਹੀ ਹੈ ਕਿ ਹੁਣ ਮਨੁੱਖੀ ਰਿਸ਼ਤਿਆਂ ਦੀ ਨਾ ਕੋਈ ਦਿਸ਼ਾ ਹੈ ਅਤੇ ਨਾ ਹੀ ਇਸ ਦੇ ਕੋਈ ਅਸੂਲ ਹਨ। ਵਰਤਮਾਨ ਅਤੇ ਇਤਿਹਾਸ ਵਿਚਲਾ ਰਿਸ਼ਤਾ ਟੁਟ ਗਿਆ ਹੈ ਅਤੇ ਲੋਕਾਂ ਲਈ ਇਤਿਹਾਸ ਗੈਰ-ਪ੍ਰਸੰਗਕ ਹੋ ਗਿਆ ਹੈ।

ਇਸ ਇਤਿਹਾਸਕ ਸੰਕਟ ਦੇ ਪ੍ਰਸੰਗ ਵਿਚ ਹੀ ਧਰਮਾਂ ਦੀ ਚੜ੍ਹਤ ਦਾ ਦੌਰ ਫਿਰ ਤੋਂ ਸ਼ੁਰੂ ਹੋਇਆ ਹੈ। ਪਿਛਲੀ ਲਗਭਗ ਅੱਧੀ ਸਦੀ ਤੋਂ ਜਿਵੇਂ-ਜਿਵੇਂ ਸਾਮਰਾਜੀ ਵਹਿਸ਼ਤ ਆਪਣੀ ਚਰਮ ਸੀਮਾ ਵਲ ਵਧ ਰਹੀ ਹੈ, ਤਿਵੇਂ-ਤਿਵੇਂ ਅੱਡ-ਅੱਡ ਧਰਮਾਂ ਦੇ ਲੋਕਾਂ ਦੇ ਮਨਾਂ ਵਿਚ ਫਿਰ ਤੋਂ ਆਪਣੇ-ਆਪਣੇ ਧਰਮ ਬਾਰੇ ਦਿਲਚਸਪੀ ਵਧ ਰਹੀ ਹੈ। ਧਰਮਾਂ ਵਿਚਲੀ ਸਮਾਜੀ ਚੇਤਨਾ ਅਤੇ ਮਨੁੱਖੀ ਸਦਾਚਾਰ ਸਿਆਣੇ ਮਨੁੱਖੀ ਮਨਾਂ ਵਿਚ ਫਿਰ ਤੋਂ ਆਪਣੀ ਥਾਂ ਬਣਾਉਣ ਲੱਗੇ ਹਨ। ਇਹ ਸਿਆਣੇ ਮਨ ਆਪਣੇ-ਆਪਣੇ ਧਰਮਾਂ ਦੀ ਪੁਨਰ ਵਿਆਖਿਆ ਕਰ ਕੇ ਉਨ੍ਹਾਂ ਨੂੰ ਸਾਮਰਾਜੀ ਵਹਿਸ਼ਤ ਦੇ ਵਿਰੋਧ ਵਿਚ ਲਾਮਬੰਦ ਕਰ ਰਹੇ ਹਨ। ਇਸਲਾਮ ਨੇ ਇਸ ਮਸਲੇ ਵਿਚ ਪਹਿਲ ਕੀਤੀ ਹੈ ਅਤੇ ਹੌਲੀ-ਹੌਲੀ ਇਸਾਈ ਧਰਮ ਸਮੇਤ ਲਗਭਗ ਸਾਰੇ ਹੀ ਧਰਮ ਦੁਬਾਰਾ ਆਪਣੀ ਹੋਂਦ ਜਤਾਉਣ ਲੱਗੇ ਹਨ। ਇਸੇ ਤਰ੍ਹਾਂ 19ਵੀਂ ਸਦੀ ਦੇ ਦੋ ਮਹਾਨ ਇਨਕਲਾਬੀ ਫ਼ਿਲਾਸਫ਼ਰਾਂ ਮਾਰਕਸ ਅਤੇ ਏਂਗਲਜ਼ ਦੇ ਅਨੁਭਵਾਂ ਵਿਚ ਤਰਾਸ਼ਿਆ ਭੌਤਿਕਵਾਦੀ ਫ਼ਲਸਫ਼ਾ ਫਿਰ ਤੋਂ ਆਪਣੀ ਮੌਲਿਕਤਾ ਪ੍ਰਗਟ ਕਰ ਰਿਹਾ ਹੈ।

# ਪਿੱਥੋ ਦਾ ਮਾਣ: ਭਾਈ ਕਾਨ੍ਹ ਸਿੰਘ ਨਾਭਾ

**ਭਾਈ ਕਾਨ੍ਹ ਸਿੰਘ-1**

*ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਪਹਿਲੀ ਵਾਰ 13 ਅਪਰੈਲ 1930 ਨੂੰ ਛਪਿਆ ਜਿਸ ਨੂੰ 'ਸਿੱਖ ਧਰਮ ਦਾ ਐਨਸਾਈਕਲੋਪੀਡੀਆ' ਅਤੇ 'ਸਿੱਖ ਸਾਹਿਤ ਦੀ ਡਿਕਸ਼ਨਰੀ' ਮੰਨਿਆ ਜਾਂਦਾ ਹੈ। ਮਹਾਨ ਕੋਸ਼ ਵਿਚ 64263 ਸ਼ਬਦਾਂ ਦੇ ਅਰਥ ਅਤੇ ਉਨ੍ਹਾਂ ਦੀ ਵਿਆਖਿਆ ਦਰਜ ਹੈ। ਬਹੁਤੇ ਲੋਕਾਂ ਦਾ ਇਹ ਗ਼ਲਤ ਵਿਚਾਰ ਬਣਿਆ ਹੋਇਆ ਹੈ ਕਿ ਇਸ ਵਿਚ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੇ ਅਰਥ ਦਿਤੇ ਗਏ ਹਨ। ਅਸਲ ਵਿਚ ਇਹ ਇਸ ਤੋਂ ਬਹੁਤ ਵੱਧ ਕੁਛ ਹੈ। ਪੰਜਾਬ ਟਾਈਮਜ਼ ਵਿਚ ਕਹਾਣੀਕਾਰ ਤੇ ਪੱਤਰਕਾਰ ਸ. ਗੁਰਬਚਨ ਸਿੰਘ ਭੁੱਲਰ ਦੀਆਂ ਪਹਿਲਾਂ ਛਪੀਆਂ ਲਿਖਤਾਂ ਵਿਚ ਪਾਠਕ ਪੜ੍ਹ ਹੀ ਚੁਕੇ ਹਨ ਕਿ ਮਹਾਨ ਕੋਸ਼ ਦੇ ਲੇਖਕ ਭਾਈ ਕਾਨ੍ਹ ਸਿੰਘ ਨਾਭਾ ਉਨ੍ਹਾਂ ਦੇ ਪਿੰਡ ਪਿਥੋ ਦੇ ਸਨ। ਭਾਈ ਕਾਨ੍ਹ ਸਿੰਘ ਨਾਭਾ ਅਤੇ ਉਨ੍ਹਾਂ ਦੇ ਪਰਿਵਾਰ ਦੀ ਪੰਜਾਬੀ ਸਾਹਿਤ ਨੂੰ ਬਹੁਤ ਵੱਡੀ ਦੇਣ ਹੈ, ਇਸ ਲੇਖ ਲੜੀ ਵਿਚ ਲੇਖਕ ਨੇ ਇਸ ਦੇਣ ਦਾ ਪਾਠਕਾਂ ਨਾਲ ਤੁਆਰਫ ਕਰਵਾਇਆ ਹੈ। ਇਸ ਲੜੀ ਦੇ ਹਥਲੇ ਲੇਖ ਵਿਚ ਉਨ੍ਹਾਂ ਭਾਈ ਕਾਨ੍ਹ ਸਿੰਘ ਨਾਭਾ ਦੀ ਸਿੱਖ ਸਾਹਿਤ ਨੂੰ ਮਹਾਨ ਦੇਣ ਦਾ ਜ਼ਿਕਰ ਕੀਤਾ ਹੈ। -ਸੰਪਾਦਕ*

ਘਰ ਵਿਚ ਕਦੀ ਕਦੀ ਸਾਹਿਤ ਬਾਰੇ ਪਾਠਕੀ ਗੱਲਬਾਤ ਵੀ ਚਲਦੀ। ਨਾਨਕ ਸਿੰਘ ਨੇ ਕਹਾਣੀ ਨੂੰ ਕਿਵੇਂ ਗੁੰਦਿਆ ਹੈ ਤੇ ਕਲਪਿਤ ਪਾਤਰਾਂ ਨੂੰ ਕਿਵੇਂ ਜਿਉਂਦੇ-ਜਾਗਦੇ, ਚੰਗੇ-ਮਾੜੇ ਮਨੁੱਖ ਬਣਾ ਦਿੱਤਾ ਹੈ। ਗੁਰਬਖ਼ਸ਼ ਸਿੰਘ ਨੇ ਕਿਵੇਂ ਜੀਵਨ-ਜਾਚ ਤੇ ਜੀਵਨ-ਚੱਜ ਦੀਆਂ ਜੁਗਤਾਂ ਪੰਜਾਬੀ ਵਿਚ ਪਹਿਲੀ ਵਾਰ ਦੱਸੀਆਂ ਹਨ। ਸਾਧੂ ਦਯਾ ਸਿੰਘ ਨੇ ਕਿਵੇਂ ਮਨੁੱਖੀ ਜੀਵਨ ਦੇ ਇਕ ਇਕ ਸਾਲ ਦੀ ਸੱਚੀ ਤਸਵੀਰ ਖਿੱਚ ਕੇ ਬੰਦੇ ਨੂੰ ਸਿੱਧੇ ਰਾਹ ਤੁਰਨ ਦੀ ਸਿਖਿਆ ਦਿੱਤੀ ਹੈ। ਪਰ ਸਾਹਿਤਕਾਰਾਂ ਦੇ ਨਿੱਜ ਬਾਰੇ ਬਹੁਤੀ ਗੱਲ ਨਹੀਂ ਸੀ ਚਲਦੀ। ਲੇਖਕਾਂ ਦੇ ਨਿੱਜੀ ਜੀਵਨ ਦੀ ਜਾਣਕਾਰੀ ਉਸ ਸਮੇਂ ਆਮ ਪਾਠਕ ਤੱਕ ਘੱਟ ਹੀ



**ਗੁਰਬਚਨ ਸਿੰਘ ਭੁੱਲਰ**
ਫੋਨ: 01191-1165736868
bhullargs@gmail.com

ਪੁਜਦੀ ਸੀ। ਮਨੁੱਖੀ ਜੀਵਨ ਬਾਰੇ ਚੱਲੀਆਂ ਗੱਲਾਂ ਵਿਚ ਕਿਸੇ ਵਿਚਾਰ ਦੇ ਖੰਡਨ-ਮੰਡਨ ਲਈ ਗੁਰਬਾਣੀ ਦੇ ਹਵਾਲੇ ਅਕਸਰ ਹੀ ਦਿੱਤੇ ਜਾਂਦੇ। ਸਗੋਂ ਗੁਰਬਾਣੀ ਦੀਆਂ ਅਨੇਕ ਤੁਕਾਂ ਤਾਂ ਸਾਧਾਰਨ, ਅਨਪੜ੍ਹ ਲੋਕਾਂ ਦੀ ਰੋਜ਼ਾਨਾ ਬੋਲਬਾਣੀ ਤੱਕ ਦਾ ਅੰਗ ਬਣ ਚੁੱਕੀਆਂ ਸਨ। ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਕਥਾ-ਆਧਾਰਤ ਪੌੜੀਆਂ ਵੀ ਅਕਸਰ ਚਿਤਾਰੀਆਂ ਜਾਂਦੀਆਂ। ਕਿਸੇ ਅਕ੍ਰਿਤਘਣ ਬੰਦੇ ਦੀ ਨਿੰਦਣਯੋਗਤਾ ਦੱਸਣ ਲਈ ਬਾਪੂ ਜੀ ਪੌੜੀ ਉਚਾਰਦੇ, "ਮਦ ਵਿਚਿ ਰਿਧਾ ਪਾਇਕੈ ਕੁਤੇ ਦਾ ਮਾਸੁ, ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ।" ਤ੍ਰਿਸਕਾਰਨਜੋਗ ਇਸਤਰੀ ਭੋਗ-ਵਿਲਾਸ ਕਰਨ ਮਗਰੋਂ ਇਸ ਮਾਸ ਨੂੰ ਰੱਤ-ਲਿੱਬੜੇ ਕੱਪੜੇ ਨਾਲ ਕੱਜ ਕੇ ਜਾਂਦੀ ਹੋਈ ਕਿਸੇ ਦੇ ਪੁੱਛੇ ਤੋਂ ਆਖਦੀ ਹੈ, "ਨਦਰੀ ਪਵੈ ਅਕਿਰਤਘਣੁ ਮਤੁ ਹੋਇ ਵਿਣਾਸੁ!" ਇਵੇਂ ਹੀ ਨਮਕਹਰਾਮੀ ਬਾਰੇ "ਚੋਰੁ ਗਇਆ ਘਰਿ ਸਾਹ ਦੇ ਘਰ ਅੰਦਰਿ ਵੜਿਆ" ਪੌੜੀ ਸੁਣਾਉਂਦੇ ਜੋ ਖੱਲਾਂ-ਖੂੰਜੇ ਫਰੋਲ ਕੇ ਸੋਨੇ-ਚਾਂਦੀ ਦੀ ਪੰਡ ਬੰਨ੍ਹ ਲੈਣ ਮਗਰੋਂ ਭੁਲੇਖੇ ਨਾਲ ਲੂਣ ਨੂੰ ਹੱਥ ਪਾ ਬੈਠਦਾ ਹੈ ਅਤੇ "ਚੁਖਕੁ ਲੈ ਕੇ ਚਖਿਆ ਤਿਸੁ ਕਖੁ ਨਾ ਖੜਿਆ!" ਤੇ ਉਨ੍ਹਾਂ ਵੱਲੋਂ ਦਿੱਤੇ ਜਾਂਦੇ ਹੋਰ ਕਈ ਪੌੜੀਆਂ ਦੇ ਹਵਾਲੇ ਵੀ ਮੈਨੂੰ ਅੱਜ ਤੱਕ ਚੇਤੇ ਹਨ। ਹਾਂ, ਗੁਰੂ ਸਾਹਿਬਾਨ ਦੇ ਜੀਵਨ ਬਾਰੇ ਜ਼ਿਕਰ ਜ਼ਰੂਰ ਚਲਦਾ ਕਿਉਂਕਿ ਗੁਰਬਾਣੀ ਦੇ ਨਾਲ ਨਾਲ ਉਨ੍ਹਾਂ ਦੀਆਂ ਜਨਮ-ਸਾਖੀਆਂ ਅਤੇ ਜੀਵਨੀਆਂ ਆਮ ਪ੍ਰਾਪਤ ਸਨ।

ਸਮਕਾਲੀ ਸਾਹਿਤਕਾਰਾਂ ਵਿਚੋਂ ਜੇ ਕਿਸੇ ਦੇ ਨਿੱਜੀ-ਭਾਈਚਾਰਕ ਜੀਵਨ ਦੀ ਗੱਲ ਅਕਸਰ ਚਲਦੀ ਸੀ, ਉਹ ਸਨ 'ਮਹਾਨ ਕੋਸ਼' ਦੇ ਰਚਨਾਕਾਰ ਭਾਈ ਕਾਨ੍ਹ ਸਿੰਘ। ਕਾਰਨ ਇਹ ਕਿ ਉਹ ਸਾਡੇ ਪਿੰਡ ਦੇ ਸਨ ਅਤੇ ਪਿੰਡ ਵਾਸੀਆਂ ਨੂੰ ਉਨ੍ਹਾਂ ਦੇ ਜੀਵਨ ਤੇ ਸੁਭਾਅ ਆਦਿ ਦੀ ਸਿੱਧੀ ਜਾਣਕਾਰੀ ਸੀ। ਮੈਂ ਉਨ੍ਹਾਂ ਬਾਰੇ ਕਈ ਗੱਲਾਂ ਅਜਿਹੀਆਂ ਵੀ ਸੁਣੀਆਂ ਹੋਈਆਂ ਹਨ, ਜਿਹੜੀਆਂ ਕਦੀ ਕਿਸੇ ਲਿਖਤ ਵਿਚ ਨਹੀਂ ਆਈਆਂ। ਸਾਡੇ ਘਰ ਵਿਚ ਉਨ੍ਹਾਂ ਦਾ ਨਾਂ ਬੜੇ ਆਦਰ ਨਾਲ ਲਿਆ ਜਾਂਦਾ ਸੀ ਅਤੇ ਉਨ੍ਹਾਂ ਦੀ ਵਿਦਵਤਾ ਤੋਂ ਪ੍ਰਭਾਵਿਤ ਸਾਡੇ ਬਜ਼ੁਰਗ ਉਨ੍ਹਾਂ ਨੂੰ 'ਭਾਈ ਸਾਹਿਬ' ਜਾਂ 'ਭਾਈ ਸਾਹਿਬ ਭਾਈ ਕਾਨ੍ਹ ਸਿੰਘ' ਆਖਦੇ। ਉਨ੍ਹਾਂ ਦੇ ਵਡੇਰੇ ਸਾਡੇ ਪਿੰਡ ਦੇ ਢਿੱਲੋਂ ਗੋਤ ਦੇ ਸਾਧਾਰਨ ਕਿਸਾਨ ਸਨ ਅਤੇ ਦਾਦਿਉਂ-ਪੜਦਾਦਿਉਂ ਭਰਾਵਾਂ ਦੀਆਂ ਔਲਾਦਾਂ ਅੱਜ ਵੀ ਪਿੰਡ ਵਿਚ ਸਾਧਾਰਨ ਕਿਸਾਨੀ ਜੀਵਨ ਬਤੀਤ ਕਰਦੀਆਂ ਹਨ। ਇਸੇ ਕਰਕੇ ਜਦੋਂ ਕੋਈ ਲੇਖਕ ਉਨ੍ਹਾਂ ਦਾ ਜਨਮ 'ਪਿੱਥੋ ਦੇ ਚੌਧਰੀ ਘਰਾਣੇ' ਵਿਚ ਹੋਇਆ ਲਿਖਦਾ ਹੈ, ਹਾਸਾ ਆ ਜਾਂਦਾ ਹੈ। ਇਹ ਸਾਮੰਤਵਾਦੀ-ਬ੍ਰਾਹਮਣਵਾਦੀ ਸੋਚ ਦੀ ਗੁਲਾਮ ਪਹੁੰਚ ਦਾ ਕਾਰਨਾਮਾ ਹੈ। ਸਾਡੇ ਪਿੰਡਾਂ ਵਿਚ ਕੋਈ ਚੌਧਰੀ ਹੀ ਨਹੀਂ ਸੀ ਹੁੰਦਾ। ਸਾਡੇ ਇਲਾਕੇ ਵਿਚ ਇਹ ਸ਼ਬਦ ਮੰਡੀਆਂ ਤੇ ਸ਼ਹਿਰਾਂ ਦੇ ਹਿੰਦੂ ਭਾਈਚਾਰੇ ਦੀਆਂ ਆਗੂ ਹਸਤੀਆਂ ਲਈ ਹੀ ਵਰਤਿਆ ਜਾਂਦਾ ਸੀ। ਇਸ ਕਥਨ ਪਿੱਛੇ ਉਹੋ ਭਾਵਨਾ ਕੰਮ ਕਰਦੀ ਹੈ ਜਿਸ ਅਧੀਨ ਕਿਹਾ ਜਾਂਦਾ ਹੈ ਕਿ ਜੁਲਾਹਿਆਂ ਦੇ ਘਰ ਜੰਮਿਆ ਕਬੀਰ ਏਨਾ ਗੁਣਵੰਤ ਕਿਵੇਂ ਹੋ ਸਕਦਾ ਹੈ, ਉਹ ਤਾਂ ਉਨ੍ਹਾਂ ਦਾ ਪਾਲਿਆ ਹੋਇਆ ਇਕ ਬ੍ਰਾਹਮਣ ਬੱਚਾ ਸੀ। ਅਜਿਹੇ ਕਥਿਤ ਲੇਖਕ ਸੋਚਦੇ ਹਨ ਕਿ ਉਸ ਸਮੇਂ ਦੇ ਪਛੜੇ ਹੋਏ ਮਾਲਵੇ ਦੇ ਇਕ ਪਿੰਡ ਵਿਚੋਂ ਉਠ ਕੇ ਭਾਈ ਕਾਨ੍ਹ ਸਿੰਘ ਏਨਾਂ ਵਿਦਵਾਨ ਬਣ ਸਕਿਆ ਤਾਂ ਜ਼ਰੂਰ ਉਹ ਵੱਡੇ ਚੌਧਰੀਆਂ ਦਾ ਪੁੱਤਰ ਹੀ ਹੋਵੇਗਾ!

ਅਸਲੀਅਤ ਇਹ ਹੈ ਕਿ ਭਾਈ ਸਾਹਿਬ ਦਾ ਪੜਦਾਦਾ, ਬਾਬਾ ਸਰੂਪ ਸਿੰਘ (1783-1861) ਕੁਛ ਮਹੀਨੇ ਨਾਭੇ ਨੌਕਰੀ ਕਰਨ ਪਿੱਛੋਂ ਉਥੋਂ ਨੇੜੇ ਹੀ 'ਡੇਰਾ ਬਾਬਾ ਅਜਾਪਾਲ ਸਿੰਘ' ਦਾ ਮਹੰਤ ਬਣ ਗਿਆ। ਉਸ ਸਮੇਂ ਸਾਡੇ ਪਿੰਡਾਂ ਦੇ ਲਗਭਗ ਅਨਪੜ੍ਹ ਸਾਧਾਰਨ ਕਿਸਾਨ ਨੌਕਰੀ ਵਿਚ ਕਿਸੇ ਉੱਚੀ ਪਦਵੀ ਦੀ ਆਸ ਤਾਂ ਕਰ ਨਹੀਂ ਸਨ ਸਕਦੇ, ਆਮ ਕਰਕੇ ਉਹ ਆਰਥਕ ਤੰਗੀ ਕਾਰਨ ਛੋਟੀ-ਮੋਟੀ ਨੌਕਰੀ ਲੱਭਣ ਘਰੋਂ ਨਿਕਲਦੇ ਸਨ ਜੋ ਮੀਂਹ-ਆਧਾਰਤ ਖੇਤੀ ਦੇ ਉਸ ਜੁੱਗ ਵਿਚ ਅਕਸਰ ਹੀ ਬਣੀ ਰਹਿੰਦੀ ਸੀ। ਕਿਸੇ ਗੁਰਦੁਆਰੇ-ਡੇਰੇ ਜਾ ਬੈਠਣ ਦਾ ਫੈਸਲਾ ਵੀ ਜਾਂ ਤਾਂ ਨੌਕਰੀ ਵਾਂਗ ਹੀ ਆਰਥਕ ਤੰਗੀ ਕਾਰਨ ਲਿਆ ਜਾਂਦਾ ਸੀ ਤੇ ਜਾਂ ਫੇਰ ਅਜਿਹੇ ਫੈਸਲੇ ਦੇ ਪਿੱਛੇ ਮਨ ਨੂੰ ਦੁਨੀਆਂ ਤੋਂ ਉਚਾਟ ਕਰ ਦੇਣ ਵਾਲਾ ਕੋਈ ਨਿੱਜੀ ਕਾਰਨ ਹੁੰਦਾ ਸੀ। ਤੇ ਇਨ੍ਹਾਂ ਫੈਸਲਿਆਂ ਨੂੰ 'ਉੱਤਮ ਖੇਤੀ, ਮੱਧਮ ਵਪਾਰ; ਨਖਿਧ ਨੌਕਰੀ, ਭੀਖ ਖੁਆਰ' ਦੇ ਵਿਸ਼ਵਾਸੀ ਆਮ ਲੋਕਾਂ ਵੱਲੋਂ ਚੰਗੀ ਨਜ਼ਰ ਨਾਲ ਨਹੀਂ ਸੀ ਦੇਖਿਆ ਜਾਂਦਾ। ਖ਼ੈਰ, ਉਹਦੇ ਮਹੰਤ ਜਾ ਬਣਨ ਦਾ ਕਾਰਨ ਕੁਛ ਵੀ ਹੋਵੇ, ਇਸ ਘਰ ਦਾ ਨਾਤਾ ਗੁਰਬਾਣੀ ਨਾਲ ਤਾਂ ਜੁੜ ਹੀ ਗਿਆ ਜੋ ਭਾਈ ਕਾਨ੍ਹ ਸਿੰਘ ਤੱਕ ਪੁਜਦਿਆਂ ਗੁਰਬਾਣੀ ਦੇ ਨਾਲ ਨਾਲ ਭਾਸ਼ਾ, ਸਾਹਿਤ ਤੇ ਸਭਿਆਚਾਰ ਤੱਕ ਪੁੱਜ ਗਿਆ। ਸਰੂਪ ਸਿੰਘ ਦੇ ਦਿਹਾਂਤ ਮਗਰੋਂ ਉਨ੍ਹਾਂ ਦੇ ਪੋਤੇ ਨਰਾਇਣ ਸਿੰਘ (1841-1916) ਨੇ ਸਾਡੇ ਪਿੰਡ ਪਿੱਥੋ ਤੋਂ ਜਾ ਕੇ ਡੇਰਾ ਬਾਬਾ ਅਜਾਪਾਲ ਸਿੰਘ ਦੀ ਸੇਵਾ ਸੰਭਾਲ ਲਈ ਕਿਉਂਕਿ ਸਰੂਪ ਸਿੰਘ ਦੇ ਪੁੱਤਰ, ਭਾਵ ਨਰਾਇਣ ਸਿੰਘ ਦੇ ਪਿਤਾ ਗੁਰਦਿਆਲ ਸਿੰਘ (1808-1846) ਦਾ ਦਿਹਾਂਤ ਪਹਿਲਾਂ ਹੀ ਸਿਰਫ਼ 38 ਸਾਲ ਦੀ ਭਰ ਜਵਾਨ ਉਮਰ ਵਿਚ ਹੋ ਚੁੱਕਿਆ ਸੀ।

ਨਰਾਇਣ ਸਿੰਘ ਦਾ ਸਬੰਧ ਨਾਭਾ ਦੇ ਰਾਜਘਰਾਣੇ ਨਾਲ ਜੁੜਨ ਦਾ ਸਬੱਬ ਬੜਾ ਅਨੋਖਾ ਹੈ ਅਤੇ ਮਹੱਤਵਪੂਰਨ ਵੀ ਹੈ। ਆਖ਼ਰ ਇਹੋ ਕੜੀ ਸੀ ਜੋ ਉਹਦੇ ਪੁੱਤਰ ਕਾਨ੍ਹ ਸਿੰਘ ਦੇ 'ਭਾਈ ਕਾਨ੍ਹ ਸਿੰਘ ਨਾਭਾ' ਬਣਨ ਵਿਚ ਸਹਾਈ ਹੋਈ। ਨਰਾਇਣ ਸਿੰਘ ਹਰ ਹਫ਼ਤੇ ਗੁਰੂ ਗ੍ਰੰਥ ਸਾਹਿਬ ਦਾ ਇਕ ਪਾਠ ਜ਼ਰੂਰ ਕਰਿਆ ਕਰਦਾ ਸੀ। ਇਉਂ ਉਸ ਨੂੰ ਸੰਪੂਰਨ ਪਾਠ ਕੰਠ ਹੋ ਗਿਆ ਸੀ। ਇਸ ਪਿੱਛੋਂ ਉਹਨੇ ਦੋ ਵਾਰ ਇਕੋ ਆਸਣ ਬੈਠ ਕੇ ਇਕੱਲਿਆਂ ਹੀ ਅਖੰਡ ਪਾਠ ਸੰਪੂਰਨ ਕੀਤਾ ਜਿਸ ਨੂੰ ਅਤੀ-ਅਖੰਡ ਪਾਠ ਆਖਦੇ ਹਨ। ਇਉਂ ਉਹਨੂੰ ਇਹ ਪਾਠ ਕਰ ਸਕਣ ਦੀ ਆਪਣੀ ਸਮਰੱਥਾ ਉਤੇ ਵਿਸ਼ਵਾਸ ਹੋ ਗਿਆ।

ਨਾਭਾ ਰਿਆਸਤ ਦੇ ਲੋਕਾਂ ਦੇ ਚੇਤੇ ਵਿਚ ਰਾਜਾ ਹੀਰਾ ਸਿੰਘ ਦਾ ਉਹੋ ਸਥਾਨ ਹੈ ਜੋ ਪੰਜਾਬ ਦੇ ਲੋਕਾਂ ਦੇ ਮਨ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਪ੍ਰਾਪਤ ਹੈ। ਉਸ ਤੋਂ ਪਹਿਲੇ ਰਾਜੇ ਦੇ ਦਿਹਾਂਤ ਮਗਰੋਂ ਜਦੋਂ ਕਿਸੇ ਨਾ ਕਿਸੇ ਕਾਰਨ ਅੰਗਰੇਜ਼ ਰੈਜ਼ੀਡੈਂਟ ਵੱਲੋਂ ਇਕ ਮਗਰੋਂ ਦੂਜਾ ਵਾਰਿਸ ਰੱਦ ਕੀਤਾ ਗਿਆ ਤਾਂ ਆਖ਼ਰ ਕੁਰਸੀਨਾਮੇ ਨੇ ਹੀਰਾ ਸਿੰਘ ਦੀ ਦੱਸ ਪਾਈ। ਆਮ ਕਹਾਵਤ ਹੈ ਕਿ ਜਦੋਂ ਉਹਨੂੰ ਪਿੰਡ ਤੋਂ ਲਿਆਉਣ ਲਈ ਪਾਲਕੀ ਭੇਜੀ ਗਈ, ਉਹ ਖੇਤ ਵਿਚ ਗਾਜਰਾਂ ਪੁੱਟ ਰਿਹਾ ਸੀ ਅਤੇ ਆਮ ਲੋਕਾਂ ਵਾਲਾ ਜੀਵਨ ਲੰਮੇ ਸਮੇਂ ਤੱਕ ਜੀਵਿਆ ਹੋਣ ਕਰਕੇ ਹੀ ਉਹ ਏਨਾਂ ਨਿਆਂਈਂ ਰਾਜ ਦੇ ਸਕਿਆ।

ਰਾਜਾ ਹੀਰਾ ਸਿੰਘ ਹਰ ਸਵੇਰ 'ਪਰਜਾ ਦਰਸ਼ਨ' ਵਿਚ ਆਮ ਲੋਕਾਂ ਦੀਆਂ ਅਰਜ਼ੋਈਆਂ ਵੀ ਸੁਣਦਾ ਅਤੇ ਜੇ ਕਿਸੇ ਵੀ ਖੇਤਰ ਵਿਚ ਕਿਸੇ ਵਿਅਕਤੀ ਦੀ ਕੋਈ ਪ੍ਰਾਪਤੀ ਜਾਂ ਵਿਸ਼ੇਸ਼ਤਾ ਹੁੰਦੀ, ਉਹਦਾ ਢੁਕਵਾਂ ਮਾਣ-ਸਤਿਕਾਰ ਵੀ ਕਰਦਾ। ਗੁਣਵੰਤ ਬੰਦਿਆਂ ਦਾ ਉਹ ਵੱਡਾ ਕਦਰਦਾਨ ਸੀ। ਨਰਾਇਣ ਸਿੰਘ ਨੇ 'ਪਰਜਾ ਦਰਸ਼ਨ' ਸਮੇਂ ਅਤੀ-ਅਖੰਡ ਪਾਠ ਕਰ ਸਕਣ ਦੀ ਆਪਣੀ ਸਮਰੱਥਾ ਬਾਰੇ ਦੱਸ ਕੇ ਉਹਦੇ ਸਾਹਮਣੇ ਇਹ ਪਾਠ ਕਰਨ ਦੀ ਇੱਛਾ ਜ਼ਾਹਿਰ ਕੀਤੀ। ਰਾਜੇ ਦਾ ਹੈਰਾਨ ਹੋਣਾ ਸੁਭਾਵਿਕ ਸੀ। ਮੇਰੇ ਬਾਪੂ ਜੀ ਦੱਸਿਆ ਕਰਦੇ ਸਨ, ਰਾਜੇ ਨੇ ਸ਼ੰਕਾ ਕੀਤਾ ਕਿ ਏਨੇ ਲੰਮੇ ਸਮੇਂ ਲਈ ਮਨੁੱਖ ਭੁੱਖ-ਤੇਹ ਤਾਂ ਭਲਾ ਸਹਾਰ ਸਕਦਾ ਹੈ, ਪਰ ਮਲ-ਮੂਤਰ ਦੀ ਹਾਜਤ ਦਾ ਕੀ ਬਣਦਾ ਹੋਵੇਗਾ! ਨਰਾਇਣ ਸਿੰਘ ਨੇ ਦੱਸਿਆ ਕਿ ਉਹ ਪਾਠ ਤੋਂ ਕੁਛ ਦਿਨ ਪਹਿਲਾਂ



*ਭਾਈ ਕਾਨ੍ਹ ਸਿੰਘ ਨਾਭਾ*

ਅੰਨ ਦਾ ਤੇ ਫੇਰ ਜਲ ਦਾ ਵੀ ਤਿਆਗ ਕਰ ਕੇ ਕੇਵਲ ਵੱਡੀਆਂ ਦਾਖਾਂ ਖਾਣੀਆਂ ਸ਼ੁਰੂ ਕਰ ਦਿੰਦਾ ਹੈ ਜਿਸ ਸਦਕਾ ਨਾ ਤਾਂ ਭੁੱਖ-ਤੇਹ ਤੋਂ ਨਿਰਬਲਤਾ ਮਹਿਸੂਸ ਹੁੰਦੀ ਹੈ ਅਤੇ ਨਾ ਹੀ ਹਾਜਤ ਦੀ ਸਮੱਸਿਆ ਆਉਂਦੀ ਹੈ। ਉਹਦੀ ਜੁਗਤ ਸੁਣ ਕੇ ਰਾਜਾ ਬੋਲਿਆ, "ਮੈਂ ਵੀ ਸੁੱਤੇ ਜਾਂ ਆਰਾਮ ਕੀਤੇ ਬਿਨਾਂ ਸੰਪੂਰਨ ਪਾਠ ਸਰਵਣ ਕਰਾਂਗਾ ਪਰ ਸਰੀਰ ਸਾਧਿਆ ਨਾ ਹੋਣ ਕਰਕੇ ਬੱਸ ਹਾਜਤ ਰਫ਼ਾ ਕਰਨ ਵਾਸਤੇ ਹੀ ਉਠਣ ਦੀ ਆਗਿਆ ਚਾਹਾਂਗਾ।" ਰਾਜੇ ਦੇ ਨਾਲ ਹੀ ਸਭ ਅਮਲੇ-ਫੈਲੇ ਨੇ ਤਾਂ ਬੈਠਣਾ ਹੀ ਹੋਇਆ।

ਨਰਾਇਣ ਸਿੰਘ ਨੇ ਅਤੀ-ਅਖੰਡ ਪਾਠ ਸਫਲਤਾ ਨਾਲ ਸੰਪੂਰਨ ਕੀਤਾ ਤਾਂ ਏਨਾਂ ਲੰਮਾ ਸਮਾਂ ਇਕੋ ਆਸਣ ਬੈਠਿਆਂ ਉਹਦੀਆਂ ਲੱਤਾਂ ਦਾ ਸੌਂ ਜਾਣਾ ਕੁਦਰਤੀ ਸੀ। ਰਾਜਾ ਹੀਰਾ ਸਿੰਘ ਨੇ ਆਪ ਉਹਦਾ ਆਲਤੀ-ਪਾਲਤੀ ਆਸਣ ਖੁਲ੍ਹਵਾਇਆ ਅਤੇ ਸੁੱਤੀਆਂ ਲੱਤਾਂ ਘੁੱਟ-ਘੁਟਵਾ ਕੇ ਉਹਨੂੰ ਖੜ੍ਹਾ ਹੋਣ ਦੇ ਜੋਗ ਕੀਤਾ! ਜਦੋਂ ਨਰਾਇਣ ਸਿੰਘ ਨੇ ਆਪਣੇ ਡੇਰੇ ਜਾਣ ਲਈ ਵਿਦਾਇਗੀ ਮੰਗੀ, ਰਾਜੇ ਨੇ ਪਾਲਕੀ ਮੰਗਵਾਈ ਅਤੇ ਤਿੰਨ ਹੋਰ ਪਾਲਕੀ-ਬਰਦਾਰਾਂ ਨਾਲ ਮਹਿਲ ਦੇ ਬਾਹਰਲੇ ਦੁਆਰ ਤੱਕ ਚੌਥਾ ਮੋਢਾ ਆਪ ਦਿੱਤਾ। ਇਸ ਪਿੱਛੋਂ ਰਾਜਾ ਹੀਰਾ ਸਿੰਘ ਅਤੇ ਮਹੰਤ ਨਰਾਇਣ ਸਿੰਘ ਦਾ ਨਿੱਘਾ ਨਾਤਾ ਬਣ ਗਿਆ।

ਨਰਾਇਣ ਸਿੰਘ ਦੇ ਪੁੱਤਰ ਭਾਈ ਕਾਨ੍ਹ ਸਿੰਘ (1861-1938) ਇਸ ਮਾਹੌਲ ਵਿਚ ਵੱਡੇ ਹੋਏ। ਬਹੁਭਾਸ਼ਾਈ ਗਿਆਨ ਦੇ ਸੁਆਮੀ ਭਾਈ ਕਾਨ੍ਹ ਸਿੰਘ ਨੇ ਕੋਈ ਡੇਢ ਦਰਜਨ ਪ੍ਰਕਾਸ਼ਿਤ-ਅਪ੍ਰਕਾਸ਼ਿਤ ਪੁਸਤਕਾਂ ਦੀ ਰਚਨਾ ਕੀਤੀ। ਭਾਵੇਂ ਉਨ੍ਹਾਂ ਦਾ ਮੁੱਖ ਖੇਤਰ ਸਿੱਖ ਧਰਮ ਅਤੇ ਗੁਰਬਾਣੀ ਰਿਹਾ, ਉਨ੍ਹਾਂ ਨੇ ਦੇਸ-ਪਰਦੇਸ ਦੀਆਂ ਯਾਤਰਾਵਾਂ ਦਾ ਹਾਲ ਵੀ ਲਿਖਿਆ ਅਤੇ ਪੰਜਾਬੀ ਤੇ ਹਿੰਦੀ ਵਿਚ ਕਵਿਤਾ ਵੀ ਰਚੀ। ਉਨ੍ਹਾਂ ਦੀ ਸਮੁੱਚੀ ਬਹੁਭਾਂਤੀ ਰਚਨਾ ਵਿਚੋਂ 'ਗੁਰਸ਼ਬਦ ਰਤਨਾਕਰ' ਨੂੰ, ਜਿਸ ਨੂੰ ਆਮ ਕਰਕੇ 'ਮਹਾਨ ਕੋਸ਼' ਕਿਹਾ ਜਾਂਦਾ ਹੈ, ਬਿਨਾਂ-ਸ਼ੱਕ ਪ੍ਰਮੁੱਖ ਸਥਾਨ ਪ੍ਰਾਪਤ ਹੈ। ਇਸ ਤੋਂ ਇਲਾਵਾ ਉਨ੍ਹਾਂ ਦਾ ਇਕ ਹੋਰ ਪ੍ਰਸੰਸਾਯੋਗ ਅਤੇ ਮਹੱਤਵਪੂਰਨ ਕਾਰਜ ਮੈਕਾਲਿਫ਼ ਵੱਲੋਂ ਕੀਤੇ ਗਏ ਗੁਰਬਾਣੀ ਦੇ ਅੰਗਰੇਜ਼ੀ ਅਨੁਵਾਦ ਵਿਚ ਭਰਪੂਰ ਸਹਾਇਤਾ ਕਰਨਾ ਸੀ। ਇਹ ਦੋਵੇਂ ਗੱਲਾਂ ਵੱਖਰੀ ਵਿਚਾਰ-ਚਰਚਾ ਦੀਆਂ ਹੱਕਦਾਰ ਹਨ।

ਮੇਰੇ ਬਚਪਨ ਵਿਚ ਸਾਡੇ ਘਰ ਪੜ੍ਹਿਆ ਜਾਂਦਾ 'ਮਹਾਨ ਕੋਸ਼' ਚਾਰ ਵੱਡ-ਆਕਾਰੀ ਸੈਂਚੀਆਂ ਵਿਚ ਸੀ। ਇਨ੍ਹਾਂ ਸੈਂਚੀਆਂ ਦੇ ਕੁੱਲ ਪੰਨੇ 3338 ਸਨ। ਹਰ ਸੈਂਚੀ ਏਨੀਂ ਭਾਰੀ ਹੁੰਦੀ ਸੀ ਕਿ ਉਹਨੂੰ ਪੁਸਤਕ ਵਾਂਗ ਹੱਥ ਵਿਚ ਫੜ ਕੇ ਪੜ੍ਹਨਾ ਅਸੰਭਵ ਸੀ। ਇਸ ਲਈ ਇਹਨੂੰ ਧਰਮ-ਪੋਥੀਆਂ ਵਾਂਗ ਰੇਹਲ ਉਤੇ ਰੱਖ ਕੇ ਪੜ੍ਹਿਆ ਜਾਂਦਾ ਸੀ। ਇਹਦਾ ਸਤਿਕਾਰ ਵੀ ਉਨ੍ਹਾਂ ਵਾਂਗ ਹੀ ਕੀਤਾ ਜਾਂਦਾ। ਆਮ ਕਰਕੇ ਇਹਨੂੰ ਅਰਥਾਂ ਦੀ ਅਸਪੱਸ਼ਟਤਾ ਜਾਂ ਦੁਬਿਧਾ ਵਾਲੇ ਕਿਸੇ ਸ਼ਬਦ ਦਾ ਸਹੀ ਭਾਵ ਸਮਝਣ ਲਈ ਵਰਤਿਆ ਜਾਂਦਾ। ਮੇਰੀ ਇਹ ਹੈਰਾਨੀ ਕਿ ਇਕ ਆਦਮੀ ਨੇ ਇਕੱਲਿਆਂ ਏਨੀ ਵੱਡੀ ਪੁਸਤਕ ਕਿਵੇਂ ਲਿਖ ਲਈ, ਬਚਪਨ ਵਿਚ ਤਾਂ ਸੁਭਾਵਿਕ ਸੀ ਹੀ, ਅੱਜ ਵੀ ਅਜਿਹੇ ਕਾਰਜ ਲਈ ਲੋੜੀਂਦੀਆਂ ਸਹੂਲਤਾਂ ਤੋਂ ਵਿਰਵੇ ਉਸ ਜ਼ਮਾਨੇ ਵਿਚ ਇਸ ਦੇ ਆਕਾਰ-ਪ੍ਰਕਾਰ ਬਾਰੇ ਸੋਚਿਆਂ ਇਹ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਜਾਪਦਾ। ਵਣਜਾਰਾ ਬੇਦੀ ਦੀ ਦੂਜੀ ਮਿਸਾਲ ਤੋਂ ਇਲਾਵਾ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਅਜਿਹੀ ਘਾਲਣਾ ਦੀ ਕੋਈ ਤੀਜੀ ਮਿਸਾਲ ਨਹੀਂ ਮਿਲਦੀ। ਬਾਪੂ ਜੀ ਦਸਦੇ, ਮੁੱਢਲੇ ਆਧਾਰੀ ਕਾਰਜ ਅਤੇ ਮਗਰੋਂ ਛਪਾਈ ਨੂੰ ਛੱਡ ਕੇ ਕੇਵਲ ਇਸ ਨੂੰ ਲਿਖਣ ਵਿਚ ਭਾਈ ਕਾਨ੍ਹ ਸਿੰਘ ਦੇ ਪੰਦਰਾਂ ਸਾਲ ਖਰਚ ਹੋਏ। ਉਹ ਇਹ ਵੀ ਦਸਦੇ ਕਿ ਇਸ ਨੂੰ ਛਾਪਣ ਦਾ ਖਰਚ ਏਨਾਂ ਹੋਣਾ ਸੀ ਕਿ ਵਸੀਲਿਆਂ ਦੇ ਬਾਵਜੂਦ ਭਾਈ ਸਾਹਿਬ ਦੇ ਵੱਸ ਦਾ ਨਹੀਂ ਸੀ ਜਿਸ ਕਰਕੇ ਇਹ ਜ਼ਿੰਮਾ ਮਹਾਰਾਜਾ ਪਟਿਆਲਾ ਭੂਪਿੰਦਰ ਸਿੰਘ ਨੇ ਲਿਆ। ਇਹਦਾ ਪੂਰਾ ਨਾਂ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਹੈ ਤੇ ਇਹਦੇ ਹੇਠ ਅੰਗਰੇਜ਼ੀ 'ਚ 'ਐਨਸਾਈਕਲੋਪੀਡੀਆ ਆਫ਼ ਸਿੱਖ ਲਿਟਰੇਚਰ' ਲਿਖਿਆ ਹੋਇਆ ਹੈ।

ਮਹਾਨ ਕੋਸ਼ ਵਿਚ 64263 ਸ਼ਬਦਾਂ ਦੇ ਅਰਥ ਅਤੇ ਉਨ੍ਹਾਂ ਦੀ ਵਿਆਖਿਆ ਦਰਜ ਹੈ। ਬਹੁਤੇ ਲੋਕਾਂ ਦਾ ਇਹ ਗ਼ਲਤ ਵਿਚਾਰ ਬਣਿਆ ਹੋਇਆ ਹੈ ਕਿ ਇਸ ਵਿਚ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੇ ਅਰਥ ਦਿਤੇ ਗਏ ਹਨ। ਅਸਲ ਵਿਚ ਇਹ ਇਸ ਤੋਂ ਬਹੁਤ ਵੱਧ ਕੁਛ ਹੈ। ਭਾਈ ਸਾਹਿਬ ਲਿਖਦੇ ਹਨ ਕਿ ਪੰਡਿਤ ਤਾਰਾ ਸਿੰਘ ਦਾ 'ਗੁਰੂ ਗਿਰਾਰਥ ਕੋਸ਼' ਅਤੇ ਭਾਈ ਹਜ਼ਾਰਾ ਸਿੰਘ ਦਾ 'ਸ੍ਰੀ ਗੁਰੂ ਗ੍ਰੰਥ ਕੋਸ਼' ਪੜ੍ਹ ਕੇ ਉਨ੍ਹਾਂ ਨੇ ਸੋਚਿਆ, ਜੋ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਇਨ੍ਹਾਂ ਵਿਚ ਨਹੀਂ ਆਏ, ਉਹ ਵੀ ਲੈ ਕੇ ਇਕ ਉੱਤਮ ਕੋਸ਼ ਲਿਖਿਆ ਜਾਵੇ। ਪੰਜ ਸਾਲ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਪਾਠ ਦੇ ਸ਼ਬਦੀ ਹਵਾਲੇ ਲੈਂਦਿਆਂ ਲੱਗ ਗਏ। ਹਵਾਲਿਆਂ ਨੂੰ ਤਰਤੀਬ ਦੇਣ ਦੇਣ ਵੇਲੇ 'ਐਨਸਾਈਕਲੋਪੀਡੀਆ ਬ੍ਰਿਟੈਨਿਕਾ' ਦੇਖਦਿਆਂ ਉਨ੍ਹਾਂ ਨੂੰ ਖ਼ਿਆਲ ਆਇਆ ਕਿ ਇਹ ਗੁਰੂ ਗ੍ਰੰਥ ਸਾਹਿਬ ਦਾ ਹੀ ਨਹੀਂ ਸਗੋਂ ਸਿੱਖ ਸਾਹਿਤ ਦਾ ਕੋਸ਼ ਹੋਵੇ। ਇਸ ਆਸ਼ੇ ਨਾਲ ਉਨ੍ਹਾਂ ਨੇ ਦਸਮ ਗ੍ਰੰਥ, ਭਾਈ ਗੁਰਦਾਸ ਦੀ ਬਾਣੀ, ਭਾਈ ਨੰਦ ਲਾਲ ਦੀ ਰਚਨਾ, ਭਾਈ ਮਨੀ ਸਿੰਘ ਦੀਆਂ ਸਾਖੀਆਂ, ਭਾਈ ਬਾਲੇ ਵਾਲੀ ਜਨਮਸਾਖੀ, ਰਹਿਤਨਾਮੇ, ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼, ਆਦਿ ਗ੍ਰੰਥ ਘੋਖ ਕੇ ਹਵਾਲੇ ਇਕੱਠੇ ਕੀਤੇ। ਅਰਥ ਅਤੇ ਵਿਆਖਿਆ ਨੂੰ ਵੱਧ ਤੋਂ ਵੱਧ ਸੰਪੂਰਨਤਾ ਦੇਣ ਦੇ ਮਨੋਰਥ ਨਾਲ ਉਨ੍ਹਾਂ ਨੇ ਹਉਮੈ ਤੋਂ ਮੁਕਤ ਰਹਿੰਦਿਆਂ ਸ਼ਬਦਾਂ ਨਾਲ ਸਬੰਧਿਤ ਖੇਤਰਾਂ ਦੇ ਸਿਆਣਿਆਂ ਨਾਲ ਸੰਪਰਕ ਅਤੇ ਵਿਚਾਰਾਂ ਕਰਨ ਵਿਚ ਕੋਈ ਝਿਜਕ ਨਹੀਂ ਸੀ ਦਿਖਾਈ। ਮੇਰਾ ਇਹ ਸੋਚਣਾ ਵੀ ਨਿਰਾਧਾਰ ਨਹੀਂ ਕਿ ਗੁਰਮਤਿ ਦੀ ਵਿਆਖਿਆ ਦਾ ਉਨ੍ਹਾਂ ਦਾ ਆਪਣਾ ਪਹਿਲਾਂ ਦਾ ਕਾਰਜ ਵੀ ਜ਼ਰੂਰ ਕੋਸ਼-ਰਚਨਾ ਦੇ ਵਿਚਾਰ ਦਾ ਬੀ ਅਤੇ ਆਧਾਰ ਬਣਿਆ ਹੋਵੇਗਾ। 1889 ਵਿਚ ਪ੍ਰਕਾਸ਼ਿਤ 'ਗੁਰਮਤ ਪ੍ਰਭਾਕਰ' ਅਤੇ 1899 ਵਿਚ ਪ੍ਰਕਾਸ਼ਿਤ 'ਗੁਰਮਤ ਸੁਧਾਕਰ' ਤੇ 'ਗੁਰ ਗਿਰਾ ਕਸੌਟੀ', ਉਨ੍ਹਾਂ ਦੀਆਂ ਤਿੰਨੇ ਪੁਸਤਕਾਂ ਗੁਰਮਤਿ ਦੀ ਵਿਆਖਿਆ ਨਾਲ ਹੀ ਸਬੰਧਿਤ ਸਨ।

ਸ਼ਬਦਾਂ ਨੂੰ ਤਰਤੀਬ ਦਿੰਦਿਆਂ ਉਨ੍ਹਾਂ ਨੇ ਅਜੋਕੇ ਸ਼ਬਦਕੋਸ਼ਾਂ ਵਾਂਗ ਅੱਖਰਮਾਲਾ ਨੂੰ ਅਤੇ ਅੱਗੋਂ ਹਰ ਅੱਖਰ ਦੇ ਸਬੰਧ ਵਿਚ ਲਗਾਂ-ਮਾਤਰਾਂ ਨੂੰ ਆਧਾਰ ਬਣਾਇਆ ਹੈ। ਭਾਈ ਸਾਹਿਬ ਦੀ ਲਿਖਤ ਦੀ ਇਕ ਦਿਲਚਸਪ ਗੱਲ ਵਾਕ ਦੇ ਅੰਤ ਉਤੇ ਆਮ ਪੰਜਾਬੀ ਲਿਖਾਈ ਵਾਲੀ ਡੰਡੀ ਦੀ ਥਾਂ ਅੰਗਰੇਜ਼ੀ ਵਾਂਗ ਫੁਲਸਟਾਪੀ ਬਿੰਦੀ ਪਾਉਣਾ ਹੈ। ਕੋਸ਼ ਵਿਚ ਅਤੇ ਉਥੇ ਦਿੱਤੇ ਗਏ ਸ਼ਮਸ਼ੇਰ ਸਿੰਘ ਅਸ਼ੋਕ ਦੇ ਨਾਂ ਉਨ੍ਹਾਂ ਦੀ ਹੱਥ-ਲਿਖਤ ਚਿੱਠੀ ਦੇ ਫ਼ੋਟੋ-ਉਤਾਰੇ ਵਿਚ ਡੰਡੀਆਂ ਦੀ ਥਾਂ ਫੁਲਸਟਾਪੀ ਬਿੰਦੀਆਂ ਹੀ ਹਨ।

ਜਦੋਂ ਸਾਹਿਤ ਦੀ ਕੁਛ ਸੋਝੀ ਆਈ ਤਾਂ ਮੈਂ 'ਮਹਾਨ ਕੋਸ਼' ਬਾਰੇ ਜਾਣਨਾ ਚਾਹਿਆ, ਜਿੰਨੀ ਹੈਰਾਨ ਕਰਨ ਵਾਲੀ ਇਸ ਨੂੰ ਲਿਖੇ ਜਾਣ ਵਿਚ ਲੱਗੀ ਮਿਹਨਤ ਦੀ ਵਾਰਤਾ ਸੀ, ਓਨੀਂ ਹੀ ਮੁਸ਼ਕਲਾਂ-ਭਰੀ ਇਹਦੇ ਛਪਣ ਦੀ ਕਹਾਣੀ ਸੀ। ਭਾਈ ਸਾਹਿਬ ਕਈ ਸਾਲ ਆਪਣਾ ਇਹ ਕੰਮ ਰਿਆਸਤੀ ਜ਼ਿੰਮੇਵਾਰੀਆਂ ਨਿਭਾਉਣ ਦੇ ਨਾਲ ਨਾਲ ਕਰਦੇ ਰਹੇ ਅਤੇ ਕਈ ਸਾਲ ਉਨ੍ਹਾਂ ਨੇ ਨਿਰੋਲ ਇਸੇ ਕੰਮ ਦੇ ਲੇਖੇ ਲਾਏ। ਉਨ੍ਹਾਂ ਦੇ ਆਪਣੇ ਦੱਸਣ ਅਨੁਸਾਰ ਕੁੱਲ ਮਿਲਾ ਕੇ ਇਸ ਕਾਰਜ ਦੇ ਲੇਖੇ ਉਨ੍ਹਾਂ ਦੇ 28 ਸਾਲ ਲੱਗ ਗਏ। 1911 ਵਿਚ ਉਨ੍ਹਾਂ ਦੇ ਕਦਰਦਾਨ ਨਾਭਾਪਤੀ ਮਹਾਰਾਜਾ ਹੀਰਾ ਸਿੰਘ ਗੁਜ਼ਰ ਗਏ। 1912 ਵਿਚ ਆਜ਼ਾਦ-ਖ਼ਿਆਲ ਟਿੱਕਾ ਰਿਪੁਦਮਨ ਸਿੰਘ ਨੇ ਇੰਗਲੈਂਡ ਤੋਂ ਆ ਕੇ ਗੱਦੀ ਸੰਭਾਲੀ ਤਾਂ ਪ੍ਰਬੰਧਕ ਢਾਂਚੇ ਅਤੇ ਨੀਤੀਆਂ ਵਿਚ ਕਈ ਤਬਦੀਲੀਆਂ ਕੀਤੀਆਂ। ਭਾਈ ਸਾਹਿਬ ਦੇ ਆਪਣੇ ਕਹਿਣ ਅਨੁਸਾਰ 'ਕਈ ਕਾਰਨਾਂ ਕਰਕੇ' ਉਹ ਨਾਭੇ ਦੀ ਨੌਕਰੀ ਤੋਂ ਵੱਖ ਹੋ ਗਏ, ਭਾਵੇਂ ਕਿ ਉਹ ਬਾਲ ਰਿਪੁਦਮਨ ਸਿੰਘ ਦੇ ਸਿੱਖਿਆਦਾਤਾ ਰਹੇ ਸਨ। ਇਸ ਵਿਹਲ ਨੂੰ ਗ਼ਨੀਮਤ ਸਮਝਦਿਆਂ ਉਹ ਕਸ਼ਮੀਰ ਚਲੇ ਗਏ ਅਤੇ '20 ਮਈ 1912 ਨੂੰ ਅਰਦਾਸਾ ਸੋਧ ਕੇ' ਰਚਨਾ-ਕਾਰਜ ਆਰੰਭ ਕਰ ਦਿੱਤਾ। 1915 ਵਿਚ ਉਨ੍ਹਾਂ ਨੇ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਦੀ ਨੌਕਰੀ ਦੀ ਪੇਸ਼ਕਸ਼ ਪਰਵਾਨ ਤਾਂ ਕਰ ਲਈ ਪਰ 1917 ਵਿਚ ਬੁਲਾਵਾ ਆਉਣ ਸਦਕਾ ਫੇਰ ਨਾਭੇ ਚਲੇ ਗਏ। 1923 ਵਿਚ ਰਿਪੁਦਮਨ ਸਿੰਘ ਨੂੰ ਗੱਦੀਉਂ ਲਾਹੇ ਜਾਣ ਮਗਰੋਂ ਉਹ ਰਿਆਸਤੀ ਨੌਕਰੀ ਤੋਂ ਵੱਖ ਹੋ ਕੇ ਇਕ ਵਾਰ ਫੇਰ ਨਿਰੋਲ ਕੋਸ਼-ਰਚਨਾ ਨੂੰ ਸਮਰਪਿਤ ਹੋ ਗਏ। ਕੋਸ਼ ਦੇ ਖਰੜੇ ਦਾ ਅੰਤਲਾ ਸ਼ਬਦ ਉਨ੍ਹਾਂ ਨੇ 6 ਫ਼ਰਵਰੀ 1926 ਨੂੰ ਲਿਖਿਆ।

ਸਿੱਖ ਵਿਦਵਾਨਾਂ ਨੇ ਇਸ ਉਦਮ ਦੀ ਭਰਪੂਰ ਪ੍ਰਸ਼ੰਸਾ ਕੀਤੀ। ਕੋਸ਼ ਦੇ ਅੰਗਰੇਜ਼ੀ ਵਿਚ ਲਿਖੇ ਮੁੱਖਬੰਦ ਵਿਚਲੇ ਤੇਜਾ ਸਿੰਘ ਦੇ ਇਹ ਸ਼ਬਦ ਅਜਿਹੀ ਰਚਨਾ ਕਰਨ ਸਬੰਧੀ ਭਾਈ ਕਾਨ੍ਹ ਸਿੰਘ ਦੀ ਯੋਗਤਾ ਤੇ ਸਮਰੱਥਾ ਨੂੰ ਪ੍ਰਤੀਨਿਧ ਰੂਪ ਵਿਚ ਭਲੀਭਾਂਤ ਉਜਾਗਰ ਕਰਦੇ ਹਨ, "ਸਿੱਖ ਧਰਮ-

(ਬਾਕੀ ਅਗਲੇ ਸਫੇ 'ਤੇ)

ਗ੍ਰੰਥਾਂ ਅਤੇ ਇਤਿਹਾਸ ਬਾਰੇ ਉਨ੍ਹਾਂ ਦਾ ਗਿਆਨ ਅਤਿਅੰਤ ਡੂੰਘਾ ਅਤੇ ਲਾਸਾਨੀ ਹੈ। ਸਿੱਖ ਵਿੱਦਵਤਾ ਦੀ ਪੁਰਾਣੀ ਧਾਰਾ, ਜਿਸ ਵਿਚ ਗਿਆਨ ਦੀ ਗਹਿਰਾਈ ਅਤੇ ਵਿਸਤਾਰ ਦੀ ਵਡਿਆਈ ਉਤੇ ਜ਼ੋਰ ਵਧੇਰੇ ਦਿੱਤਾ ਜਾਂਦਾ ਸੀ, ਵਿਚ ਸਿੱਖਿਅਤ ਹੋਣ ਤੋਂ ਇਲਾਵਾ ਉਨ੍ਹਾਂ ਨੇ ਵਿਚਾਰਾਂ ਦੀ ਅਨੇਕਤਾ ਅਤੇ ਵਿਸ਼ਾਲਤਾ, ਜੋ ਪੱਛਮੀ ਵਿੱਦਵਤਾ ਦਾ ਵਿਸ਼ੇਸ਼ ਲੱਛਣ ਹਨ, ਵੀ ਧਾਰਨ ਕੀਤੀਆਂ ਹੋਈਆਂ ਹਨ।" ਓਰੀਐਂਟਲ ਕਾਲਜ ਲਾਹੌਰ ਦੇ ਪ੍ਰਿੰਸੀਪਲ, ਏ.ਸੀ.ਵੂਲਨਰ ਨੇ ਕੋਸ਼ ਨੂੰ 'ਸਿੱਖ ਧਰਮ ਦਾ ਐਨਸਾਈਕਲੋਪੀਡੀਆ' ਅਤੇ 'ਸਿੱਖ ਸਾਹਿਤ ਦੀ ਡਿਕਸ਼ਨਰੀ' ਕਿਹਾ। ਉਹਨੇ ਇਹ ਵੀ ਕਿਹਾ ਕਿ "ਭਾਵੇਂ ਇਹ ਇਸ ਦਾ ਮੁੱਖ ਉਦੇਸ਼ ਨਹੀਂ, ਤਾਂ ਵੀ ਇਹ ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਦੇ ਇਕ ਸ਼ਬਦਕੋਸ਼ ਵਜੋਂ ਵੀ ਬਹੁਤ ਮੁੱਲਵਾਨ ਰਹੇਗਾ।"

ਦੂਜੇ ਪਾਸੇ ਭਾਈ ਸਾਹਿਬ 'ਭੂਮਿਕਾ' ਵਿਚ ਜੋ ਕੁਝ ਲਿਖਦੇ ਹਨ, ਉਹ ਅੱਜ ਦੇ ਲੇਖਕਾਂ ਵੱਲੋਂ ਪਾਠਕਾਂ ਦੀ ਘਾਟ, ਬੇਰੁਖ਼ੀ ਅਤੇ ਅਗਿਆਨਤਾ ਸਬੰਧੀ ਅਕਸਰ ਕੀਤੇ ਜਾਂਦੇ ਗਿਲੇ-ਸ਼ਿਕਵੇ ਨਾਲ ਹੂਬਹੂ ਮੇਲ ਖਾਂਦਾ ਹੈ, "ਇਸ ਗ੍ਰੰਥ ਦੇ ਪੂਰਨ ਕਰਨ ਅਤੇ ਪ੍ਰਕਾਸ਼ਨ ਵਿਚ ਜੋ ਨਿਰਾਸਤਾ, ਔਖ ਅਤੇ ਵਿਘਨ ਹੋਏ ਹਨ, ਉਨ੍ਹਾਂ ਦਾ ਇੱਥੇ ਵਿਸਤਾਰ ਨਾਲ ਲਿਖਣਾ ਲੇਖਕਾਂ ਦੇ ਉਤਸਾਹ ਘਟਾਉਣ ਦਾ ਕਾਰਨ ਹੈ, ਪਰ ਸੰਖੇਪ ਨਾਲ ਇਤਨਾ ਪ੍ਰਗਟ ਕਰ ਦੇਣਾ ਭੀ ਜਰੂਰੀ ਹੈ ਕਿ ਅਜੇ ਅਸਾਡੀ ਕੌਮ ਦੇ ਸੱਜਨਾਂ ਨੂੰ ਅਜਿਹੇ ਕੰਮਾਂ ਨਾਲ ਬਹੁਤ ਹੀ ਘੱਟ ਪਿਆਰ ਹੈ, ਅਰ ਕਿਤਨਿਆਂ ਨੂੰ ਇਹ ਪਤਾ ਭੀ ਨਹੀਂ ਕਿ ਇਸ ਪ੍ਰਕਾਰ ਦੇ ਗ੍ਰੰਥ ਕਿਵੇਂ ਲਿਖੇ ਜਾਂਦੇ ਹਨ ਅਰ ਇਨ੍ਹਾਂ ਤੋਂ ਕੀ ਲਾਭ ਹੁੰਦਾ ਹੈ?"

ਉਨ੍ਹਾਂ ਦੀ ਇਸ ਢਹਿੰਦੀ ਮਨੋਦਸ਼ਾ ਦਾ ਕਾਰਨ ਵੀ ਜਾਣ ਲਵੋ। ਮਹਾਰਾਜਾ ਫ਼ਰੀਦਕੋਟ, ਬਰਜਿੰਦਰ ਸਿੰਘ ਨੇ ਕੋਸ਼ ਛਪਵਾਉਣ ਦਾ ਵਚਨ ਦਿੱਤਾ ਹੋਇਆ ਸੀ ਪਰ ਬਦਕਿਸਮਤੀ ਨੂੰ ਉਹ ਗੁਜ਼ਰ ਚੁਕਿਆ ਸੀ। ਮਹਾਰਾਜਾ ਨਾਭਾ, ਰਿਪੁਦਮਨ ਸਿੰਘ, ਜਿਸ ਨੇ ਡੇਢ ਸਾਲ ਲਈ ਭਾਈ ਸਾਹਿਬ ਦੇ ਸਾਰੇ ਅਮਲੇ ਦਾ ਖਰਚ ਦਿਤਾ ਸੀ ਅਤੇ ਛਪਾਈ ਲਈ ਨਿੱਗਰ ਸਹਾਇਤਾ ਦਾ ਇਕਰਾਰ ਕੀਤਾ ਸੀ, ਨੂੰ ਗੱਦੀ ਛੱਡਣੀ ਪੈ ਗਈ ਸੀ। ਜਦੋਂ ਉਨ੍ਹਾਂ ਨੇ ਮਹਾਰਾਜੇ ਦੇ ਇਸ ਇਕਰਾਰ ਸਬੰਧੀ ਰਿਆਸਤ ਦੇ ਨਵੇਂ ਪ੍ਰਬੰਧਕ ਨਾਲ ਗੱਲ ਕੀਤੀ, ਉਹਨੇ ਖ਼ਜ਼ਾਨਾ ਖਾਲੀ ਦੱਸ ਕੇ ਕਿਸੇ ਮਦਦ ਤੋਂ ਇਨਕਾਰ ਕਰ ਦਿੱਤਾ। ਇਸ ਮਗਰੋਂ ਸ਼ੁਭਚਿੰਤਕਾਂ ਨਾਲ ਵਿਚਾਰ-ਚਰਚਾ ਦੇ ਸਿੱਟੇ ਵਜੋਂ ਸਲਾਹ ਬਣੀ ਕਿ ਕੋਸ਼ ਦੀ ਸੱਤਰ ਰੁਪਏ ਅੰਦਾਜ਼ਨ ਕੀਮਤ ਦਾ ਅੱਧ ਪੇਸ਼ਗੀ ਲੈ ਕੇ ਪੰਜ ਸੌ ਗਾਹਕ ਬਣਾਏ ਜਾਣ ਅਤੇ ਛਪਾਈ ਸ਼ੁਰੂ ਕਰ ਦਿੱਤੀ ਜਾਵੇ। ਕੋਸ਼ ਦੇ ਨਮੂਨੇ ਦਾ ਪੱਤਰਾ ਛਪਵਾ ਕੇ ਇਕ ਹਜ਼ਾਰ ਸਿੱਖ ਵਿੱਦਵਾਨਾਂ ਤੇ ਮੋਹਰੀਆਂ ਨੂੰ ਭੇਜਿਆ ਗਿਆ ਅਤੇ ਅਖ਼ਬਾਰਾਂ ਵਿਚ ਵੀ ਪੇਸ਼ਗੀ ਗਾਹਕ ਬਣਨ ਦੀ ਬੇਨਤੀ ਛਪਵਾਈ ਗਈ। ਇਨ੍ਹਾਂ ਠੋਸ ਜਤਨਾਂ ਦੇ ਬਾਵਜੂਦ ਨੌਂ ਮਹੀਨਿਆਂ ਵਿਚ ਕੁੱਲ ਦੋ ਸੌ ਗਾਹਕ ਹੀ ਬਣੇ। ਇਨ੍ਹਾਂ ਵਿਚੋਂ ਵੀ ਸੱਤਰ ਕੋਸ਼ਾਂ ਦੀ ਪੇਸ਼ਗੀ ਇਕੱਲੇ ਸਰਦਾਰ ਬਹਾਦਰ ਧਰਮ ਸਿੰਘ ਨੇ ਭੇਜੀ ਸੀ ਜੋ ਦਿੱਲੀ ਦਾ ਇਕ ਪ੍ਰਸਿੱਧ ਠੇਕੇਦਾਰ ਸੀ। ਇਉਂ ਸਿਰਫ਼ 131 ਬੰਦਿਆਂ ਨੇ ਪੇਸ਼ਗੀ ਗਾਹਕ ਬਣਨ ਦੀ ਕਿਰਪਾ ਕੀਤੀ!

ਸਿਆਣੇ ਗਾਹਕਾਂ ਦੇ ਪੱਖੋਂ ਨਿਰਾਸ ਹੋ ਕੇ ਭਾਈ ਸਾਹਿਬ ਨੇ ਆਖ਼ਰ ਸਿੱਖ ਰਾਜਿਆਂ ਨੂੰ ਹੀ ਫੇਰ ਇਕ ਬੇਨਤੀ-ਪੱਤਰ ਭੇਜਿਆ ਕਿ ਉਹ ਤਿੰਨ ਸੌ ਕੋਸ਼ ਪੇਸ਼ਗੀ ਖਰੀਦਣ। ਇਹ ਪੱਤਰ ਪੜ੍ਹ ਕੇ ਮਹਾਰਾਜਾ ਪਟਿਆਲਾ, ਭੂਪਿੰਦਰ ਸਿੰਘ ਕਦਰਦਾਨ ਬਣ ਕੇ ਨਿੱਤਰਿਆ। ਉਹਨੇ 1 ਅਕਤੂਬਰ 1927 ਨੂੰ ਭਾਈ ਸਾਹਿਬ ਨੂੰ ਚੈਲ ਬੁਲਾਇਆ ਅਤੇ ਕਿਹਾ ਕਿ ਛਪਾਈ ਦਾ ਸਾਰਾ ਖ਼ਰਚ ਉਹ ਦੇਵੇਗਾ ਤੇ ਲੋਕਾਂ ਦੀ ਪੇਸ਼ਗੀ ਮੋੜ ਦਿੱਤੀ ਜਾਵੇ। ਪੇਸ਼ਗੀ ਸਭ ਨੂੰ ਮੋੜ ਦਿੱਤੀ ਗਈ। ਭਾਈ ਸਾਹਿਬ ਨੇ ਪੰਜਾਬੀ ਸਾਹਿਤ ਦੇ ਉਸ ਸਮੇਂ ਦੇ ਪ੍ਰਸਿੱਧ ਛਾਪਕ, ਸੁਦਰਸ਼ਨ ਪ੍ਰੈਸ ਅੰਮ੍ਰਿਤਸਰ ਦੇ ਮਾਲਕ, ਮੁਹਰੈਲ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਕੋਲ ਪੁੱਜ ਕੇ ਕੋਸ਼ ਲਈ ਨਵਾਂ ਵਧੀਆ ਟਾਈਪ ਢਾਲਣ ਦੀ ਬੇਨਤੀ ਕੀਤੀ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ, ਚਾਤ੍ਰਿਕ ਜੀ ਨੇ "ਮੇਰੀ ਇੱਛਾ ਅਨੁਸਾਰ ਨਵੇਂ ਟਾਈਪ ਤਿਆਰ ਕਰ ਕੇ 'ਮਹਾਨ ਕੋਸ਼' ਨੂੰ ਵਪਾਰੀਆਂ ਵਾਕਰ ਨਹੀਂ ਬਲਕਿ ਪ੍ਰੇਮੀ ਗੁਣੀਆਂ ਦੀ ਤਰ੍ਹਾਂ ਵੱਡੀ ਮਿਹਨਤ ਨਾਲ ਉੱਤਮ ਛਾਪਿਆ ਹੈ।" ਹਿੰਦੀ-ਸੰਸਕ੍ਰਿਤ, ਫ਼ਾਰਸੀ-ਅਰਬੀ, ਅੰਗਰੇਜ਼ੀ ਆਦਿ ਭਾਸ਼ਾਵਾਂ ਤੋਂ ਆਏ ਸ਼ਬਦਾਂ ਨੂੰ ਗੁਰਮੁਖੀ ਵਿਚ ਛਾਪਣ ਦੇ ਨਾਲ ਨਾਲ ਛਾਪੇ ਦੇ ਉਸ ਜ਼ਮਾਨੇ ਦੇ ਪੱਧਰ ਦੇ ਸਹਾਰੇ ਹੀ ਉਨ੍ਹਾਂ ਦੀਆਂ ਮੂਲ ਭਾਸ਼ਾਵਾਂ ਅਤੇ ਲਿਪੀਆਂ ਵਿਚ ਛਾਪਣਾ ਚਾਤ੍ਰਿਕ ਜੀ ਲਈ ਕਿੰਨਾ ਔਖਾ ਸਗੋਂ ਮੁਸੀਬਤੀ ਕੰਮ ਰਿਹਾ ਹੋਵੇਗਾ, ਇਹ ਛਾਪੇ ਦੀ ਜਾਣਕਾਰੀ ਰੱਖਣ ਵਾਲਾ ਵਿਅਕਤੀ ਹੀ ਜਾਣ-ਸਮਝ ਸਕਦਾ ਹੈ। ਛਪਾਈ 26 ਅਕਤੂਬਰ 1927 ਨੂੰ ਅਰੰਭ ਹੋ ਕੇ ਲਗਭਗ ਢਾਈ ਸਾਲਾਂ ਮਗਰੋਂ ਵਿਸਾਖੀ ਵਾਲੇ ਦਿਨ 13 ਅਪਰੈਲ 1930 ਨੂੰ ਸਮਾਪਤ ਹੋਈ। ਇਕ ਤਾਂ ਗਿਣਤੀ ਇਕ ਹਜ਼ਾਰ ਦੀ ਥਾਂ ਪੰਜ ਸੌ ਕਰਨ ਦਾ ਫ਼ੈਸਲਾ ਕੀਤਾ ਗਿਆ, ਦੂਜੇ ਕੁਛ ਖਰਚੇ ਅੰਦਾਜ਼ਿਉਂ ਵੱਧ ਨਿਕਲੇ, ਜਿਸ ਕਰਕੇ ਕੁੱਲ 51,000 ਰੁਪਏ ਤੋਂ ਵੱਧ ਦੀ ਲਾਗਤ ਦੇ ਹਿਸਾਬ ਕੋਸ਼ ਦਾ ਮੁੱਲ, ਕਿਸੇ ਨਫ਼ੇ ਤੋਂ ਬਿਨਾਂ, ਪਟਿਆਲਾ ਦਰਬਾਰ ਨੇ 110 ਰੁਪਏ ਰੱਖਿਆ। ਭਾਈ ਸਾਹਿਬ ਨੇ ਸਪੱਸ਼ਟ ਕੀਤਾ ਹੈ ਕਿ ਇਸ ਲੇਖੇ ਵਿਚ ਲੇਖਕ ਦੀ ਮਿਹਨਤ ਸ਼ਾਮਲ ਨਹੀਂ।

ਅਗਸਤ 1948 ਵਿਚ ਪੰਜਾਬ ਦੀਆਂ ਰਿਆਸਤਾਂ ਖ਼ਤਮ ਕਰਕੇ ਉਨ੍ਹਾਂ ਦੇ ਮਿਲਵੇਂ ਇਲਾਕੇ ਦਾ ਨਵਾਂ ਰਾਜ, ਪੈਪਸੂ ਸਿਰਜਿਆ ਗਿਆ। ਇਸ ਅਦਲਾ-ਬਦਲੀ ਸਮੇਂ ਉਸ ਵੇਲੇ ਤੱਕ ਬਚੇ ਹੋਏ ਇਕ ਸੌ ਦੇ ਕਰੀਬ ਕੋਸ਼ ਪਟਿਆਲਾ ਦਰਬਾਰ ਨੇ ਪੈਪਸੂ ਦੇ 'ਮਹਿਕਮਾ ਪੰਜਾਬੀ' ਨੂੰ ਸੌਂਪ ਦਿੱਤੇ ਜੋ ਤੁਰਤ ਵਿਕ ਗਏ। ਅੱਗੇ ਚੱਲ ਕੇ 'ਮਹਿਕਮਾ ਪੰਜਾਬੀ' ਤੋਂ ਬਣੇ 'ਭਾਸ਼ਾ ਵਿਭਾਗ, ਪੰਜਾਬ' ਦੇ ਡਾਇਰੈਕਟਰ, ਗਿਆਨੀ ਲਾਲ ਸਿੰਘ ਦੀ




ਅਗਵਾਈ ਵਿਚ ਇਸ ਦਾ ਨਵਾਂ ਸੰਸਕਰਣ ਪ੍ਰਕਾਸ਼ਿਤ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਵਿਉਂਤ ਦੀ ਸੂਚਨਾ ਅਖ਼ਬਾਰਾਂ ਵਿਚ ਛਪਵਾ ਕੇ ਸਲਾਹਾਂ ਮੰਗੀਆਂ ਗਈਆਂ ਅਤੇ ਅੰਤ ਨੂੰ ਵਿਦਵਾਨਾਂ ਦੀ ਇਕ ਬੈਠਕ ਬੁਲਾਈ ਗਈ। ਕੁਛ ਵਿਦਵਾਨਾਂ ਨੇ ਕੋਸ਼ ਦੀ ਸੋਧ-ਸੁਧਾਈ ਦਾ ਸੁਝਾਅ ਦਿਤਾ ਜੋ ਖ਼ੁਸ਼ਕਿਸਮਤੀ ਨੂੰ ਇਸ ਸਹੀ ਦਲੀਲ ਨਾਲ ਰੱਦ ਹੋ ਗਿਆ ਕਿ ਰਚਨਾ ਲੇਖਕ ਵਾਲੇ ਰੂਪ ਵਿਚ ਹੀ ਰੱਖੀ ਜਾਣੀ ਚਾਹੀਦੀ ਹੈ, ਨਹੀਂ ਤਾਂ ਸੋਧਾਂ ਦਾ ਕੋਈ ਅੰਤ ਹੀ ਨਹੀਂ ਹੋਵੇਗਾ! ਹਾਂ, ਜੋ ਵਾਧੇ 1930-1938 ਦੇ ਸਮੇਂ ਵਿਚ ਭਾਈ ਸਾਹਿਬ ਨੇ ਆਪ ਕੀਤੇ ਸਨ, ਉਨ੍ਹਾਂ ਵਾਧਿਆਂ ਵਾਲੀਆਂ ਸੈਂਚੀਆਂ ਉਨ੍ਹਾਂ ਦੇ ਸਪੁੱਤਰ, ਭਗਵੰਤ ਸਿੰਘ ਹਰੀ ਜੀ ਤੋਂ ਲੈ ਕੇ ਉਹ ਅੰਤਕੇ ਦੇ ਰੂਪ ਵਿਚ ਜੋੜ ਦਿੱਤੇ ਜਾਣੇ ਚਾਹੀਦੇ ਹਨ। ਹਰੀ ਜੀ ਨੇ ਨਾ ਕੇਵਲ ਵਾਧਿਆਂ ਵਾਲੀਆਂ ਸੈਂਚੀਆਂ ਹੀ ਖ਼ੁਸ਼ੀ ਖ਼ੁਸ਼ੀ ਦੇ ਦਿੱਤੀਆਂ ਸਗੋਂ ਇਸ ਸੰਸਕਰਣ ਲਈ ਆਗਿਆ ਵੀ ਦਿੱਤੀ ਤੇ ਛਪਾਈ ਦੀ ਨਿਗਰਾਨੀ 'ਚ ਵੀ ਪੂਰੀ ਮਦਦ ਦਿੱਤੀ। ਸਿੱਟੇ ਵਜੋਂ 1960 ਵਿਚ ਪ੍ਰਕਾਸ਼ਿਤ ਇਸ ਸੰਸਕਰਣ ਵਿਚ ਇਨ੍ਹਾਂ ਵਾਧਿਆਂ ਦੇ 99 ਪੰਨੇ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੇ ਨਵੇਂ ਵਾਧੇ' ਸਿਰਲੇਖ ਹੇਠ ਅੰਤ ਵਿਚ ਜੋੜ ਦਿੱਤੇ ਗਏ।

ਇਸ ਸੰਸਕਰਣ ਦਾ ਆਕਾਰ ਪਹਿਲੇ, 1930 ਦੇ ਪਟਿਆਲਾ ਦਰਬਾਰੀ ਸੰਸਕਰਣ ਵਾਲਾ, ਭਾਵ ਪੌਣੇ ਤੇਰਾਂ ਇੰਚ ਅਤੇ ਸਾਢੇ ਨੌਂ ਇੰਚ ਹੀ ਰੱਖਿਆ ਗਿਆ। ਦੋ ਹਜ਼ਾਰ ਦੀ ਗਿਣਤੀ ਵਿਚ ਛਾਪੇ ਗਏ ਕੋਸ਼ ਦਾ ਮੁੱਲ ਕੇਵਲ 42 ਰੁਪਏ ਸੀ। ਇਸ ਸੰਸਕਰਣ ਦੀ ਛਪਾਈ ਲਈ ਚਾਰ ਸੈਂਚੀਆਂ ਵਾਲੇ ਮੂਲ ਸੰਸਕਰਣ ਦੇ ਦੋ ਪੰਨੇ ਪਹਿਲੇ ਕਾਲਮ ਵਿਚ ਅਤੇ ਦੋ ਪੰਨੇ ਦੂਜੇ ਕਾਲਮ ਵਿਚ ਹੇਠ-ਉਤੇ ਚੇਪ ਕੇ ਇਕ ਪੰਨਾ ਬਣਾਇਆ ਗਿਆ। ਗਵਰਨਮੈਂਟ ਸਰਵੇ ਆਫ਼ ਇੰਡੀਆ ਪ੍ਰੈਸ, ਡੇਹਰਾਦੂਨ ਨੇ ਇਨ੍ਹਾਂ ਲਗਭਗ ਇਕ ਹਜ਼ਾਰ ਵਡ-ਆਕਾਰੀ ਪੰਨਿਆਂ ਨੂੰ ਫ਼ੋਟੋ-ਵਿਧੀ ਰਾਹੀਂ ਛੋਟੇ ਕਰ ਕੇ ਲੋੜੀਂਦੇ ਆਕਾਰ ਵਿਚ ਲਿਆਉਣ ਮਗਰੋਂ ਤੇਰਾਂ ਮਹੀਨਿਆਂ ਦੇ ਸਮੇਂ ਵਿਚ ਪੂਰਾ ਕੋਸ਼ ਛਾਪ ਦਿੱਤਾ। ਪਹਿਲੇ ਸੰਸਕਰਣ ਦੇ ਅੱਖਰ ਉਸ ਸਮੇਂ ਦੇ ਛਾਪੇ ਅਨੁਸਾਰ ਕਾਫ਼ੀ ਵੱਡੇ ਸਨ ਜਿਸ ਕਾਰਨ ਆਕਾਰ ਛੋਟਾ ਕਰ ਕੇ ਛਾਪੇ ਗਏ ਇਸ ਭਾਸ਼ਾ ਵਿਭਾਗੀ ਸੰਸਕਰਣ ਦੇ ਅੱਖਰ ਅਜੋਕੇ ਸਾਧਾਰਨ ਪੁਸਤਕੀ ਅੱਖਰਾਂ ਤੋਂ ਕੁਛ ਛੋਟੇ ਤਾਂ ਹੋਏ ਪਰ ਏਨੇਂ ਨਹੀਂ ਕਿ ਪੜ੍ਹਨ ਵਿਚ ਔਖ ਹੋਵੇ। ਇਕ ਜਿਲਦ ਵਿਚ ਆ ਜਾਣ ਨਾਲ ਕੋਸ਼ ਨਿਸਚੇ ਹੀ ਵਧੇਰੇ ਵਰਤੋਂਯੋਗ ਹੋ ਗਿਆ, ਭਾਵੇਂ ਕਿ ਇਸ ਦਾ ਭਾਰ ਅਜੇ ਵੀ ਪੰਜ ਕਿਲੋ ਸੱਤ ਸੌ ਗਰਾਮ ਸੀ!

ਇਕ ਗੱਲ ਜੋ ਅਸਲੋਂ ਹੀ ਹੈਰਾਨ ਕਰਨ ਵਾਲੀ ਹੈ ਅਤੇ ਪਾਠਕਾਂ ਦੀ ਘਾਟ ਦੇ ਸ਼ਿਕਾਇਤੀ ਲੇਖਕਾਂ ਦੀਆਂ ਅੱਖਾਂ ਖੋਲ੍ਹਣ ਵਾਲੀ ਵੀ ਹੈ। ਸੋਚਦਾ ਹਾਂ, ਜੇ ਅੱਜ ਭਾਈ ਕਾਨ੍ਹ ਸਿੰਘ ਹੁੰਦੇ, ਇਹ ਜਾਣ ਕੇ ਕਿੰਨੇ ਗਦਗਦ ਹੁੰਦੇ! ਮਹਾਨ ਕੋਸ਼ ਦੇ ਕਾਪੀਰਾਈਟ ਦੀ ਸਮਾਂ-ਸੀਮਾ ਸਮਾਪਤ ਹੋਣ ਮਗਰੋਂ, ਉਸ ਸਮੇਂ ਤੱਕ ਪ੍ਰਕਾਸ਼ਨ ਦਾ ਕੰਮ ਵੱਡੀ ਹੱਦ ਤੱਕ ਛੱਡ ਚੁੱਕੇ ਭਾਪਾ ਪ੍ਰੀਤਮ ਸਿੰਘ ਨਵਯੁੱਗ ਨੇ ਨੈਸ਼ਨਲ ਬੁੱਕ ਸ਼ਾਪ, ਦਿੱਲੀ ਦੇ ਮਾਲਕ ਰਾਜਿੰਦਰ ਸਿੰਘ ਨੂੰ ਇਹਦੇ ਪ੍ਰਕਾਸ਼ਨ ਲਈ ਪ੍ਰੇਰਿਆ। ਵਿਕਣ ਦੀ ਬੇਯਕੀਨੀ ਕਾਰਨ ਉਸ ਨੂੰ ਏਨੀਂ ਪੂੰਜੀ ਲਾਉਣ ਤੋਂ ਝਿਜਕਦਾ ਦੇਖ ਭਾਪਾ ਜੀ ਨੇ ਭਰੋਸਾ ਦਿੱਤਾ ਕਿ ਇਸ ਕੰਮ ਵਿਚ ਨੁਕਸਾਨ ਨਹੀਂ ਹੋਵੇਗਾ। 1999 ਵਿਚ ਉਹਨੇ 160 ਰੁਪਏ ਮੁੱਲ ਰੱਖ ਕੇ 1100 ਦਾ ਸੰਸਕਰਣ ਛਾਪਿਆ ਜਿਸਨੂੰ ਭਾਪਾ ਜੀ ਦੀ ਪ੍ਰਧਾਨਗੀ ਹੇਠ ਕਰਤਾਰ ਸਿੰਘ ਦੁੱਗਲ ਨੇ ਜਾਰੀ ਕੀਤਾ। ਇਹ ਸੰਸਕਰਣ ਕੁਛ ਮਹੀਨਿਆਂ ਵਿਚ ਹੀ ਪੂਰਾ ਵਿਕ ਗਿਆ। ਉਸ ਪਿੱਛੋਂ ਉਹ ਨਾਗਾ ਪਾਏ ਬਿਨਾਂ ਹਰ ਸਾਲ 1100 ਦਾ ਸੰਸਕਰਣ ਛਾਪ ਰਹੇ ਹਨ। ਵਰਤਮਾਨ ਸੰਸਕਰਣ ਦਾ ਮੁੱਲ 460 ਰੁਪਏ ਹੈ। ਰਾਜਿੰਦਰ ਸਿੰਘ ਦਾ ਕਹਿਣਾ ਹੈ ਕਿ ਭਾਪਾ ਜੀ ਮੈਨੂੰ ਪ੍ਰੇਰ ਕੇ ਮਹਾਨ ਕੋਸ਼ ਛਾਪਣਾ ਹੀ ਸ਼ੁਰੂ ਨਹੀਂ ਕਰਵਾ ਗਏ ਸਗੋਂ ਇਉਂ ਮੇਰੀ ਪੱਕੀ ਪੈਨਸ਼ਨ ਲੁਆ ਗਏ ਹਨ। ਇਕ ਹੋਰ ਪ੍ਰਕਾਸ਼ਕ ਨੇ ਕਈ ਸਾਲ ਪਹਿਲਾਂ ਇਹਨੂੰ ਦੋ ਜਿਲਦਾਂ ਵਿਚ ਛਾਪਿਆ ਸੀ ਪਰ ਸ਼ਾਇਦ ਮੁੱਲ 1100 ਰੱਖਿਆ ਹੋਣ ਕਰਕੇ ਵਿੱਕਰੀ ਢਿੱਲੀ-ਮੱਠੀ ਹੀ ਦੱਸੀ ਜਾਂਦੀ ਹੈ।

ਅੰਤ ਵਿਚ ਮਹਾਨ ਕੋਸ਼ ਬਾਰੇ ਇਕ ਟੋਟਕਾ ਜੋ ਪੁਸਤਕ-ਪ੍ਰਕਾਸ਼ਨ ਦੇ ਮਿਆਰ ਵੱਲ ਸਰਕਾਰੀ ਸੰਸਥਾਵਾਂ ਅਤੇ ਨਿੱਜੀ ਪ੍ਰਕਾਸ਼ਕਾਂ ਦੀਆਂ ਪਹੁੰਚਾਂ ਵਿਚਲੇ ਫ਼ਰਕ ਨੂੰ ਉਜਾਗਰ ਕਰਦਾ ਹੈ। ਪੰਜਾਬੋਂ ਆਏ ਭਾਸ਼ਾ ਵਿਭਾਗ ਦੇ ਇਕ ਸੇਵਾਮੁਕਤ ਡਾਇਰੈਕਟਰ ਨੇ ਕੋਸ਼ ਮੰਗਿਆ ਤਾਂ ਨੈਸ਼ਨਲ ਬੁੱਕ ਸ਼ਾਪ ਦੇ ਮਾਲਕ ਨੇ ਹੈਰਾਨ ਹੋ ਕੇ ਕਿਹਾ, ਤੁਸੀਂ ਤਾਂ ਮਹਾਨ ਕੋਸ਼ ਦੇ ਘਰ, ਭਾਸ਼ਾ ਵਿਭਾਗ ਦੇ ਮਾਲਕ ਰਹੇ ਹੋ, ਫੇਰ ਕੋਸ਼ ਸਾਥੋਂ ਕਿਉਂ? ਉਤਰ ਮਿਲਿਆ, ਸਾਡੇ ਕੋਸ਼ ਦੀ ਜਿਲਦ ਤੇ ਦਿੱਖ ਸੁਹਣੀ ਨਹੀਂ ਤੇ ਮੈਂ ਇਹ ਕੋਸ਼ ਕਿਸੇ ਨੂੰ ਨਿਸ਼ਾਨੀ ਵਜੋਂ ਦੇਣਾ ਹੈ!

(ਚਲਦਾ)

# ਮਹਾਤਮਾ ਗਾਂਧੀ ਦੀ ਅੰਤਮ ਘੜੀ ਤੇ ਲਾਰਡ ਮਾਊਂਟ ਬੈਟਨ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮਹਾਤਮਾ ਗਾਂਧੀ ਨੂੰ ਇਸ ਦੁਨੀਆਂ ਤੋਂ ਕੂਚ ਕੀਤਿਆਂ ਸਾਢੇ ਛੇ ਦਹਾਕੇ ਹੋ ਗਏ ਹਨ ਪਰ ਉਨ੍ਹਾਂ ਦੇ ਨਵੇਂ ਜੀਵਨੀਕਾਰ ਪਰਮੋਦ ਕਪੂਰ ਨੇ ਆਪਣੀ ਪੁਸਤਕ 'ਮਾਈ ਐਕਸਪੈਰੀਮੈਂਟ ਵਿਦ ਗਾਂਧੀ' ਵਿਚ ਉਨ੍ਹਾਂ ਦੀ ਅੰਤਮ ਘੜੀ ਦਾ ਹੈਰਾਨ ਕਰਨ ਵਾਲਾ ਚਿਤਰਨ ਪੇਸ਼ ਕੀਤਾ ਹੈ। 125 ਸਾਲ ਜਿਉਣ ਦਾ ਦਾਅਵਾ ਕਰਨ ਵਾਲੇ ਗਾਂਧੀ ਜੀ 80 ਵਰ੍ਹੇ ਦੀ ਉਮਰ ਵਿਚ ਜਨਵਰੀ 1948 ਦੇ ਅੰਤਲੇ ਦਿਨਾਂ ਵਿਚ ਹਰ ਗੱਲ 'ਤੇ ਇਹ ਕਹਿਣ ਲੱਗ ਪਏ ਸਨ, "ਜੇ ਮੈਂ ਕੱਲ ਤੱਕ ਜੀਵਤ ਰਿਹਾ ਤਾਂ ਇਹ ਵੀ ਕਰ ਲਵਾਂਗੇ।" 29 ਜਨਵਰੀ ਦਾ ਸਾਰਾ ਦਿਨ ਉਨ੍ਹਾਂ ਦੇ ਮਨ ਉਤੇ ਪੰਡਿਤ ਜਵਾਹਰ ਲਾਲ ਨਹਿਰੂ ਤੇ ਸਰਦਾਰ ਪਟੇਲ ਦਾ ਇਕ ਦੂਜੇ ਦੇ ਉਲਟ ਤੁਰਨਾ ਹਾਵੀ ਰਿਹਾ।

ਸ਼ਾਇਦ ਇਹੀ ਕਾਰਨ ਸੀ ਕਿ ਉਸ ਦਿਨ ਮਹਾਤਮਾ ਗਾਂਧੀ ਨੂੰ ਮਿਲਣ ਵਾਲਿਆਂ ਵਿਚੋਂ ਸਰੋਜਨੀ ਨਾਇਡੂ ਹੀ ਨਹੀਂ ਪੰਡਤ ਨਹਿਰੂ ਦੀ ਭੈਣ ਕ੍ਰਿਸ਼ਨਾ ਹਾਥੀ ਸਿੰਘ, ਧੀ ਇੰਦਰਾ ਤੇ ਉਸ ਦਾ ਚਾਰ ਸਾਲਾ ਬਾਲਕ ਰਾਜੀਵ ਵੀ ਸੀ। ਜੀਵਨੀਕਾਰ ਨੇ ਇਹ ਵੀ ਲਿਖਿਆ ਹੈ ਕਿ ਜਦੋਂ ਰਾਜੀਵ ਨੇ ਖੇਡ ਖੇਡ ਵਿਚ ਉਥੇ ਬਿਖਰੇ ਹੋਏ ਫੁੱਲਾਂ ਵਿਚ ਕੁਝ ਫੁੱਲ ਗਾਂਧੀ ਜੀ ਦੇ ਪੈਰਾਂ ਉਤੇ ਧਰ ਦਿੱਤੇ ਸਨ ਤਾਂ ਗਾਂਧੀ ਨੇ ਉਸ ਦਾ ਕੰਨ ਮਰੋੜ ਕੇ ਇਹ ਕਿਹਾ ਸੀ, 'ਅਜਿਹਾ ਅਮਲ ਤਾਂ ਮ੍ਰਿਤਕ ਦੇਹਾਂ ਨਾਲ ਕਰੀਦਾ ਹੈ ਕਾਕਾ!'

ਉਸ ਰਾਤ ਉਨ੍ਹਾਂ ਨੂੰ ਨੀਂਦ ਵੀ ਚੰਗੀ ਨਹੀਂ ਸੀ ਆਈ। ਉਹ ਸਵੇਰੇ ਸਾਢੇ ਤਿੰਨ ਵਜੇ ਹੀ ਜਾਗ ਪਏ ਸਨ। ਉਨ੍ਹਾਂ ਦੇ ਦਿਮਾਗ ਉਤੇ ਕਾਂਗਰਸ ਵਿਚਲੀ ਖਹਿਬਾਜ਼ੀ ਵੀ ਹਾਵੀ ਸੀ। ਖਾਸ ਕਰਕੇ ਨਹਿਰੂ ਤੇ ਪਟੇਲ ਵਾਲੀ। 30 ਜਨਵਰੀ ਨੂੰ ਸ਼ਾਮ ਦੇ ਚਾਰ ਵਜੇ ਜਦੋਂ ਉਨ੍ਹਾਂ ਦੇ ਜੱਦੀ ਖੇਤਰ ਕਾਠੀਆਵਾੜ ਦੇ ਦੋ ਨੇਤਾ ਅਚਾਨਕ ਹੀ ਮਿਲਣ ਆਏ ਤਾਂ ਉਨ੍ਹਾਂ ਕੋਲ ਸਰਦਾਰ ਪਟੇਲ ਆਪਣੀ ਬੇਟੀ ਮਨੀਬੇਨ ਸਮੇਤ ਆਪਣਾ ਦੁੱਖ ਰੋ ਰਿਹਾ ਸੀ। ਕਾਠੀਆਵਾੜੀ ਨੇਤਾਵਾਂ ਲਈ ਉਚੇਰੇ ਉਨ੍ਹਾਂ ਦੇ ਬੋਲ ਵੀ ਇਲਹਾਮੀ ਸਨ, "ਉਨ੍ਹਾਂ ਨੂੰ ਕਹਿ ਦਿਓ ਕਿ ਮੈਂ ਪ੍ਰਾਰਥਨਾ ਸਭਾ ਤੋਂ ਪਿੱਛੋਂ ਹੀ



*ਮਹਾਤਮਾ ਗਾਂਧੀ*

ਮਿਲਾਂਗਾ, ਉਹ ਵੀ ਤਦ ਜੇ ਮੈਂ ਜੀਵਤ ਰਿਹਾ।" ਅਸਲ ਵਿਚ ਉਹ ਪਟੇਲ ਦੀ ਗਿਲਾ ਗੁਜ਼ਾਰੀ ਸੁਣਨ ਦੀ ਥਾਂ ਉਸ ਨੂੰ ਕਾਠੀਆਵਾੜ ਦੀਆਂ ਗੱਲਾਂ ਦੱਸੀ ਜਾ ਰਹੇ ਸਨ ਜਿਥੇ ਉਨ੍ਹਾਂ ਦਾ ਪਿਤਾ ਕਰਮਚੰਦ ਦੀਵਾਨ ਰਹਿ ਚੁੱਕਾ ਸੀ। ਇਹ ਅਜਿਹੀ ਮਨਹੂਸ ਘੜੀ ਸੀ ਕਿ ਇਕ ਪਾਸੇ ਪਟੇਲ ਆਪਣਾ ਅਸਤੀਫਾ ਚੁਕੀ ਫਿਰਦਾ ਸੀ, ਦੂਜੇ ਪਾਸੇ ਨੱਥੂ ਰਾਮ ਗੌਡਸੇ ਆਪਣੀ ਬੁੱਕਲ ਵਿਚ ਪਿਸਤੌਲ ਲੈ ਕੇ ਪਹੁੰਚਿਆ ਹੋਇਆ ਸੀ।

ਗਾਂਧੀ, ਨਹਿਰੂ ਤੇ ਪਟੇਲ ਦੇ ਮਨਾਂ ਦੀ ਬੁੱਝਣ ਵਾਲਾ ਉਥੇ ਕੋਈ ਵੀ ਨਹੀਂ ਸੀ। ਉਧਰ ਲਾਰਡ ਮਾਊਂਟ ਬੈਟਨ ਨੇ ਵੀ ਸਮਾਂ ਮੰਗ ਰਖਿਆ ਸੀ। ਉਸ ਨੇ ਮਹਾਤਮਾ ਗਾਂਧੀ ਕੋਲੋਂ ਨਹਿਰੂ ਤੇ ਪਟੇਲ ਨੂੰ ਮਿਲ ਕੇ ਕੰਮ ਕਰਨ ਲਈ ਕਹਾਉਣਾ ਸੀ। ਗਾਂਧੀ ਜੀ ਨੇ ਉਸ ਨੂੰ ਵੀ ਪ੍ਰਾਰਥਨਾ ਸਭਾ ਤੋਂ ਪਿੱਛੋਂ ਦਾ ਸਮਾਂ ਦੇ ਰੱਖਿਆ ਸੀ। ਮੌਲਾਨਾ ਆਜ਼ਾਦ ਨੇ ਵੀ ਆਪਣੇ ਤੌਰ 'ਤੇ ਇਸ ਸਮੇਂ ਇਥੇ ਹੀ ਸਾਰਿਆਂ ਨੂੰ ਮਿਲਣਾ ਸੀ।

ਅਚਾਨਕ ਹੀ ਚਾਰ ਚੁਫੇਰੇ ਏਨਾ ਕੁਝ ਵਾਪਰ ਰਿਹਾ ਸੀ ਕਿ ਸਮੇਂ ਦੀ ਪਾਬੰਦੀ ਲਈ ਜਾਣੇ ਜਾਂਦੇ ਮਹਾਤਮਾ ਗਾਂਧੀ ਪ੍ਰਾਰਥਨਾ ਸਭਾ ਤੋਂ ਪੰਦਰਾਂ ਮਿੰਟ ਲੇਟ ਹੋ ਗਏ। ਜਦੋਂ ਉਨ੍ਹਾਂ ਨੂੰ ਸਹਾਰਾ ਦੇ ਕੇ ਤੋਰਨ ਵਾਲੀਆਂ ਕੁੜੀਆਂ ਮਨੂੰ ਤੇ ਆਭਾ ਵਿਚੋਂ ਇੱਕ ਨੇ ਮਹਾਤਮਾ ਗਾਂਧੀ ਨੂੰ ਹੱਥ ਘੜੀ ਦਿਖਾਈ ਤਾਂ ਉਹ 'ਬਾਕੀ ਸਭ ਕੁਝ ਫੇਰ' ਕਹਿ ਕੇ ਅਚਾਨਕ ਹੀ ਉਠ ਕੇ ਤੁਰ ਪਏ। ਉਹ ਕੀ ਜਾਣਦੇ ਸਨ ਕਿ ਉਨ੍ਹਾਂ ਨੂੰ ਪ੍ਰਣਾਮ ਕਰਨ ਵਾਲੇ ਨੱਥੂ ਰਾਮ ਨੇ ਉਨ੍ਹਾਂ ਦੀ ਛਾਤੀ ਵਿਚ ਤਿੰਨ ਗੋਲੀਆਂ ਦਾਗ ਦੇਣੀਆਂ ਹਨ। ਅੱਖ ਦੇ ਫੋਰ ਵਿਚ ਏਨਾ ਕੁਝ ਵਾਪਰ ਗਿਆ ਸੀ ਕਿ ਨੱਥੂ ਰਾਮ ਨੂੰ ਮੋਢਿਆਂ ਤੋਂ ਫੜ ਕੇ ਰੱਖਣ ਵਾਲਾ ਹਰਬਰਟ ਰੀਨਰ ਨਾਂ ਦਾ ਉਹ ਅਮਰੀਕਨ ਸੀ ਜਿਸ ਨੇ 4-5 ਘੰਟੇ ਪਹਿਲਾਂ ਹੀ ਅਮਰੀਕੀ ਦੂਤਾਵਾਸ ਵਿਚ ਆਪਣੀ ਨਵੀਂ ਨੌਕਰੀ 'ਤੇ ਹਾਜ਼ਰੀ ਭਰੀ ਸੀ ਤੇ ਪ੍ਰਾਰਥਨਾ ਸਭਾ ਰਾਹੀਂ ਮਹਾਤਮਾ ਗਾਂਧੀ ਤੋਂ ਆਸ਼ੀਰਵਾਦ ਲੈਣ ਆਇਆ ਸੀ।

ਮਹਾਤਮਾ ਗਾਂਧੀ ਦੀ ਹੱਤਿਆ ਵਾਲੀ ਖਬਰ ਏਨੀ ਤੇਜ਼ੀ ਨਾਲ ਫੈਲੀ ਸੀ ਕਿ ਸਰਦਾਰ ਪਟੇਲ ਮੁੜਦੇ ਪੈਰੀਂ ਪਰਤ ਆਇਆ ਸੀ ਤੇ ਗਾਂਧੀ ਦਾ ਪੁੱਤਰ ਦੇਵਦਾਸ ਤੇ ਪੋਤਰਾ ਗੋਪਾਲ ਵੀ ਪਹੁੰਚ ਗਏ ਸਨ। ਉਨ੍ਹਾਂ ਨੇ ਦੇਖਿਆ ਕਿ ਪ੍ਰਧਾਨ ਮੰਤਰੀ ਨਹਿਰੂ ਆਪਣਾ ਮੂੰਹ ਗਾਂਧੀ ਦੀ ਲਹੂ ਭਿੱਜੀ ਚਾਦਰ ਵਿਚ ਦੇ ਕੇ ਬੱਚਿਆਂ ਵਾਂਗ ਰੋ ਰਿਹਾ ਹੈ। ਪਟੇਲ ਤੇ ਨਹਿਰੂ ਇਕ ਦੂਜੇ ਦੇ ਸਾਹਮਣੇ ਹੋਏ ਤਾਂ ਮਾਊਂਟ ਬੈਟਨ ਦੇ ਮੂੰਹੋਂ ਇਹ ਵਾਕ ਸੁਣ ਕੇ ਕਿ ਗਾਂਧੀ ਜੀ ਦੇ ਮਨ ਉਤੇ ਉਨ੍ਹਾਂ ਨੂੰ ਮਿਲਾ ਕੇ ਤੋਰਨਾ ਬਹੁਤ



*ਲਾਰਡ ਮਾਊਂਟ ਬੈਟਨ*

ਭਾਰੂ ਸੀ। ਉਹ ਦੋਵੇਂ ਇਕ ਦੂਜੇ ਨੂੰ ਜੱਫੀ ਪਾ ਕੇ ਭੁੱਬੀਂ ਰੋ ਪਏ, ਕੁਝ ਇਸ ਤਰ੍ਹਾਂ ਜਿਵੇਂ ਦੋਨਾਂ ਦਾ ਪਿਤਾ ਤੁਰ ਗਿਆ ਹੋਵੇ।

ਜਿਸ ਮਹਾਤਮਾ ਤੋਂ ਆਪਣੇ ਜੀਵਤ ਹੁੰਦਿਆਂ ਸਰਦਾਰ ਪਟੇਲ ਤੇ ਪੰਡਤ ਨਹਿਰੂ ਦੀ ਜੱਫੀ ਨਹੀਂ ਸੀ ਪੁਆਈ ਗਈ, ਉਸ ਦੀ ਹੱਤਿਆ ਨੇ ਪੁਆ ਦਿੱਤੀ ਸੀ। ਇਸ ਘੜੀ ਮਾਊਂਟ ਬੈਟਨ ਦਾ ਇਕ ਹੋਰ ਯੋਗਦਾਨ ਇਸ ਤੋਂ ਵੀ ਵੱਡਾ ਸੀ। ਉਹ ਇਹ ਕਿ ਜਦੋਂ ਉਸ ਨੇ ਭੀੜ ਵਿਚੋਂ ਕਿਸੇ ਸਿਰਫਿਰੇ ਦੇ ਮੂੰਹੋਂ ਹਤਿਆਰੇ ਨੂੰ ਮੁਸਲਮਾਨ ਕਿਹਾ ਜਾਣਾ ਸੁਣਿਆ ਤਾਂ ਉਸ ਨੇ ਉਚੀ ਆਵਾਜ਼ ਵਿਚ 'ਸ਼ਟ ਅੱਪ' ਕਹਿ ਕੇ ਉਸ ਨੂੰ ਚੁੱਪ ਕਰਾ ਛੱਡਿਆ ਸੀ। ਉਸ ਮਾਹੌਲ ਵਿਚ 'ਮੁਸਲਮਾਨ' ਸ਼ਬਦ ਦੀ ਗੂੰਜ ਕਿਹੋ ਜਿਹੀ ਆਫਤ ਲਿਆ ਸਕਦੀ ਸੀ, ਇੰਦਰਾ ਗਾਂਧੀ ਦੀ ਹੱਤਿਆ ਤੋਂ ਪਿੱਛੋਂ 'ਸਿੱਖ ਬਾਡੀਗਾਰਡ' ਦੀ ਗੂੰਜ ਤੋਂ ਉਪਜੀ ਸਥਿਤੀ ਦਾ ਵਿਸ਼ਲੇਸ਼ਣ ਕਰਨ ਵਾਲੇ ਜਾਣਦੇ ਹਨ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਉਸ ਨਾਜ਼ਕ ਘੜੀ ਹਤਿਆਰੇ ਦੇ ਮੋਢੇ ਫੜਨ ਵਾਲਾ ਵੀ ਵਿਦੇਸ਼ੀ ਸੀ ਤੇ ਮੁਸਲਮਾਨ ਸ਼ਬਦ ਉਤੇ ਲੀਕ ਫੇਰਨ ਵਾਲਾ ਵੀ। ਇਸ ਲਈ ਨਹੀਂ ਕਿ ਉਨ੍ਹਾਂ ਨੂੰ ਕੋਈ ਦੁੱਖ ਨਹੀਂ ਸਗੋਂ ਇਸ ਲਈ ਕਿ ਉਹੀਓ ਸਨ ਜਿਹੜੇ ਆਪਣੇ ਪੈਰਾਂ ਉਤੇ ਖੜ੍ਹੇ ਸਨ। ਮਹਾਤਮਾ ਦੀ ਹੱਤਿਆ ਨੇ ਬਾਕੀ ਸਭਨਾਂ ਦੇ ਪੈਰਾਂ ਥਲਿਓਂ ਮਿੱਟੀ ਪੁੱਟ ਛੱਡੀ ਸੀ।

ਅੰਤਿਕਾ: (ਮਿਰਜ਼ਾ ਗ਼ਾਲਿਬ)
ਸੰਭਲਨੇ ਦੇ ਮੁਝੇ ਐ ਨਾਉਮੀਦੀ
ਕਿਆ ਕਿਆਮਤ ਹੈ,
ਕਿ ਦਾਮਨ-ਏ-ਖਿਆਲ-ਏ-ਯਾਰ
ਛੂਟਾ ਜਾਏ ਹੈ ਮੁੱਝ ਸੇ।

# ਸ਼ਰਧਾ ਕਪੂਰ ਨੇ ਦਿਲ ਮੋਹਿਆ





ਫਿਲਮ 'ਹੈਦਰ' ਵਿਚ ਸ਼ਰਧਾ ਕਪੂਰ



ਸੋਹਣੀ ਤੇ ਸੁਨੱਖੀ ਅਦਾਕਾਰਾ ਸ਼ਰਧਾ ਕਪੂਰ ਅੱਜ ਕੱਲ੍ਹ ਆਪਣੀ ਨਵੀਂ ਫਿਲਮ 'ਹੈਦਰ' ਦੀ ਸ਼ੂਟਿੰਗ ਵਿਚ ਰੁੱਝੀ ਹੋਈ ਹੈ। ਇਹ ਫਿਲਮ ਫਿਲਮਸਾਜ਼-ਸੰਗੀਤਕਾਰ ਵਿਸ਼ਾਲ ਭਾਰਦਵਾਜ ਬਣਾ ਰਿਹਾ ਹੈ। 'ਹੈਦਰ' ਸੰਸਾਰ ਪ੍ਰਸਿੱਧ ਲੇਖਕ ਸ਼ੈਕਸਪੀਅਰ ਦੇ ਸੰਸਾਰ ਪ੍ਰਸਿੱਧ ਨਾਟਕ 'ਹੈਮਲਟ' ਉਤੇ ਆਧਾਰਤ ਹੈ। ਫਿਲਮ ਪੂਰਨ ਰੂਪ ਵਿਚ ਕਸ਼ਮੀਰੀ ਮਾਹੌਲ ਮੁਤਾਬਕ ਬਣਾਈ ਜਾ ਰਹੀ ਹੈ। ਇਸ ਫਿਲਮ ਵਿਚ ਸ਼ਰਧਾ ਕਪੂਰ ਕਸ਼ਮੀਰੀ ਮੁਟਿਆਰ ਦਾ ਕਿਰਦਾਰ ਨਿਭਾਅ ਰਹੀ ਹੈ। ਉਸ ਦਾ ਕਹਿਣਾ ਹੈ ਕਿ ਫਿਲਮ ਦੀ ਸ਼ੂਟਿੰਗ ਦੌਰਾਨ ਉਸ ਨੂੰ ਕਈ ਤਰ੍ਹਾਂ ਦੇ ਨਵੇਂ ਤਜਰਬੇ ਹਾਸਲ ਹੋਏ ਹਨ ਜਿਨ੍ਹਾਂ ਬਾਰੇ ਉਸ ਨੇ ਕਦੀ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ। ਪਿਛਲੇ ਦਿਨੀਂ ਜਦੋਂ ਕਸ਼ਮੀਰ ਵਿਚ ਇਸ ਫਿਲਮ ਦੀ ਸ਼ੂਟਿੰਗ ਚੱਲ ਰਹੀ ਸੀ ਤਾਂ ਉਥੇ ਆਏ ਕੁਝ ਕਸ਼ਮੀਰੀਆਂ ਨੇ ਫਿਲਮ ਦੇ ਅਮਲੇ ਉਤੇ ਬਰਫ ਦੇ ਗੋਲੇ ਮਾਰਨੇ ਸ਼ੁਰੂ ਕਰ ਦਿੱਤੇ। ਇਕ ਹੋਰ ਥਾਂ ਉਤੇ ਤਾਂ ਕਿਸੇ ਨੇ ਅਮਲੇ ਉਤੇ ਕਾਂਗੜੀ ਵੀ ਕੱਢ ਮਾਰੀ। ਇਨ੍ਹਾਂ ਲੋਕਾਂ ਦਾ ਗੁੱਸਾ ਇਹ ਸੀ ਕਿ ਫਿਲਮਾਂ ਵਾਲੇ ਕਸ਼ਮੀਰ ਬਾਰੇ ਫਿਲਮਾਂ ਤਾਂ ਬਣਾਉਂਦੇ ਹਨ, ਪਰ ਉਹ ਅੱਜ ਜਿਸ ਹਾਲਾਤ ਨਾਲ ਘੁਲ ਰਹੇ ਹਨ, ਉਹ ਬਾਰੇ ਰੱਤੀ ਭਰ ਵੀ ਫਿਲਮ ਵਿਚ ਦਿਖਾਇਆ ਜਾਂਦਾ। ਬੱਸ ਆਮ ਜਿਹੀ ਕਹਾਣੀ ਘੜ ਕੇ ਕਿਸੇ ਕਸ਼ਮੀਰੀ ਕੁੜੀ ਦਾ ਕਿਸੇ ਫੌਜੀ ਨਾਲ ਇਸ਼ਕ ਦਿਖਾ ਦਿੱਤਾ ਜਾਂਦਾ ਹੈ। ਕਸ਼ਮੀਰੀਆਂ ਦੀ ਇਸ ਘਟਨਾ ਦਾ ਸ਼ਰਧਾ ਉਤੇ ਬੜਾ ਅਸਰ ਹੋਇਆ। ਉਸ ਨੇ ਕਸ਼ਮੀਰ ਦੇ ਅੱਜ ਦੇ ਹਾਲਾਤ ਬਾਰੇ ਪੁੱਛਿਆ/ਪੜ੍ਹਿਆ। ਇਸ ਹਾਲਾਤ ਬਾਰੇ ਪੜ੍ਹ/ਸੁਣ ਕੇ ਉਸ ਦੀਆਂ ਅੱਖਾਂ ਟੱਡੀਆਂ ਹੀ ਰਹਿ ਗਈਆਂ। ਇਸ ਫਿਲਮ ਦੇ ਇਕ ਹੋਰ ਅਦਾਕਾਰ ਇਰਫਾਨ ਖਾਨ ਨੇ ਵੀ ਇਹੀ ਕਿਹਾ ਕਿ ਹਾਲਾਤ ਤੋਂ ਅੱਕੇ ਕਸ਼ਮੀਰੀ ਨੌਜਵਾਨ ਨੇ ਉਨ੍ਹਾਂ ਉਤੇ ਕਾਂਗੜੀ ਸੁੱਟਣ ਦਾ ਯਤਨ ਕੀਤਾ ਸੀ। ਇਹ ਲੋਕ ਇਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਔਕੜਾਂ ਨਾਲ ਘੁਲ ਰਹੇ ਹਨ। ਹੁਣ ਜਦੋਂ ਉਨ੍ਹਾਂ ਨੇ ਦੇਖਿਆ ਕਿ ਅਸੀਂ ਲੋਕ ਕਿਸ ਤਰ੍ਹਾਂ ਹੱਸ-ਹੱਸ ਕੇ ਫਿਲਮਾਂ ਬਣਾ ਰਹੇ ਹਾਂ, ਤਾਂ ਉਸ ਨੂੰ ਗੁੱਸਾ ਤਾਂ ਆਉਣਾ ਹੀ ਸੀ। ਵਿਸ਼ਾਲ ਭਾਰਦਵਾਜ ਦਾ ਕਹਿਣਾ ਹੈ ਕਿ ਉਹ ਛੇਤੀ ਹੀ ਇਹ ਫਿਲਮ ਮੁਕੰਮਲ ਕਰ ਕੇ ਰਿਲੀਜ਼ ਕਰਨ ਦਾ ਇਰਾਦਾ ਰੱਖਦਾ ਹੈ। ਇਸ ਫਿਲਮ ਵਿਚ ਸ਼ਰਧਾ ਕਪੂਰ ਨਾਲ ਨਾਇਕ ਦੀ ਭੂਮਿਕਾ ਸ਼ਾਹਿਦ ਕਪੂਰ ਨਿਭਾਅ ਰਿਹਾ ਹੈ। ਸ਼ਰਧਾ ਕਪੂਰ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 2010 ਵਿਚ ਫਿਲਮ 'ਤੀਨ ਪੱਤੀ' ਨਾਲ ਕੀਤੀ ਸੀ। ਇਸ ਫਿਲਮ ਵਿਚ ਉਸ ਦੇ ਕੰਮ ਨੂੰ ਬਹੁਤ ਸਲਾਹਿਆ ਗਿਆ। ਹਿੰਦੀ ਫਿਲਮਾਂ ਦਾ ਪ੍ਰਸਿੱਧ ਖਲਨਾਇਕ ਸ਼ਕਤੀ ਕਪੂਰ ਉਸ ਦਾ ਬਾਪੂ ਹੈ। ਇਸ ਲਈ ਫਿਲਮਾਂ ਵਿਚ ਕੰਮ ਹਾਸਲ ਕਰਨ ਲਈ ਉਸ ਨੂੰ ਕੋਈ ਤਰੱਦਦ ਨਹੀਂ ਕਰਨਾ ਪਿਆ। 2011 ਵਿਚ ਉਸ ਦੀ ਫਿਲਮ 'ਲਵ ਕਾ ਦਿ ਐਂਡ' ਰਿਲੀਜ਼ ਹੋਈ ਪਰ ਉਸ ਦੀ ਅਸਲ ਚੜ੍ਹਾਈ 2013 ਵਿਚ ਰਿਲੀਜ਼ ਹੋਈ ਫਿਲਮ 'ਆਸ਼ਿਕੀ-2' ਨਾਲ ਹੋਈ। ਇਸ ਫਿਲਮ ਵਿਚ ਉਸ ਦਾ ਹੀਰੋ ਅਦਿੱਤਿਆ ਰਾਏ ਕਪੂਰ ਸੀ। ਇਸ ਫਿਲਮ ਦੀ ਖੂਬ ਪ੍ਰਸ਼ੰਸਾ ਹੋਈ ਅਤੇ ਇਸ ਨੇ ਵਾਹਵਾ ਕਮਾਈ ਵੀ ਕੀਤੀ। ਇਸ ਫਿਲਮ ਦਾ ਕੁੱਲ ਬਜਟ 9 ਕਰੋੜ ਰੁਪਏ ਸੀ ਅਤੇ ਇਸ ਨੇ 110 ਕਰੋੜ ਰੁਪਏ ਕਮਾ ਲਏ। ਇਸ ਫਿਲਮ ਦੇ ਸੰਗੀਤ ਨੇ ਵੀ ਵਾਹਵਾ ਧੁੰਮਾਂ ਪਾਈਆਂ ਸਨ। ਇਸ ਫਿਲਮ ਲਈ ਗਾਇਕ ਅਰਿਜਿਤ ਸਿੰਘ ਅਤੇ ਸੰਗੀਤਕਾਰ ਅੰਕਿਤ ਤਿਵਾੜੀ, ਜੀਤ ਗਾਂਗੁਲੀ ਤੇ ਮਿਥੁਨ ਨੂੰ ਸਰਵੋਤਮ ਫਿਲਮਫੇਅਰ ਐਵਾਰਡ ਮਿਲੇ ਸਨ। 2013 ਵਿਚ ਹੀ ਸ਼ਰਧਾ ਕਪੂਰ ਦੀ ਇਕ ਹੋਰ ਫਿਲਮ 'ਗੋਰੀ ਤੇਰੇ ਪਿਆਰ ਮੇਂ' ਰਿਲੀਜ਼ ਹੋਈ ਸੀ। ਸ਼ਰਧਾ ਕਪੂਰ ਆਪਣੀ ਮਾਂ ਸ਼ਿਵਾਂਗੀ ਕੋਲਹਾਪੁਰੇ ਕਪੂਰ ਦੀ ਬੜੀ ਲਾਡਲੀ ਹੈ। ਉਹ ਵੀ ਆਪਣੀ ਮਾਂ ਨੂੰ ਸਭ ਤੋਂ ਵੱਧ ਪਿਆਰ ਕਰਦੀ ਹੈ। ਸ਼ਰਧਾ ਦੀ ਮਾਂ ਮਹਾਰਾਸ਼ਟਰ ਦੀ ਹੈ ਅਤੇ ਪਿਤਾ ਸ਼ਕਤੀ ਕਪੂਰ ਪੰਜਾਬ ਤੋਂ ਹੈ। ਸ਼ਿਵਾਂਗੀ ਨੇ ਆਪਣੀ ਜ਼ਿੰਦਗੀ ਵਿਚ ਸਿਰਫ ਇਕ ਫਿਲਮ ਕੀਤੀ ਸੀ- 'ਕਿਸਮਤ'। ਇਸ ਫਿਲਮ ਦਾ ਹੀਰੋ ਮਿਥੁਨ ਚੱਕਰਵਰਤੀ ਸੀ ਅਤੇ ਇਸ ਫਿਲਮ ਵਿਚ ਸ਼ਕਤੀ ਕਪੂਰ ਦਾ ਰੋਲ ਵੀ ਸੀ। ਇਸ ਫਿਲਮ ਦੇ ਸੈੱਟਾਂ ਉਤੇ ਹੀ ਸ਼ਿਵਾਂਗੀ ਅਤੇ ਸ਼ਕਤੀ ਦੀ ਮੁਲਾਕਾਤ ਹੋਈ ਤੇ ਇਹ ਪਿਆਰ ਫਿਰ ਵਿਆਹ ਵਿਚ ਬਦਲ ਗਿਆ। ਹਾਂ! ਸ਼ਰਧਾ ਦੀ ਮਾਸੀ ਪਦਮਨੀ ਕੋਲਹਾਪੁਰੀ ਆਪਣੇ ਜ਼ਮਾਨੇ ਦੀ ਬੜੀ ਸਫਲ ਹੀਰੋਇਨ ਸੀ। ਪੁੱਛਣ 'ਤੇ ਸ਼ਰਧਾ ਦੱਸਦੀ ਹੈ ਕਿ ਉਸ ਦਾ ਨਿਸ਼ਾਨਾ ਬਹੁਤ ਅਗਾਂਹ ਦਾ ਹੈ। ਉਹ ਦੱਸਦੀ ਹੈ ਕਿ ਉਸ ਦਾ ਫਿਲਮਾਂ ਵਿਚ ਆਉਣਾ ਵੀ ਇਤਫਾਕ ਹੀ ਸੀ। ਉਹ ਤਾਂ ਬੋਸਟਨ ਵਿਚ ਛੁੱਟੀਆਂ ਮਨਾ ਰਹੀ ਸੀ ਕਿ 'ਤੀਨ ਪੱਤੀ' ਦੇ ਨਿਰਮਾਤਾ ਅੰਬਿਕਾ ਹਿੰਦੂਜਾ ਨੇ ਉਸ ਨੂੰ ਫੇਸਬੁੱਕ 'ਤੇ ਦੇਖਿਆ ਅਤੇ ਦੇਖਦੇ ਸਾਰ ਸੰਪਰਕ ਕਰ ਲਿਆ; ਇਸ ਤਰ੍ਹਾਂ ਉਸ ਨੂੰ ਆਪਣੀ ਪਹਿਲੀ ਫਿਲਮ ਮਿਲ ਗਈ। ਸ਼ਰਧਾ ਕਪੂਰ ਦੀ ਇੱਛਾ ਹੈ ਕਿ ਉਹ ਕਿਸੇ ਡਾਂਸ ਫਿਲਮ ਵਿਚ ਕੰਮ ਕਰੇ। ਡਾਂਸ (ਨਾਚ) ਉਹਦੀ ਰਗ-ਰਗ ਵਿਚ ਰਚਿਆ ਹੋਇਆ ਹੈ। ਉਹ ਹੁੱਬ ਕੇ ਆਖਦੀ ਹੈ ਕਿ ਨਾਚ ਤਾਂ ਉਹਦੇ ਲਈ ਜ਼ਿੰਦਗੀ ਹੈ।

*ਉਸ ਦਾ ਫਿਲਮਾਂ ਵਿਚ ਆਉਣਾ ਵੀ ਇਤਫਾਕ ਹੀ ਸੀ। ਉਹ ਤਾਂ ਬੋਸਟਨ ਵਿਚ ਛੁੱਟੀਆਂ ਮਨਾ ਰਹੀ ਸੀ ਕਿ 'ਤੀਨ ਪੱਤੀ' ਦੇ ਨਿਰਮਾਤਾ ਅੰਬਿਕਾ ਹਿੰਦੂਜਾ ਨੇ ਉਸ ਨੂੰ ਫੇਸਬੁੱਕ 'ਤੇ ਦੇਖਿਆ ਅਤੇ ਦੇਖਦੇ ਸਾਰ ਸੰਪਰਕ ਕਰ ਲਿਆ; ਇਸ ਤਰ੍ਹਾਂ ਉਸ ਨੂੰ ਆਪਣੀ ਪਹਿਲੀ ਫਿਲਮ ਮਿਲ ਗਈ।*

# ਕਰੀਨਾ ਕਪੂਰ ਲਈ ਸਮਾਂ ਹੁਣ ਬਦਲ ਗਿਆ



ਨਖਰੇ ਵਾਲੀ ਅਦਾਕਾਰਾ ਕਰੀਨਾ ਕਪੂਰ ਨੇ ਪੂਰੇ 13 ਸਾਲ ਫਿਲਮੀ ਦੁਨੀਆਂ ਉਤੇ ਰਾਜ ਕੀਤਾ ਹੈ। ਹੁਣ ਵੀ ਉਸ ਦੀ ਪੂਰੀ ਟੌਹਰ ਹੈ। ਉਹਦੀ ਜ਼ਿੰਦਗੀ ਵਿਚ ਕਾਫੀ ਮਾੜੇ ਪਲ ਵੀ ਆਏ, ਕਈ ਫਿਲਮਾਂ ਵੀ ਨਹੀਂ ਚੱਲੀਆਂ ਪਰ ਅਸਫਲਤਾਵਾਂ 'ਤੇ ਪੋਚਾ ਫੇਰ ਕੇ ਸਫਲਤਾਵਾਂ ਨਾਲ ਉਸ ਨੇ ਆਪਣਾ ਕੈਰੀਅਰ ਸਦਾ ਹੀ ਸ਼ਿੰਗਾਰਿਆ ਹੈ। ਚੋਟੀ 'ਤੇ ਪਹੁੰਚ ਕੇ ਫਿਰ ਉਹ ਪਿਛਾਂਹ ਵੱਲ ਨਹੀਂ ਆਈ, ਅੱਗੇ ਹੀ ਵਧਦੀ ਗਈ। ਕੁਆਰੀ ਸੀ ਤਾਂ ਹਰ ਨਿਰਮਾਤਾ ਉਸ ਦਾ ਪਾਣੀ ਭਰਨ ਨੂੰ ਤਿਆਰ ਸੀ। ਹਾਂ, ਵਿਆਹ ਤੋਂ ਬਾਅਦ ਹੁਣ ਥੋੜ੍ਹਾ ਫਰਕ ਪਿਆ ਹੈ। ਇਸ ਦਾ ਕਾਰਨ ਇਹ ਕਿ ਹੁਣ ਬਹੁਤੇ ਰੁਮਾਂਟਿਕ ਦ੍ਰਿਸ਼ ਦੇਣਾ ਉਸ ਦੇ ਵਸ ਦੀ ਗੱਲ ਨਹੀਂ ਰਿਹਾ। 'ਬਦਤਮੀਜ਼ ਦਿਲ' ਇਸ ਦੀ ਗਵਾਹ ਹੈ ਜਿਸ ਦੇ ਕਈ ਦ੍ਰਿਸ਼ ਉਸ ਨੇ ਕਹਿ ਕੇ ਕਟਵਾਏ ਅਤੇ ਮਗਰੋਂ ਆਪਣੇ ਹਿਸਾਬ ਨਾਲ ਫਿਲਮਾਏ। ਇਸ ਬਾਰੇ ਇਮਰਾਨ ਹਾਸ਼ਮੀ ਵੀ ਕੁਝ ਨਹੀਂ ਸੀ ਬੋਲ ਸਕਿਆ। ਉਸ ਵਿਚਾਰੇ ਦੀ ਤਾਂ ਮਿੰਨਤ ਵੀ ਬੇਕਾਰ ਗਈ ਸੀ। ਉਂਝ, ਇਸ ਨਾਲ ਕਰੀਨਾ ਨੂੰ ਨੁਕਸਾਨ ਜ਼ਰੂਰ ਹੋਇਆ ਹੈ। ਹੁਣ ਨਿਰਮਾਤਾ ਉਸ ਦੀ ਥਾਂ ਹੋਰ ਹੀਰੋਇਨਾਂ ਵੱਲ ਦੇਖਣ ਲੱਗੇ ਹਨ। ਹੁਣ ਕਰੀਨਾ ਦਾ ਹਾਲ ਵੀ ਐਸ਼ਵਰਿਆ ਰਾਏ, ਕਾਜੋਲ ਤੇ ਮਾਧੁਰੀ ਵਾਲਾ ਹੋ ਗਿਆ ਹੈ।

# ਸ਼ਾਬਾਸ਼ ਬਈ ਅਭੈ ਦਿਓਲ!



ਫਿਲਮ 'ਵੰਨ ਬਾਈ ਟੂ' ਨਾਲ ਅਦਾਕਾਰ ਅਭੈ ਦਿਓਲ ਨਿਰਮਾਤਾ ਵੀ ਬਣ ਗਿਆ ਹੈ। ਉਸ ਦੀਆਂ ਪਹਿਲਾਂ ਵਾਲੀਆਂ ਫਿਲਮਾਂ ਵਾਂਗ ਇਸ ਫਿਲਮ ਲਈ ਵੀ ਉਸ ਦੀ ਖੂਬ ਪ੍ਰਸ਼ੰਸਾ ਹੋਈ ਹੈ। ਆਪਣੀ ਇਸ ਫਿਲਮ ਦੇ ਪ੍ਰਚਾਰ ਪਈ ਅਭੈ, ਹੋਰ ਅਦਾਕਾਰਾਂ ਵਾਂਗ ਵੱਖ-ਵੱਖ ਸ਼ਹਿਰਾਂ ਵਿਚ ਘੁੰਮਿਆ-ਫਿਰਿਆ। ਇਸ ਫਿਲਮ ਦੀ ਨਾਇਕਾ ਪ੍ਰੀਤੀ ਦੇਸਾਈ ਜੋ ਉਸ ਦੀ ਪ੍ਰੇਮਿਕਾ ਵੀ ਹੈ, ਉਸ ਦੇ ਨਾਲ ਹਰ ਥਾਂ ਗਈ। ਆਮ ਪਾਰਟੀਆਂ ਵਿਚ ਵੀ ਇਹ ਜੋੜੀ ਇਸੇ ਤਰ੍ਹਾਂ ਜਾਂਦੀ ਹੈ। ਦੱਸਿਆ ਜਾ ਰਿਹਾ ਹੈ ਕਿ ਫਿਲਮ 'ਵੰਨ ਬਾਈ ਟੂ' ਅਸਲ ਵਿਚ ਅਭੈ ਅਤੇ ਪ੍ਰੀਤੀ ਦੀ ਅਸਲ ਜ਼ਿੰਦਗੀ ਉਤੇ ਹੀ ਆਧਾਰਤ ਹੈ। ਇਹ ਫਿਲਮ ਮੁੰਬਈ ਦੀ ਜ਼ਿੰਦਗੀ ਬਾਰੇ ਬਾਤ ਪਾਉਂਦੀ ਹੈ। ਫਿਲਮ ਸੁਪਨਿਆਂ ਦੇ ਇਸ ਸ਼ਹਿਰ ਵਿਚ ਰਹਿੰਦੀ ਇਕ ਜੋੜੀ ਦੀ ਕਹਾਣੀ ਹੈ। ਮੁੰਬਈ ਰਹਿੰਦਿਆਂ ਇਹ ਜੋੜੀ ਅਨੇਕ ਮੁਸ਼ਕਿਲਾਂ ਨਾਲ ਦੋ-ਚਾਰ ਹੁੰਦੀ ਹੈ। ਉਂਝ ਇਸ ਫਿਲਮ ਨਾਲ ਅਭੈ ਦੀ ਜ਼ਿੰਦਗੀ ਦਾ ਇਕ ਹੋਰ ਵਾਕਿਆ ਵੀ ਜੁੜ ਗਿਆ ਹੈ ਜਿਸ ਲਈ ਉਸ ਦੇ ਸਭ ਮਿੱਤਰ-ਸੱਜਣ ਉਸ ਨੂੰ ਵਧਾਈਆਂ ਦੇ ਰਹੇ ਹਨ। ਅਸਲ ਵਿਚ ਫਿਲਮ ਦੀ ਨਿਰਮਾਤਾ ਕੰਪਨੀ ਇਸ ਫਿਲਮ ਦੇ ਸੰਗੀਤਕਾਰਾਂ ਸ਼ੰਕਰ, ਅਹਿਸਾਨ ਤੇ ਲੋਇ ਨਾਲ ਵਧੀਕੀ ਕਰ ਰਹੀ ਸੀ। ਬੱਸ! ਅਭੈ ਦਿਓਲ ਨੇ ਸ਼ਰਤ ਰੱਖ ਦਿੱਤੀ ਕਿ ਜਿੰਨੀ ਦੇਰ ਇਹ ਮਸਲਾ ਹੱਲ ਨਹੀਂ ਹੁੰਦਾ, ਇਹ ਫਿਲਮ ਰਿਲੀਜ਼ ਨਹੀਂ ਹੋਵੇਗੀ। ਜਿਵੇਂ ਉਪਰ ਦੱਸਿਆ ਹੈ ਕਿ ਇਸ ਫਿਲਮ ਦਾ ਸਹਿ-ਨਿਰਮਾਤਾ ਅਭੈ ਦਿਓਲ ਹੀ ਹੈ। ਹਰ ਪਾਸਿਓਂ ਉਸ ਦੇ ਇਸ ਸਟੈਂਡ ਦੀ ਪ੍ਰਸ਼ੰਸਾ ਹੋਈ ਅਤੇ ਨਿਰਮਾਤਾ ਕੰਪਨੀ ਨੇ ਵੀ ਰਾਤੋ-ਰਾਤ ਸੰਗੀਤਕਾਰਾਂ ਨਾਲ ਮਸਲਾ ਨਜਿੱਠ ਲਿਆ। ਅਭੈ ਦਾ ਕਹਿਣਾ ਹੈ ਕਿ ਉਸ ਦੀ ਜ਼ਿੰਦਗੀ ਦੇ ਕੁਝ ਅਸੂਲ ਹੈ ਜਿਨ੍ਹਾਂ ਬਾਰੇ ਉਹ ਕਿਸੇ ਵੀ ਕੀਮਤ ਉਤੇ ਸਮਝੌਤਾ ਨਹੀਂ ਕਰਦਾ। ਉਸ ਨੇ ਇਹ ਸਾਰਾ ਕੁਝ ਆਪਣੇ ਤਾਏ ਧਰਮਿੰਦਰ ਅਤੇ ਪਿਤਾ ਅਜੀਤ ਸਿੰਘ ਦਿਓਲ ਤੋਂ ਸਿਖਿਆ ਹੈ। ਅਭੈ ਦਾ ਮਾਹੌਲ ਬਚਪਨ ਤੋਂ ਹੀ ਭਾਵੇਂ ਫਿਲਮੀ ਦੁਨੀਆਂ ਵਾਲਾ ਰਿਹਾ ਹੈ ਪਰ ਫਿਲਮੀ ਦੁਨੀਆਂ ਵਿਚ ਉਸ ਨੇ ਆਪਣੇ ਲਈ ਆਪਣੀ ਥਾਂ ਆਪ ਕਮਾਈ ਹੈ। ਉਸ ਦੀ ਪ੍ਰਤਿਭਾ ਤੋਂ ਸਭ ਕਾਇਲ ਹਨ। ਉਹ ਉਂਝ ਵੀ ਚਾਲੂ/ਫਾਰਮੂਲਾ ਫਿਲਮਾਂ ਨਹੀਂ ਕਰਦਾ। ਉਸ ਦਾ ਕਹਿਣਾ ਹੈ ਕਿ ਉਹ ਅਜਿਹੀਆਂ ਫਿਲਮਾਂ ਕਰਨ ਲਈ ਵੀ ਤਿਆਰ ਹੈ ਪਰ ਅਜਿਹੀ ਕੋਈ ਫਿਲਮ ਵੀ ਉਸ ਦੀਆਂ ਹੋਰ ਫਿਲਮਾਂ ਵਾਂਗ ਨਿਵੇਕਲੀ ਹੀ ਹੋਵੇਗੀ। ਉਹ ਹੱਸ ਕੇ ਦੱਸਦਾ ਹੈ ਕਿ ਪ੍ਰਤਿਭਾ ਦੇ ਸਿਰ ਉਤੇ ਤੁਸੀਂ ਉਚੀ ਤੋਂ ਉਚੀ ਛਾਲ ਮਾਰ ਸਕਦੇ ਹੋ।



ਪ੍ਰੀਤੀ ਦੇਸਾਈ

# ਉਤਰੀ ਕੈਲੀਫੋਰਨੀਆ ਦੇ ਵਾਸੀਆਂ ਦੇ ਧਿਆਨਯੋਗ

# ਨਵੇਂ ਡਾਕਟਰੀ ਇਲਾਜ ਰਾਹੀਂ ਲੱਤਾਂ ਦੇ ਦਰਦ, ਪੈਰਾਂ ਦੇ ਦਰਦ ਅਤੇ ਨਸਾਂ ਦੇ ਦਰਦ ਤੋਂ ਤੁਰੰਤ ਰਾਹਤ ਮਿਲਦੀ ਹੈ

(ਮੈਡੀਕੇਅਰ ਅਤੇ ਮੈਡੀਕੈਲ ਕਵਰ ਕਰਦੀ ਹੈ)




ਨੀਲੀਆਂ (ਵੈਰੀਕੋਜ਼) ਨਸਾਂ    ਸੋਜ਼ਿਸ਼    ਅਲਸਰ

## ਯੂਬਾ ਸਿਟੀ, ਸੈਕਰਾਮੈਂਟੋ, ਸਟਾਕਟਨ, ਮਾਡੈਸਟੋ, ਮਰਸਡ, ਫਰਿਜ਼ਨੋ, ਬੇਕਰਜ਼ਫੀਲਡ

ਅਤੇ ਨਾਲ ਲੱਗਦੇ ਹੋਰ ਸ਼ਹਿਰਾਂ ਵਿਚ ਵੀ ਕਲੀਨਿਕ ਖੁਲ੍ਹ ਚੁਕੀ ਹੈ। ਸਲਾਹ ਲੈਣ, ਇਹ ਪਤਾ ਲਾਉਣ ਕਿ ਤੁਸੀਂ ਇਸ ਬਹੁਤ ਹੀ ਕਾਰਗਰ ਇਲਾਜ਼ ਲਈ ਯੋਗ ਹੋ, ਅੱਜ ਹੀ ਕਾਲ ਕਰੋ

## ਫੋਨ: 1-888-473-0372

## ਸਾਡੇ ਮਰੀਜ ਆਪਣੇ ਅਨੁਭਵ ਬਾਰੇ ਕੀ ਕਹਿੰਦੇ ਹਨ?

ਪਿਛਲੇ ਦਸ ਸਾਲਾਂ ਤੋਂ ਮੈਂ ਲੱਤਾਂ ਵਿਚ ਹੁੰਦੇ ਦਰਦ ਤੋਂ ਬੇਹਦ ਪ੍ਰੇਸ਼ਾਨ ਸੀ ਅਤੇ ਵਰ੍ਹਿਆਂ ਤੋਂ ਕੌਮਾਡੀਨ ਲੈਂਦਾ ਆ ਰਿਹਾ ਸਾਂ।
ਮੈਂ ਪੈਸਿਫਿਕ ਕੋਸਟ ਮੈਡੀਕਲ ਸੈਂਟਰ ਤੋਂ ਇਲਾਜ ਕਰਵਾਇਆ ਤਾਂ ਮੇਰੀਆਂ ਲੱਤਾਂ ਅਤੇ ਪੈਰ ਪਹਿਲਾਂ ਦੇ ਮੁਕਾਬਲੇ ਕਿਤੇ ਚੰਗੇ ਹਨ।
ਕਲੀਨਿਕ ਦਾ ਸਟਾਫ ਬਹੁਤ ਹੀ ਚੰਗਾ ਲੱਗਿਆ ਅਤੇ ਇਲਾਜ ਦੌਰਾਨ ਜ਼ਰਾ ਜਿੰਨੀ ਵੀ ਤਕਲੀਫ ਨਹੀਂ ਹੋਈ। ਮੈਂ ਆਪਣੇ ਰੋਜ਼-ਬਰੋਜ਼ ਦੇ ਕੰਮ-ਕਾਜ ਉਸੇ ਹੀ ਦਿਨ ਤੋਂ ਕਰਨ ਲੱਗ ਪਿਆ। ਮੈਂ ਹਰ ਉਸ ਸਖਸ਼ ਨੂੰ ਇਹ ਇਲਾਜ ਕਰਵਾਉਣ ਦੀ ਸਲਾਹ ਦਿਆਂਗਾ ਜੋ ਲੱਤਾਂ ਅਤੇ ਵੈਰੀਕੋਜ਼ ਵੀਨਜ਼ ਦੇ ਦਰਦ ਤੋਂ ਪ੍ਰੇਸ਼ਾਨ ਹੈ।

*-ਹਾਵਰਡ ਡੈਂਪਸੀ (ਰਿਟਾਇਰਡ), ਉਮਰ 74 ਸਾਲ*

ਮੇਰੀਆਂ ਲੱਤਾਂ ਵਿਚ ਜਾਨ ਕੱਢ ਲੈਣ ਵਾਲੀ ਦਰਦ ਹੋਇਆ ਕਰਦੀ ਸੀ। ਮੇਰੀਆਂ ਲੱਤਾਂ ਵਿਚ ਹਮੇਸ਼ਾ ਹੀ ਕੜੱਲ ਪੈਂਦੇ ਰਹਿੰਦੇ ਸਨ।
ਮੈਂ ਪੈਸਿਫਿਕ ਮੈਡੀਕਲ ਕੋਸਟ ਸੈਂਟਰ ਬਾਰੇ ਇਕ ਲੇਖ ਪੜ੍ਹਿਆ ਜਿਸ ਤੋਂ ਪਤਾ ਲੱਗਾ ਕਿ ਉਹ ਲੱਤਾਂ ਦੇ ਦਰਦ ਦੇ ਮਰੀਜ ਹਨ, ਦਾ ਇਲਾਜ ਕਰਦੇ ਹਨ। ਮੈਂ ਕਲੀਨਿਕ ਜਾਣ ਅਤੇ ਸਲਾਹ ਲੈਣ ਦਾ ਫੈਸਲਾ ਕੀਤਾ। ਰੱਬ ਦਾ ਸ਼ੁਕਰ ਹੈ ਕਿ ਮੈਂ ਇੰਜ ਕੀਤਾ।
ਹੁਣ ਮੈਨੂੰ 75% ਆਰਾਮ ਹੈ ਅਤੇ ਕੜੱਲ ਬਿਲਕੁਲ ਨਹੀਂ ਪੈਂਦੇ।
ਪੈਸਿਫਿਕ ਕੋਸਟ ਮੈਡੀਕਲ ਸੈਂਟਰ ਵਾਲਿਆਂ ਦਾ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਮੈਨੂੰ ਮੁੜ ਜ਼ਿੰਦਗੀ ਦੇ ਰਾਹ ਪਾਇਆ।

*-ਫਲੋਰਾ ਐਸ (ਰਿਟਾਇਰਡ), ਉਮਰ 77 ਸਾਲ।*

## ਅਸੀਂ ਮਹੀਨੇ ਵਿਚ ਸਿਰਫ 30 ਅਪੁਆਇੰਟਮੈਂਟਾਂ ਹੀ ਲੈਂਦੇ ਹਾਂ, ਸੋ ਅੱਜ ਹੀ ਕਾਲ ਕਰੋ

## ਫੋਨ: 1-888-473-0372

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 26 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**



34591 Perry Road,
Union City, CA 94587
3 Bedrooms, 2 Bathrooms,
2 Car Garage
Area: 1627 Sq. Ft.
Lot: 6000 Sq. Ft.
Asking: $588,000



31356 Santa Maria Drive,
Union City, CA 94587
3 Bedrooms, 2 Bathrooms,
2 Car Garage
Area: 1450 Sq. Ft.
Lot 5500 Sq. Ft.
Asking: $589,000



199 Page Mill Drive,
San Jose, CA 95111
4 Bedrooms, 2.5 Bathrooms,
2 Car Garage
Area: 1732 Sq. Ft.
Lot: 5000 Sq. Ft.
Asking: $569,000




1498 Columbine Way,
Livermore, CA 94550
6 Bedrooms, 3 Bathrooms,
3 Car Garage
Area: 3159Sq. Ft.
Lot: 26700 Sq. Ft.




4326 San Juan Ave.,
Fremont, CA 94536
4 Bedrooms, 2 Bathrooms,
2 Car Garage
Area: 1740 Sq. Ft.
Lot: 6000 Sq. Ft.

## JUST SOLD

1. 1498 Columbine Way, Livermore, CA 94551
2. 1820 De Vaca Way, Livermore, CA 94550
3. 4124 Polaris Ave., Union City, CA 94587
4. 2995 Masonwood St., San Jose, CA 95148
5. 4326 San Juan Way Fremont, CA 94536
6. 2809 Glen Sharon Way, San Jose, CA 95148
7. 2385 Patricia Dr., Santa Clara, CA 95050
8. 43881 Cameron Hills Dr., Fremont CA 94539
9. 1098 Phelps Ave., San Jose, CA 95117
10. 2712 Sea Drift ln., Hayward, CA 94545
11. 27659 Persimmon Dr., Hayward, CA 94544
12. 115 Juniper Ct., Hercules, CA 945547
13. 2980 Glen Alden Ct., San Jose, CA 95148
14. 34782 Klondike Dr., Union City, CA 94587

## WE CAN SELL HUD HOMES ANY WHERE IN CALIFORNIA

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill**
DHMS, Loan Broker,
@ 510-207-9067
CA DRE Lic.#01180969
NMLS# 352095